**1100/Tarlochan Singh**

## PUNJAB VIDHAN SABHA

*Monday, the 10th August, 2026*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 11.00 A.M. Mr. Speaker (Sardar Kultar Singh Sandhwan) in the Chair.*

---

## RULING BY THE HON'BLE SPEAKER

**ਮਾਣਯੋਗ ਸਪੀਕਰ** : ਪ੍ਰਸ਼ਨ ਕਾਲ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਣਯੋਗ ਸਪੀਕਰ** : ਆਪਾਂ ਪ੍ਰਸ਼ਨ ਕਾਲ ਚੱਲਣ ਦੇਈਏ, ਬਾਜਵਾ ਜੀ। (ਵਿਘਨ) ਪ੍ਰਸ਼ਨ ਕਾਲ ਚੱਲਣ ਦਿਉ ਜੀ, ਬੈਠੋ। (ਵਿਘਨ) ਸਰ, ਜ਼ੀਰੋ ਆਵਰ ਤੇ you will have time. (ਵਿਘਨ) ਪਲੀਜ਼, ਆਪਾਂ ਪ੍ਰਸ਼ਨ ਕਾਲ ਦੀ sanctity ਬਣਾ ਕੇ ਰੱਖਿਆ ਕਰੀਏ। (ਵਿਘਨ) ਮੇਰੀ ਹੱਥ ਜੋੜ ਕੇ ਬੇਨਤੀ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਰ, ਅਸੀਂ ਤੁਹਾਨੂੰ ਵਾਰ-ਵਾਰ ਬੇਨਤੀ ਕਰਦੇ ਹਾਂ। ਤੁਸੀਂ 9 ਬਿਲ ਇੱਕੋ ਵਾਰ ਘੱਲ ਦਿੱਤੇ ਹਨ।

**ਮਾਣਯੋਗ ਸਪੀਕਰ** : ਤੁਸੀਂ ਪ੍ਰਸ਼ਨ ਕਾਲ ਚੱਲ ਲੈਣ ਦਿਉ, ਉਸ ਤੋਂ ਬਾਅਦ ਤੁਸੀਂ ਆਪਣੀ ਗੱਲ ਕਰ ਲਿਉ।

---

## STARRED QUESTIONS AND ANSWERS

### ਰਾਜਪੁਰਾ ਦੀਆਂ ਕਲੋਨੀਆਂ ਅਤੇ ਸ਼ਹਿਰ ਵਿੱਚ ਸੀਵਰੇਜ ਲਾਈਨ ਪਾਉਣ ਲਈ ਫੰਡ ਜਾਰੀ ਕਰਨਾ

***1877. ਸ਼੍ਰੀਮਤੀ ਨੀਨਾ ਮਿੱਤਲ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜਪੁਰਾ ਦੀਆਂ ਵੱਖ-ਵੱਖ ਕਲੋਨੀਆਂ ਅਤੇ ਸ਼ਹਿਰ ਵਿੱਚ ਸੀਵਰੇਜ ਲਾਈਨ ਪਾਉਣ ਵਾਸਤੇ 24 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਸਨ, ਜਿਸ ਵਿੱਚੋਂ 6 ਕਰੋੜ ਹੀ ਜਾਰੀ ਹੋਏ ਸਨ? ਜੇਕਰ ਅਜਿਹਾ ਹੋਵੇ ਤਾਂ ਬਾਕੀ ਫੰਡ ਕਦੋਂ ਤੱਕ ਜਾਰੀ ਕੀਤੇ ਜਾਣਗੇ; ਸਮਾਂਬੱਧ ਕਰਕੇ ਦੱਸਿਆ ਜਾਵੇ?

**ਸਰਦਾਰ ਹਰਜੋਤ ਸਿੰਘ ਬੈਂਸ** : ਨਹੀਂ ਜੀ। ਰਾਜਪੁਰਾ ਅਤੇ ਸ਼ਹਿਰ ਦੀਆਂ ਵੱਖ-ਵੱਖ ਕਲੋਨੀਆਂ ਵਿੱਚ ਸੀਵਰੇਜ ਲਾਈਨਾਂ ਪਾਉਣ ਲਈ 7.72 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਸਨ। ਜਿਸ ਵਿੱਚੋਂ 6 ਕਰੋੜ ਰੁਪਏ ਦਾ ਲੋਨ ਯੂ.ਆਈ.ਡੀ.ਐਫ. ਸਕੀਮ ਤਹਿਤ ਪ੍ਰਵਾਨ ਕੀਤਾ ਗਿਆ ਸੀ ਅਤੇ ਲੋੜ ਪੈਣ 'ਤੇ ਬਾਕੀ ਫੰਡਾਂ ਦਾ ਭਾਰ ਨਗਰ

ਪੰਚਾਇਤ, ਰਾਜਪੁਰਾ ਵੱਲੋਂ ਚੁੱਕਿਆ ਜਾਵੇਗਾ। ਇਹ ਪ੍ਰੋਜੈਕਟ ਮਿਤੀ 03.03.2026 ਨੂੰ ਅਲਾਟ ਕੀਤਾ ਗਿਆ ਸੀ ਅਤੇ ਜਿਸ ਦਾ 30 ਪ੍ਰਤੀਸ਼ਤ ਕੰਮ ਮੁਕੰਮਲ ਹੋ ਚੁੱਕਿਆ ਹੈ। ਕੰਮ ਦੀ ਮੁਕੰਮਲ ਹੋਣ ਦੀ ਅਨੁਮਾਨਿਤ ਮਿਤੀ 31.10.2026 ਹੈ।

ਮਾਣਯੋਗ ਮੈਂਬਰ ਸਾਹਿਬ ਨੂੰ ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਜੇਕਰ ਫਿਰ ਵੀ ਫੰਡਾਂ ਦੀ ਕੋਈ ਕਮੀ ਆਈ ਤਾਂ ਅਸੀਂ ਜਿੱਥੋਂ ਮਰਜ਼ੀ ਅਰੇਂਜ ਕਰੀਏ ਪਰ ਸ਼ਹਿਰ ਦਾ ਸੀਵਰੇਜ ਦਾ ਕੰਮ ਨਹੀਂ ਰੁਕੇਗਾ।

**ਮਾਣਯੋਗ ਸਪੀਕਰ** : ਠੀਕ ਹੈ, ਨੀਨਾ ਮਿੱਤਲ ਜੀ?

**ਸ਼੍ਰੀਮਤੀ ਨੀਨਾ ਮਿੱਤਲ** : ਸਰ, ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਜੀ ਦਾ ਧਿਆਨ ਦਿਵਾਉਣਾ ਚਾਹੁੰਦੀ ਹਾਂ ਕਿ ਜਿਹੜਾ ਇਹ ਕਹਿੰਦੇ ਹਨ ਕਿ 7 ਕਰੋੜ ਰੁਪਏ ਪਾਸ ਹੋਏ ਸਨ, ਸਾਡੇ ਵੱਲੋਂ 24 ਕਰੋੜ ਰੁਪਏ ਦੀ ਮੰਗ ਸੀ। ਰਾਜਪੁਰਾ ਮੇਨ ਸਿਟੀ ਦਾ ਸੀਵਰੇਜ ਪੁਆਉਣ ਵਾਲਾ ਸੀ। ਪਿਛਲੀ ਸਰਕਾਰ ਨੇ ਜਿਹੜਾ ਸੀਵਰੇਜ ਪਾਇਆ ਸੀ, ਉਹ ਪਾਈਪ ਬਹੁਤ ਛੋਟੇ ਸਨ, ਆਬਾਦੀ ਵਧਣ ਕਾਰਨ ਹੁਣ ਉਹ ਸੀਵਰੇਜ ਸਿਸਟਮ ਬਿਲਕੁਲ ਫੇਲ੍ਹ ਹੋ ਚੁੱਕਾ ਹੈ।

**ਮਾਣਯੋਗ ਸਪੀਕਰ** : ਸਵਾਲ ਪੁੱਛੋ ਜੀ, ਸਵਾਲ।

**ਸ਼੍ਰੀਮਤੀ ਨੀਨਾ ਮਿੱਤਲ** : ਮੇਰਾ ਸਵਾਲ ਹੈ ਕਿ ਜਿਹੜੇ ਸਾਨੂੰ ਹੋਰ ਫੰਡਜ਼ ਚਾਹੀਦੇ ਹਨ, ਉਨ੍ਹਾਂ ਬਾਰੇ ਸਾਨੂੰ ਕੋਈ ਵੀ ਅਜਿਹਾ ਮੈਸੇਜ ਨਹੀਂ ਮਿਲਿਆ ਕਿ ਨਗਰ ਕੌਂਸਲ ਨੇ ਖੁਦ ਅਰੇਂਜ ਕਰਨੇ ਹਨ। ਮੈਂ ਮੰਤਰੀ ਜੀ ਨੂੰ ਬੇਨਤੀ ਕਰਦੀ ਹਾਂ ਕਿ ਮੇਨ ਸਿਟੀ ਹੋਣ ਕਾਰਨ ਸਾਨੂੰ ਹੋਰ ਫ਼ੰਡਜ਼ ਅਰੇਂਜ ਕੀਤੇ ਜਾਣ ਤਾਂ ਕਿ ਮੇਨ ਸਿਟੀ ਵਿੱਚ ਸੀਵਰੇਜ ਪੁਆ ਕੇ ਲੋਕਾਂ ਨੂੰ ਸੌਖਾ ਕਰ ਸਕੀਏ। ਹੁਣ ਤਾਂ ਪੀਣ ਵਾਲੇ ਪਾਣੀ ਵਿੱਚ ਸੀਵਰੇਜ ਦਾ ਪਾਣੀ ਵੀ ਮਿਕਸ ਹੋਣ ਲੱਗਾ ਹੈ।

**ਮਾਣਯੋਗ ਸਪੀਕਰ** : ਨੀਨਾ ਜੀ, ਤੁਸੀਂ ਮੰਤਰੀ ਜੀ ਨੂੰ ਮਿਲ ਕੇ ਸਭ ਕੁਝ ਦੱਸ ਦਿਆ ਕਰੋ, ਮੰਤਰੀ ਜੀ ਬੜੇ accommodating Minister ਹਨ।

**ਸ਼੍ਰੀਮਤੀ ਨੀਨਾ ਮਿੱਤਲ** : ਹਾਂ ਜੀ।

**ਮਾਣਯੋਗ ਸਪੀਕਰ** : ਜੇਕਰ ਕੋਈ ਸਵਾਲ ਹੈ ਤਾਂ ਪੁੱਛ ਲਉ।

**ਸ਼੍ਰੀਮਤੀ ਨੀਨਾ ਮਿੱਤਲ** : ਮੇਰਾ ਇਹੋ ਸਵਾਲ ਹੈ ਕਿ ਮੰਤਰੀ ਜੀ ਸਾਡੀ ਹੋਰ ਕਿੰਨੀ ਮਦਦ ਕਰ ਸਕਦੇ ਹੋ?

**ਮਾਣਯੋਗ ਸਪੀਕਰ** : ਮੰਤਰੀ ਜੀ, ਕੀ ਹੋਰ ਮਦਦ ਕਰੋਗੇ?

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਦੋ ਅਲੱਗ ਅਲੱਗ ਵਾਰਡਾਂ ਲਈ ਡੀ.ਪੀ.ਆਰ. ਤਿਆਰ ਹੋਈਆਂ ਸਨ। ਇੱਕ ਦੀ ਲਾਗਤ 10.94 ਕਰੋੜ ਰੁਪਏ ਸੀ ਅਤੇ ਦੂਜੀ ਦੀ ਲਾਗਤ 10.64 ਕਰੋੜ ਰੁਪਏ ਸੀ। ਕੁੱਲ 21.58 ਕਰੋੜ ਰੁਪਏ ਦੀ ਡੀ.ਪੀ.ਆਰ. ਜ਼ਰੂਰ ਤਿਆਰ ਹੋਈ ਸੀ ਪਰੰਤੂ ਪ੍ਰਾਜੈਕਟ ਸਿਰਫ 7.72 ਕਰੋੜ ਰੁਪਏ ਦਾ ਅਲਾਟ ਕੀਤਾ ਗਿਆ

ਸੀ, ਜਿਸ ਵਿੱਚੋਂ 6 ਕਰੋੜ ਰੁਪਏ ਦੇ ਦਿੱਤੇ ਗਏ ਹਨ। ਇਸ ਤੋਂ ਇਲਾਵਾ ਜੇਕਰ ਫਿਰ ਵੀ ਕੋਈ ਪ੍ਰਾਬਲਮ ਹੈ ਤਾਂ ਮੈਂਬਰ ਸਾਹਿਬ ਆ ਕੇ ਮਿਲ ਲੈਣ, ਇਸ ਨੂੰ ਆਪਾਂ ਜ਼ਰੂਰ ਡਿਸਕਸ ਕਰ ਲਵਾਂਗੇ।

**ਸ਼੍ਰੀਮਤੀ ਨੀਨਾ ਮਿੱਤਲ** : ਠੀਕ ਹੈ ਜੀ, ਬਹੁਤ ਬਹੁਤ ਧੰਨਵਾਦ।

---

## ਪਿੰਡਾਂ ਦੇ ਟੋਭਿਆਂ ਦੀ ਸਫਾਈ ਅਤੇ ਡੀ-ਸਿਲਟਿੰਗ ਨੂੰ ਮਾਈਨਿੰਗ ਵਿਭਾਗ ਦੀ ਮਨਜ਼ੂਰੀ ਤੋਂ ਮੁਕਤ ਕਰਨ ਸਬੰਧੀ

***2000. ਸਰਦਾਰ ਲਖਬੀਰ ਸਿੰਘ ਰਾਏ**: ਕੀ ਖਾਣਾਂ ਅਤੇ ਭੂ ਵਿਗਿਆਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਕੀ ਪਿੰਡਾਂ ਵਿੱਚ ਸਥਿਤ ਟੋਭਿਆਂ/ਛੱਪੜਾਂ ਦੀ ਸਫਾਈ, ਗਾਦ ਕੱਢਣ (de-silting) ਅਤੇ ਉਨ੍ਹਾਂ ਦੀ ਸਮੱਰਥਾ ਵਧਾਉਣ ਲਈ ਪਹਿਲਾਂ ਮਾਈਨਿੰਗ ਵਿਭਾਗ ਤੋਂ ਮਨਜ਼ੂਰੀ ਲੈਣੀ ਲਾਜ਼ਮੀ ਹੈ, ਜੇਕਰ ਹਾਂ ਤਾਂ ਇਸ ਸਬੰਧੀ ਲਾਗੂ ਕਾਨੂੰਨੀ/ਨਿਯਮਤ ਪ੍ਰਾਵਧਾਨ ਕੀ ਹਨ ਅਤੇ ਮਨਜ਼ੂਰੀ ਲੈਣ ਦੀ ਪ੍ਰਕਿਰਿਆ ਕੀ ਹੈ;

ਅ) ਕੀ ਪਿੰਡਾਂ ਦੇ ਟੋਭਿਆਂ/ਛੱਪੜਾਂ ਦੀ ਸਫਾਈ ਅਤੇ ਡੀ-ਸਿਲਟਿੰਗ ਦੇ ਕੰਮ ਨੂੰ ਮਾਈਨਿੰਗ ਵਿਭਾਗ ਦੀ ਮੰਨਜ਼ੂਰੀ ਦੀ ਲੋੜ ਤੋਂ ਮੁਕਤ ਕਰਨ ਬਾਰੇ ਸਰਕਾਰ ਦੀ ਕੋਈ ਤਜਵੀਜ਼ ਹੈ ਤਾਂ ਜੋ ਅਜਿਹੇ ਜਨਹਿੱਤ ਅਤੇ ਜਲ ਸੰਭਾਲ ਨਾਲ ਸਬੰਧਤ ਕੰਮ ਬਿਨਾਂ ਬੇਲੋੜੀ ਦੇਰੀ ਦੇ ਕਰਵਾਏ ਜਾ ਸਕਣ ?

**ਸ਼੍ਰੀ ਬਰਿੰਦਰ ਕੁਮਾਰ ਗੋਇਲ** : ਸ਼੍ਰੀਮਾਨ ਜੀ,

(ੳ) ਪਿੰਡਾਂ ਦੇ ਟੋਭਿਆਂ/ਛੱਪੜਾਂ ਦੀ ਸਫ਼ਾਈ, ਗਾਦ ਕੱਢਣ (ਡੀ-ਸਿਲਟਿੰਗ) ਅਤੇ ਉਨ੍ਹਾਂ ਦੀ ਸਮਰੱਥਾ ਵਧਾਉਣ ਦੌਰਾਨ ਨਿਕਲੀ ਗਾਦ/ਮਿੱਟੀ ਦੀ ਵਰਤੋਂ ਦੇ ਉਦੇਸ਼ ਅਨੁਸਾਰ ਕਾਰਵਾਈ ਕੀਤੀ ਜਾਂਦੀ ਹੈ। ਪੰਜਾਬ ਮਾਈਨਰ ਮਿਨਰਲ ਰੂਲਜ਼, 2013 ਦੇ ਨਿਯਮ 3 (1)(iii) ਅਧੀਨ, ਜੇਕਰ ਡੀ-ਸਿਲਟਿੰਗ ਦੌਰਾਨ ਨਿਕਲੀ ਗਾਦ/ਮਿੱਟੀ ਦੀ ਵਰਤੋਂ ਉਸੇ ਪਿੰਡ ਦੀ ਹੱਦ ਅੰਦਰ ਜਨਤਕ ਕਾਰਜਾਂ, ਸਥਾਨਕ ਧਾਰਮਿਕ ਗਤੀਵਿਧੀਆਂ ਜਾਂ ਹੋਰ ਸਥਾਨਕ ਲੋੜਾਂ ਲਈ ਕੀਤੀ ਜਾਂਦੀ ਹੈ, ਤਾਂ ਇਸ ਸਬੰਧੀ ਨਾ ਤਾਂ ਕਿਸੇ ਪਰਮਿਟ ਦੀ ਲੋੜ ਹੁੰਦੀ ਹੈ ਅਤੇ ਨਾ ਹੀ ਕੋਈ ਰਾਇਲਟੀ ਜਾਂ ਹੋਰ ਫੀਸ ਦੇਣਯੋਗ ਹੁੰਦੀ ਹੈ।

ਪੰਜਾਬ ਮਾਈਨਰ ਮਿਨਰਲ ਰੂਲਜ਼, 2013 ਦੇ ਨਿਯਮ 3(1)(iii) ਹੇਠ ਲਿਖੇ ਅਨੁਸਾਰ ਹੈ:

*"3 Exemptions. –*

*(1) Notwithstanding anything contained in these rules, no rent, royalty or permit fee shall be charged or no permit/weighment slip shall be required for-*

*(iii) for removal of any minor mineral by the land owner or the possessor/Panchayat as the case may be, from the land in their possession for meeting land-filling requirements either in*

*another agricultural field owned or possessed by them or for meeting their bona-fide/personal requirements including Religious and developmental activities."*

ਪਰੰਤੂ, ਜੇਕਰ ਡੀ-ਸਿਲਟਿੰਗ ਦੌਰਾਨ ਨਿਕਲੀ ਗਾਦ/ਮਿੱਟੀ ਨੂੰ ਵਪਾਰਕ ਗਤੀਵਿਧੀਆਂ (Commercial Activity) ਲਈ ਵਰਤਿਆ ਜਾਣਾ ਹੋਵੇ ਜਾਂ ਪਿੰਡ ਦੀ ਹੱਦ ਤੋਂ ਬਾਹਰ ਵਰਤਿਆ ਜਾਂ ਨਿਪਟਾਇਆ ਜਾਣਾ ਹੋਵੇ, ਤਾਂ ਪੰਜਾਬ ਮਾਈਨਰ ਮਿਨਰਲ ਰੂਲਜ਼, 2013 ਦੇ ਨਿਯਮ 29 ਅਧੀਨ ਸਬੰਧਿਤ ਜ਼ਿਲ੍ਹਾ ਮਾਈਨਿੰਗ ਅਫ਼ਸਰ ਕੋਲ ਨਿਰਧਾਰਿਤ ਪ੍ਰਕਿਰਿਆ ਅਨੁਸਾਰ ਅਰਜ਼ੀ ਦੇ ਕੇ ਫਾਰਮ K-2 ਪਰਮਿਟ ਪ੍ਰਾਪਤ ਕਰਨਾ ਲਾਜ਼ਮੀ ਹੈ। ਇਸ ਸਥਿਤੀ ਵਿੱਚ ਲਾਗੂ ਰਾਇਲਟੀ ਅਤੇ ਹੋਰ ਨਿਰਧਾਰਿਤ ਫੀਸਾਂ ਅਦਾ ਕਰਨੀਆਂ ਹੁੰਦੀਆਂ ਹਨ।

*ਪੰਜਾਬ ਮਾਈਨਰ ਮਿਨਰਲ ਰੂਲਜ਼, 2013 ਦੇ ਨਿਯਮ 29(1),(2) ਹੇਠ ਲਿਖੇ ਅਨੁਸਾਰ ਹੈ:*

*"29. Grant of mineral disposal permit for minerals encountered in the process of construction of basements in buildings and other development works.*

*(1) Notwithstanding anything contained in these rules, the Director or any other officer, authorized by him in this behalf, may grant a permit in Form 'K-2', where construction of basements in buildings and other development works are proposed.*

*(2) The royalty of the mineral excavated during the construction of the basement or any other development work shall be charged by the Department of Mines and Geology, Punjab before issuing a permit in Form 'K 2'"*

(ਅ) ਪਿੰਡਾਂ ਦੇ ਟੋਭਿਆਂ/ਛੱਪੜਾਂ ਦੀ ਸਫ਼ਾਈ ਅਤੇ ਡੀ-ਸਿਲਟਿੰਗ ਸਬੰਧੀ ਪੰਜਾਬ ਮਾਈਨਰ ਮਿਨਰਲ ਰੂਲਜ਼, 2013 ਵਿੱਚ ਪਹਿਲਾਂ ਹੀ ਪ੍ਰਬੰਧ ਮੌਜੂਦ ਹਨ।

**ਸਰਦਾਰ ਲਖਬੀਰ ਸਿੰਘ ਰਾਏ** : ਸਪੀਕਰ ਸਾਹਿਬ, ਮਾਈਨਿੰਗ ਦੇ ਜਿਹੜੇ ਰੂਲਜ਼ ਬਾਰੇ ਮੰਤਰੀ ਸਾਹਿਬ ਨੇ ਜਵਾਬ ਭੇਜਿਆ ਹੈ, ਪੰਚਾਇਤ ਵਿਭਾਗ ਦੇ ਬੀ.ਡੀ.ਓ. ਸਾਹਿਬਾਨ ਨੂੰ ਉਨ੍ਹਾਂ ਬਾਰੇ ਜ਼ਿਆਦਾ ਜਾਣਕਾਰੀ ਨਹੀਂ ਹੈ। ਇਸ ਕਾਰਨ ਸਰਪੰਚ ਖੱਜਲ ਖੁਆਰ ਹੁੰਦੇ ਹਨ। ਮੈਂ ਮੰਤਰੀ ਸਾਹਿਬ ਨੂੰ ਪ੍ਰਸ਼ਨ ਕਰਨਾ ਚਾਹੁੰਦਾ ਹਾਂ ਕਿ ਕੀ ਤੁਸੀਂ ਇਹ ਗਾਈਡਲਾਈਨਜ਼ ਪੰਚਾਇਤ ਵਿਭਾਗ ਨੂੰ ਜਾਰੀ ਕਰੋਗੇ ਜਿਸ ਨਾਲ ਸਪਸ਼ਟਤਾ ਹੋ ਸਕੇ ਅਤੇ ਪੰਚਾਇਤਾਂ ਅਤੇ ਸਰਪੰਚਾਂ ਦੀ ਖੱਜਲ ਖੁਆਰੀ ਨਾ ਹੋਵੇ।

**1105/mehak**

**ਮੰਤਰੀ**: ਸਪੀਕਰ ਸਾਹਿਬ, ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੋ ਟੋਭਿਆਂ ਦੀ ਸਫਾਈ ਵਿੱਚੋਂ ਗਾਰ ਵਗੈਰਾ ਨਿਕਲਦੀ ਹੈ, ਉਹ ਪਿੰਡ ਦੀਆਂ ਜਨਤਕ ਥਾਵਾਂ ਤੇ ਕੋਈ ਧਾਰਮਿਕ ਜਾਂ ਪਿੰਡ ਦੇ ਕਿਸੇ ਵੀ ਕੰਮ ਲਈ ਵਰਤਣੀ ਹੈ ਤਾਂ ਉਸ ਲਈ ਕਿਸੇ ਮੰਨਜ਼ੂਰੀ ਦੀ ਲੋੜ ਨਹੀਂ ਹੈ, ਕੋਈ ਰੋਇਲਟੀ ਨਹੀਂ, ਕੁਝ ਨਹੀਂ ਹੈ। ਪਰ ਜੇ ਕਮਰਸ਼ੀਅਲ ਐਕਟੀਵਿਟੀ ਲਈ ਉਸ ਨੂੰ ਪਿੰਡ ਤੋਂ ਬਾਹਰ ਲੈ ਕੇ ਜਾਣਾ ਹੈ ਤਾਂ ਮਾਈਨਿੰਗ ਰੂਲਜ਼ ਦੇ ਤਹਿਤ ਕੇ-2 ਪਰਮਿਟ ਲੈਣਾ ਜ਼ਰੂਰੀ ਹੈ ਜੋ ਪੋਰਟਲ ਤੇ ਅਪਲਾਈ ਕਰਨਾ ਹੁੰਦਾ ਹੈ ਅਤੇ ਡਿਸਟ੍ਰਿਕਟ ਮਾਈਨਿੰਗ ਅਫਸਰ ਕੇ-2

ਪਰਮਿਟ ਜਾਰੀ ਕਰ ਦਿੰਦਾ ਹੈ। ਜਿੱਥੋਂ ਤੱਕ ਗੱਲ ਹੈ ਕਿ ਪੰਚਾਇਤੀ ਰਾਜ ਨੂੰ ਪਿੰਡਾਂ ਦੇ ਟੋਭਿਆਂ ਦੇ ਸਬੰਧ ਵਿੱਚ Minor Mineral Rules ਸਬੰਧੀ ਸਪੱਸ਼ਟੀਕਰਨ ਭੇਜ ਦੇਵਾਂਗੇ।

**ਸਰਦਾਰ ਲਖਬੀਰ ਸਿੰਘ ਰਾਏ**: ਧੰਨਵਾਦ ਜੀ।

---

**ਹਲਕਾ ਡੇਰਾਬੱਸੀ ਦੇ ਸਕੂਲਾਂ ਨੂੰ ਅਪਗ੍ਰੇਡ ਕਰਨਾ**

***1993. ਸਰਦਾਰ ਕੁਲਜੀਤ ਸਿੰਘ ਰੰਧਾਵਾ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਡੇਰਾਬੱਸੀ ਵਿੱਚ ਸਰਕਾਰੀ ਸਕੂਲਾਂ ਨੂੰ ਪ੍ਰਾਇਮਰੀ ਤੋਂ ਮਿਡਲ, ਮਿਡਲ ਤੋਂ ਹਾਈ ਅਤੇ ਹਾਈ ਤੋਂ ਸੀਨੀਅਰ ਸੈਕੰਡਰੀ ਪੱਧਰ ਤੱਕ ਅਪਗ੍ਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਜੋਤ ਸਿੰਘ ਬੈਂਸ:** ਜੀ ਹਾਂ, ਹਲਕਾ ਡੇਰਾਬੱਸੀ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਸਰਕਾਰੀ ਪ੍ਰਾਇਮਰੀ ਨਿੰਬੂਆ ਬਲਾਕ ਡੇਰਾਬੱਸੀ, ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਸਰਕਾਰੀ ਮਿਡਲ ਸਕੂਲ ਪੱਧਰ ਤੱਕ ਅਪਗ੍ਰੇਡ ਕਰਨ ਲਈ ਪੱਤਰ ਪ੍ਰਾਪਤ ਹੋਇਆ ਹੈ ਜੋ ਕਿ ਕਾਰਵਾਈ ਅਧੀਨ ਹੈ ਜੀ। ਇਸ ਤੋਂ ਇਲਾਵਾ ਮਿਡਲ ਤੋਂ ਹਾਈ ਅਤੇ ਹਾਈ ਤੋਂ ਸੀਨੀਅਰ ਸੈਕੰਡਰੀ ਸਕੂਲ ਵਿਚ ਤਬਦੀਲ ਕਰਨ ਲਈ ਹਾਲ ਦੀ ਘੜੀ ਕੋਈ ਤਜਵੀਜ਼ ਇਸ ਦਫਤਰ ਵਿਖੇ ਪ੍ਰਾਪਤ ਨਹੀਂ ਹੋਈ ਹੈ।

ਡੇਰਾਬੱਸੀ, ਲਾਲੜੂ they are growing cities. ਇਨ੍ਹਾਂ ਨਵੇਂ ਸ਼ਹਿਰਾਂ ਵਿੱਚ ਅਬਾਦੀ ਬੜੀ ਤੇਜ਼ੀ ਨਾਲ ਵੱਧ ਰਹੀ ਹੈ। ਮੈਂ ਐਮ.ਐਲ.ਏ. ਸਾਹਿਬ ਨੂੰ ਇਹ ਜ਼ਰੂਰ ਕਹਾਂਗਾ ਕਿ ਜਿਨ੍ਹਾਂ ਸਕੂਲਾਂ ਦੇ ਕੋਲ ਜਗ੍ਹਾ ਹੈ, ਉਸ ਨੂੰ ਅਸੀਂ ਜ਼ਰੂਰ ਅਪਗ੍ਰੇਡ ਕਰ ਸਕਦੇ ਹਾਂ ਕਿਉਂਕਿ ਇੱਥੇ ਬੜੀ ਤੇਜ਼ੀ ਨਾਲ ਅਬਾਦੀ ਵੱਧ ਰਹੀ ਹੈ। ਉਸ ਨੂੰ ਦੇਖਦੇ ਹੋਏ ਅਸੀਂ ਡੇਰਾਬੱਸੀ ਅਤੇ ਲਾਲੜੂ ਵਿੱਚ ਵਧੀਆ ਸਕੂਲ ਪ੍ਰੋਮਿਸ ਕਰਦੇ ਹਾਂ।

**ਮਾਣਯੋਗ ਸਪੀਕਰ**: ਕੀ ਕੋਈ ਸਪਲੀਮੈਂਟਰੀ ਹੈ?

**ਸਰਦਾਰ ਕੁਲਜੀਤ ਸਿੰਘ ਰੰਧਾਵਾ**: ਮਾਣਯੋਗ ਸਪੀਕਰ ਸਾਹਿਬ, ਛੋਟੀ ਜਿਹੀ ਸਪਲੀਮੈਂਟਰੀ ਹੈ ਜੀ। ਸਪੀਕਰ ਸਾਹਿਬ, ਮੈਂ ਸਿਰਫ ਇੱਕ ਮਿੰਟ ਵਿੱਚ ਹੀ ਦੱਸ ਦੇਵਾਂਗਾ।

**ਮਾਣਯੋਗ ਸਪੀਕਰ**: ਸਵਾਲ ਪੁੱਛੋ ਜੀ।

**ਸਰਦਾਰ ਕੁਲਜੀਤ ਸਿੰਘ ਰੰਧਾਵਾ**: ਮੈਂ ਮੰਤਰੀ ਜੀ ਨੂੰ ਇਹ ਸਵਾਲ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰੀ ਹਾਈ ਸਕੂਲ, ਮੁਕੰਦਪੁਰ ਵਿੱਚ ਲਗਭਗ 800 ਵਿਦਿਆਰਥੀ ਪੜ੍ਹ ਰਹੇ ਹਨ। ਮੀਆਂਪੁਰ, ਬੀਜਣਪੁਰ, ਖੇੜੀ ਗੁਜਰਾਂ, ਦੰਦਰਾਲਾ, ਤੋਗਾਂਪੁਰ ਦੇ ਆਸ-ਪਾਸ ਦੇ 12 ਪਿੰਡ ਹਨ ਜਿੱਥੇ ਵਿਦਿਆਰਥੀਆਂ ਨੂੰ ਦਸਵੀਂ ਤੋਂ ਬਾਅਦ ਸੀਨੀਅਰ ਸੈਕੰਡਰੀ ਸਕੂਲ, ਡੇਰਾਬੱਸੀ ਜਾਣਾ ਪੈਂਦਾ ਹੈ, ਜਿਹੜਾ 7 ਕਿਲੋਮੀਟਰ ਪੈਂਦਾ ਹੈ। ਇਸੇ ਤਰ੍ਹਾਂ ਹਾਈ ਸਕੂਲ, ਧਰਮਗੜ੍ਹ ਦੇ ਲਗਭਗ 150 ਤੋਂ 400 ਤੱਕ ਬੱਲੋਪੁਰ, ਮੁਖਮੈਲਪੁਰ, ਜਾਸਤਾਨਾ ਕਲਾਂ, ਜਾਸਤਾਨਾ ਖੁਰਦ ਦੇ ਵਿਦਿਆਰਥੀ ਪੜ੍ਹਦੇ ਹਨ, ਉਹ

ਸੀਨੀਅਰ ਸਕੂਲ, ਲਾਲੜੂ ਜਾਂਦੇ ਹਨ ਜੋ ਕਿ ਛੇ ਕਿਲੋਮੀਟਰ ਪੈਂਦਾ ਹੈ। ਮੈਂ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਲਾਲੜੂ ਸਕੂਲ ਪਹਿਲਾਂ ਹੀ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ ਔਰ ਉੱਥੇ ਬਹੁਤ ਵੱਡੀ ਵਿਦਿਆਰਥੀਆਂ ਦੀ ਗਿਣਤੀ ਹੈ। ਉਸ ਨੂੰ ਅਪਗ੍ਰੇਡ ਕਰਨ ਦੀ ਲੋੜ ਹੈ, ਜਿਸ ਨਾਲ ਦਬਾਅ ਘਟੇਗਾ। ਇਸ ਦੇ ਨਾਲ ਹੀ ਬਲਟਾਣਾ ਹਾਈ ਸਕੂਲ ਵਿੱਚ 450 ਵਿਦਿਆਰਥੀ ਪੜ੍ਹ ਰਹੇ ਹਨ। ਹਾਈ ਸਕੂਲ ਤੋਂ ਬਾਅਦ ਵਿਦਿਆਰਥੀਆਂ ਨੂੰ ਸੀਨੀਅਰ ਸੈਕੰਡਰੀ ਸਕੂਲ, ਲੋਹਗੜ੍ਹ, ਦਿਆਲਪੁਰਾ, ਭਬਾਤ ਜਾਣਾ ਪੈਂਦਾ ਹੈ ਜੋ ਕਿ ਅੱਠ ਕਿਲੋਮੀਟਰ ਦੂਰ ਹੈ। ਇਹ ਕਦੋਂ ਤੱਕ ਅਪਗ੍ਰੇਡ ਕਰ ਦੇਣਗੇ?

**ਮਾਣਯੋਗ ਸਪੀਕਰ**: ਰੰਧਾਵਾ ਸਾਹਿਬ, ਮੇਰੀ ਇੱਕ ਬੇਨਤੀ ਹੈ ਕਿ ਸਾਰੇ ਸਾਥੀਆਂ ਦੇ ਸਵਾਲ ਲੱਗੇ ਹਨ। ਆਪਾਂ ਇਕੱਲਾ ਇਕੱਲਾ ਸਵਾਲ ਲੈਣਾ ਹੈ। ਮੰਤਰੀ ਜੀ, ਜਿਹੜੇ ਦੋ ਸਕੂਲ ਇਨ੍ਹਾਂ ਨੇ ਕਹੇ ਹਨ, ਉਨ੍ਹਾਂ ਨੂੰ ਕਦੋਂ ਤੱਕ ਅਪਗ੍ਰੇਡ ਕਰੋਗੇ?

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਅੱਜ ਹੀ ਡਿਸਟ੍ਰਿਕਟ ਐਜੂਕੇਸ਼ਨ ਅਫਸਰ, ਮੁਹਾਲੀ ਐਮ.ਐਲ.ਏ. ਸਾਹਿਬ ਨਾਲ ਤਾਲਮੇਲ ਕਰ ਲੈਣਗੇ, ਜਿੱਥੇ ਜਗ੍ਹਾ ਹੋਵੇਗੀ, ਕਿਉਂਕਿ ਮੈਂ ਆਪ ਹੀ ਕਿਹਾ ਹੈ ਕਿ ਡੇਰਾਬੱਸੀ, ਲਾਲੜੂ ਵਿਖੇ ਬੜੀ ਤੇਜ਼ੀ ਨਾਲ ਅਬਾਦੀ ਵੱਧ ਰਹੀ ਹੈ। We have funds ਜਿਨ੍ਹਾਂ ਪਿੰਡਾਂ ਕੋਲ, ਜਿਨ੍ਹਾਂ ਸਕੂਲਾਂ ਕੋਲ ample land ਹੋਵੇ, ਕਿਉਂਕਿ ਇਹ ਪ੍ਰਾਇਮਰੀ ਰਿਕੁਆਇਰਮੈਂਟ ਹੈ, ਅਸੀਂ ਉਨ੍ਹਾਂ ਨੂੰ ਜ਼ਰੂਰ ਅਪਗ੍ਰੇਡ ਕਰਾਂਗੇ। I promise and I will ask ਡਿਸਟ੍ਰਿਕਟ ਐਜੂਕੇਸ਼ਨ ਅਫਸਰ, ਉਹ ਐਮ.ਐਲ.ਏ. ਸਾਹਿਬ ਨਾਲ ਗੱਲ ਕਰ ਲੈਣਗੇ।

---

## ਲਸਾੜਾ ਡਰੇਨ ਦੇ ਕੰਢਿਆਂ ਨੂੰ ਮਜ਼ਬੂਤ ਅਤੇ ਮੁੜ ਉਸਾਰੀ ਕਰਨਾ

***1997. ਸ੍ਰੀ ਅਮਿਤ ਰਤਨ ਕੋਟਫੱਤਾ**: ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ-

ੳ) ਕੀ ਇਹ ਠੀਕ ਹੈ ਕਿ ਲਸਾੜਾ ਡਰੇਨ ਵਿੱਚ ਵਾਰ-ਵਾਰ ਪੈਣ ਵਾਲੇ ਪਾੜਾਂ ਕਾਰਨ ਪਿੰਡ ਪਥਰਾਲਾ ਅਤੇ ਪਿੰਡ ਡੂੰਮਵਾਲੀ ਜ਼ਿਲ੍ਹਾ ਬਠਿੰਡਾ ਵਿੱਚ ਹੜ੍ਹ ਵਰਗੀ ਸਥਿਤੀ ਬਣ ਰਹੀ ਹੈ, ਜਿਸ ਨਾਲ ਫਸਲਾਂ ਦਾ ਭਾਰੀ ਨੁਕਸਾਨ ਹੋ ਰਿਹਾ ਹੈ ਅਤੇ ਹਜ਼ਾਰਾਂ ਲੋਕ ਪ੍ਰਭਾਵਿਤ ਹੋ ਰਹੇ ਹਨ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਸਰਕਾਰ ਵੱਲੋਂ ਲਸਾੜਾ ਡਰੇਨ ਦੇ ਕੰਢਿਆਂ ਨੂੰ ਮਜਬੂਤ ਕਰਨ, ਡਰੇਨ ਦੀ ਮੁੜ ਉਸਾਰੀ ਕਰਨ ਅਤੇ ਭਵਿੱਖ ਵਿੱਚ ਹੜ੍ਹਾਂ ਤੋਂ ਬਚਾਅ ਲਈ ਕੋਈ ਸਥਾਈ ਯੋਜਨਾ ਤਿਆਰ ਕੀਤੀ ਗਈ ਹੈ;

ੲ) ਇਸ ਸਬੰਧੀ ਮੰਨਜੂਰ ਕੀਤੀ ਗਈ ਰਾਸ਼ੀ ਅਤੇ ਕੰਮ ਮੁਕੰਮਲ ਕਰਨ ਦੀ ਸਮਾਂ-ਸੀਮਾ ਕੀ ਹੈ,ਵੇਰਵੇ ਸਹਿਤ ਦੱਸਿਆ ਜਾਵੇ।

**ਸ੍ਰੀ ਬਰਿੰਦਰ ਕੁਮਾਰ ਗੋਇਲ:** 1. ਹਾਂ, ਜ਼ਿਲ੍ਹਾ ਬਠਿੰਡਾ ਦੇ ਪਿੰਡ ਪਥਰਾਲਾ ਅਤੇ ਡੂਮਵਾਲੀ ਹੜ੍ਹਾਂ ਦੀ ਸੰਭਾਵਨਾ ਵਾਲੇ ਖੇਤਰ ਹਨ।

**ੳ)** ਲਸਾੜਾ ਨਾਲਾ 1963–64 ਦੌਰਾਨ ਹੜ੍ਹ ਦੇ ਪਾਣੀ ਦੀ ਨਿਕਾਸੀ ਲਈ ਉਸਾਰਿਆ ਗਿਆ ਸੀ। ਪਰੰਤੂ ਸਾਲ 1977 ਵਿੱਚ ਹਰਿਆਣਾ ਸਰਕਾਰ ਨੇ ਇਕਪੱਖੀ ਤੌਰ 'ਤੇ ਲਿਸਾੜਾ ਨਾਲੇ ਨੂੰ ਛੱਡ ਦਿੱਤਾ ਅਤੇ ਪਹਿਲਾਂ ਅਧਿਗ੍ਰਹਿਤ ਕੀਤੀ ਗਈ ਜ਼ਮੀਨ ਨੂੰ ਡੀ-ਨੋਟੀਫਾਈ ਕਰ ਦਿੱਤਾ। ਇਸ ਤੋਂ ਇਲਾਵਾ, ਹਰਿਆਣਾ ਰਾਜ ਦੁਆਰਾ ਪੰਜਾਬ–ਹਰਿਆਣਾ ਸਰਹੱਦ ਨੇੜੇ ਪਿੰਡ ਡੂਮਵਾਲੀ ਦੇ ਹੇਠਲੇ ਪਾਸੇ (ਡਾਊਨਸਟ੍ਰੀਮ) ਡਰੇਨ ਉੱਤੇ ਕਰਾਸ-ਬੰਨ੍ਹ ਬਣਾਏ ਗਏ ਸਨ।

ਅ) ਕਿਉਂਕਿ ਕੈਚਮੈਂਟ ਖੇਤਰ ਦੀ ਕੁਦਰਤੀ ਢਲਾਨ ਹਰਿਆਣਾ ਵੱਲ ਹੈ, ਇਸ ਲਈ ਨਿਕਾਸੀ ਵਿੱਚ ਆਈ ਰੁਕਾਵਟ ਕਾਰਨ ਇਸ ਖੇਤਰ ਵਿੱਚ ਹੜ੍ਹਾਂ ਦਾ ਖਤਰਾ ਕਾਫ਼ੀ ਵੱਧ ਗਿਆ ਹੈ। ਇਸ ਦੇ ਨਤੀਜੇ ਵਜੋਂ ਪਥਰਾਲਾ, ਡੂਮਵਾਲੀ, ਕੁੱਟੀ ਅਤੇ ਜ਼ਿਲ੍ਹਾ ਬਠਿੰਡਾ ਦੇ ਹੋਰ ਆਸ-ਪਾਸ ਦੇ ਪਿੰਡਾਂ ਵਿੱਚ ਹੜ੍ਹਾਂ ਦੀ ਸਮੱਸਿਆ ਪੈਦਾ ਹੁੰਦੀ ਰਹੀ ਹੈ।

2. **ਲਸਾੜਾ ਡਰੇਨ ਨੂੰ ਮਜ਼ਬੂਤ ਕਰਨ ਲਈ ਪ੍ਰਸਤਾਵਿਤ ਪ੍ਰੋਜੈਕਟ**: ਪਿੰਡ ਪਥਰਾਲਾ ਅਤੇ ਡੂੰਮਵਾਲੀ ਦੇ ਨੇੜਿਓਂ ਲੰਘਦੇ ਹਿੱਸਿਆਂ ਵਿੱਚ ਲਸਾੜਾ ਡਰੇਨ ਦੀ ਅੰਦਰੂਨੀ ਸਫਾਈ, ਅਤੇ ਇਸ ਦੇ ਬੰਨ੍ਹਾਂ ਨੂੰ ਉੱਚਾ ਚੁੱਕਣ ਅਤੇ ਮਜ਼ਬੂਤ ਕਰਨ ਲਈ ₹26.51 ਕਰੋੜ ਦੀ ਅਨੁਮਾਨਿਤ ਲਾਗਤ ਵਾਲਾ ਇੱਕ ਵਿਆਪਕ ਪ੍ਰੋਜੈਕਟ ਪ੍ਰਸਤਾਵਿਤ ਕੀਤਾ ਗਿਆ ਹੈ। ਇਸ ਪ੍ਰੋਜੈਕਟ ਦਾ ਉਦੇਸ਼ ਡਰੇਨ ਦੀ ਪਾਣੀ ਲਿਜਾਣ ਅਤੇ ਜਮ੍ਹਾਂ ਕਰਨ ਦੀ ਸਮਰੱਥਾ ਨੂੰ ਵਧਾਉਣਾ, ਹੜ੍ਹਾਂ ਦੇ ਪਾਣੀ ਨੂੰ ਸਟੋਰ ਕਰਨ ਦੀ ਸੰਭਾਵਨਾ ਵਿੱਚ ਸੁਧਾਰ ਕਰਨਾ, ਅਤੇ ਖੇਤਰ ਵਿੱਚ ਭਵਿੱਖ ਵਿੱਚ ਹੜ੍ਹਾਂ ਨਾਲ ਹੋਣ ਵਾਲੇ ਨੁਕਸਾਨ ਨੂੰ ਘਟਾਉਣਾ ਹੈ।

**3.** ਇਹ ਪ੍ਰਸਤਾਵ ਇਸ ਸਮੇਂ ਸਰਕਾਰ ਦੇ ਵਿਚਾਰ ਅਧੀਨ ਹੈ।

**ਸ੍ਰੀ ਅਮਿਤ ਰਤਨ ਕੋਟਫੱਤਾ**: ਮੈਂ ਥੋੜ੍ਹਾ ਜਿਹਾ ਬਰੀਫ ਕਰਨਾ ਚਾਹਾਂਗਾ। ਮੇਰਾ ਪ੍ਰਸ਼ਨ ਹੀ ਉਸ ਤੋਂ ਬਾਅਦ ਆਉਂਦਾ ਹੈ।

**ਮਾਣਯੋਗ ਸਪੀਕਰ**: ਤੁਸੀਂ ਬਰੀਫ ਨਾ ਕਰਿਓ। ਤੁਸੀਂ ਪਹਿਲਾਂ ਪ੍ਰਸ਼ਨ ਪੁੱਛ ਲਓ ਜੀ, ਬਰੀਫ ਕਰਦਿਆਂ ਕਰਦਿਆਂ ਦੂਜੇ ਦਾ ਟਾਈਮ ਨਿਕਲ ਜਾਂਦਾ ਹੈ।

**ਸ੍ਰੀ ਅਮਿਤ ਰਤਨ ਕੋਟਫੱਤਾ**: ਸਰ, ਚਾਰ ਪਿੰਡਾਂ ਦਾ ਮਸਲਾ ਹੈ, 20 ਹਜ਼ਾਰ ਬੰਦੇ ਅਫੈਕਟਿਡ ਹਨ, ਹਜ਼ਾਰਾਂ ਏਕੜ ਖੇਤੀਬਾੜੀ ਵਾਲੀ ਜ਼ਮੀਨ ਹਰ ਸਾਲ ਡੈਮੇਜ ਹੁੰਦੀ ਹੈ ਅਤੇ ਜਦੋਂ ਐਗਰੀਕਲਚਰ ਜ਼ਮੀਨ ਡੈਮੇਜ ਹੁੰਦੀ ਹੈ ਤਾਂ ਕਿਸਾਨਾਂ ਦਾ ਨੁਕਸਾਨ ਹੁੰਦਾ ਹੈ। ਮੰਤਰੀ ਸਾਹਿਬ, ਇਸ ਨੂੰ ਸਮਾਂ-ਬੱਧ ਕਰ ਦੇਣ।

**ਮਾਣਯੋਗ ਸਪੀਕਰ**: ਕਿਹੜੇ ਕਿਹੜੇ ਪਿੰਡ ਹਨ?

**ਸ੍ਰੀ ਅਮਿਤ ਰਤਨ ਕੋਟਫੱਤਾ**: ਸਰ, ਇਨ੍ਹਾਂ ਨੇ ਜਿਹੜਾ 26 ਕਰੋੜ ਰੁਪਏ ਦਾ ਪਲਾਨ ਬਣਾਇਆ ਹੈ, ਉਹ ਕਿੰਨੀ ਦੇਰ ਵਿੱਚ ਐਗਜ਼ੀਕਿਊਟ ਹੋਵੇਗਾ, ਉਸ ਦਾ ਪੈਸਾ ਕਦੋਂ ਸੈਂਕਸ਼ਨ ਕਰਨਗੇ?

**ਮਾਣਯੋਗ ਸਪੀਕਰ**: ਪਿੰਡ ਕਿਹੜੇ ਕਿਹੜੇ ਹਨ?

**ਸ੍ਰੀ ਅਮਿਤ ਰਤਨ ਕੋਟਫੱਤਾ**: ਪਿੰਡ ਪਥਰਾਲਾ, ਕੂਟੀ, ਨਰਸਿੰਗ ਕਲੋਨੀ ਤੇ ਡੂੰਮਵਾਲੀ ਚਾਰ ਪਿੰਡਾਂ ਦਾ ਮਸਲਾ ਹੈ।

**ਮੰਤਰੀ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਲਸਾੜਾ ਡਰੇਨ ਹੈ, ਇਹ 1963-64 ਵਿੱਚ ਹਰਿਆਣਾ ਬਣਨ ਤੋਂ ਪਹਿਲਾਂ ਬਣਾਈ ਗਈ ਸੀ। ਪਰ ਉਸ ਤੋਂ ਬਾਅਦ ਜਿੱਥੇ ਤੱਕ ਪੰਜਾਬ ਦਾ ਏਰੀਆ ਸੀ, ਉਸ ਤੋਂ ਬਾਅਦ ਜਿੱਥੋਂ ਹਰਿਆਣਾ ਸ਼ੁਰੂ ਹੁੰਦਾ ਹੈ, ਹਰਿਆਣਾ ਨੇ ਆਪਣੀ ਸਾਈਡ ਤੇ ਇਹ ਡਰੇਨ ਟੋਟਲੀ ਬੰਦ ਕਰ ਦਿੱਤੀ। ਇਸ ਕਰਕੇ ਕੈਚਮੈਂਟ ਏਰੀਆ/ ਢਲਾਨ ਹਰਿਆਣਾ ਵੱਲ ਹੈ।

**1110/Sukhpiar Singh**

ਉੱਥੇ ਪਾਣੀ ਬਿਲਕੁਲ ਆ ਜਾਂਦਾ ਹੈ ਪਰ ਅਸੀਂ ਸਮੇਂ ਸਮੇਂ ਤੇ ਇਸ ਦੇ ਖਿਲਾਫ ਹਰਿਆਣਾ ਸਰਕਾਰ ਨਾਲ ਗੱਲ ਕੀਤੀ ਹੈ ਅਤੇ ਹੁਣ ਵੀ ਲੇਟੈਸਟ ਸਾਡੇ ਚੀਫ ਸੈਕਟਰੀ ਸਾਹਿਬ ਨੇ 11 ਜੁਲਾਈ, 2025 ਨੂੰ ਹਰਿਆਣਾ ਸਰਕਾਰ ਨਾਲ ਗੱਲ ਕੀਤੀ ਹੈ। ਸਰ, ਮੈਂ ਨਾਲ ਹੀ ਹਰਿਆਣਾ ਸਰਕਾਰ ਦੀ ਗੱਲ ਵੀ ਕਰਨੀ ਚਾਹੁੰਦਾ ਹਾਂ ਕਿ ਦੇਖੋ ਡਰੇਨ ਚੱਲ ਰਹੀ ਹੈ ਪਰ ਇਕਦਮ ਵਿਚਾਲੋਂ ਚੁੱਕ ਕੇ ਬੰਦ ਕਰ ਦਿੱਤੀ। ਇਹ ਜਿਹੜੀ ਪਥਰਾਲਾ ਦੀ ਗੱਲ ਕਰਦੇ ਹਨ, ਇਹ ਬਿਲਕੁਲ ਠੀਕ ਹੈ ਕਿ 2026 ਵਿੱਚ ਜਦੋਂ ਪਾਣੀ ਆਇਆ ਸੀ ਤਾਂ ਇੱਥੇ ਨੁਕਸਾਨ ਹੋਇਆ ਹੈ ਪਰ ਉਸ ਸਮੇਂ 13 ਲੱਖ 20 ਹਜ਼ਰ ਰੁਪਏ ਦੀ ਲਾਗਤ ਨਾਲ ਬੰਨ੍ਹਾਂ ਨੂੰ ਮਜ਼ਬੂਤ ਕਰ ਦਿੱਤਾ ਸੀ ਅਤੇ ਕੰਮ ਮੁਕੰਮਲ ਕਰ ਦਿੱਤੇ ਸੀ। ਹੁਣ ਇਸ ਦੇ ਪਿੱਛੇ ਸਪੈਸ਼ਲ 26 ਕਰੋੜ 51 ਲੱਖ ਰੁਪਏ ਦੀ ਲਾਗਤ ਨਾਲ ਇੱਕ ਪ੍ਰਾਜੈਕਟ ਤਿਆਰ ਕੀਤਾ ਹੈ ਕਿਉਂਕਿ ਹਰਿਆਣਾ ਸਰਕਾਰ ਆਪਣੇ ਤੌਰ ਤੇ ਕੋਈ ਕਾਰਵਾਈ ਨਹੀਂ ਕਰ ਰਹੀ ਹੈ ਅਤੇ ਮੰਨ ਨਹੀਂ ਰਹੀ। ਸੋ, ਹੁਣ ਅਸੀਂ ਇਹ ਪ੍ਰਾਜੈਕਟ ਪਾਸ ਕਰਕੇ ਲਸਾੜਾ ਡਰੇਨ ਦਾ ਸਥਾਈ ਹੱਲ ਕਰਾਂਗੇ।

---

## ਖਡੂਰ ਸਾਹਿਬ ਵਿਖੇ ਗੁਰਮੁਖੀ ਲਿਪੀ ਖੋਜ ਕੇਂਦਰ ਸਥਾਪਤ ਕਰਨਾ

***1966. ਸਰਦਾਰ ਮਨਜਿੰਦਰ ਸਿੰਘ ਲਾਲਪੁਰਾ**: ਕੀ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਖਡੂਰ ਸਾਹਿਬ ਵਿਖੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਗੁਰਮੁਖੀ ਲਿਪੀ ਦੇ ਪ੍ਰਚਾਰ-ਪ੍ਰਸਾਰ ਦੀ ਸ਼ੁਰੂਆਤ ਹੋਈ ਸੀ, ਜਿਸ ਕਾਰਨ ਖਡੂਰ ਸਾਹਿਬ ਦਾ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦੇ ਇਤਿਹਾਸ ਵਿੱਚ ਵਿਸ਼ੇਸ਼ ਸਥਾਨ ਹੈ; ਜੇਕਰ ਅਜਿਹਾ ਹੈ ਤਾਂ ਕੀ ਇੱਥੇ ਭਾਸ਼ਾ ਵਿਭਾਗ ਦਾ ਖੇਤਰੀ ਦਫ਼ਤਰ, ਗੁਰਮੁਖੀ ਲਿਪੀ ਖੋਜ ਕੇਂਦਰ ਜਾਂ ਪੰਜਾਬੀ ਭਾਸ਼ਾ ਨਾਲ ਸਬੰਧਿਤ ਕੋਈ ਵਿਸ਼ੇਸ਼ ਸੰਸਥਾ ਸਥਾਪਤ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਜੋਤ ਸਿੰਘ ਬੈਂਸ**: ਮਾਣਯੋਗ ਸਪੀਕਰ ਸਾਹਿਬ, ਹਾਂ ਜੀ, ਇਹ ਸੱਚ ਹੈ ਕਿ ਦੂਜੇ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਖਡੂਰ ਸਾਹਿਬ ਵਿਖੇ ਗੁਰਮੁਖੀ ਲਿਪੀ ਦੇ ਪ੍ਰਚਾਰ-ਪ੍ਰਸਾਰ ਦੀ ਸ਼ੁਰੂਆਤ ਹੋਈ ਸੀ, ਜਿਸ ਕਾਰਨ ਖਡੂਰ ਸਾਹਿਬ ਦਾ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦੇ ਇਤਿਹਾਸ ਵਿੱਚ ਵਿਸ਼ੇਸ਼ ਸਥਾਨ ਹੈ। ਨਹੀਂ ਜੀ, ਖਡੂਰ ਸਾਹਿਬ ਵਿਖੇ ਭਾਸ਼ਾ ਵਿਭਾਗ ਦਾ ਖੇਤਰੀ ਦਫ਼ਤਰ, ਗੁਰਮੁਖੀ ਲਿਪੀ ਖੋਜ ਕੇਂਦਰ ਜਾਂ ਪੰਜਾਬੀ ਭਾਸ਼ਾ ਨਾਲ ਸਬੰਧਿਤ ਕੋਈ ਵਿਸ਼ੇਸ਼ ਸੰਸਥਾ ਸਥਾਪਤ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ। ਮੈਂ ਮਾਣਯੋਗ

ਐਮ.ਐਲ.ਏ. ਸਾਹਿਬ ਨੂੰ ਕਹਾਂਗਾ ਕਿ ਖੁਦ ਆਪ ਇੱਕ ਰਿਪ੍ਰੀਜ਼ੈਂਟੇਸ਼ਨ ਸਾਨੂੰ ਅਤੇ ਸੀ.ਐਮ. ਸਾਹਿਬ ਨੂੰ ਦੇਣ, ਅਸੀਂ ਜ਼ਰੂਰ ਚਾਹੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਜਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਇਸ ਤੇ ਕੰਮ ਕਰਾਂਗੇ।

**ਮਾਣਯੋਗ ਸਪੀਕਰ**: ਬਹੁਤ ਅੱਛੇ ਮੰਤਰੀ ਜੀ। ਸ੍ਰੀ ਗੁਰੂ ਅੰਗਦ ਦੇਵ ਜੀ ਪਾਤਸ਼ਾਹ ਦੀ ਸਾਡੇ ਤੇ ਬਹੁਤ ਵੱਡੀ ਬਖਸ਼ਿਸ਼ ਹੈ ਕਿ ਸਾਨੂੰ ਲਿਪੀ ਦੀ ਬਖਸ਼ਿਸ਼ ਕੀਤੀ। ਇਸ ਨੂੰ ਜ਼ਰੂਰ ਕਰਵਾ ਲਵੋ ਜੀ।

**ਮੰਤਰੀ**: ਜੀ, ਸਪੀਕਰ ਸਾਹਿਬ।

**ਸਰਦਾਰ ਮਨਜਿੰਦਰ ਸਿੰਘ ਲਾਲਪੁਰਾ**: ਮੈਂ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਜੀ। ਮੈਂ ਜ਼ਰੂਰ ਇਨ੍ਹਾਂ ਨੂੰ ਪੂਰੀ ਰਿਪ੍ਰੀਜ਼ੈਂਟੇਸ਼ਨ ਬਣਾ ਕੇ ਦਿੰਦਾ ਹਾਂ। ਤੁਸੀਂ ਕ੍ਰਿਪਾ ਕਰਿਓ ਕਿ ਆਪਾਂ ਇੱਥੇ ਕੋਈ ਨਾ ਕੋਈ ਸੰਸਥਾ ਜ਼ਰੂਰ ਖੋਲ੍ਹੀਏ। ਧੰਨਵਾਦ ਜੀ।

---

## ਪਿੰਡਾਂ ਵਿੱਚ ਗਰੀਬ ਦਲਿਤ ਲੋਕਾਂ ਨੂੰ 5-5 ਮਰਲੇ ਦੇ ਪਲਾਟ ਵੰਡਣਾ

***1984. ਸ਼੍ਰੀ ਨਰੇਸ਼ ਕਟਾਰੀਆ:** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਪਿੰਡਾਂ ਵਿੱਚ ਗਰੀਬ ਦਲਿਤ ਲੋਕਾਂ ਦੇ ਲਈ 5-5 ਮਰਲੇ ਦੇ ਪਲਾਟ ਵੰਡਣ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ;

(ਅ) ਜਿਨ੍ਹਾਂ ਗਰੀਬ ਦਲਿਤ ਪਰਿਵਾਰਾਂ ਦੇ ਘਰਾਂ ਦੀ ਹਾਲਤ ਬਹੁਤ ਹੀ ਖਰਾਬ ਹੈ, ਉਨ੍ਹਾਂ ਨੂੰ ਮੁਰਮੰਤ ਕਰਨ ਦੀ ਕੋਈ ਯੋਜਨਾ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ:** ਸ਼੍ਰੀਮਾਨ ਜੀ,

(ੳ) ਹਾਂ ਜੀ, ਗਰੀਬ ਦਲਿਤ ਲੋਕਾਂ ਨੂੰ 5-5 ਮਰਲੇ ਪਲਾਟ ਵੰਡਣ ਸਬੰਧੀ ਵਿਭਾਗ ਵੱਲੋਂ ਪੱਤਰ ਨੰ. 1721 ਮਿਤੀ 17.04.2001 ਅਤੇ ਪੱਤਰ ਨੰ. 3887 ਮਿਤੀ 01.10.2021 ਰਾਹੀਂ ਖੇਤਰੀ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਜਿਸ ਦੀ ਕਾਪੀ 'ਝੰਡੀ A' ਤੇ ਵਾਚਣ ਦੀ ਖੇਚਲ ਕੀਤੀ ਜਾਵੇ ਜੀ।

(ਅ) ਪ੍ਰਧਾਨ ਮੰਤਰੀ ਅਵਾਸ ਯੋਜਨਾ (ਗ੍ਰਾਮੀਣ) ਸਕੀਮ ਤਹਿਤ ਘਰਾਂ ਦੀ ਮੁਰੰਮਤ ਲਈ ਕੋਈ ਪ੍ਰੋਵੀਜ਼ਨ ਨਹੀਂ ਹੈ। ਇਸ ਸਕੀਮ ਅਧੀਨ ਪੇਂਡੂ ਖੇਤਰਾਂ ਵਿੱਚ ਰਹਿ ਰਹੇ ਗਰੀਬ ਪਰਿਵਾਰ, ਜਿਨ੍ਹਾਂ ਦੇ ਘਰ ਕੱਚੇ ਜਾਂ ਰਹਿਣਯੋਗ ਨਹੀਂ ਹਨ, ਨੂੰ ਯੋਗਤਾ ਅਨੁਸਾਰ ਨਵੇਂ ਮਕਾਨ ਦੀ ਉਸਾਰੀ ਲਈ 1.20 ਲੱਖ ਰੁਪਏ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਜਾਂਦੀ ਹੈ। ਪ੍ਰਧਾਨ ਮੰਤਰੀ ਅਵਾਸ ਯੋਜਨਾ (ਗ੍ਰਾਮੀਣ) ਸਕੀਮ ਤਹਿਤ ਕੇਂਦਰ ਸਰਕਾਰ ਵੱਲੋਂ ਕੁੱਲ ਟੀਚੇ ਦਾ ਘੱਟੋਂ-ਘੱਟ 60 ਪ੍ਰਤੀਸ਼ਤ ਹਿੱਸਾ ਦਲਿਤ ਪਰਿਵਾਰਾਂ (ਐਸ.ਸੀ.) ਲਈ ਨਿਰਧਾਰਿਤ ਕੀਤਾ ਗਿਆ ਹੈ।

## ਝੰਡੀA

– 1 –

ਪੰਜਾਬ ਸਰਕਾਰ
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ,
ਵਿਕਾਸ ਭਵਨ, ਸੈਕਟਰ-62, ਸਾਹਿਬਜਾਦਾ ਅਜੀਤ ਸਿੰਘ ਨਗਰ
(ਭੌਂ ਵਿਕਾਸ ਸ਼ਾਖਾ)

ਸੇਵਾ ਵਿਖੇ

ਰਾਜ ਦੇ ਸਮੂਹ

1. ਵਧੀਕ ਡਿਪਟੀ ਕਮਿਸ਼ਨਰ (ਵਿਕਾਸ)
2. ਡਵੀਜਨਲ ਡਿਪਟੀ ਡਾਇਰੈਕਟਰ, ਪੇਂਡੂ ਵਿਕਾਸ ਤੇ ਪੰਚਾਇਤਾਂ;
3. ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ;
4. ਬਲਾਕ ਵਿਕਾਸ ਅਤੇ ਪੰਚਾਇਤ ਅਫਸਰ।

ਪੱਤਰ ਨੰਬਰ 60/28/2019/ਐਲ.ਡੀ.-1/ਜ/ਪਾਲਿਸੀ/ 3887
ਮਿਤੀ: 1.10.2021.

ਵਿਸ਼ਾ: **ਅਨੁਸੂਚਿਤ ਜਾਤੀਆਂ ਅਤੇ ਦੂਸਰੇ ਗਰੀਬ ਬੇ-ਘਰੇ ਪਰਿਵਾਰਾਂ ਨੂੰ 5 ਮਰਲਾ ਪਾਲਿਸੀ ਹਿੱਤ ਪਲਾਟ ਦੇਣ ਦੀ ਸਕੀਮ ਸਬੰਧੀ।**

************

ਉਪਰੋਕਤ ਵਿਸ਼ੇ ਸਬੰਧੀ ਮਿਤੀ 17-4-2001 ਰਾਹੀਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਤੇ ਸਮੇਂ-ਸਮੇਂ ਤੇ ਹੋਈਆਂ ਸੋਧਾਂ ਨੂੰ ਇੱਕਠਾ ਕਰਦੇ ਹੋਏ ਅਤੇ ਵਿਭਾਗ ਦੇ ਪੱਤਰ ਮਿਤੀ 21-11-2019 ਰਾਹੀਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਮੁੜ ਸੋਧ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਹਨ।

ਕਈ ਅਨੁਸੂਚਿਤ ਜਾਤੀ ਅਤੇ ਦੂਸਰੇ ਗਰੀਬ ਪਰਿਵਾਰ ਜਿਨ੍ਹਾਂ ਕੋਲ ਆਪਣਾ ਮਕਾਨ ਨਹੀਂ ਹੁੰਦਾ ਅਤੇ ਬਹੁਤੇ ਪਰਿਵਾਰ ਛੋਟੇ ਜਿਹੇ ਕਮਰੇ ਵਿੱਚ ਆਪਣਾ ਗੁਜਾਰਾ ਕਰਦੇ ਹਨ ਜੋ ਕਿ ਸਮਾਜਿਕ ਨਿਆਂ ਅਤੇ ਸਿਹਤ ਪੱਖੋਂ ਅਨੁਕੂਲ ਨਹੀਂ ਹੈ। ਇਸ ਮੁਸ਼ਕਲ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਨੇ ਅਜਿਹੇ ਬੇ-ਘਰੇ ਵਿਅਕਤੀਆਂ ਨੂੰ ਜਿਨ੍ਹਾਂ ਕੋਲ ਆਪਣਾ ਮਕਾਨ ਨਹੀਂ ਹੈ, ਮੁਫਤ ਪਲਾਟ ਦੇਣ ਦਾ ਫੈਸਲਾ ਕੀਤਾ ਹੈ।

ਪੰਜਾਬ ਵਿਲੇਜ਼ ਕਾਮਨ ਲੈਂਡਜ਼ (ਰੈਗੂਲੇਸ਼ਨ) ਐਕਟ 1961 ਅਧੀਨ ਬਣਾਏ ਗਏ ਪੰਜਾਬ ਵਿਲੇਜ਼ ਕਾਮਨ ਲੈਂਡ (ਰੈਗੂਲੇਸ਼ਨ) ਰੂਲਜ਼, 1964 ਦੇ ਨਿਯਮ 13-ਏ ਵਿੱਚ ਹੇਠ ਲਿਖਿਆ ਪ੍ਰਾਵਧਾਨ ਹੈ:-

> *13-A. Giving of the land to landless worker – A Panchayat may with the previous approval of the Government give land in Shamlat deh free of cost, to a landless worker residing in the Sabha area for construction of a house for his residence.*
>
> *Provided that the landless worker to whom such land is given, shall not be entitled to sell, exchange or mortgage it except mortgaging it for the purposes of raising loan to construct a house on it.*

ਇਸ ਮੰਤਵ ਲਈ ਹਦਾਇਤਾਂ ਪੱਤਰ ਨੰ: ਡੀ.ਡੀ.ਐਲ.ਡੀ-2001/1721 ਮਿਤੀ 17-04-2001, Enst No.PS/FCRDP-2006/823, Chandigarh Dated 04-04-2006 ਅਨੁਸਾਰ ਸਰਕਾਰ ਦੇ ਅਧਿਕਾਰ ਜਿਲ੍ਹੇ ਦੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੂੰ ਦਿੱਤੇ ਗਏ ਹਨ।

1. ਲਾਭਪਾਤਰੀਆਂ ਦੀ ਯੋਗਤਾ ਅਤੇ ਸ਼ਰਤਾਂ ਇਸ ਪ੍ਰਕਾਰ ਹਨ:-

1. ਇਸ ਸਕੀਮ ਅਧੀਨ ਲਾਭ ਲੈਣ ਵਾਲਾ ਲਾਭਪਾਤਰੀ ਸਬੰਧਿਤ ਗਰਾਮ ਸਭਾ ਖੇਤਰ ਵਿੱਚ ਰਹਿਣ ਵਾਲਾ ਹੋਣਾ ਚਾਹੀਦਾ ਹੈ;
2. ਲਾਭਪਾਤਰੀ ਬੇ-ਘਰ/ਬੇ-ਜ਼ਮੀਨਾ ਹੋਣਾ ਚਾਹੀਦਾ ਹੈ। ਉਸ ਕੋਲ ਆਪਣਾ ਕੋਈ ਮਕਾਨ ਜਾਂ ਮਕਾਨ ਬਣਾਉਣ ਲਈ ਜਗ੍ਹਾ ਨਹੀਂ ਹੋਣੀ ਚਾਹੀਦੀ ਹੈ।
3. ਇਸ ਸਕੀਮ ਅਧੀਨ ਲਾਭ ਲੈਣ ਵਾਲਾ ਵਿਅਕਤੀ ਵਿਆਹਿਆ ਹੋਇਆ ਹੋਣਾ ਚਾਹੀਦਾ ਹੈ;
4. ਅਜਿਹੇ ਪਲਾਟ ਪਿੰਡਾਂ ਦੀਆਂ ਸਾਰੀਆਂ ਸ੍ਰੇਣੀਆਂ ਦੇ ਵਸਨੀਕਾਂ ਨੂੰ ਦਿੱਤੇ ਜਾਣਗੇ।
5. ਜੇਕਰ ਕਿਸੇ ਪਰਿਵਾਰ ਕੋਲ ਪਹਿਲਾਂ ਹੀ 5 ਮਰਲੇ ਦਾ ਪਲਾਟ ਹੋਵੇਗਾ ਅਤੇ ਉਸ ਦੇ ਲੜਕੇ ਅੱਗੇ ਵਿਆਹੇ ਗਏ ਹੋਣ ਅਤੇ ਉਨ੍ਹਾਂ ਪਾਸ ਆਪਣਾ ਮਕਾਨ ਜਾਂ ਰਿਹਾਇਸ਼ੀ ਪਲਾਟ ਇਸ ਮੰਤਵ ਲਈ ਨਾ ਹੋਵੇ ਉਨ੍ਹਾਂ ਦੇ ਵਿਆਹੇ ਲੜਕੇ ਨੂੰ ਇਸ ਸਕੀਮ ਅਧੀਨ 5 ਮਰਲੇ ਤੱਕ ਦਾ ਪਲਾਟ ਦਿੱਤਾ ਜਾ ਸਕੇਗਾ।

2. ਇਸ ਸਕੀਮ ਅਧੀਨ ਹੇਠਲੀ ਕੈਟਾਗਰੀ ਦੇ ਵਿਅਕਤੀ ਹੱਕਦਾਰ ਨਹੀਂ ਹੋਣਗੇ।

1. ਕਿਸੇ ਵੀ ਸੰਸਥਾ ਦਾ ਜ਼ਮੀਨ ਮਾਲਕ;
2. ਹਰ ਉਹ ਪਰਿਵਾਰ ਜਿਨ੍ਹਾਂ ਵਿਚੋਂ ਇਕ ਜਾਂ ਇਕ ਤੋਂ ਜਿਆਦਾ ਮੈਂਬਰ ਹੇਠ ਲਿਖੀ ਕੈਟਾਗਿਰੀ ਨਾਲ ਸਬੰਧ ਰੱਖਦੇ ਹਨ:-

ੳ) ਜੋ ਸੰਵਿਧਾਨਿਕ ਪੋਸਟਾਂ ਤੇ ਹਨ ਜਾਂ ਪਹਿਲਾਂ ਰਹਿ ਚੁੱਕੇ ਹਨ;

ਅ) ਸਬਕਾ ਅਤੇ ਮੌਜੂਦਾ ਲੋਕ ਸਭਾ ਮੈਂਬਰ, ਰਾਜ ਸਭਾ ਮੈਂਬਰ, ਵਿਧਾਨ ਸਭਾ ਮੈਂਬਰ, ਅਸੈਂਬਲੀ ਮੈਂਬਰ, ਵਿਧਾਨ ਸਭਾ ਕੌਂਸਲ ਮੈਂਬਰ, ਮੇਅਰ ਮਿਊਂਸਪਲ ਕਾਰਪੋਰੇਸ਼ਨ, ਜ਼ਿਲ੍ਹਾ ਪੰਚਾਇਤ ਦੇ ਚੇਅਰਪਰਸਨ ਆਦਿ;

ੲ) ਸਾਰੇ ਸਰਵਿਸ ਕਰ ਰਹੇ ਜਾਂ ਰਿਟਾਇਰਡ ਅਫਸਰ ਅਤੇ ਕਰਮਚਾਰੀ ਰਾਜ ਸਰਕਾਰ ਦੇ ਮੰਤਰੀ, ਸਟੇਟ PSU's ਦੇ ਅਫਸਰ ਅਤੇ ਖੁਦ ਮੁੱਖਤਿਆਰ ਸੰਸਥਾਵਾਂ ਦੇ ਅਫਸਰ ਜੋ ਸਰਕਾਰ ਦੇ ਅਧੀਨ ਹੋਣ ਅਤੇ ਲੋਕਲ ਬਾਡੀਜ਼ ਦੇ ਰੈਗੂਲਰ ਕਰਮਚਾਰੀ (ਮਲਟੀ ਟਾਸਕਿੰਗ ਸਟਾਫ/ਕਲਾਸ 4 ਤੇ ਗਰੁੱਪ ਡੀ ਨੂੰ ਛੱਡ ਕੇ)

ਸ) ਸਾਰੇ ਰਿਟਾਇਰਡ ਪੈਨਸ਼ਨਰ ਜਿਨ੍ਹਾਂ ਦੀ ਮਹੀਨਾਂ ਵਾਰ ਪੈਨਸ਼ਨ 10,000/- ਰੁਪਏ ਜਾਂ ਇਸ ਤੋਂ ਵੱਧ ਹੋਵੇ;

ਹ) ਉਹ ਸਾਰੇ ਵਿਅਕਤੀ ਜੋ ਟੈਕਸ ਭਰਦੇ ਹਨ;

ਕ) ਪ੍ਰੋਫੈਸ਼ਨਲ ਵਿਅਕਤੀ ਜਿਵੇਂ ਕਿ ਡਾਕਟਰ, ਇੰਜੀਨੀਅਰ, ਵਕੀਲ, ਚਾਰਟਿਡ ਅਕਾਊਂਟੈਂਟ ਅਤੇ ਆਰਕੀਟੈਕਚਰ ਜੋ ਕਿ ਪ੍ਰੋਫੈਸ਼ਨਲ ਬਾਡੀ ਨਾਲ ਰਜਿਸਟਰਡ ਹਨ ਅਤੇ ਜੋ ਇਨ੍ਹਾਂ ਪ੍ਰੋਫੈਸ਼ਨਲ ਕਿੱਤਿਆਂ ਸਬੰਧੀ ਪ੍ਰੈਕਟਿਸ ਕਰ ਰਹੇ ਹਨ।

3. <u>ਗਰਾਮ ਸਭਾ ਵੱਲੋਂ ਮਤਾ ਪਾਸ ਕਰਨ ਦੀ ਵਿਧੀ</u>

1. ਜਿਹੜੀ ਗਰਾਮ ਪੰਚਾਇਤ ਪਿੰਡ ਦੇ ਬੇ-ਘਰੇ ਪਰਿਵਾਰਾਂ ਨੂੰ ਮਕਾਨ ਬਣਾਉਣ ਲਈ ਮੁਫ਼ਤ ਪਲਾਟ ਦੇਣਾ ਚਾਹੇ, ਉਹ ਅਜਿਹਾ ਗਰਾਮ ਸਭਾ ਦੀ ਮੀਟਿੰਗ ਵਿੱਚ ਮਤਾ ਪਾਸ ਕਰਕੇ ਕਰ ਸਕਦੀ ਹੈ।

2. ਗਰਾਮ ਪੰਚਾਇਤ ਗਰਾਮ ਸਭਾ ਦੀ ਮੀਟਿੰਗ ਬੁਲਾ ਕੇ ਰੈਜ਼ੂਲੇਸ਼ਨ ਪਾ ਕੇ ਲਾਭਪਾਤਰੀਆਂ ਦੀ ਚੋਣ ਕਰੇਗੀ।

3. ਇਸ ਸਕੀਮ ਅਧੀਨ ਲਾਭ-ਪਾਤਰਾਂ ਨੂੰ ਜਿਸ ਜਗ੍ਹਾ ਤੇ ਪਲਾਟ ਦੇਣਾ ਹੋਵੇ, ਉਹ ਜਗ੍ਹਾ ਅਬਾਦੀ ਦੇ ਨੇੜੇ ਹੋਣੀ ਚਾਹੀਦੀ ਹੈ ਅਤੇ ਉਸ ਨੂੰ ਸਹੀ ਰਸਤਾ ਲੱਗਦਾ ਹੋਣਾ ਚਾਹੀਦਾ ਹੈ, ਜਿਥੇ ਕਿਤੇ ਲਾਭ-ਪਾਤਰਾਂ ਨੂੰ ਪਲਾਟ ਦੇਣ ਲਈ ਗਰਾਮ ਪੰਚਾਇਤ ਪਾਸ ਢੁੱਕਵੀਂ ਜਗ੍ਹਾ ਉਪਲੱਬਧ ਨਹੀਂ ਹੋਵੇਗੀ ਉਥੇ ਗਰਾਮ ਪੰਚਾਇਤ ਕਿਸੇ ਪ੍ਰਾਈਵੇਟ ਧਿਰ ਨਾਲ ਤਬਾਦਲਾ ਕਰਕੇ ਲਾਭ-ਪਾਤਰਾਂ ਲਈ ਇਸ ਸਕੀਮ ਅਧੀਨ ਅਬਾਦੀ ਦੇ ਨੇੜੇ ਜਗ੍ਹਾ ਉਪਲੱਬਧ ਕਰਵਾਏਗੀ। **ਜ਼ਮੀਨ ਦਾ ਤਬਾਦਲਾ ਦੀ ਪੰਜਾਬ ਵਿਲੇਜ ਕਾਮਨ ਲੈਂਡਜ਼ (ਰੈਗੂਲੇਸ਼ਨ) ਰੂਲਜ਼ 1964 ਦੇ ਰੂਲ 5 ਤਹਿਤ ਸਰਕਾਰ ਦੀ <u>ਪੂਰਵ ਪ੍ਰਵਾਨਗੀ</u> ਲੈਣ ਉਪਰੰਤ ਹੀ ਕੀਤਾ ਜਾਵੇ।**

4. ਜਿਥੇ ਕਿਤੇ ਇਸ ਸਕੀਮ ਅਧੀਨ ਗਰਾਮ ਪੰਚਾਇਤ ਪਾਸ ਆਪਣੀ ਜ਼ਮੀਨ ਨਾ ਹੋਵੇ ਅਤੇ ਨਾ ਹੀ ਤਬਾਦਲੇ ਨਾਲ ਮੰਤਵ ਹੱਲ ਹੁੰਦਾ ਹੋਵੇ ਅਜਿਹੇ ਕੇਸਾਂ ਵਿੱਚ ਗਰਾਮ ਪੰਚਾਇਤ ਵੱਲੋਂ **ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 10(2) ਅਤੇ 85(1) ਅਧੀਨ ਜ਼ਮੀਨ ਦੀ ਖਰੀਦ ਕੀਤੀ ਜਾ ਸਕਦੀ ਹੈ। ਇਹ ਜ਼ਮੀਨ ਸਰਕਾਰ ਦੀ <u>ਪੂਰਵ ਪ੍ਰਵਾਨਗੀ</u> ਨਾਲ ਜ਼ਮੀਨ ਖਰੀਦ ਕਰਨ ਸਬੰਧੀ ਬਣੀ ਪਾਲਿਸੀ ਤਹਿਤ ਹੀ ਖਰੀਦੀ ਜਾਵੇਗੀ।**

4. <u>ਪਲਾਟ ਦੀ ਅਲਾਟਮੈਂਟ ਸਬੰਧੀ ਲਗਾਈਆਂ ਜਾਣ ਵਾਲੀਆਂ ਸ਼ਰਤਾਂ।</u>

1. ਚੁਣੇ ਗਏ ਲਾਭ-ਪਾਤਰੀਆਂ ਨੂੰ 5 ਮਰਲੇ ਤੱਕ ਦਾ ਪਲਾਟ ਦਿੱਤਾ ਜਾ ਸਕਦਾ ਹੈ।

2. ਜਿਸ ਲਾਭ-ਪਾਤਰੀ ਨੂੰ ਇਸ ਸਕੀਮ ਅਧੀਨ ਪਲਾਟ ਦਿੱਤਾ ਜਾਵੇ ਉਸ ਵਿਅਕਤੀ ਨੂੰ ਤਿੰਨ ਸਾਲ ਦੇ ਅੰਦਰ-ਅੰਦਰ ਉਸ ਤੇ ਮਕਾਨ ਦੀ ਉਸਾਰੀ ਕਰਨੀ ਹੋਵੇਗੀ। ਜੇਕਰ ਅਲਾਟਮੈਂਟ ਦੀ ਮਿਤੀ ਤੋਂ ਤਿੰਨ ਸਾਲ ਦੇ ਅੰਦਰ-ਅੰਦਰ ਉਹ ਮਕਾਨ ਦੀ ਉਸਾਰੀ ਨਹੀਂ ਕਰਦਾ ਤਾਂ ਉਸ ਨੂੰ ਦਿੱਤਾ ਗਿਆ ਪਲਾਟ ਮੁੜ ਪੰਚਾਇਤ ਵਿੱਚ ਵੈਸਟ ਕਰ ਲਿਆ ਜਾਵੇਗਾ;

3. ਜਿਸ ਲਾਭਪਾਤਰੀ ਨੂੰ ਇਸ ਸਕੀਮ ਅਧੀਨ ਪਲਾਟ ਦਿੱਤਾ ਜਾਵੇਗਾ ਉਹ ਉਸ ਪਲਾਟ ਨੂੰ ਅੱਗੇ ਵੇਚ ਜਾਂ ਬਦਲ ਨਹੀਂ ਸਕੇਗਾ ਅਤੇ ਨਾ ਹੀ ਅੱਗੇ ਕਿਸੇ ਨੂੰ

ਰਹਿਣ ਆਦਿ ਕਰ ਸਕੇਗਾ। ਲੇਕਿਨ ਮਕਾਨ ਉਸਾਰੀ ਦੇ ਲਈ ਕਰਜ਼ਾ ਲੈਣ ਲਈ ਉਸ ਨੂੰ ਇਹ ਪਲਾਟ ਰਹਿਣ ਕਰਨ ਦੀ ਇਜਾਜਤ ਹੋਵੇਗੀ;

4. ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਜੀ ਵੱਲੋਂ CRMM No. 39750 of 2016 ਜੁਗਰਾਜ ਸਿੰਘ ਬਨਾਮ ਸਟੇਟ ਆਫ ਪੰਜਾਬ ਵਿੱਚ ਕੀਤੇ ਹੁਕਮਾਂ ਦੀ ਰੌਸ਼ਨੀ ਵਿੱਚ ਅਜਿਹੇ ਸਾਰੇ ਅਲਾਟ ਕੀਤੇ ਪਲਾਟਾਂ ਦੀ ਮਾਲ ਰਿਕਾਰਡ ਵਿੱਚ "ਲਾਲ ਸਿਹਾਈ" ਦੇ ਨਾਲ ਇੰਦਰਾਜ ਕਰਵਾਉਣਾ ਵੀ ਲਾਜ਼ਮੀ ਹੋਵੇਗਾ ਤਾਂ ਜੋ ਪਲਾਟਾਂ ਨੂੰ ਅੱਗੇ ਵੇਚਿਆ ਜਾਂ ਤਬਦੀਲ ਨਾ ਕੀਤਾ ਜਾ ਸਕੇ।

5. ਲਾਭ-ਪਾਤਰੀਆਂ ਦੀ ਚੋਣ ਲਈ ਕਮੇਟੀ

ਗਰਾਮ ਪੰਚਾਇਤ ਵਲੋਂ ਚੋਣ ਕੀਤੇ ਗਏ ਲਾਭਪਾਤਰੀਆਂ ਦੀ ਛਾਣਬੀਣ ਸਰਕਾਰ ਵਲੋਂ ਗਠਿਤ ਕੀਤੀ ਕਮੇਟੀ ਵਲੋਂ ਕੀਤੀ ਜਾਵੇਗੀ, ਜਿਸ ਦੇ ਮੈਂਬਰ ਹੇਠ ਲਿਖੇ ਅਨੁਸਾਰ ਹਨ:-

1. ਸਬੰਧਤ ਉਪ ਮੰਡਲ ਮੈਜਿਸਟੇਟ (ਚੇਅਰਮੈਨ)
2. ਸਬੰਧਤ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ (ਸਕੱਤਰ/ਕਨਵੀਨਰ)
3. ਸਰਪੰਚ ਗਰਾਮ ਪੰਚਾਇਤ (ਮੈਂਬਰ)
4. ਇਕ ਅਨੁਸੂਚਿਤ ਜਾਤੀ ਨਾਂਲ ਸਬੰਧ ਰੱਖਦਾ ਹੋਇਆ ਪੰਚ (ਮੈਂਬਰ)
5. ਇਕ ਲੇਡੀ ਪੰਚ (ਮੈਂਬਰ)

ਉਪਰੋਕਤ ਸਰਪੰਚ, ਪੰਚ ਅਤੇ ਲੇਡੀ ਪੰਚ ਵਿਚੋਂ ਇਕ ਵਿਅਕਤੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਣਾ ਚਾਹੀਦਾ ਹੈ। ਜੇਕਰ ਉਪਰੋਕਤ ਤਿੰਨ ਮੈਂਬਰਾਂ ਵਿਚੋਂ ਕੋਈ ਵੀ ਅਨੁਸੂਚਿਤ ਜਾਤੀ ਨਾਲ ਸਬੰਧਤ ਵਿਅਕਤੀ ਨਾ ਹੋਵੇ ਤਾਂ ਇਸ ਹਾਲਤ ਵਿੱਚ ਚੇਅਰਮੈਨ ਵਲੋਂ ਇਕ ਮੈਂਬਰ ਪੰਚਾਇਤ ਜੋ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਵੇ, ਨੂੰ ਮੈਂਬਰ ਬਣਾਇਆ ਜਾਵੇ।

ਉਕਤ ਗਠਿਤ ਕਮੇਟੀ ਵਲੋਂ ਲਾਭਪਾਤਰੀਆਂ ਦੀ ਛਾਣ-ਬੀਨ ਕੀਤੀ ਜਾਵੇਗੀ। ਸਬੰਧਤ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਇਸ ਕਮੇਟੀ ਦਾ ਕਨਵੀਨਰ ਹੋਵੇਗਾ ਅਤੇ ਸਾਰੇ ਦਸਤਾਂਵੇਜ਼ ਦੇਖ ਕੇ ਕੇਸ ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ ਨੂੰ ਘੱਲੇਗਾ, ਜੋ ਆਪਣੀਆਂ ਸ਼ਿਫਾਰਸ਼ਾਂ ਨਾਲ ਜਿਲ੍ਹੇ ਦੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੂੰ ਅੰਤਿਮ ਹੁਕਮ ਪਾਸ ਕਰਨ ਲਈ ਪੇਸ਼ ਕਰੇਗਾ।

6. ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਲੋਂ ਇਸ ਸਕੀਮ ਅਧੀਨ ਪ੍ਰਵਾਨਗੀ ਦੇਣ ਸਮੇਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਿਆ ਜਾਵੇ:-

1. ਕੇਸ ਦੀ ਪ੍ਰਵਾਨਗੀ ਸਮੇਂ ਗਰਾਮ ਸਭਾ ਦਾ ਮਤਾ ਦੇਖਣਾ ਜ਼ਰੂਰੀ ਹੋਵੇਗਾ, ਜਿਸ ਵਿੱਚ ਲਾਭ-ਪਾਤਰ ਦੀ ਚੋਣ ਕੀਤੀ ਗਈ ਹੋਵੇ;
2. ਕੇਸ ਦੇ ਨਾਲ ਦਿੱਤੀ ਜਾਣ ਵਾਲੀ ਜ਼ਮੀਨ ਦੀ ਜਮ੍ਹਾਂਬੰਦੀ ਲਗਵਾਉਣੀ ਜ਼ਰੂਰੀ ਹੋਵੇਗੀ ਤਾਂ ਕਿ ਭਵਿੱਖ ਵਿੱਚ ਮਾਲਕੀ ਸਬੰਧੀ ਕੋਈ ਝਗੜਾ ਉਤਪੰਨ ਨਾ ਹੋਵੇ;

3. ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਇਹ ਵੀ ਯਕੀਨੀ ਬਣਾਉਣਗੇ ਕਿ ਇਸ ਸਕੀਮ ਅਧੀਨ ਅਲਾਟ ਕੀਤੀ ਗਈ ਜ਼ਮੀਨ ਹਰ ਕਿਸਮ ਦੇ ਭਾਰ ਤੋਂ ਮੁਕਤ ਹੈ;
4. ਇਹ ਵੇਖਣਾ ਜ਼ਰੂਰੀ ਹੋਵੇਗਾ ਕਿ ਦਿੱਤੀ ਜਾਣ ਵਾਲੀ ਜ਼ਮੀਨ ਸਹੀ ਰਸਤੇ ਤੇ ਲਗਦੀ ਹੋਵੇ;
5. ਜ਼ਮੀਨ/ਪਲਾਟ ਪਿੰਡ ਦੀ ਆਬਾਦੀ ਦੇ ਨੇੜੇ ਹੋਣੇ ਜ਼ਰੂਰੀ ਹੋਣਗੇ;
6. ਜ਼ਮੀਨ ਦਾ ਨਕਸ਼ਾ (ਅਕਸ-ਸਜਰਾ) ਕੇਸ ਦੇ ਨਾਲ ਸ਼ਾਮਿਲ ਕਰਾਉਣਾ ਜ਼ਰੂਰੀ ਹੋਵੇਗਾ;
7. ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਆਪਣੇ ਪੱਧਰ ਤੇ ਇਸ ਗੱਲ ਨੂੰ ਯਕੀਨੀ ਬਣਾਉਣਗੇ ਕਿ ਲਾਭ-ਪਾਤਰ ਦੀ ਚੋਣ ਸਹੀ ਕੀਤੀ ਗਈ ਹੈ ਅਤੇ ਲਾਭ-ਪਾਤਰ ਹਰ ਪੱਖੋਂ ਇਸ ਸਕੀਮ ਅਧੀਨ ਯੋਗ ਪਾਏ ਗਏ ਹਨ ਅਤੇ ਕਿਸੇ ਵੀ ਗਲਤ ਲਾਭ-ਪਾਤਰੀ ਦੀ ਚੋਣ ਨਹੀਂ ਕੀਤੀ ਗਈ;
8. ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਇਸ ਸਕੀਮ ਅਧੀਨ ਦਿੱਤੇ ਗਏ ਪਲਾਟਾਂ ਦੀ ਮਹੀਨਾਵਾਰ ਅਤੇ ਬਲਾਕਵਾਰ ਰਿਪੋਰਟ ਮੁੱਖ ਦਫਤਰ (ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ) ਨੂੰ ਭੇਜਣੀ ਯਕੀਨੀ ਬਣਾਉਣਗੇ;
9. ਇਸ ਸਕੀਮ ਅਧੀਨ ਇਕ ਲਾਭ-ਪਾਤਰੀ ਨੂੰ 5 ਮਰਲੇ ਤੱਕ ਦਾ ਪਲਾਟ ਦਿੱਤਾ ਜਾ ਸਕੇਗਾ।
10. ਅਲਾਟਮੈਂਟ ਕਰਨ ਉਪਰੰਤ ਸਬੰਧਿਤ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਲਾਭ-ਪਾਤਰੀ ਨੂੰ ਸੰਨਦ ਜਾਰੀ ਕਰਨਗੇ ਅਤੇ ਯੋਗ ਲਾਭਪਾਤਰੀਆਂ ਨੂੰ ਪਲਾਟਾਂ ਦਾ ਕਬਜਾ ਦੇਣ ਉਪਰੰਤ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਇਸ ਦੀ ਸੂਚਨਾ ਸਬੰਧਤ ਤਹਿਸੀਲਦਾਰ ਨੂੰ ਭੇਜੇਗਾ ਤਾਂ ਜੋ ਮਾਲ ਰਿਕਾਰਡ ਵਿੱਚ ਇਸ ਸਬੰਧੀ ਇੰਦਰਾਜ ਕੀਤਾ ਜਾ ਸਕੇ।

ਸਕੱਤਰ-ਕਮ-ਡਾਇਰੈਕਟਰ,
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ,
ਪੰਜਾਬ।

ਪਿੱਠ ਅੰਕਣ ਨੰਬਰ 60/28/2019/ਐਲ.ਡੀ.-1/ਜ/ਪਾਲਿਸੀ/ 3888 ਮਿਤੀ 1.10.2021.

ਉਪਰੋਕਤ ਦਾ ਇਕ ਉਤਾਰਾ:-

1. ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼;
2. ਰਾਜ ਦੇ ਸਮੂਹ ਉੱਪ ਮੁੱਖ ਕਾਰਜਕਾਰੀ ਅਫਸਰ, ਜ਼ਿਲ੍ਹਾ ਪ੍ਰੀਸ਼ਦ।

ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਿਪਟੀ ਡਾਇਰੈਕਟਰ (ਐਲ.ਡੀ.)

ਵਿੱਤ ਕਮਿਸ਼ਨਰ ਪੰਜਾਬ ਸਰਕਾਰ.
ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ,
ਚੰਡੀਗੜ੍ਹ।

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ:
ਡਿਪਟੀ ਕਮਿਸ਼ਨਰ

ਨੰ: ਡੀ.ਡੀ.ਐਲ.ਡੀ.2001/1721
ਮਿਤੀ:17-4-2001

ਵਿਸ਼ਾ:- ਅਨੁਸੂਚਿਤ ਜਾਤੀ ਅਤੇ ਦੂਸਰੇ ਗਰੀਬ ਬੇ-ਘਰੇ ਪਰਿਵਾਰਾਂ ਨੂੰ ਮਕਾਨ ਬਣਾਉਣ ਹਿੱਤ ਪਲਾਟ ਦੇਣ ਦੀ ਸਕੀਮ ਸੰਬੰਧੀ।

•••••••

ਕਈ ਅਨੁਸੂਚਿਤ ਜਾਤੀ ਅਤੇ ਦੂਸਰੇ ਗਰੀਬ ਪਰਿਵਾਰਾਂ ਕੋਲ ਆਪਣਾ ਮਕਾਨ ਨਹੀਂ ਹੁੰਦਾ ਅਤੇ ਬਹੁਤੇ ਪਰਿਵਾਰ ਛੋਟੇ ਜਿਹੇ ਕਮਰੇ ਵਿਚ ਆਪਣਾ ਗੁਜ਼ਾਰਾ ਕਰਦੇ ਹਨ ਜੋ ਕਿ ਸਮਾਜਿਕ ਨਿਆਂ ਅਤੇ ਸਿਹਤ ਪੱਖੋਂ ਅਨਕੂਲ ਨਹੀਂ ਹੈ ।ਇਸ ਮੁਸ਼ਕਲ ਨੂੰ ਧਿਆਨ ਵਿਚ ਰੱਖਦੇ ਹੋਏ ਸਰਕਾਰ ਨੇ ਅਜਿਹੇ ਬੇ-ਘਰੇ ਵਿਆਕਤੀਆਂ ਨੂੰ ਜਿਨ੍ਹਾਂ ਕੋਲ ਆਪਣਾ ਮਕਾਨ ਨਹੀਂ ਹੈ, ਮੁਫਤ ਪਲਾਟ ਦੇਣ ਦਾ ਫੈਸਲਾ ਕੀਤਾ ਹੈ।

ਪੰਜਾਬ ਵਿਲੇਜ਼ ਕਾਮਨ ਲੈਂਡ (ਰੈਗੂਲੇਸ਼ਨ) ਐਕਟ 1961 ਅਧੀਨ ਬਣਾਏ ਗਏ ਪੰਜਾਬ ਵਿਲੇਜ਼ ਕਾਮਨ ਲੈਂਡ(ਰੈਗੂਲੇਸ਼ਨ) ਰੂਲਜ਼ 1964 ਦੇ ਨਿਯਮ 13-ਏ ਅਨੁਸਾਰ ਗਰਾਮ ਪੰਚਾਇਤ ਪੰਜਾਬ ਸਰਕਾਰ ਦੀ ਮਨਜ਼ੂਰੀ ਲੈਣ ਉਪਰੰਤ ਸ਼ਾਮਲਾਤ ਦੇਹ ਵਿਚੋਂ ਬੇ-ਘਰੇ ਕਾਮਿਆਂ ਨੂੰ ਗਰਾਮ ਸਭਾ ਏਰੀਏ ਵਿਚੋਂ ਮਕਾਨ ਬਣਾਉਣ ਲਈ ਮੁਫਤ ਪਲਾਟ ਦੇ ਸਕਦੀ ਹੈ। ਇਸ ਅਨੁਸਾਰ ਜਿਹੜੀ ਗਰਾਮ ਪੰਚਾਇਤ ਪਿੰਡ ਦੇ ਬੇ-ਘਰੇ ਪਰਿਵਾਰਾਂ ਨੂੰ ਮਕਾਨ ਬਣਾਉਣ ਲਈ ਮੁਫਤ ਪਲਾਟ ਦੇਣਾ ਚਾਵੇ , ਉਹ ਅਜਿਹਾ ਗਰਾਮ ਸਭਾ ਦੀ ਮੀਟਿੰਗ ਕਰਕੇ ਕਰ ਸਕਦੀ ਹੈ।

ਇਸ ਪ੍ਰਤੀ-ਕਿਰਿਆ ਵਿਚ ਤੇਜ਼ੀ ਲਿਆਉਣ ਲਈ ਸਰਕਾਰ ਨੇ ਇਹ ਅਧਿਕਾਰ ਸੰਬੰਧਿਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਵੀ ਦੇਣ ਦਾ ਫੈਸਲਾ ਕੀਤਾ ਹੈ, ਜਿਸ ਬਾਰੇ ਹੁਕਮ ਅਲੱਗ ਤੌਰ ਤੇ ਕੀਤੇ ਗਏ ਹਨ।ਸਬੰਧਿਤ ਡਿਪਟੀ ਕਮਿਸ਼ਨਰ ਕੋਲ ਕੇਸ ਜਾਣ ਤੋਂ ਪਹਿਲਾਂ ਪੰਚਾਇਤ ਵੱਲੋਂ ਰੈਜ਼ੂਲੇਸ਼ਨ ਪਾ ਕੇ ਅਤੇ ਗਰਾਮ ਸਭਾ ਦੀ ਮੀਟਿੰਗ ਬੁਲਾ ਕੇ ਲਾਭ-ਪਾਤਰੀਆਂ ਦੀ ਚੋਣ ਕੀਤੀ ਜਾਵੇਗੀ। ਇਸ ਉਪਰੰਤ ਸਬੰਧਿਤ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਸਾਰੇ ਦਸਤਾਵੇਜ਼ ਵੇਖ ਕੇ ਕੇਸ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਨੂੰ ਘੱਲੇਗਾ ਜੋ ਆਪਣੀਆਂ ਸਿਫਾਰਸ਼ਾਂ ਨਾਲ ਕੇਸ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਅੰਤਿਮ ਹੁਕਮ ਪਾਸ ਕਰਨ ਲਈ ਪੇਸ਼ ਕਰੇਗਾ। ਇਸ ਸਕੀਮ ਅਧੀਨ ਪਲਾਟ ਹੇਠ ਲਿਖੀਆਂ ਸੇਧ /ਲੀਹਾਂ ਅਤੇ ਹਦਾਇਤਾਂ ਅਧੀਨ ਅਲਾਟ ਕੀਤੇ ਜਾਣਗੇ।

1. <u>ਇਸ ਸਕੀਮ ਅਧੀਨ ਕਿਹੜਾ ਵਿਆਕਤੀ ਹੱਕਦਾਰ ਹੋਵੇਗਾ</u>

1) ਇਸ ਸਕੀਮ ਅਧੀਨ ਲਾਭ ਲੈਣ ਵਾਲਾ ਲਾਭ-ਪਾਤਰੀ ਸੰਬੰਧਿਤ ਗਰਾਮ ਸਭਾ ਖੇਤਰ ਵਿਚ ਰਹਿਣ ਵਾਲਾ ਹੋਣਾ ਚਾਹੀਦਾ ਹੈ;
2) ਲਾਭ-ਪਾਤਰੀ ਜਿਸ ਨੂੰ ਇਸ ਸਕੀਮ ਅਧੀਨ ਪਲਾਟ ਦਿੱਤਾ ਜਾਣਾ ਹੈ ਉਸ ਕੋਲ ਆਪਣਾ ਕੋਈ ਮਕਾਨ ਜਾਂ ਮਕਾਨ ਬਣਾਉਣ ਲਈ ਜਗ੍ਹਾ ਨਹੀਂ ਹੋਣੀ ਚਾਹੀਦੀ;
3) ਇਸ ਸਕੀਮ ਅਧੀਨ ਲਾਭ ਲੈਣ ਵਾਲਾ ਵਿਆਕਤੀ ਵਿਆਹਿਆ ਹੋਇਆ ਹੋਣਾ ਚਾਹੀਦਾ ਹੈ;
4) ਲਾਭ-ਪਾਤਰੀ ਬੇ-ਘਰੇ, ਅਨੁਸੂਚਿਤ ਜਾਤੀ ,ਰਾਏ ਸਿੱਖ ਜਾਂ ਈਸਾਈ ਕਮਿਊਨਿਟੀ ਨਾਲ ਸੰਬੰਧ ਰੱਖਦੇ ਹੋਣ।

2. <u>ਲਾਭ-ਪਾਤਰੀਆਂ ਦੀ ਚੋਣ</u>

1) ਲਾਭ -ਪਾਤਰੀਆਂ ਦੀ ਚੋਣ ਗਰਾਮ ਸਭਾ ਦੁਆਰਾ ਕੀਤੀ ਜਾਵੇਗੀ;
2) ਗਰਾਮ ਸਭਾ ਆਪਣੀ ਮੀਟਿੰਗ ਕਰਕੇ ਆਪਣੇ ਸਭਾ ਖੇਤਰ ਵਿਚ ਅਜਿਹੇ ਗੈਰ-ਜ਼ਮੀਨੇ ਬੇ-ਘਰੇ,ਅਨੁਸੂਚਿਤ ਜਾਤੀਆਂ ,ਰਾਏ ਸਿੱਖ ਅਤੇ ਈਸਾਈ ਕਮਿਊਨਿਟੀ ਵਿਚੋਂ ਲਾਭ-ਪਤਾਰਾਂ ਦੀ ਚੋਣ ਕਰੇਗੀ ਜੋ ਇਸ ਸਕੀਮ ਅਧੀਨ ਪਲਾਟ ਲੈਣ ਦੇ ਹੱਕਦਾਰ ਹੋਣਗੇ;

-4-

3) ਲਾਭ-ਪਾਤਰੀਆਂ ਦੀ ਚੋਣ ਕਰਨ ਸਮੇਂ ਗਰਾਮ ਸਭਾ ਵੱਲੋਂ ਕੋਈ ਪੱਖਪਾਤੀ ਰਵੱਈਆ ਨਹੀਂ ਅਪਣਾਇਆ ਜਾਵੇਗਾ।

3. <u>ਗਰਾਮ ਸਭਾ ਲਈ ਮਤਾ ਪਾਸ ਕਰਨ ਤੋਂ ਪਹਿਲਾਂ ਧਿਆਨ ਦੇਣ ਯੋਗ ਗੱਲਾਂ</u>

1) ਇਸ ਸਕੀਮ ਅਧੀਨ ਲਾਭ-ਪਾਤਰਾਂ ਨੂੰ ਜਿਸ ਜਗ੍ਹਾ ਤੇ ਪਲਾਟ ਦੇਣਾ ਹੋਵੇ ਉਹ ਜਗ੍ਹਾ ਅਬਾਦੀ ਦੇ ਨੇੜੇ ਹੋਣੀ ਚਾਹੀਦੀ ਹੈ ਅਤੇ ਉਸ ਨੂੰ ਸਹੀ ਰਸਤਾ ਲਗਦਾ ਹੋਣਾ ਚਾਹੀਦਾ ਹੈ ਜਿਥੇ ਕਿਤੇ ਲਾਭ-ਪਾਤਰਾਂ ਨੂੰ ਪਲਾਟ ਦੇਣ ਲਈ ਗਰਾਮ ਪੰਚਾਇਤ ਪਾਸ ਢੁੱਕਵੀਂ ਜਗ੍ਹਾ ਉਪਲੱਬਧ ਨਹੀਂ ਹੋਵੇਗੀ ਉਥੇ ਗਰਾਮ ਪੰਚਾਇਤ ਕਿਸੇ ਪ੍ਰਾਈਵੇਟ ਵਿਅਕਤੀ ਨਾਲ ਤਬਾਦਲਾ ਕਰਕੇ ਲਾਭ-ਪਾਤਰਾਂ ਲਈ ਇਸ ਸਕੀਮ ਅਧੀਨ ਅਬਾਦੀ ਦੇ ਨੇੜੇ ਉਪਲੱਬਧ ਕਰਵਾਏਗੀ। ਜੇਕਰ ਤਬਾਦਲੇ ਵਿਚ ਲਈ ਜਾਣ ਵਾਲੀ ਅਤੇ ਦਿੱਤੇ ਜਾਣ ਵਾਲੀ ਜ਼ਮੀਨ ਦਾ ਰਕਬਾ ਬਰਾਬਰ ਹੋਵੇਗਾ। ਇਸ ਮੰਤਵ ਲਈ ਤਬਾਦਲੇ ਦੀ ਪ੍ਰਵਾਨਗੀ ਦੇਣ ਦੇ ਅਧਿਕਾਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਹੋਣਗੇ;

2) ਜੇਕਰ ਤਬਾਦਲੇ ਵਿਚ ਗਰਾਮ ਪੰਚਾਇਤ ਨੂੰ ਜ਼ਮੀਨ ਘੱਟ ਮਿਲ ਰਹੀ ਹੋਵੇ ਅਤੇ ਗਰਾਮ ਪੰਚਾਇਤ ਨੂੰ ਜ਼ਮੀਨ ਵੱਧ ਦੇਣੀ ਪੈ ਰਹੀ ਹੋਵੇ ਤਾਂ ਅਜਿਹੇ ਕੇਸ ਡਿਪਟੀ ਕਮਿਸ਼ਨਰ ਪ੍ਰਵਾਨਗੀ ਲਈ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੂੰ ਭੇਜੇਗਾ;

3) ਜਿਥੇ ਕਿਤੇ ਇਸ ਸਕੀਮ ਅਧੀਨ ਗਰਾਮ ਪੰਚਾਇਤ ਪਾਸ ਆਪਣੀ ਜ਼ਮੀਨ ਨਾ ਹੋਵੇ ਅਤੇ ਨਾ ਹੀ ਤਬਾਦਲੇ ਨਾਲ ਮੰਤਵ ਹੱਲ ਹੁੰਦਾ ਹੋਵੇ ਅਜਿਹੇ ਕੇਸਾਂ ਵਿਚ ਕਿਸੇ ਪ੍ਰਾਈਵੇਟ ਧਿਰ ਨਾਲ ਗੱਲ, ਕਰਕੇ ਜ਼ਮੀਨ ਮੁੱਲ ਲੈਣ ਦਾ ਉਪਰਾਲਾ ਕੀਤਾ ਜਾਵੇਗਾ;

4) ਜ਼ਿਲ੍ਹਾ ਲੈਂਡ ਪ੍ਰਾਈਸ ਫਿਕਸੇਸ਼ਨ ਕਮੇਟੀ ਵੱਲੋਂ ਨਿਰਧਾਰਿਤ ਕੀਤੀ ਕੀਮਤ ਤੇ ਜ਼ਮੀਨ ਖਰੀਦ ਕੀਤੀ ਜਾਵੇਗੀ।

4. <u>ਪਲਾਟ ਦੀ ਅਲਾਟਮੈਂਟ ਸੰਬੰਧੀ ਲਗਾਈਆਂ ਜਾਣ ਵਾਲੀਆਂ ਸ਼ਰਤਾਂ</u>

1) ਇਸ ਸਕੀਮ ਅਧੀਨ ਚੁਣੇ ਗਏ ਲਾਭ-ਪਾਤਰੀ ਨੂੰ 5 ਮਰਲੇ ਤੱਕ ਦਾ ਪਲਾਟ ਦਿੱਤਾ ਜਾ ਸਕਦਾ ਹੈ ਅਤੇ ਦਿੱਤੇ ਜਾਣ ਵਾਲਾ ਪਲਾਟ ਅਬਾਦੀ ਦੇ ਅੰਦਰ ਜਾਂ ਅਬਾਦੀ ਦੇਹ ਦੇ ਨੇੜੇ ਪਈ ਸ਼ਾਮਲਾਤ ਜ਼ਮੀਨ ਵਿਚ ਹੋਣਾ ਚਾਹੀਦਾ ਹੈ;

2) ਜਿਸ ਲਾਭ-ਪਾਤਰੀ ਨੂੰ ਇਸ ਸਕੀਮ ਅਧੀਨ ਪਲਾਟ ਦਿੱਤਾ ਜਾਵੇ ਉਸ ਵਿਅਕਤੀ ਨੂੰ ਤਿੰਨ ਸਾਲ ਦੇ ਅੰਦਰ ਅੰਦਰ ਉਸ ਤੇ ਮਕਾਨ ਦੀ ਉਸਾਰੀ ਕਰਨੀ ਹੋਵੇਗੀ। ਜੇਕਰ ਅਲਾਟਮੈਂਟ ਦੀ ਮਿਤੀ ਤੋਂ ਤਿੰਨ ਸਾਲ ਦੇ ਅੰਦਰ ਅੰਦਰ ਉਹ ਮਕਾਨ ਦੀ ਉਸਾਰੀ ਨਹੀ ਕਰਦਾ ਤਾਂ ਉਸ ਨੂੰ ਦਿੱਤਾ ਗਿਆ ਪਲਾਟ ਮੁੜ ਪੰਚਾਇਤ ਵਿਚ ਵੈਸਟ ਕਰ ਜਾਵੇਗਾ;

3) ਜਿਸ ਲਾਭ-ਪਾਤਰੀ ਨੂੰ ਇਸ ਸਕੀਮ ਅਧੀਨ ਪਲਾਟ ਦਿੱਤਾ ਜਾਵੇਗਾ ਉਹ ਉਸ ਪਲਾਟ ਨੂੰ ਅੱਗੇ ਵੇਚ ਜਾਂ ਬਦਲ ਨਹੀਂ ਸਕੇਗਾ ਅਤੇ ਨਾ ਹੀ ਅੱਗੇ ਕਿਸੇ ਨੂੰ ਰਹਿਣ ਆਦਿ ਕਰ ਸਕੇਗਾ। ਲੇਕਿਨ ਮਕਾਨ ਉਸਾਰੀ ਦੇ ਲਈ ਕਰਜ਼ਾ ਲੈਣ ਲਈ ਉਸ ਨੂੰ ਇਹ ਪਲਾਟ ਰਹਿਣ ਕਰਨ ਦੀ ਇਜਾਜ਼ਤ ਹੋਵੇਗੀ।

5. <u>ਡਿਪਟੀ ਕਮਿਸ਼ਨਰ ਵੱਲੋਂ ਇਸ ਸਕੀਮ ਅਧੀਨ ਪ੍ਰਵਾਨਗੀ ਦੇਣ ਸਮੇਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਿਆ ਜਾਵੇ।</u>

1) ਕੇਸ ਦੀ ਪ੍ਰਵਾਨਗੀ ਸਮੇਂ ਗਰਾਮ ਸਭਾ ਦਾ ਮਤਾ ਦੇਖਣਾ ਜਰੂਰੀ ਹੋਵੇਗਾ ਜਿਸ ਵਿਚ ਲਾਭ-ਪਾਤਰ ਦੀ ਚੋਣ ਕੀਤੀ ਗਈ ਹੋਵੇ;

2) ਕੇਸ ਦੇ ਨਾਲ ਦਿੱਤੀ ਜਾਣ ਵਾਲੀ ਜ਼ਮੀਨ ਦੀ ਜਮ੍ਹਾਂਬੰਦੀ ਲਗਵਾਉਣੀ ਜਰੂਰੀ ਹੋਵੇਗੀ ਤਾਂ ਕਿ ਭਵਿੱਖ ਵਿਚ ਮਾਲਕੀ ਸੰਬੰਧੀ ਕੋਈ ਝਗੜਾ ਉਤਪੰਨ ਨਾ ਹੋਵੇ;

3) ਡਿਪਟੀ ਕਮਿਸ਼ਨਰ ਇਹ ਵੀ ਯਕੀਨੀ ਬਣਾਉਣਗੇ ਕਿ ਇਸ ਸਕੀਮ ਅਧੀਨ ਅਲਾਟ ਕੀਤੀ ਗਈ ਜ਼ਮੀਨ ਹਰ ਕਿਸਮ ਦੇ ਭਾਰ ਤੋਂ ਮੁਕਤ ਹੈ;

4) ਇਹ ਵੇਖਣਾ ਜਰੂਰੀ ਹੋਵੇਗਾ ਕਿ ਦਿੱਤੀ ਜਾਣ ਵਾਲੀ ਜ਼ਮੀਨ ਸਹੀ ਰਸਤੇ ਤੇ ਲਗਦੀ ਹੋਵੇ;

5) ਇਸ ਸਕੀਮ ਅਧੀਨ ਦਿੱਤੀ ਜਾਣ ਵਾਲੀ ਜ਼ਮੀਨ ਪਿੰਡ ਦੀ ਅਬਾਦੀ ਦੇ ਨੇੜੇ ਹੋਣੀ ਜਰੂਰੀ ਹੋਵੇਗੀ;

6) ਇਸ ਸਕੀਮ ਅਧੀਨ ਦਿੱਤੀ ਜਾਣ ਵਾਲੀ ਜ਼ਮੀਨ ਦਾ ਨਕਸ਼ਾ (ਅਕਸਸਜਰਾ) ਕੇਸ ਦੇ ਨਾਲ ਸ਼ਾਮਲ ਕਰਾਉਣਾ ਜਰੂਰੀ ਹੋਵੇਗਾ;

7) ਡਿਪਟੀ ਕਮਿਸ਼ਨਰ ਆਪਣੇ ਪੱਧਰ ਤੇ ਇਸ ਗੱਲ ਨੂੰ ਯਕੀਨੀ ਬਣਾਉਣਗੇ ਕਿ ਲਾਭ-ਪਾਤਰ ਦੀ ਚੋਣ ਸਹੀ ਕੀਤੀ ਗਈ ਹੈ ਅਤੇ ਲਾਭ-ਪਾਤਰ ਹਰ ਪੱਖੋਂ ਇਸ ਸਕੀਮ ਅਧੀਨ ਯੋਗ ਪਾਏ ਗਏ ਹਨ ਅਤੇ ਕਿਸੇ ਵੀ ਗਲਤ ਲਾਭ-ਪਾਤਰੀ ਦੀ ਚੋਣ ਨਹੀਂ ਕੀਤੀ ਗਈ;

8) ਡਿਪਟੀ ਕਮਿਸ਼ਨਰ ਇਸ ਸਕੀਮ ਅਧੀਨ ਦਿੱਤੇ ਗਏ ਪਲਾਟਾਂ ਦੀ ਮਹੀਨਾਵਾਰ ਅਤੇ ਬਲਾਕਵਾਰ ਰਿਪੋਰਟ ਮੁੱਖ ਦਫਤਰ (ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ) ਨੂੰ ਭੇਜਣੀ ਯਕੀਨੀ ਬਣਾਉਣਗੇ;

9) ਇਸ ਸਕੀਮ ਅਧੀਨ ਇੱਕ ਲਾਭ -ਪਾਤਰੀ ਨੂੰ 5 ਮਰਲੇ ਤੱਕ ਦਾ ਪਲਾਟ ਦਿੱਤਾ ਜਾ ਸਕੇਗਾ ਜੇਕਰ ਕਿਸੇ ਪਰਿਵਾਰ ਕੋਲ ਪਹਿਲਾਂ ਹੀ 5 ਮਰਲੇ ਦਾ ਪਲਾਟ ਹੋਵੇਗਾ ਅਤੇ ਉਸ ਦੇ ਲੜਕੇ ਅੱਗੇ ਵਿਆਹੇ ਗਏ ਹੋਣ ਅਤੇ ਉਨਾਂ ਪਾਸ ਆਪਣਾ ਮਕਾਨ ਜਾਂ ਰਿਹਾਇਸ਼ੀ ਪਲਾਟ ਇਸ ਮੰਤਵ ਲਈ ਨਾ ਹੋਵੇ ਤਾਂ ਉਨਾਂ ਦੇ ਵਿਆਹੇ ਲੜਕੇ ਨੂੰ ਇਸ ਸਕੀਮ ਅਧੀਨ 5 ਮਰਲੇ ਤੱਕ ਦਾ ਪਲਾਟ ਦਿੱਤਾ ਜਾ ਸਕੇਗਾ;

-5- 98-



10) ਅਲਾਟਮੈਂਟ ਕਰਨ ਉਪਰੰਤ ਸਬੰਧਿਤ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਸਬੰਧਿਤ ਲਾਭ-ਪਾਤਰੀ ਨੂੰ ਸੰਨਦ ਜਾਰੀ ਕਰੇਗਾ,ਜਿਸ ਦਾ ਨਮੂਨਾ ਅਲੱਗ ਤੌਰ ਤੇ ਭੇਜਿਆ ਜਾ ਰਿਹਾ ਹੈ।

ਵਿੱਤੀ ਕਮਿਸ਼ਨਰ ਪੰਜਾਬ ਸਰਕਾਰ,
ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ,
ਚੰਡੀਗੜ੍ਹ।
ਮਿਤੀ:17-4-2001

ਪਿੱਠ ਅੰਕਿਣ ਨੰ:ਡੀ.ਡੀ.ਐਲ.ਡੀ.2001/1721
ਮਿਤੀ:

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਡਵੀਜ਼ਨਲ ਡਿਪਟੀ ਡਾਇਰੈਕਟਰ ਪੰਚਾਇਤ,ਪਟਿਆਲਾ, ਫਿਰੋਜ਼ਪੁਰ ਅਤੇ ਜਲੰਧਰ;
2. ਸਮੂਹ ਵਧੀਕ ਡਿਪਟੀ ਕਮਿਸ਼ਨਰ (ਵਿਕਾਸ);
3. ਸਮੂਹ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ;
4. ਸਮੂਹ ਉਪ ਮੁੱਖ ਕਾਰਜਕਾਰੀ ਅਫਸਰ,ਜ਼ਿਲ੍ਹਾ ਪ੍ਰੀਸ਼ਦ;
5. ਸਮੂਹ ਬਲਾਕ ਵਿਕਾਸ ਤੇ ਪੰਚਾਇਤ ਅਫਸਰ।

ਡਿਪਟੀ ਡਾਇਰੈਕਟਰ (ਭੋਂ-ਵਿਕਾਸ)
ਵਾਸਤੇ: ਵਿੱਤੀ ਕਮਿਸ਼ਨਰ ਪੰਜਾਬ ਸਰਕਾਰ,
ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ,
ਚੰਡੀਗੜ੍ਹ।

**ਸ੍ਰੀ ਨਰੇਸ਼ ਕਟਾਰੀਆ:** ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਬੇਨਤੀ ਕਰਦਾ ਹਾਂ ਕਿ ਜਿਹੜੇ ਬਹੁਤ ਗਰੀਬ ਹਨ, ਜਿਨ੍ਹਾਂ ਨੂੰ ਇਹ ਪਲਾਟ ਕਾਫੀ ਟਾਈਮ ਤੋਂ ਵੰਡੇ ਨਹੀਂ ਗਏ। ਇੱਕ ਇੱਕ ਘਰ ਵਿੱਚ 2-3 ਪਰਿਵਾਰ ਰਹਿ ਰਹੇ ਹਨ। ਕ੍ਰਿਪਾ ਕਰਕੇ ਇਹ ਵੀ ਜਲਦੀ ਕਰਵਾਇਆ ਜਾਵੇ। ਜੇ ਨਹੀਂ ਹਨ ਤਾਂ ਓਨਾ ਚਿਰ ਮਕਾਨ ਰਿਪੇਅਰ ਵਾਸਤੇ ਉਨ੍ਹਾਂ ਨੂੰ ਪੈਸੇ ਪਾਏ ਜਾਣ। ਇਹ ਬਹੁਤ ਜ਼ਿਆਦਾ ਖਸਤਾ ਹਾਲਤ ਵਿੱਚ ਹਨ ਜਿਹੜੇ ਮੰਡ ਏਰੀਆ ਦੇ ਮਕਾਨ ਹਨ, ਪਾਣੀ ਆ ਗਿਆ ਹੈ, ਉਨ੍ਹਾਂ ਦਾ ਬਹੁਤ ਜ਼ਿਆਦਾ ਮਾੜਾ ਹਾਲ ਹੈ।

---

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ**: ਮੈਨੂੰ ਇਹ ਦੱਸਦਿਆਂ ਬੜੀ ਖੁਸ਼ੀ ਹੋ ਰਹੀ ਹੈ ਕਿ ਸਾਡੇ ਗੁਆਂਢੀ ਨਗਰ, ਸਾਡੇ ਨੇੜੇ ਹੀ ਹੈ, ਸਰਕਾਰੀ ਹਾਈ ਸਕੂਲ ਛੈਪਈ ਫਰੀਦਕੋਟ ਦੇ ਵਿਦਿਆਰਥੀ ਅਤੇ ਟੀਚਰ ਸਾਹਿਬਾਨ ਅੱਜ ਇਸ ਅਜ਼ੀਮ ਸਦਨ ਦੀ ਕਾਰਵਾਈ ਦੇਖਣ ਲਈ ਆਏ ਹਨ, ਆਓ, ਉਨ੍ਹਾਂ ਨੂੰ ਜੀ ਆਇਆਂ ਕਹੀਏ। (ਥੰਪਿੰਗ)

---

## STARRED QUESTIONS AND ANSWERS *(RESUMPTION)*

### ਸਰਕਾਰੀ ਸਕੂਲਾਂ ਵਿੱਚ ਲਾਇਬ੍ਰੇਰੀਅਨ ਦੀਆਂ ਅਸਾਮੀਆਂ ਦੇ ਵੇਰਵੇ

***1923. ਸ੍ਰੀ ਜਗਦੀਪ ਕੰਬੋਜ ਗੋਲਡੀ**: ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਲਾਇਬ੍ਰੇਰੀਅਨ ਦੀਆਂ ਕਿੰਨੀਆਂ ਅਸਾਮੀਆਂ ਖਾਲੀ ਹਨ ਅਤੇ ਇਨ੍ਹਾਂ ਨੂੰ ਭਰਨ ਲਈ ਭਰਤੀ ਪ੍ਰਕਿਰਿਆ ਕਦੋਂ ਤੱਕ ਸ਼ੁਰੂ ਕੀਤੀ ਜਾਵੇਗੀ; ਵੇਰਵੇ ਸਹਿਤ ਦੱਸਿਆ ਜਾਵੇ ?

**ਸਰਦਾਰ ਹਰਜੋਤ ਸਿੰਘ ਬੈਂਸ:** ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਲਾਇਬ੍ਰੇਰੀਅਨ ਦੀਆਂ ਕੁੱਲ 785 ਅਸਾਮੀਆਂ ਖਾਲੀ ਹਨ। ਇਨ੍ਹਾਂ ਖਾਲੀ ਅਸਾਮੀਆਂ ਨੂੰ ਭਵਿੱਖ ਵਿੱਚ ਭਰਨ ਸਬੰਧੀ ਜਲਦੀ ਕਾਰਵਾਈ ਆਰੰਭੀ ਜਾਵੇਗੀ ।

**1115/Manika Rani**

ਸਪੀਕਰ ਸਾਹਿਬ, ਮੈਂਬਰ ਸਾਹਿਬ ਵੱਲੋਂ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਲਾਇਬ੍ਰੇਰੀਅਨ ਦੀਆਂ ਖਾਲੀਆਂ ਅਸਾਮੀਆਂ ਭਰਨ ਸਬੰਧੀ ਵੇਰਵਾ ਮੰਗਿਆ ਹੈ, ਜਿਸ ਵਿੱਚ ਮੈਂ ਦੱਸਣਾ ਚਾਹਾਂਗਾ ਕਿ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਕੁੱਲ ਸੈਂਕਸ਼ਨਡ ਅਸਾਮੀਆਂ 1860 ਹਨ, ਜਿਸ ਵਿੱਚ 1075 ਦੇ ਕਰੀਬ ਅਸਾਮੀਆਂ ਭਰੀਆਂ ਹੋਈਆਂ ਹਨ ਅਤੇ 785 ਅਸਾਮੀਆਂ ਖਾਲੀ ਪਈਆਂ ਹਨ। ਇਨ੍ਹਾਂ ਅਸਾਮੀਆਂ ਨੂੰ ਭਰਨ ਲਈ ਸਾਰੀ ਫਾਰਮੈਲਿਟੀ ਪੂਰੀ ਹੋ ਚੁੱਕੀ ਹੈ and we are hoping that ਇਸੇ ਮਹੀਨੇ ਅਸੀਂ ਐਡਵਰਟਾਈਜ਼ਮੈਂਟ ਕਰਵਾ ਦੇਵਾਂਗੇ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ after retirement 31 ਦਸੰਬਰ ਤੱਕ ਜੋ ਅਸਾਮੀਆਂ ਖਾਲੀ ਹੋਣਗੀਆਂ, ਉਹ ਵੀ ਐਡਵਾਂਸ ਵਿੱਚ ਭਰਾਂਗੇ।

**ਸ੍ਰੀ ਜਗਦੀਪ ਕੰਬੋਜ ਗੋਲਡੀ**: ਮੰਤਰੀ ਜੀ, ਧੰਨਵਾਦ ਜੀ ਕਿਉਂਕਿ ਇਹ ਅਸਾਮੀਆਂ ਬਹੁਤ ਸਮੇਂ ਤੋਂ ਪੈਂਡਿੰਗ ਪਈਆਂ ਸਨ।

**ਮਾਣਯੋਗ ਸਪੀਕਰ**: ਹਾਂ ਜੀ, ਗੁਰਦਿੱਤ ਸਿੰਘ ਜੀ।

---

## ਝੋਨੇ ਦੀ ਮਿਲਿੰਗ ਅਤੇ ਚੌਲ ਦੀ ਡਿਲੀਵਰੀ ਦਾ ਬਕਾਇਆ ਕੰਮ ਮੁਕੰਮਲ ਕਰਵਾਉਣਾ

***1995. ਸਰਦਾਰ ਗੁਰਦਿੱਤ ਸਿੰਘ ਸੇਖੋਂ:** ਕੀ ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਪਿਛਲੇ ਖਰੀਦ ਸੀਜ਼ਨ ਦੀ ਝੋਨੇ ਦੀ ਮਿਲਿੰਗ ਅਤੇ ਚੌਲ ਦੀ ਡਿਲੀਵਰੀ ਦਾ ਕੁੱਝ ਕੰਮ ਹਾਲੇ ਵੀ ਬਕਾਇਆ ਹੈ; ਜੇਕਰ ਹਾਂ ਤਾਂ ਕੀ ਸਰਕਾਰ ਆਉਣ ਵਾਲੇ ਝੋਨੇ ਦੇ ਖਰੀਦ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਸਮੁੱਚੀ ਬਕਾਇਆ ਮਿਲਿੰਗ ਅਤੇ ਚੌਲ ਦੀ ਡਿਲੀਵਰੀ ਮੁਕੰਮਲ ਕਰਵਾਏਗੀ ਤਾਂ ਜੋ ਨਵੇਂ ਸੀਜ਼ਨ ਦੌਰਾਨ ਕਿਸਾਨਾਂ, ਆੜ੍ਹਤੀਆਂ ਅਤੇ ਖਰੀਦ ਏਜੰਸੀਆਂ ਨੂੰ ਕਿਸੇ ਤਰ੍ਹਾਂ ਦੀਆਂ ਮੁਸ਼ਿਕਲਾਂ ਦਾ ਸਾਹਮਣਾ ਨਾ ਕਰਨਾ ਪਵੇ;

(ਅ) ਕੀ ਸਰਕਾਰ ਨੇ ਡਿਫਾਲਟਰ ਰਾਈਸ ਮਿਲਾਂ ਵਿਰੁੱਧ ਕਾਰਵਾਈ ਕਰਨ ਅਤੇ ਲੋੜ ਪੈਣ ਤੇ ਵਿਕਲਪਕ ਰਾਈਸ ਮਿਲਾਂ ਰਾਹੀਂ ਮਿਲਿੰਗ ਕਰਵਾਉਣ ਲਈ ਕੋਈ ਸਮਾਂ-ਬੱਧ ਕਾਰਜ-ਯੋਜਨਾ ਤਿਆਰ ਕੀਤੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸ੍ਰੀ ਲਾਲ ਚੰਦ**: ਸ੍ਰੀਮਾਨ ਜੀ,

(ੳ) ਖਰੀਫ ਸੀਜ਼ਨ ਸਾਲ 2025-26 ਦੌਰਾਨ ਕੇਂਦਰੀ ਪੂਲ ਵਿੱਚ ਭਾਰਤੀ ਖੁਰਾਕ ਨਿਗਮ (ਐਫ.ਸੀ.ਆਈ.) ਨੂੰ ਕੁੱਲ 105 ਲੱਖ ਮੀਟ੍ਰਿਕ ਟਨ ਚੌਲ ਡਿਲੀਵਰ ਕੀਤੇ ਜਾਣੇ ਹਨ। ਮਿਤੀ 7 ਅਗਸਤ, 2026 ਤੱਕ 85.79 ਲੱਖ ਮੀਟ੍ਰਿਕ ਟਨ (ਐਲ.ਐਮ.ਟੀ.) ਚੌਲ (81.21%) ਡਿਲੀਵਰ ਕੀਤੇ ਜਾ ਚੁੱਕੇ ਹਨ।

ਡਲੀਵਰੀ ਲੰਬਿਤ ਹੋਣ ਦਾ ਕਾਰਨ ਐਫ.ਸੀ.ਆਈ. ਕੋਲ ਚੌਲਾਂ ਦੀ ਡਲੀਵਰੀ ਲਈ ਸਟੋਰੇਜ ਸਪੇਸ ਦੀ ਘਾਟ ਹੈ, ਜਿਸ ਕਾਰਨ ਭਾਰਤ ਸਰਕਾਰ ਨੂੰ ਚੌਲਾਂ ਦੀ ਮਿਲਿੰਗ ਅਤੇ ਡਿਲੀਵਰੀ ਦੀ ਮਿਆਦ 30 ਜੂਨ, 2026 ਤੋਂ 30 ਸਤੰਬਰ, 2026 ਤੱਕ ਵਧਾਉਣੀ ਪਈ।

ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ ਵੱਲੋਂ ਜਗ੍ਹਾ ਦੀ ਘਾਟ ਦਾ ਮੁੱਦਾ ਐਫ.ਸੀ.ਆਈ. ਪਾਸ ਸਾਰੇ ਢੁਕਵੇਂ ਪੱਧਰਾਂ 'ਤੇ ਲਗਾਤਾਰ ਉਠਾਇਆ ਜਾ ਰਿਹਾ ਹੈ।

ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਕੇਂਦਰੀ ਗ੍ਰਹਿ ਮੰਤਰੀ ਅਤੇ ਕੇਂਦਰੀ ਖੁਰਾਕ ਮੰਤਰੀ ਕੋਲ ਸਟੋਰੇਜ ਸਪੇਸ ਦਾ ਮੁੱਦਾ ਉਠਾਇਆ ਹੈ ਅਤੇ 30 ਸਤੰਬਰ, 2026 ਤੋਂ ਪਹਿਲਾਂ ਸਾਰੇ ਬਕਾਇਆ ਚੌਲਾਂ ਨੂੰ ਸਵੀਕਾਰ

ਕਰਨ ਲਈ ਲੋੜੀਂਦੀ ਜਗ੍ਹਾ ਬਣਾਉਣ ਲਈ ਅਗਸਤ ਅਤੇ ਸਤੰਬਰ ਵਿੱਚ ਪ੍ਰਤੀ ਮਹੀਨਾ ਘੱਟੋ-ਘੱਟ 11 ਐਲ.ਐਮ.ਟੀ. ਚੌਲਾਂ ਦੀ ਮੂਵਮੈਂਟ ਪ੍ਰਦਾਨ ਕਰਨ ਦੀ ਬੇਨਤੀ ਕੀਤੀ ਹੈ।

ਇਸ ਤਰ੍ਹਾਂ, ਜਗ੍ਹਾ ਦੀ ਘਾਟ ਕਾਰਨ, ਐਫ.ਸੀ.ਆਈ. ਮਹੀਨਾ ਜੂਨ ਅਤੇ ਜੁਲਾਈ ਵਿੱਚ ਸਿਰਫ 6 ਤੋਂ 7 ਐਲ.ਐਮ.ਟੀ. ਚੌਲ ਸਵੀਕਾਰ ਕਰਨ ਦੇ ਯੋਗ ਸੀ।

ਰਾਜ ਸਰਕਾਰ ਇਹ ਯਕੀਨੀ ਬਣਾਉਣ ਲਈ ਸਾਰੇ ਯਤਨ ਕਰ ਰਹੀ ਹੈ ਕਿ ਸਾਰੇ ਬਕਾਇਆ ਚੌਲ ਜਲਦੀ ਤੋਂ ਜਲਦੀ ਐਫ.ਸੀ.ਆਈ. ਨੂੰ ਡਿਲੀਵਰ ਕੀਤੇ ਜਾਣ ਤਾਂ ਜੋ ਖਰੀਫ ਸੀਜ਼ਨ ਸਾਲ 2026-27 ਵਿੱਚ ਝੋਨੇ ਦੀ ਖਰੀਦ ਸਾਰੇ ਧਿਰਾਂ ਲਈ ਸੁਚਾਰੂ ਅਤੇ ਮੁਸ਼ਕਲ ਰਹਿਤ ਹੋਵੇ।

(ਅ) ਅਗਲੇ ਖ਼ਰੀਫ ਸੀਜ਼ਨ ਦੀ ਸ਼ੁਰੂਆਤ ਤੋਂ ਪਹਿਲਾਂ ਬਕਾਇਆ ਸਾਰਾ ਚੌਲ ਪਹੁੰਚਾਉਣ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ ਅਤੇ ਭਾਰਤੀ ਖੁਰਾਕ ਨਿਗਮ (ਐਫ.ਸੀ.ਆਈ.) ਵੱਲੋਂ ਚੌਲ ਸਵੀਕਾਰ ਕਰਨ ਦੀ ਅਸਮਰੱਥਾ ਕਾਰਨ ਕੋਈ ਵੀ ਚੌਲ ਮਿੱਲ ਡਿਫਾਲਟਰ ਨਾ ਬਣ ਜਾਵੇ। ਖਰੀਫ ਸੀਜ਼ਨ ਸਾਲ 2025-26 ਦੌਰਾਨ ਚੌਲਾਂ ਦੇ ਬਕਾਇਆ ਹੋਣ ਦਾ ਇੱਕੋ ਇੱਕ ਕਾਰਨ ਐਫ.ਸੀ.ਆਈ. ਪਾਸ ਸਪੇਸ ਦੀ ਘਾਟ ਹੈ ਅਤੇ ਇਸ ਪੜਾਅ 'ਤੇ ਪੈਡੀ ਸ਼ਿਫਟ ਕਰਨ ਨਾਲ ਵੀ ਸਪੇਸ ਦੀ ਘਾਟ ਦੇ ਮੁੱਦੇ ਨਾਲ ਨਜਿੱਠਣ ਲਈ ਲਾਭਦਾਇਕ ਨਹੀਂ ਹੋਵੇਗਾ। ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਰਾਜ ਸਰਕਾਰ ਦੇ ਨਾਲ ਮਿਲ ਕੇ ਭਾਰਤ ਸਰਕਾਰ/ਐਫ.ਸੀ.ਆਈ. ਨੂੰ ਅਗਲੇ ਡੇਢ ਮਹੀਨੇ ਦੇ ਅੰਦਰ ਹੋਰ ਜਗ੍ਹਾ ਬਣਾਉਣ ਲਈ ਸਾਰੇ ਯਤਨ ਕਰ ਰਹੇ ਹਨ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਰੇ ਚੌਲ ਜਲਦੀ ਤੋਂ ਜਲਦੀ ਐਫ.ਸੀ.ਆਈ. ਨੂੰ ਡਲੀਵਰ ਕੀਤੇ ਜਾਣ।

ਵੱਖ-ਵੱਖ ਖਰੀਦ ਏਜੰਸੀਆਂ ਨੇ ਪਹਿਲਾਂ ਹੀ 10.15 ਐਲ.ਐਮ.ਟੀ. ਕਵਰਡ ਗੋਦਾਮਾਂ ਦੀ ਸਿਰਜਣਾ ਲਈ ਪੱਤਰ ਜਾਰੀ ਕਰ ਦਿੱਤੇ ਹਨ। ਇਹ ਵਾਧੂ ਜਗ੍ਹਾ ਅਗਲੇ ਖਰੀਫ ਸੀਜ਼ਨ ਵਿੱਚ ਚੌਲਾਂ ਦੇ ਭੰਡਾਰਨ ਲਈ ਉਪਲਬਧ ਹੋ ਜਾਵੇਗੀ।

**ਸਰਦਾਰ ਗੁਰਦਿੱਤ ਸਿੰਘ ਸੇਖੋਂ**: ਸਪੀਕਰ ਸਾਹਿਬ, ਵੈਸੇ ਮੰਤਰੀ ਜੀ ਨੇ ਜਵਾਬ ਅੰਦਰ ਸਭ ਕੁਝ ਦੱਸ ਦਿੱਤਾ ਹੈ ਪਰੰਤੂ ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਅੰਦਰ ਸ਼ੈਲਰ ਸਨਅਤ ਨੂੰ ਬੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਔਰ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਸ਼ੈਲਰਾਂ ਨੂੰ ਪੰਜਾਬ ਦੇ ਅੰਦਰ ਚੌਲ ਭੰਭਾਰ ਕਰਨ ਲਈ ਸਪੇਸ ਨਹੀਂ ਮਿਲ ਰਹੀ ਹੈ । ਫਰੀਦਕੋਟ ਦੇ ਵਪਾਰੀ ਜੰਮੂ ਕਸ਼ਮੀਰ ਵਿਖੇ ਆਪਣਾ ਚੌਲ ਸਟੋਰ ਕਰ ਰਹੇ ਹਾਂ। ਇਸ ਤੋਂ ਇਲਾਵਾ ਉਹ ਅਬੋਹਰ ਵਿਖੇ ਵੀ ਚੌਲ ਸਟੋਰ ਕਰਨ ਲਈ ਜਾ ਰਹੇ ਹਨ। ਸਪੀਕਰ ਸਾਹਿਬ, ਜਿਹੜੀ ਕਣਕ ਹੈ, ਉਹ ਵੀ ਸ਼ੈਲਰਾਂ ਅੰਦਰ ਲੱਗੀ ਹੋਈ ਹੈ ਅਤੇ ਸਾਡਾ ਸੀਜ਼ਨ ਆ ਰਿਹਾ ਹੈ। 19 ਪ੍ਰਤੀਸ਼ਤ ਚੌਲ ਸ਼ੈਲਰਾਂ ਤੋਂ ਲੈਣਾ ਬਾਕੀ ਪਿਆ ਹੈ। ਮੇਰੀ ਆਪ ਜੀ ਰਾਹੀਂ ਮੰਤਰੀ ਜੀ ਨੂੰ ਬੇਨਤੀ ਹੈ ਕਿ ਇਸ ਨੂੰ ਵੱਧ ਤੋਂ ਵੱਧ ਸਪੈਸ਼ਲਾਂ ਲਗਾ ਕੇ ਸਪੇਸ ਬਣਾਈ ਜਾਵੇ ਕਿਉਂਕਿ ਪੰਜਾਬ ਅੰਦਰ ਅਗਲਾ ਚੌਲ ਵੀ ਆਉਣ ਲਈ ਤਿਆਰ ਹੈ। ਜਦੋਂ ਅਸੀਂ ਲੇਟ ਕਰਦੇ ਹਾਂ ਤਾਂ ਮਜ਼ਦੂਰਾਂ ਨੂੰ ਵੀ ਬੜੀ ਸਮੱਸਿਆ ਆਉਂਦੀ ਹੈ। ਸ਼ੈਲਰ ਪੰਜ-ਪੰਜ, ਦਸ-ਦਸ ਦਿਨ ਚੱਲਦਾ ਹੈ ਅਤੇ ਫਿਰ ਬੰਦ ਹੋ ਜਾਂਦਾ ਹੈ। ਇਸ ਦੇ ਨਾਲ ਜਦੋਂ ਕਣਕ ਦੀ ਵਾਢੀ ਆਉਂਦੀ ਹੈ, ਉਸ ਸਮੇਂ ਵੀ ਸਮੱਸਿਆ ਆਉਂਦੀ ਹੈ। ਸੋ, ਸ਼ੈਲਰਾਂ, ਆੜ੍ਹਤੀਆਂ ਅਤੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਨੂੰ ਦੇਖਦੇ ਹੋਏ ਸਾਨੂੰ ਸਪੇਸ

ਵਧਾਉਣ ਦੀ ਲੋੜ ਹੈ ਕਿਉਂਕਿ ਰਾਈਸ ਲਗਾਤਾਰ ਪੰਜਾਬ ਅੰਦਰ ਵੱਧ ਰਿਹਾ ਹੈ। ਇਸ ਤੋਂ ਇਲਾਵਾ ਜਿਹੜੀ ਕਣਕ ਸਾਡੇ ਸ਼ੈਲਰਾਂ ਵਿੱਚ ਲੱਗੀ ਹੋਈ ਹੈ, ਉਹ ਵੀ ਕੇਂਦਰ ਸਰਕਾਰ ਨੂੰ ਦਿੱਤੀ ਜਾਵੇ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਜਿਵੇਂ ਮੈਂਬਰ ਸਾਹਿਬ ਨੇ ਦੱਸਿਆ ਹੈ ਕਿ ਉਨ੍ਹਾਂ ਕੋਲ ਜਵਾਬ ਚਲਾ ਗਿਆ ਹੈ ਪਰੰਤੂ ਮੈਂ ਤੁਹਾਡੇ ਰਾਹੀਂ ਸਦਨ ਨੂੰ ਇਹ ਗੱਲ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਪਿਛਲਾ ਖਰੀਦ ਸੀਜ਼ਨ ਸਾਲ 2025-26 ਦਾ ਸੀ, ਇਸ ਦੌਰਾਨ 156 ਲੱਖ ਮੀਟ੍ਰਿਕ ਟਨ ਪੈਡੀ ਆਈ ਸੀ ਔਰ ਇਸ ਵਿੱਚੋਂ 85.79 ਐਲ.ਐਮ.ਟੀ. ਦੀ ਮਿਲਿੰਗ ਕਰ ਚੁੱਕੇ ਹਾਂ। ਸੋ, 19 ਪ੍ਰਤੀਸ਼ਤ ਦੇ ਕਰੀਬ ਬਾਕੀ ਰਹਿੰਦੀ ਹੈ, ਜਿਸ ਲਈ ਅਸੀਂ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਸਪੀਕਰ ਸਾਹਿਬ, ਇਹ ਅਨਾਜ ਕੇਂਦਰ ਸਰਕਾਰ ਦਾ ਹੈ। ਸੋ, ਇਸ ਲਈ ਪੰਜਾਬ ਸਰਕਾਰ ਵੱਲੋਂ, ਮੁੱਖ ਮੰਤਰੀ ਸਾਹਿਬ ਵੱਲੋਂ ਅਤੇ ਮੇਰੇ ਵਿਭਾਗ ਵੱਲੋਂ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਸਾਡੇ ਵੱਲੋਂ ਕੇਂਦਰ ਸਰਕਾਰ ਨੂੰ ਵਾਰ-ਵਾਰ ਅਰਜੋਈ ਕੀਤੀ ਜਾ ਰਹੀ ਹੈ ਅਤੇ ਪੰਜਾਬ ਦੀ ਸਥਿਤੀ ਬਾਰੇ ਵੀ ਜਾਣੂੰ ਕਰਵਾਇਆ ਜਾ ਰਿਹਾ ਹੈ। ਸਪੀਕਰ ਸਾਹਿਬ, ਮੈਂ ਇਹ ਵੀ ਦੱਸਣਾ ਚਾਹਾਂਗਾ ਕਿ ਤਿੰਨ ਦਿਨ ਪਹਿਲਾਂ ਮਾਣਯੋਗ ਮੁੱਖ ਮੰਤਰੀ ਸਾਹਿਬ ਕੇਂਦਰੀ ਵਜ਼ੀਰ ਨੂੰ ਮਿਲ ਕੇ ਆਏ ਹਨ। ਇਸ ਤੋਂ ਇਲਾਵਾ ਸੀ.ਐਮ. ਸਾਹਿਬ ਵੱਲੋਂ ਇਸ ਸਥਿਤੀ ਦੇ ਮੱਦੇਨਜ਼ਰ ਮਿਤੀ 01.04.2026 ਰਾਹੀਂ ਮਾਣਯੋਗ ਪ੍ਰਧਾਨ ਮੰਤਰੀ ਜੀ ਨੂੰ ਪੱਤਰ ਲਿਖਿਆ ਗਿਆ ਹੈ। ਮਿਤੀ 13.07.2026 ਰਾਹੀਂ ਫੂਡ ਮਨਿਸਟਰ ਸਾਹਿਬ ਨੂੰ ਪੱਤਰ ਲਿਖਿਆ ਗਿਆ ਹੈ ਅਤੇ ਮਿਤੀ 03.08.2026 ਰਾਹੀਂ ਦੇਸ਼ ਦੇ ਗ੍ਰਹਿ ਮੰਤਰੀ ਸਾਹਿਬ ਨੂੰ ਵੀ ਪੱਤਰ ਲਿਖਿਆ ਗਿਆ ਹੈ। ਸਾਨੂੰ ਇਸ ਗੱਲ ਦਾ ਪਤਾ ਹੈ ਕਿ ਅੱਗੇ ਪੈਡੀ ਦਾ ਸੀਜ਼ਨ ਆ ਰਿਹਾ ਹੈ ਅਤੇ ਇੱਕ-ਦੋ ਮਹੀਨੇ ਤੱਕ ਪੈਡੀ ਪੰਜਾਬ ਵਿੱਚ ਆ ਜਾਣੀ ਹੈ। ਸੋ, ਅਸੀਂ ਲਗਾਤਾਰ ਇਸ ਸਥਿਤੀ ਨਾਲ ਨਜਿੱਠਣ ਲਈ ਯਤਨ ਕਰ ਰਹੇ ਹਾਂ। ਕੇਂਦਰ ਸਰਕਾਰ ਵੱਲੋਂ ਯਕੀਨ ਦਿਵਾਇਆ ਗਿਆ ਹੈ ਕਿ ਪੰਜਾਬ ਦੇ ਗੋਦਾਮਾਂ ਵਿੱਚੋਂ ਜਿੰਨਾ ਰਾਈਸ ਪਿਆ ਹੈ, ਉਸਦੀ 30 ਸਤੰਬਰ ਤੱਕ ਮੁਕੰਮਲ ਮੂਵਮੈਂਟ ਕਰ ਦਿੱਤੀ ਜਾਵੇਗੀ ਕਿਉਂਕਿ ਉਨ੍ਹਾਂ ਵੱਲੋਂ ਮਿਲਿੰਗ ਦੀ ਡੇਟ ਵਧਾਈ ਗਈ ਹੈ। ਦੂਜਾ, ਮੈਂਬਰ ਸਾਹਿਬ ਨੇ ਥੋੜ੍ਹੀ ਜਿਹੀ ਚਿੰਤਾ ਜ਼ਾਹਿਰ ਕੀਤੀ ਹੈ, ਉਸ ਸਬੰਧੀ ਮੈਂ ਦੱਸਣਾ ਚਾਹਾਂਗਾ ਕਿ ਪੰਜਾਬ ਦੀ ਕਿਸੇ ਵੀ ਫੈਕਲਿਟੀ ਜੋ ਪ੍ਰੋਕਿਉਰਮੈਂਟ ਨਾਲ ਜੁੜੀ ਹੋਈ ਹੈ, ਅਸੀਂ ਉਸ ਦੇ ਹਿੱਤਾਂ ਨਾਲ ਡੱਟ ਕੇ ਖੜ੍ਹੇ ਹਾਂ। ਮਿੱਲਰਜ਼ ਨੂੰ ਰੱਤੀ ਭਰ ਵੀ ਚਿੰਤਾ ਕਰਨ ਦੀ ਲੋੜ ਨਹੀਂ ਹੈ। ਜੇ ਮਿਲਿੰਗ ਨਹੀਂ ਹੋ ਰਹੀ ਹੁੰਦੀ ਹੈ ਤਾਂ ਐਫ.ਸੀ.ਆਈ. ਨੇ ਹੀ ਸਪੇਸ ਪੈਦਾ ਕਰਨੀ ਹੁੰਦੀ ਹੈ। ਸੋ, ਇਸ ਕਰਕੇ ਉਨ੍ਹਾਂ ਨੂੰ ਕੋਈ ਚਿੰਤਾ ਕਰਨ ਦੀ ਲੋੜ ਨਹੀਂ ਹੈ ਕਿਉਂਕਿ ਅਸੀਂ ਕਿਸੇ ਦੇ ਖਿਲਾਫ ਕੋਈ ਕਾਰਵਾਈ ਨਹੀਂ ਕਰਨੀ ਹੈ। ਅਸੀਂ ਉਨ੍ਹਾਂ ਦੇ ਹਿੱਤਾਂ ਨਾਲ ਖੜ੍ਹੇ ਹਾਂ, ਉਹ ਸਦਾ ਚੜ੍ਹਦੀਕਲਾ ਵਿੱਚ ਰਹਿਣ। ਮੇਰਾ ਖਿਆਲ ਹੈ ਕਿ 30 ਸਤੰਬਰ ਤੱਕ ਮੂਵਮੈਂਟ ਹੋ ਜਾਵੇਗੀ ਕਿਉਂਕਿ ਯੂਨੀਅਨ ਮਨਿਸਟਰ ਸਾਹਿਬ ਨੇ ਭਰੋਸਾ ਦਿਵਾਇਆ ਹੈ ਕਿ ਰਾਈਸ ਦੀ ਟੋਟਲ ਮੂਵਮੈਂਟ ਪੰਜਾਬ ਵਿੱਚੋਂ ਕਰ ਲਵਾਂਗੇ। ਮੈਨੂੰ ਲੱਗਦਾ ਹੈ ਕਿ ਇਸ ਨਾਲ ਸਭ ਠੀਕ ਹੋ ਜਾਵੇਗਾ। ਸਪੀਕਰ ਸਾਹਿਬ, ਜਿਹੜਾ ਆਉਣ ਵਾਲਾ ਪੈਡੀ ਸੀਜ਼ਨ ਹੈ, ਉਸ ਲਈ ਵੀ ਅਸੀਂ ਤਿਆਰੀਆਂ ਸ਼ੁਰੂ ਕਰ ਰਹੇ ਹਾਂ, ਜੋ ਕਿ ਸਟੇਟ ਗੌਰਮਿੰਟ ਦੀ ਡਿਊਟੀ ਵੀ ਬਣਦੀ ਹੈ। ਸੀਜ਼ਨ ਹੋਰ ਚੰਗਾ ਹੋਵੇ, ਇਸ ਲਈ ਸਾਡੀਆਂ ਦੁਆਵਾਂ ਅਤੇ ਅਰਦਾਸਾਂ ਵੀ ਹਨ। ਉਮੀਦ ਕਰਦੇ ਹਾਂ ਕਿ ਇਹ ਪੈਡੀ 30 ਸਤੰਬਰ ਤੱਕ ਚੁੱਕੀ ਜਾਵੇਗੀ।

**1120/Gurpreet kaur**

**ਸਰਦਾਰ ਗੁਰਦਿੱਤ ਸਿੰਘ ਸੇਖੋਂ**: ਸਰ, ਜਿਹੜੀ ਸ਼ੈਲਰਾਂ ਵਿੱਚ ਕਣਕ ਪਈ ਹੈ ਉਹ ਵੀ ਚੁਕਵਾ ਦਿੱਤੀ ਜਾਵੇ। ਨਵਾਂ ਚੌਲ ਲਗਾਉਣ ਲਈ ਵੀ ਸ਼ੈਲਰਾਂ ਵਿੱਚ ਵੀ ਸਪੇਸ ਨਹੀਂ ਹੈ।

**ਮੰਤਰੀ**: ਹਾਂ ਜੀ, ਬਿਲਕੁਲ ਠੀਕ ਹੈ। ਸਾਡੇ ਕੋਲ ਸ਼ੈਲਰਾਂ ਅੰਦਰ ਅਤੇ ਮੰਡੀਆਂ ਅੰਦਰ ਵੀ ਕਣਕ ਪਈ ਹੈ। ਇਹ ਟੋਟਲ ਵੀਟ੍ਹ 30 ਸਤੰਬਰ ਤੱਕ ਕਲੀਅਰ ਕਰਵਾ ਦਿੱਤੀ ਜਾਵੇਗੀ ਅਤੇ ਅਸੀਂ ਪੰਜਾਬ ਦੇ ਕਿਸਾਨਾਂ ਨੂੰ ਵੀ ਅਪੀਲ ਕਰਦੇ ਹਾਂ ਕਿ ਚੜ੍ਹਦੀਕਲਾ ਵਿੱਚ ਆਉਣ। ਉਨ੍ਹਾਂ ਦੀ ਪੈਡੀ ਲਈ ਪੂਰੇ ਇੰਤਜ਼ਾਮ ਕਰਾਂਗੇ। ਕੋਈ ਚਿੰਤਾ ਵਾਲੀ ਗੱਲ ਨਹੀਂ ਹੈ। ਕਿਸੇ ਤਰ੍ਹਾਂ ਦੀ ਘਬਰਾਹਟ ਦੀ ਲੋੜ ਨਹੀਂ ਹੈ। ਅਸੀਂ ਪੂਰੇ ਪ੍ਰਬੰਧ ਕਰ ਲਵਾਂਗੇ।

**ਮਾਣਯੋਗ ਸਪੀਕਰ**: ਹਾਂ ਜੀ, ਪ੍ਰਤਾਪ ਸਿੰਘ ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਮਿਹਰਬਾਨੀ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਭਾਵੇਂ ਝੋਨੇ ਦਾ ਸੀਜ਼ਨ ਹੋਵੇ ਜਾਂ ਕਣਕ ਦਾ ਸੀਜ਼ਨ ਹੋਵੇ, ਆਮ ਤੌਰ ਤੇ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਵੇਖਿਆ ਗਿਆ ਹੈ ਕਿ ਜਿਹੜੇ ਠੇਕੇਦਾਰਾਂ ਨੂੰ ਟ੍ਰਾਂਸਪੋਰਟ ਦਾ ਕੰਮ ਦਿੱਤਾ ਜਾਂਦਾ ਹੈ, ਇਹ ਉਹ ਠੇਕੇਦਾਰ ਹਨ ਜਿਨ੍ਹਾਂ ਕੋਲ ਆਪਣਾ ਇੱਕ ਟਰੱਕ ਵੀ ਨਹੀਂ ਹੁੰਦਾ। Localised patronage ਉਨ੍ਹਾਂ ਨੂੰ ਠੇਕੇ ਦਿੱਤੇ ਜਾਂਦੇ ਹਨ ਅਤੇ ਬਾਅਦ ਵਿੱਚ ਆੜ੍ਹਤੀਆਂ ਨੂੰ ਜਾਂ ਸ਼ੈਲਰ ਵਾਲਿਆਂ ਨੂੰ ਕਿਹਾ ਜਾਂਦਾ ਹੈ ਕਿ ਤੁਸੀਂ ਗੁਦਾਮਾਂ ਨੂੰ ਚੁੱਕ ਕੇ ਲੈ ਜਾਓ। ਕੀ ਤੁਹਾਡੇ ਕੋਲ for the betterment of the Department ਜਿਹੜਾ ਗੌਰਮਿੰਟ ਆਫ ਇੰਡੀਆ ਦਾ ਰੇਟ ਹੈ, ਤੁਸੀਂ ਡਾਇਰੈਕਟਰੀ ਆੜ੍ਹਤੀਆਂ ਨੂੰ ਕਿਉਂ ਨਹੀਂ ਕਹਿੰਦੇ ਕਿ ਤੁਸੀਂ ਆਪਣੀ ਦੁਕਾਨ ਤੋਂ ਸਿੱਧਾ ਪਹੁੰਚਾ ਦਿਓ। ਅਸੀਂ ਠੇਕੇਦਾਰ ਸਿਸਟਮ ਬਾਹਰ ਕਿਉਂ ਨਹੀਂ ਕੱਢਦੇ। ਕਿਸੇ ਠੇਕੇਦਾਰ ਕੋਲ ਆਪਣਾ ਟਰੱਕ ਨਹੀਂ ਹੈ। ਇਹੀ ਪ੍ਰਾਬਲਮ ਆ ਰਹੀ ਹੈ। ਜਿਹੜੀ ਘਾਟਾ ਝੋਨੇ ਦੀ ਜਾਂ ਕਣਕ ਦੀ ਸੁਕਾਈ ਵਿੱਚ ਪੈਂਦਾ ਹੈ, ਉਸ ਸਬੰਧੀ ਫਿਰ ਆੜ੍ਹਤੀਆਂ ਨੂੰ ਕਿਹਾ ਜਾਂਦਾ ਹੈ ਕਿ ਤੁਸੀਂ ਪੇਅ ਕਰ ਦੇਵੋ।

**ਮਾਣਯੋਗ ਸਪੀਕਰ**: ਤੁਹਾਡੀ ਗੱਲ ਆ ਗਈ ਹੈ। ਇਹ ਵੱਖਰਾ ਸਵਾਲ ਬਣਦਾ ਹੈ। He'll come prepared. ਤੁਸੀਂ ਇਨ੍ਹਾਂ ਨੂੰ ਮਿਲ ਕੇ ਪੁੱਛ ਲਿਓ। ਮੰਤਰੀ ਜੀ, ਕੀ ਤੁਸੀਂ ਜਵਾਬ ਦੇਣਾ ਚਾਹੁੰਦੇ ਹੋ?

**ਮੰਤਰੀ**: ਸਪੀਕਰ ਸਾਹਿਬ, ਪਹਿਲੀ ਗੱਲ, ਅਸੀਂ ਪੰਜਾਬ ਵਿੱਚ ਐਫ.ਸੀ.ਆਈ. ਦੀ ਗਾਈਡਲਾਈਨ ਦੇ ਮੁਤਾਬਿਕ ਕੰਮ ਕਰਦੇ ਹਾਂ। ਕਿਸਾਨ ਮਿੱਟੀ ਨਾਲ ਮਿੱਟੀ ਹੋ ਕੇ ਅਨਾਜ ਪੈਦਾ ਕਰਦਾ ਹੈ। ਕੇਂਦਰ ਇਸ ਨੂੰ ਖਰੀਦਦਾ ਹੈ। ਪੰਜਾਬ ਦੀ ਡਿਊਟੀ ਇਹ ਹੈ ਕਿ ਜੋ ਐਫ.ਸੀ.ਆਈ. ਦੇ ਨਾਰਮਜ਼ ਹਨ , ਉਨ੍ਹਾਂ ਨੂੰ ਪੰਜਾਬ ਵਿੱਚ ਇੰਪਲੀਮੈਂਟ ਕਰਵਾਇਆ ਜਾਂਦਾ ਹੈ। ਸੋ, ਇਹ ਨਾਰਮਜ਼ ਹਨ ਅਤੇ ਰੂਲ ਹਨ ਕਿ ਇਸ ਨੂੰ ਟੈਂਡਰ ਪ੍ਰਕਿਰਿਆ ਵਿੱਚੋਂ ਕੱਢ ਕੇ ਖੜ੍ਹਨਾ ਹੈ। ਜਿੱਥੇ ਕਿਤੇ ਠੇਕੇਦਾਰ ਇਸ ਟੈਂਡਰ ਪ੍ਰਕਿਰਿਆ ਦੇ ਦੌਰਾਨ ਵਾਇਓਲੇਸ਼ਨ ਕਰਦਾ ਹੈ , ਪਿਛਲੇ ਸੀਜ਼ਨ ਵਿੱਚ 04 ਥਾਵਾਂ ਤੇ ਉਨ੍ਹਾਂ ਦੇ ਲਾਇਸੰਸ ਰੱਦ ਕੀਤੇ ਹਨ ਅਤੇ ਉਨ੍ਹਾਂ ਨੂੰ ਬਲੈਕਲਿਸਟ ਕੀਤਾ ਹੈ। ਜਿੱਥੇ ਕਿਤੇ ਲੋੜ ਪੈਂਦੀ ਹੈ, ਉੱਥੇ ਆੜ੍ਹਤੀਆਂ ਨੂੰ ਕੰਮ ਦੇ ਦਿੱਤਾ ਜਾਂਦਾ ਹੈ। ਉਸ ਦੇ ਪੈਸੇ ਵੀ ਆੜ੍ਹਤੀਆਂ ਨੂੰ ਮਿਲਦੇ ਹਨ। ਇਸ ਲਈ ਅਸੀਂ ਗਾਈਡਲਾਈਨਜ਼ ਤੋਂ ਬਾਹਰ ਨਹੀਂ ਜਾ ਸਕਦੇ। ਉਨ੍ਹਾਂ ਦੇ ਮੁਤਾਬਿਕ ਹੀ ਕੰਮ ਕਰਦੇ ਹਾਂ।

**ਮਾਣਯੋਗ ਸਪੀਕਰ**: ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1895**

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਰਕੇ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

**ਪੰਜਾਬ ਵਿੱਚ ਲੋਕ ਨਿਰਮਾਣ ਵਿਭਾਗ ਵੱਲੋਂ ਬਣਾਈਆਂ/ਮੁਰੰਮਤ ਕੀਤੀਆਂ ਜਾਣ ਵਾਲੀਆਂ ਸੜਕਾਂ ਦੇ ਵੇਰਵੇ**

***1998. ਸਰਦਾਰ ਮਨਿਜੰਦਰ ਸਿੰਘ ਲਾਲਪੁਰਾ**: ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਪੰਜਾਬ ਵਿੱਚ ਲੋਕ ਨਿਰਮਾਣ ਵਿਭਾਗ (PWD) ਵੱਲੋਂ ਬਣਾਈਆਂ ਜਾਂ ਮੁਰੰਮਤ ਕੀਤੀਆਂ ਜਾਣ ਵਾਲੀਆਂ ਸੜਕਾਂ ਦੇ ਕੰਮਾਂ ਵਿੱਚ ਠੇਕੇਦਾਰਾਂ ਨੂੰ ਕੰਮ ਮੁਕੰਮਲ ਕਰਨ ਲਈ ਕਾਫ਼ੀ ਲੰਬਾ ਸਮਾਂ ਦਿੱਤਾ ਜਾਂਦਾ ਹੈ, ਜਿਸ ਕਾਰਨ ਕਈ ਥਾਵਾਂ ਤੇ ਬੱਜਰੀ ਵਿਛਾਉਣ ਤੋਂ ਬਾਅਦ ਲੰਬੇ ਸਮੇਂ ਤੱਕ ਸੜਕ ਦੀ ਅੰਤਿਮ ਪਰਤ (ਤਾਰਕੋਲ/ਬਿਟੂਮਿਨ) ਨਹੀਂ ਪਾਈ ਜਾਂਦੀ ਅਤੇ ਲੋਕਾਂ ਨੂੰ ਧੂੜ, ਟ੍ਰੈਫਿਕ ਸਮੱਸਿਆਵਾਂ ਅਤੇ ਹਾਦਸਿਆਂ ਦੇ ਖਤਰੇ ਦਾ ਸਾਹਮਣਾ ਕਰਨਾ ਪੈਂਦਾ ਹੈ;

(ਅ) ਕੀ ਸਰਕਾਰ ਕੋਲ ਬੱਜਰੀ ਵਿਛਾਉਣ ਤੋਂ ਬਾਅਦ ਸੜਕ ਦੀ ਅੰਤਿਮ ਪਰਤ ਪਾਉਣ ਲਈ ਕੋਈ ਵੱਧ ਤੋਂ ਵੱਧ ਨਿਰਧਾਰਤ ਸਮਾਂ-ਸੀਮਾ ਹੈ;

(ੲ) ਕੀ ਸਰਕਾਰ ਇਸ ਸਮਾਂ-ਸੀਮਾ ਨੂੰ ਘਟਾ ਕੇ ਇਹ ਯਕੀਨੀ ਬਣਾਉਣ ਬਾਰੇ ਵਿਚਾਰ ਕਰ ਰਹੀ ਹੈ ਕਿ ਬੱਜਰੀ ਵਿਛਾਉਣ ਤੋਂ ਬਾਅਦ ਘੱਟ ਤੋਂ ਘੱਟ ਸਮੇਂ ਵਿੱਚ ਸੜਕ ਦਾ ਕੰਮ ਪੂਰਾ ਕੀਤਾ ਜਾਵੇ, ਤਾਂ ਜੋ ਲੋਕਾਂ ਨੂੰ ਬੇਲੋੜੀ ਖੱਜਲ-ਖੁਆਰੀ ਨਾ ਝੱਲਣੀ ਪਵੇ;

ਸ) ਕੀ ਸਰਕਾਰ ਠੇਕੇ ਦੀਆਂ ਸ਼ਰਤਾਂ ਵਿੱਚ ਸੋਧ ਕਰਕੇ ਅਜਿਹੇ ਮਾਮਿਲਆਂ ਵਿੱਚ ਦੇਰੀ ਕਰਨ ਵਾਲੇ (ਠੇਕੇਦਾਰਾਂ ਵਿਰੁੱਧ ਸਖਤ ਜੁਰਮਾਨੇ ਜਾਂ ਹੋਰ ਦੰਡਾਤਮਕ ਕਾਰਵਾਈ ਦਾ ਪ੍ਰਬੰਧ ਕਰਨ ਬਾਰੇ ਵਿਚਾਰ ਕਰ ਰਹੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਭਜਨ ਸਿੰਘ**:

(ੳ) ਪੰਜਾਬ ਵਿੱਚ ਲੋਕ ਨਿਰਮਾਣ ਵਿਭਾਗ (PWD) ਵੱਲੋਂ ਬਣਾਈਆਂ ਜਾਂ ਮੁਰੰਮਤ ਕੀਤੀਆਂ ਜਾਣ ਵਾਲੀਆਂ ਸੜਕਾਂ ਦੇ ਕੰਮਾਂ ਵਿੱਚ ਠੇਕੇਦਾਰਾਂ ਨੂੰ ਕੰਮ ਮੁਕੰਮਲ ਕਰਨ ਲਈ ਸਮਾਂ ਟ੍ਰੈਫਿਕ ਪ੍ਰਬੰਧਨ, ਯੂਟਿਲਿਟੀਆਂ ਦੀ ਸ਼ਿਫਟਿੰਗ ਅਤੇ ਸਾਈਟ ਨਾਲ ਸੰਬੰਧਿਤ ਹੋਰ ਸਥਿਤੀਆਂ ਮੌਸਮੀ ਹਾਲਾਤਾਂ ਜਿਵੇਂ ਕਿ ਬਰਸਾਤ ਤੇ ਸਰਦੀ ਦਾ ਮੌਸਮ ਅਤੇ ਕੰਮ ਦਾ ਸਕੋਪ (ਲੰਬਾਈ, ਲੇਨ ਕਨਫੀਗ੍ਰੇਸ਼ਨ, ਤਕਨੀਕੀ ਮਾਪਦੰਡਾਂ ਆਦਿ) ਨੂੰ ਧਿਆਨ ਵਿੱਚ ਰੱਖਦੇ ਹੋਏ ਦਿੱਤਾ ਜਾਂਦਾ ਹੈ।

(ਅ) ਬੱਜਰੀ ਵਿਛਾਉਣ ਤੋਂ ਬਾਅਦ ਸੜਕ ਦੀ ਅੰਤਿਮ ਪਰਤ ਪਾਉਣ ਤੋਂ ਪਹਿਲਾਂ ਪ੍ਰਾਈਮ ਕੋਟ/ਫਸਟ ਕੋਟ ਅਤੇ ਟੈਕ ਕੋਟ ਆਦਿ ਦਾ ਕੰਮ ਕੀਤਾ ਜਾਂਦਾ ਹੈ ਪਰ ਇਹ ਕੰਮ ਵੀ ਬਰਸਾਤਾਂ ਅਤੇ ਸਰਦੀਆਂ ਦੇ ਦਿਨਾਂ ਵਿੱਚ ਨਹੀਂ ਕੀਤਾ

ਜਾ ਸਕਦੇ। ਇਸ ਤੋਂ ਇਲਾਵਾ, ਲੋੜੀਂਦੀ ਉਸਾਰੀ ਸਮੱਗਰੀ, ਜਿਵੇਂ ਕਿ ਬਿਟੂਮਿਨ ਦੀ ਉਪਲਬਧਤਾ ਨੂੰ ਵੀ ਧਿਆਨ ਵਿੱਚ ਰੱਖਣਾ ਪੈਂਦਾ ਹੈ। ਐਗਰੀਮੈਂਟ ਵਿੱਚ ਨਿਯਤ ਕੀਤੇ ਸਮੇਂ ਵਿੱਚ ਹੀ ਠੇਕੇਦਾਰ ਵਲੋਂ ਬਿਟੂਮਿਨ ਪਰਤ ਪਾਉਣਾ ਯਕੀਨੀ ਬਣਾਉਣਾ ਹੁੰਦਾ ਹੈ। ਵਿਭਾਗ ਵੱਲੋਂ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਅਨੁਕੂਲ ਹਾਲਾਤਾਂ ਵਿੱਚ ਅੰਤਿਮ ਪਰਤ ਜਲਦ ਤੋਂ ਜਲਦ ਪਾਈ ਜਾਵੇ।

(ੲ) ਕੰਮ ਮੁਕੰਮਲ ਕਰਨ ਲਈ ਸਮਾਂ ਨਿਯਤ ਕਰਦੇ ਸਮੇਂ ਸੜਕਾਂ ਦੇ ਨਿਰਮਾਣ ਅਤੇ ਮੁਰੰਮਤ ਆਦਿ ਦੇ ਕੰਮਾਂ ਨੂੰ ਨਿਰਧਾਰਿਤ ਤਕਨੀਕੀ ਵਿਸ਼ੇਸ਼ਤਾਵਾਂ (Specifications), ਮੌਸਮੀ ਹਾਲਾਤਾਂ ਅਤੇ ਗੁਣਵੱਤਾ ਮਾਪਦੰਡਾਂ ਦੀ ਪਾਲਣਾ ਕਰਦਿਆਂ ਘੱਟ ਤੋਂ ਘੱਟ ਸਮੇਂ ਵਿੱਚ ਮੁਕੰਮਲ ਕਰਨ ਦਾ ਉਪਰਾਲਾ ਹੁੰਦਾ ਹੈ, ਤਾਂ ਜੋ ਆਮ ਲੋਕਾਂ ਨੂੰ ਘੱਟ ਤੋਂ ਘੱਟ ਅਸੁਵਿਧਾ ਦਾ ਸਾਹਮਣਾ ਕਰਨਾ ਪਵੇ। ਇਸ ਸਬੰਧੀ ਸਮੇਂ-ਸਮੇਂ ਤੇ ਫੀਲਡ ਅਧਿਕਾਰੀਆਂ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ।

(ਸ) ਬਿਨਾ ਵਾਜਬ ਕਾਰਨਾਂ ਦੇ ਕੰਮ ਨੂੰ ਨਿਯਤ ਸਮੇਂ ਵਿੱਚ ਮੁਕੰਮਲ ਨਾ ਕਰਨ ਤੇ ਠੇਕੇਦਾਰ ਵਿਰੁੱਧ ਐਗਰੀਮੈਂਟ ਦੀਆਂ ਧਾਰਾਵਾਂ ਅਨੁਸਾਰ Liquidated damages (LD) ਲਗਾਉਣ, ਪਰਫਾਰਮੈਂਸ ਸਿਕਿਉਰਿਟੀ ਜ਼ਬਤ ਕਰਨ ਅਤੇ ਐਗਰੀਮੈਂਟ ਰੱਦ ਕਰਨ ਦੀ ਵਿਵਸਥਾ ਵੀ ਹੁੰਦੀ ਹੈ।

**1125/Kuldeep kaur**

**ਸਰਦਾਰ ਮਨਜਿੰਦਰ ਸਿੰਘ ਲਾਲਪੁਰਾ** : ਸਰ, ਮੈਂ ਇਸ ਵਿੱਚ ਕਹਿਣਾ ਚਾਹੁੰਦਾ ਹਾਂ ਕਿ ਮੰਤਰੀ ਸਾਹਿਬ ਇੱਕ ਵਾਰ ਇਸ ਤੇ ਜ਼ਰੂਰ ਸੋਚਣ ਕਿਉਂਕਿ ਇੱਕ ਸਾਲ ਪੂਰਾ ਸੜਕ ਉੱਪਰ ਪੱਥਰ ਪਿਆ ਰਹਿੰਦਾ ਹੈ ਅਤੇ ਲੋਕਾਂ ਨੂੰ ਉਸ ਉੱਪਰੋਂ ਲੰਘਣਾ ਪੈਂਦਾ ਹੈ ਜਿਸ ਕਾਰਨ ਲੋਕਾਂ ਨੂੰਬਹੁਤ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਮੈਂ ਮੰਤਰੀ ਸਾਹਿਬ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜੋ 5 ਸਾਲ ਬਾਅਦ ਦੀ ਮਨਿਆਦ ਰੱਖੀ ਹੈ, ਇਸ ਨੂੰ ਸਾਢੇ ਚਾਰ ਸਾਲ ਤੇ ਲੈ ਜਾਈਏ ਤਾਂ ਜੋ ਇਹ ਸੜਕ ਟੁੱਟਣ ਤੋਂ ਥੋੜ੍ਹਾ ਸਮਾਂ ਪਹਿਲਾਂ ਬਣਨੀ ਸ਼ੁਰੂ ਹੋ ਜਾਵੇ। ਹਾਂ, ਇਹ ਠੀਕ ਹੈ ਕਿ ਮੇਰੀ ਸਰਕਾਰ ਨੇ ਬਹੁਤ ਸਾਰੀਆਂ ਨਵੀਆਂ ਸੜਕਾਂ ਬਣਾਈਆਂ ਹਨ ਅਤੇ ਲਗਭਗ 70-80 ਨਵੀਆਂ ਸੜਕਾਂ ਮੇਰੇ ਹਲਕੇ ਨੂੰ ਦਿੱਤੀਆਂ ਹਨ। ਇਸ ਲਈ ਵੀ ਮੈਂ ਪੰਜਾਬ ਮੰਡੀ ਬੋਰਡ ਅਤੇ ਪੀ.ਡਬਲਿਊ.ਡੀ ਦਾ ਧੰਨਵਾਦ ਕਰਦਾ ਹਾਂ। ਮੇਰੀ ਬੇਨਤੀ ਹੈ ਕਿ ਇਸ ਬਾਰੇ ਜ਼ਰੂਰ ਸੋਚਿਆ ਜਾਵੇ ਕਿਉਂਕਿ ਆਪਾਂ ਗੱਲ ਸਮਝਦੇ ਹਾਂ ਪਰੰਤੂ ਪਬਲਿਕ ਨਹੀਂ ਸਮਝਦੀ। ਉਨ੍ਹਾਂ ਨੂੰ ਇਹ ਲਗਦਾ ਹੈ ਕਿ ਠੇਕੇਦਾਰ ਪਤਾ ਨਹੀਂ ਪੱਥਰ ਪਾ ਕੇ ਕਿੱਥੇ ਚਲਾ ਗਿਆ? ਇਸ ਲਈ ਮੇਰੀ ਬੇਨਤੀ ਹੈ ਕਿ ਇਸ ਨੂੰ ਜ਼ਰੂਰ ਕਿਸੇ ਨਾ ਕਿਸੇ ਵਾਜਬ ਢੰਗ ਨਾਲ ਵਿਚਾਰਿਆ ਜਾਵੇ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਮੈਬਰ ਸਾਹਿਬ ਦੀ ਗੱਲ ਬਿਲਕੁਲ ਠੀਕ ਹੈ ਕਿ ਕਈ ਵਾਰ ਕੁਝ ਜ਼ਿਆਦਾ ਸਮਾਂ ਲੱਗਣ ਕਾਰਨ ਲੋਕਾਂ ਨੂੰ ਅਸੁਵਿਧਾ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਸੜਕਾਂ ਬਣਾਉਣ ਵਾਸਤੇ ਸਾਨੂੰ ਮੌਸਮੀ ਹਾਲਾਤ ਨੂੰ ਜ਼ਰੂਰ ਮੱਦੇਨਜ਼ਰ ਰੱਖਣਾ ਪੈਂਦਾ ਹੈ। ਲੁੱਕ ਪਾਉਣ ਦਾ ਕੰਮ ਮਾਰਚ ਵਿੱਚ ਸ਼ੁਰੂ ਹੁੰਦਾ ਹੈ ਅਤੇ ਜੂਨ ਤੱਕ ਚਲਦਾ ਹੈ। ਉਸ ਤੋਂ ਬਾਅਦ ਬਰਸਾਤਾਂ ਦਾ ਸੀਜ਼ਨ ਸ਼ੁਰੂ ਹੋ ਜਾਂਦਾ ਹੈ। ਜੁਲਾਈ, ਅਗਸਤ ਅਤੇ ਸਤੰਬਰ ਮਹੀਨਿਆਂ ਵਿੱਚ ਤਾਂ ਖਾਸ ਤੌਰ ਤੇ ਲੁੱਕ ਪਾਉਣ ਦਾ ਕੰਮ ਨਹੀਂ ਕੀਤਾ ਜਾ ਸਕਦਾ ਕਿਉਂਕਿ ਜੇਕਰ ਇਨ੍ਹਾਂ ਮਹੀਨਿਆਂ ਵਿੱਚ ਲੁੱਕ ਪਾਈ ਜਾਂਦੀ ਹੈ ਤਾਂ ਫਿਰ ਸੜਕ ਦੀ ਮਜ਼ਬੂਤੀ ਨਾਲ compromise ਹੋ ਜਾਂਦਾ ਹੈ। ਬਾਕੀ ਕਈ ਵਾਰ ਨਾ-ਟਾਲਣਯੋਗ

ਹਾਲਾਤ ਵੀ ਹੋ ਜਾਂਦੇ ਹਨ ਅਤੇ ਕੁਦਰਤੀ ਆਫਤਾਂ ਵੀ ਆ ਜਾਂਦੀਆਂ ਹਨ। ਇਨ੍ਹਾਂ ਕਰਕੇ ਕਈ ਵਾਰ ਥੋੜ੍ਹਾ ਬਹੁਤ ਡਿਲੇਅ ਹੋ ਜਾਂਦਾ ਹੈ ਪਰ ਉਨ੍ਹਾਂ ਵਾਸਤੇ ਵੀ ਅਸੀਂ ਐਗਰੀਮੈਂਟ ਦੇ ਮੁਤਾਬ ਐਲ.ਡੀ ਲਗਾ ਦਿੰਦੇ ਹਾਂ। ਜੇ ਮਾਣਯੋਗ ਮੈਂਬਰ ਸਾਹਿਬ ਦੇ ਇਸ ਨੂੰ ਹੋਰ ਸਹੀ ਕਰਨ ਵਿੱਚ ਕੁਝ ਸੁਝਾਅ ਹਨ ਤਾਂ ਉਹ ਆਪਣੇ ਸੁਝਾਅ ਜ਼ਰੂਰ ਦੇ ਸਕਦੇ ਹਨ। ਉਨ੍ਹਾਂ ਨੂੰ ਜ਼ਰੂਰ ਵਿਚਾਰਿਆ ਜਾਵੇਗਾ।

**ਸਰਦਾਰ ਮਨਜਿੰਦਰ ਸਿੰਘ ਲਾਲਪੁਰਾ**: ਧੰਨਵਾਦ ਜੀ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1971**

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋ ਸਕਿਆ।)

---

**ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਰਜਿਸਟਰ ਕੀਤੇ ਲਾਭਪਾਤਰੀਆਂ ਸਬੰਧੀ ਵੇਰਵਾ**

***1942. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਦੱਸਣ ਦੀ ਕਿਰਪਾਲਤਾ ਕਰਨਗੇ ਕਿ:

(ੳ) ਪੰਜਾਬ ਵਿੱਚ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਹੁਣ ਤੱਕ ਕਿੰਨੇ ਪਰਿਵਾਰ ਰਜਿਸਟਰ ਕੀਤੇ ਗਏ ਹਨ ਅਤੇ ਇਸ ਯੋਜਨਾ ਦਾ ਲਾਭ ਕਿੰਨੇ ਲਾਭਪਾਤਰੀਆਂ ਨੇ ਪ੍ਰਾਪਤ ਕੀਤਾ ਹੈ?

(ਅ) ਇਸ ਯੋਜਨਾ ਅਧੀਨ ਹੁਣ ਤੱਕ ਕਿੰਨੇ ਮਰੀਜ਼ਾਂ ਦਾ ਮੁਫ਼ਤ ਇਲਾਜ ਕੀਤਾ ਗਿਆ ਹੈ ਅਤੇ ਇਸ ਉੱਤੇ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ਹੈ?

(ੲ) ਕੀ ਸਰਕਾਰ ਦੀ ਇਸ ਯੋਜਨਾ ਦਾ ਦਾਇਰਾ ਵਧਾਉਣ ਅਤੇ ਇਸ ਵਿੱਚ ਹੋਰ ਹਸਪਤਾਲ ਸ਼ਾਮਲ ਕਰਨ ਦੀ ਕੋਈ ਯੋਜਨਾ ਹੈ?

**ਡਾਕਟਰ ਬਲਬੀਰ ਸਿੰਘ**: ਸ਼੍ਰੀਮਾਨ ਜੀ,

(ੳ) ਪੰਜਾਬ ਸਰਕਾਰ ਨੇ ਮੁੱਖ ਮੰਤਰੀ ਸਿਹਤ ਯੋਜਨਾ (MMSY) ਸ਼ੁਰੂ ਕੀਤੀ ਹੈ, ਜੋ ਰਾਜ ਦੇ ਹਰ ਨਿਵਾਸੀ ਨੂੰ ਸਰਵਵਿਆਪੀ ਸਿਹਤ ਸੁਰੱਖਿਆ ਪ੍ਰਦਾਨ ਕਰਨ ਵੱਲ ਇੱਕ ਇਤਿਹਾਸਕ ਪਹਿਲ ਹੈ। ਇਸ ਯੋਜਨਾ ਅਧੀਨ ਹਰ ਪਰਿਵਾਰ ਨੂੰ ਪ੍ਰਤੀ ਸਾਲ ₹10 ਲੱਖ ਤੱਕ ਦਾ ਮੁਫ਼ਤ ਅਤੇ ਕੈਸ਼ਲੈੱਸ ਇਲਾਜ ਮੁਹੱਈਆ ਕਰਵਾਇਆ ਜਾਂਦਾ ਹੈ, ਜਿਸ ਨਾਲ ਪੰਜਾਬ ਦੀ 100 ਫ਼ੀਸਦੀ ਆਬਾਦੀ ਨੂੰ ਕਵਰ ਕੀਤਾ ਗਿਆ ਹੈ। ਇਸ ਯੋਜਨਾ ਰਾਹੀਂ ਪਹਿਲਾਂ ਚੁਣੀਆਂ ਹੋਈਆਂ ਸ਼੍ਰੇਣੀਆਂ ਲਈ ਉਪਲਬਧ ₹5 ਲੱਖ ਦੀ ਸੀਮਾ ਨੂੰ ਵਧਾ ਕੇ ਪੰਜਾਬ ਦੇ ਸਾਰੇ 65 ਲੱਖ ਪਰਿਵਾਰਾਂ (ਲਗਭਗ 3 ਕਰੋੜ

ਨਾਗਰਿਕਾਂ) ਤੱਕ ਬਿਨਾਂ ਕਿਸੇ ਆਮਦਨ ਸੀਮਾ ਜਾਂ ਬਿਨਾਂ ਕਿਸੇ ਬਾਹਰ ਰੱਖਣ ਦੀ ਸ਼ਰਤ ਦੇ, ਵਿਸਤਾਰ ਕੀਤਾ ਗਿਆ ਹੈ l

ਮੌਜੂਦਾ ਸਮੇਂ ਤੱਕ, 51,30,033 ਪਰਿਵਾਰ ਯੋਜਨਾ ਅਧੀਨ ਰਜਿਸਟਰ ਕੀਤੇ ਜਾ ਚੁੱਕੇ ਹਨ। 1,24,68,242 ਈ-ਕਾਰਡ ਲਾਭਪਾਤਰੀਆਂ ਨੂੰ ਜਾਰੀ ਕੀਤੇ ਗਏ ਹਨ। ਲਾਭਪਾਤਰੀਆਂ ਨੇ ਹੁਣ ਤੱਕ 5,30,021 ਕੈਸ਼ਲੈੱਸ ਇਲਾਜਾਂ ਦਾ ਲਾਭ ਪ੍ਰਾਪਤ ਕੀਤਾ ਹੈ।

(ਅ) ਹੁਣ ਤੱਕ 2,83,199 ਵਿਲੱਖਣ ਲਾਭਪਾਤਰੀ ਮਰੀਜ਼ਾਂ ਦਾ ਇਸ ਯੋਜਨਾ ਅਧੀਨ ਮੁਫ਼ਤ ਇਲਾਜ ਕੀਤਾ ਜਾ ਚੁੱਕਾ ਹੈ। ਯੋਜਨਾ ਅਧੀਨ ਹੁਣ ਤੱਕ ਲਗਭਗ ₹1,009.35 ਕਰੋੜ ਦੇ ਇਲਾਜਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ।

(ੲ) ਹਾਂ ਜੀ। ਪੰਜਾਬ ਸਰਕਾਰ ਮੁੱਖ ਮੰਤਰੀ ਸਿਹਤ ਯੋਜਨਾ (MMSY) ਦਾ ਦਾਇਰਾ ਲਗਾਤਾਰ ਵਧਾ ਰਹੀ ਹੈ। ਜਨਵਰੀ 2026 ਵਿੱਚ ਯੋਜਨਾ ਸ਼ੁਰੂ ਹੋਣ ਤੋਂ ਬਾਅਦ ਹੁਣ ਤੱਕ 92 ਹੋਰ ਹਸਪਤਾਲਾਂ ਨੂੰ ਯੋਜਨਾ ਅਧੀਨ ਸੂਚੀਬੱਧ (Empaneled) ਕੀਤਾ ਗਿਆ ਹੈ। ਯੋਜਨਾ ਦੀਆਂ ਹਦਾਇਤਾਂ ਅਨੁਸਾਰ ਹਸਪਤਾਲ ਆਪਣੀ ਇੱਛਾ ਨਾਲ ਸੂਚੀਬੱਧ ਹੋਣ ਲਈ ਅਰਜ਼ੀ ਦਿੰਦੇ ਹਨ ਅਤੇ ਇਹ ਪ੍ਰਕਿਰਿਆ ਨਿਰੰਤਰ ਜਾਰੀ ਹੈ।

ਮੌਜੂਦਾ ਸਮੇਂ 880 ਹਸਪਤਾਲ, ਜਿਨ੍ਹਾਂ ਵਿੱਚ 657 ਨਿੱਜੀ ਹਸਪਤਾਲ ਵੀ ਸ਼ਾਮਲ ਹਨ, ਪੰਜਾਬ ਭਰ ਵਿੱਚ ਇਸ ਯੋਜਨਾ ਅਧੀਨ ਕੈਸ਼ਲੈੱਸ ਸਿਹਤ ਸੇਵਾਵਾਂ ਪ੍ਰਦਾਨ ਕਰ ਰਹੇ ਹਨ।

ਸਪੀਕਰ ਸਾਹਿਬ, ਇਹ ਆਪਣੇ ਦੇਸ਼ ਵਿੱਚ ਅਤੇ ਦੁਨੀਆ ਵਿੱਚ ਪਹਿਲੀ ਵਾਰ ਹੈ that it is 100% managed and funded by the Government. ਇਸ ਸਿਹਤ ਬੀਮਾ ਯੋਜਨਾ ਵਿੱਚ ਅਸੀਂ ਹੈਲਥ ਬੈਨੀਫਿਟ ਪੈਕੇਜ ਆਯੂਸ਼ਮਾਨ ਦਾ 2.0 ਲੇਟੈਸਟ ਦੇ ਰਹੇ ਹਾਂ ਅਤੇ ਇਸ ਵਿੱਚ 2356 ਹੈਲਥ ਪੈਕੇਜ ਹਨ। ਆਯੂਸ਼ਮਾਨ ਵਿੱਚ 1800-1900 ਹੈਲਥ ਬੈਨੀਫਿਟ ਪੈਕੇਜ ਹਨ। ਅਸੀਂ ਮੈਕਸੀਮਮ ਪੈਕੇਜ ਦੇ ਰਹੇ ਹਾਂ ਅਤੇ ਇਸ ਨੂੰ ਹਾਈਬ੍ਰਿਡ ਮੋਡ ਵਿੱਚ ਵੀ ਪਹਿਲੀ 1 ਲੱਖ ਰੁਪਏ ਯੂਨਾਈਟਿਡ ਇੰਡੀਆ ਇੰਸ਼ੋਰੈਸ਼ ਅਤੇ ਅਗਲੇ 9 ਲੱਖ ਰੁਪਏ ਸਟੇਟ ਹੈਲਥ ਏਜੰਸੀ ਵੱਲੋਂ ਦਿੱਤੇ ਜਾਂਦੇ ਹਨ। ਮੈਨੂੰ ਇਹ ਦੱਸਦੇ ਹੋਏ ਬੜੀ ਖੁਸ਼ੀ ਹੋ ਰਹੀ ਹੈ ਕਿ ਪੰਜਾਬ ਦੇ 65 ਲੱਖ ਪਰਿਵਾਰਾਂ ਵਿੱਚੋਂ ਹੁਣ ਤੱਕ 51,30,033 ਪਰਿਵਾਰ ਕਵਰ ਹੋ ਚੁੱਕੇ ਹਨ ਅਤੇ 1,24,68,242 ਈ-ਕਾਰਡ ਲਾਭਪਾਤਰੀਆਂ ਨੂੰ ਜਾਰੀ ਕੀਤੇ ਗਏ ਹਨ। ਲਾਭਪਾਤਰੀਆਂ ਨੇ ਹੁਣ ਤੱਕ 5,30,021 ਕੈਸ਼ਲੈੱਸ ਇਲਾਜਾਂ ਦਾ ਲਾਭ ਪ੍ਰਾਪਤ ਕੀਤਾ ਹੈ। ਇਸ ਯੋਜਨਾ ਅਧੀਨ ਹੁਣ ਤੱਕ ਲਗਭਗ ₹1,009.35 ਕਰੋੜ ਦੇ ਇਲਾਜਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ ਜੋ ਕਿ ਸਰਕਾਰ ਨੇ ਪ੍ਰਾਈਵੇਟ ਹਸਪਤਾਲਾਂ ਨੂੰ ਪੇਅ ਕੀਤਾ ਹੈ। ਇਸ ਵਿੱਚ ਵੀ ਅਸੀਂ turn around time, ਜਿਹੜੀ ਇੰਸ਼ੋਰੈਂਸ ਕੰਪਨੀ 15 ਦਿਨਾਂ ਵਿੱਚ ਪੇਅ ਕਰਦੀ ਹੈ ਅਤੇ ਸਰਕਾਰ ਵੱਲੋਂ ਬਾਕੀ ਦੀ ਅਮਾਊਂਟ ਇੱਕ ਮਹੀਨੇ ਵਿੱਚ ਪੇਅ ਕੀਤੀ ਜਾ ਰਹੀ ਹੈ। ਇਸ ਸਬੰਧੀ ਮੈਂ ਸ਼ਨੀਵਾਰ ਨੂੰ ਸਾਰੇ ਸਟੇਕ ਹੋਲਡਰਜ਼ ਨਾਲ ਮੀਟਿੰਗ ਕੀਤੀ ਹੈ। They are very happy ਕਿ ਸਾਡੀ ਇਹ ਸਕੀਮ ਬਹੁਤ ਹੀ ਵਧੀਆ ਹੈ and they are all satisfied. ਇਸ ਤੋਂ ਬਿਨਾਂ ਮੈਂਬਰ ਸਾਹਿਬ ਦਾ ਹਸਪਤਾਲਾਂ ਦਾ ਦਾਇਰਾ ਵਧਾਉਣ ਸਬੰਧੀ ਸਵਾਲ ਸੀ। ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਮੌਜੂਦਾ ਸਮੇਂ 880 ਹਸਪਤਾਲ, ਜਿਨ੍ਹਾਂ ਵਿੱਚ 657 ਨਿੱਜੀ ਹਸਪਤਾਲ ਵੀ ਸ਼ਾਮਲ ਹਨ ਅਤੇ ਇਸ ਸਕੀਮ ਸ਼ੁਰੂ ਹੋਣ ਬਾਅਦ ਅਸੀਂ 92 ਹੋਰ ਹਸਪਤਾਲਾਂ ਨੂੰ Empanel ਕੀਤਾ ਹੈ। 36 ਹਸਪਤਾਲਾਂ ਦੀਆਂ ਐਪਲਕੀਕੇਸ਼ਨ ਪ੍ਰਾਸੈਸ ਵਿੱਚ ਹਨ ਜਿਹੜੀਆਂ

ਵੱਖ-ਵੱਖ ਪ੍ਰੋਸੀਜ਼ਰਜ਼ ਤੇ ਹਨ ਅਤੇ 66 ਹਸਪਤਾਲ ਆਲਰੇਡੀ ਸੂਚੀਬੱਧ ਹਨ ਪਰ ਉਨ੍ਹਾਂ ਨੇ ਕੋਈ ਨਵੇਂ ਪ੍ਰੋਸੀਜ਼ਰਜ਼, ਕੋਈ ਨਵਾਂ ਸਪੈਸ਼ਲਿਸਟ ਆ ਗਿਆ ਅਤੇ ਕੋਈ ਹਸਪਤਾਲ ਕਹਿੰਦਾ ਹੈ ਕਿ ਉਨ੍ਹਾਂ ਵੱਲੋਂ ਹੁਣ ਸਟੰਟ ਵੀ ਪਾਏ ਜਾਣਗੇ, ਉਨ੍ਹਾਂ ਨੂੰ ਸੂਚੀਬੱਧ ਕੀਤਾ ਗਿਆ ਹੈ। ਇਸ ਤੋਂ ਇਲਾਵਾ ਮੈਂ ਮੈਂਬਰਜ਼ ਨਾਲ ਸ਼ੇਅਰ ਕਰਨਾ ਚਾਹੁੰਦਾ ਹਾਂ ਕਿ ਇਸ ਯੋਜਨਾ ਵਿੱਚ ਜੋ ਪੀ.ਟੀ.ਸੀ. ਹੈ ਜਿਸ ਨੂੰ ਆਮ ਲੋਕਾਂ ਦੀ ਭਾਸ਼ਾ ਵਿੱਚ ਸਟੰਟ ਕਿਹਾ ਜਾਂਦਾ ਹੈ, 8835 ਲੋਕਾਂ ਦੇ ਸਟੰਟ ਪਵਾਏ ਗਏ ਹਨ, 9771 ਲੋਕਾਂ ਨੇ ਗੋਡੇ ਬਦਲਾਏ ਹਨ। ਇਸ ਤਰ੍ਹਾਂ ਹੀ gall bladder ਦੇ ਆਪ੍ਰੇਸ਼ਨਜ਼ ਹਨ, ਸੀਜ਼ੇਰੀਅਨ-ਸੈਕਸ਼ਨ 8000 ਤੋਂ ਵੱਧ ਕਰਵਾਏ ਗਏ ਹਨ। 17000 ਤੋਂ ਵੱਧ ਡਾਇਲਸਿਸ ਹੋ ਚੁੱਕੇ ਹਨ। ਕੁੱਲ 60,000 ਪ੍ਰੋਸੀਜ਼ਰ 331 ਕਰੋੜ ਰੁਪਏ ਦੀ ਰਾਸ਼ੀ ਨਾਲ ਲੋਕਾਂ ਵੱਲੋਂ ਟਾਪ-ਬੈਨੀਫਿਟ ਪੈਕੇਜ ਪ੍ਰਾਪਤ ਕੀਤੇ ਗਏ ਹਨ। ਇਸ ਨਾਲ ਇੱਕ ਤਾਂ ਲੋਕਾਂ ਨੂੰ ਸਮੇਂ ਸਿਰ ਇਲਾਜ ਮਿਲ ਰਿਹਾ ਹੈ ਅਤੇ ਲੋਕ ਕਰਜ਼ਾਈ ਨਹੀਂ ਹੋ ਰਹੇ। ਲੋਕ ਬਿਮਾਰੀ ਤੋਂ ਵੀ ਬਚ ਰਹੇ ਹਨ ਔਰ ਕਰਜ਼ਾਈ ਹੋਣ ਤੋਂ ਵੀ ਬਚ ਰਹੇ ਹਨ। ਲੋਕਾਂ ਦੇ ਗੁਰਦੇ ਫੇਲ੍ਹ ਹੋਣ ਤੋਂ ਬਚ ਰਹੇ ਹਨ ਅਤੇ ਬਾਕੀ ਸਾਰੀਆਂ ਮੁਸ਼ਕਿਲਾਂ ਤੋਂ ਬਚ ਰਹੇ ਹਨ। ਲੋਕ ਆਪਣੀ ਫੈਮਿਲੀ ਨਾਲ ਪ੍ਰੋਡਕਟਿਵ ਲਾਈਫ ਬਿਤਾ ਰਹੇ ਹਨ। ਇਸ ਵਿੱਚ all kind of emergencies are covered. ਇਸ ਵਿੱਚ ਰੋਡ ਐਕਸੀਡੈਂਟਸ ਲਈ ਸਾਡੀ ਫਰਿਸ਼ਤੇ ਸਕੀਮ ਵੀ ਹੈ ਅਤੇ ਬਾਕੀ ਸਾਰੀਆਂ ਐਮਰਜੈਂਸੀਆਂ ਇਸ ਵਿੱਚ ਕਵਰਡ ਹਨ।

**1130/Pawan sharma**

**ਮਾਣਯੋਗ ਸਪੀਕਰ**: ਪਲਾਟ ਵੇਚਣ ਤੋਂ ਵੀ ਬਚ ਰਹੇ ਹਨ। ਆਪ ਦੇ ਘਰ ਦੇ ਗਹਿਣੇ ਵੀ ਵੇਚਣ ਤੋਂ ਬਚ ਰਹੇ ਹਨ। ਮੰਤਰੀ ਜੀ।

**ਮੰਤਰੀ**: ਇਹ ਆਪਣੇ-ਆਪਣੇ ਹਲਕੇ ਵਿੱਚ ਵੱਧ ਤੋਂ ਵੱਧ ਲੋਕਾਂ ਦੇ ਕਾਰਡ ਬਣਾਉਣ ਅਤੇ ਲੋਕਾਂ ਦੀ ਅਸੀਸਾਂ ਲੈਣ।

**ਮਾਣਯੋਗ ਸਪੀਕਰ**: ਹਾਂ ਜੀ, ਗਿਆਸਪੁਰਾ ਸਾਹਿਬ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ**: ਬਹੁਤ-ਬਹੁਤ ਧੰਨਵਾਦ ਮੰਤਰੀ ਸਾਹਿਬ, ਮੈਨੂੰ ਲਗਦਾ ਹੈ ਕਿ ਸਾਡੇ ਦੇਸ਼ ਦੀ ਸਭ ਤੋਂ ਵੱਡੀ ਜਿਹੜੀ ਸੇਵਾ ਹੈ, ਉਹ ਗ਼ਰੀਬ ਲੋਕਾਂ ਦੀ ਕੀਤੀ ਜਾ ਰਹੀ ਹੈ। ਮੇਰਾ ਸਵਾਲ ਸੀ ਕਿ 880 ਹਸਪਤਾਲ ਇੰਪੈਨਲ ਵਿੱਚ ਹਨ, ਬੜੀ ਅੱਛੀ ਗੱਲ ਹੈ ਕਿ ਤੁਸੀਂ 92 ਹਸਪਤਾਲ ਹੋਰ ਸ਼ਾਮਲ ਕਰ ਰਹੇ ਹੋ। ਕਿ ਕੀ ਕੋਈ ਯੋਜਨਾ ਹੈ ਕਿ ਜਿਹੜੇ ਪੇਂਡੂ ਅਤੇ ਪਛੜੇ ਖੇਤਰ ਹਨ, ਉੱਥੇ ਹਸਪਤਾਲਾਂ ਨੂੰ ਪੈਨਲ ਵਿੱਚ ਸ਼ਾਮਲ ਕਰਕੇ ਉਨ੍ਹਾਂ ਨੂੰ ਕੋਈ ਰਾਹਤ ਦਿੱਤੀ ਜਾਵੇਗੀ। ਮੰਤਰੀ ਜੀ, 109 ਕਰੋੜ ਰੁਪਏ ਤੋਂ ਵੱਧ ਦੀ ਸਹਾਇਤਾ ਦੇ ਕੇ ਆਪ ਜੀ ਨੇ ਲੱਖਾਂ ਲੋਕਾਂ ਨੂੰ ਰਾਹਤ ਦਿੱਤੀ ਹੈ। ਕੀ ਸਰਕਾਰ ਦੀ ਭਵਿੱਖ ਵਿੱਚ ਹੋਰ ਗੰਭੀਰ ਬਿਮਾਰੀਆਂ ਨੂੰ ਇਨ੍ਹਾਂ ਵਿੱਚ ਜੋੜਨ ਦੀ ਕੋਈ ਚਰਚਾ ਹੈ। ਮੰਤਰੀ ਜੀ, 2 ਲੱਖ 83 ਹਜ਼ਾਰ 199 ਲਾਭਪਾਤਰੀਆਂ ਵਿੱਚੋਂ ਪਾਇਲ ਹਲਕੇ ਦੇ ਕਿੰਨੇ ਲਾਭਪਾਤਰੀ ਹਨ, ਜੇਕਰ ਤੁਸੀਂ ਲਿਸਟ ਦੇ ਦਿਓ ਤਾਂ ਬਹੁਤ ਮਿਹਰਬਾਨੀ ਹੋਵੇਗੀ। ਕੀ ਕੋਈ ਡਾਟਾ ਹੈ ਕਿ ਕਿੰਨੇ ਮਰੀਜ਼ਾਂ ਨੂੰ ਇੰਪੈਨਲ ਹਸਪਤਾਲ ਵਾਲੇ, ਇਲਾਜ ਤੋਂ ਇਨਕਾਰ ਕਰ ਰਹੇ ਹਨ ਜਾਂ ਪੈਸੇ ਜਮ੍ਹਾਂ ਕਰਵਾਉਣ ਦੇ ਲਈ ਮਜ਼ਬੂਰ ਕਰ ਰਹੇ ਹਨ। ਮੈਨੂੰ ਇੱਕ ਮਰੀਜ਼ ਦਾ ਹਸਪਤਾਲ ਵਿੱਚੋਂ ਫ਼ੋਨ ਆਇਆ ਕਿ ਹਸਪਤਾਲ ਵਾਲੇ ਐਡਮਿਟ ਨਹੀਂ ਕਰ ਰਹੇ ਹਨ। ਮੈਂ ਜਦੋਂ ਫੋਨ ਕੀਤਾ ਤਾਂ ਕਹਿੰਦੇ ਕਿ ਹੁਣੇ ਹੀ ਐਡਮਿਟ ਕਰਦੇ ਹਾਂ ਪਰ ਫਿਰ ਪਰਿਵਾਰ ਨੂੰ ਫੋਰਸ ਕਰਨ ਲੱਗ ਪਏ ਕਿ ਤੁਹਾਡੇ 10 ਕਿੱਲੇ ਜ਼ਮੀਨ ਹੈ ਤੇ ਤੁਹਾਨੂੰ ਸ਼ਰਮ ਨਹੀਂ ਆਵੇਗੀ ਕਿ ਤੁਸੀਂ ਫ੍ਰੀ ਵਿੱਚ ਆਪਣੇ ਪਿਤਾ ਦਾ ਇਲਾਜ ਕਰਵਾਉਗੇ। ਜਿਹੜੇ ਇਸ ਤਰ੍ਹਾਂ ਦੇ ਹਸਪਤਾਲ ਹਨ, ਕੀ ਅਸੀਂ ਉਨ੍ਹਾਂ ਤੇ ਕਾਰਵਾਈ ਕਰਨ ਲਈ ਕੋਈ ਮੈਕਨਿਜ਼ਮ ਬਣਾ ਰਹੇ ਹਾਂ। ਕੀ ਸਰਕਾਰ ਯਕੀਨੀ ਬਣਾਵੇਗੀ ਕਿ ਅਸੀਂ ਕੋਈ ਨਵਾਂ ਮੈਕਨਿਜ਼ਮ ਜਾਂ ਸਿਸਟਮ ਬਣਾਵਾਂਗੇ ਕਿ ਜਿਹੜੇ ਹਸਪਤਾਲ ਮਰੀਜ਼ਾਂ ਨੂੰ ਇਸ ਤਰ੍ਹਾਂ ਪਰੇਸ਼ਾਨ ਕਰਦੇ ਹਨ, ਉਨ੍ਹਾਂ ਤੇ ਕੋਈ ਸਖ਼ਤ ਕਾਰਵਾਈ ਹੋਵੇ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਬਹੁਤ ਸਾਰੇ ਸਵਾਲ ਪੁੱਛੇ ਹਨ, ਪਹਿਲੀ ਗੱਲ ਤਾਂ ਇਹ ਹੈ ਕਿ ਹਰ ਇੱਕ ਬੰਦੇ ਨੂੰ ਪਤਾ ਹੋਣਾ ਚਾਹੀਦਾ ਹੈ ਅਤੇ ਮੈਨੂੰ ਉਮੀਦ ਹੈ ਕਿ ਸਾਰੇ ਆਨਰੇਬਲ ਸਾਹਿਬ ਕੋਲ ਡਾਟਾ ਪਹੁੰਚ ਗਿਆ ਹੋਵੇਗਾ, ਡਿਸਟ੍ਰਿਕਟ ਵਾਈਜ਼ empanelled ਹਸਪਤਾਲਾਂ ਦੀ ਸੂਚੀ ਜਾਰੀ ਕੀਤੀ ਹੈ, ਇਸ ਸਬੰਧੀ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿਉਂਕਿ ਜਿਹੜਾ ਕੋਈ ਬੰਦਾ ਫ਼ਾਜ਼ਿਲਕਾ ਵਿੱਚ ਰਹਿੰਦਾ ਹੈ, ਉਸ ਨੂੰ ਮੋਹਾਲੀ ਜਾਂ ਗੁਰਦਾਸਪੁਰ ਦੇ ਹਸਪਤਾਲਾਂ ਨਾਲ ਕੋਈ ਲੈਣਾ ਦੇਣਾ ਨਹੀਂ ਹੁੰਦਾ, ਉਹ ਆਪਣੇ ਡਿਸਟ੍ਰਿਕਟ ਦੀ ਲਿਸਟ ਦੇਖ ਸਕਦਾ ਹੈ। ਜਿੱਥੋਂ ਤੱਕ ਹਸਪਤਾਲਾਂ ਦੀ ਗੱਲ ਹੈ, ਇਹ ਉਨ੍ਹਾਂ ਦਾ ਵਲੰਟੀਅਰ ਹੈ, ਅਸੀਂ ਕਿਸੇ ਨੂੰ ਫੋਰਸ ਨਹੀਂ ਕਰ ਸਕਦੇ, ਇਹ ਸਕੀਮ ਨੈਸ਼ਨਲ ਲੈਵਲ ਤੇ ਵਲੰਟੀਅਰ ਹੈ। ਤੁਸੀਂ ਜਿਹੜੇ ਐਮ.ਐਲ.ਏ. ਸਾਹਿਬਾਨ ਹੋ, ਤੁਸੀਂ ਉਨ੍ਹਾਂ ਨੂੰ ਮਿਲ ਕੇ explain ਕਰ ਸਕਦੇ ਹੋ। ਹੁਣ ਹਸਪਤਾਲਾਂ ਦੀ ਲਾਈਨ ਲੱਗੀ ਹੈ ਕਿਉਂਕਿ ਜਿਸ ਦੇ ਕੋਲ ਸਕੀਮ ਨਹੀਂ ਹੈ, ਉਸ ਦਾ ਕੰਮ ਬਹੁਤ ਘੱਟ ਗਿਆ ਹੈ। ਸੋ, gradually ਹੌਲੀ ਹੌਲੀ ਸਾਰੇ ਇਸ ਸਕੀਮ ਵਿੱਚ ਆ ਜਾਣਗੇ। ਸਰ, ਇਨ੍ਹਾਂ ਨੇ ਜਿਹੜੀ ਖਾਸ ਕਰਕੇ

ਪੇਂਡੂ ਖੇਤਰਾਂ ਦੀ ਗੱਲ ਕੀਤੀ ਹੈ, ਅਸੀਂ Hub and Spoke ਵਿੱਚ, ਜਿਹੜੇ ਹਾਰਟ ਅਟੈਕ ਦੇ ਮਰੀਜ਼ ਹਨ ਅਤੇ ਜਿਹੜੀ ਸਭ ਤੋਂ ਕਾਮਨ ਕੰਡੀਸ਼ਨ ਹੈ, ਤਕਰੀਬਨ ਇੱਕ ਹਜ਼ਾਰ ਮੁਲਾਜ਼ਮਾਂ, ਡਾਕਟਰਾਂ, ਨਰਸਾਂ ਨੂੰ ਸਿਖਲਾਈ ਦਿੱਤੀ ਹੈ। ਆਹ ਦਸੂਹੇ ਵਾਲੇ ਐਮ.ਐਲ.ਏ. ਬੈਠੇ ਹਨ। ਸਰ, ਤਰਨਤਾਰਨ ਵਿੱਚ ਜਦੋਂ ਕੋਈ ਮਰੀਜ਼ ਆਉਂਦਾ ਹੈ ਤਾਂ ਉਸ ਦਾ ਈ.ਸੀ.ਜੀ. ਕਰਕੇ ਗਰੁੱਪ ਵਿੱਚ ਪਾ ਦਿੰਦੇ ਹਨ। ਉਸ ਨੂੰ cardiologist ਦੇਖ ਕੇ, 30 ਹਜ਼ਾਰ ਰੁਪਏ ਦਾ ਟੀਕਾ ਲੱਗਦਾ ਹੈ, immediately ਮਰੀਜ਼ ਨੂੰ ਸਰਕਾਰੀ ਮੈਡੀਕਲ ਕਾਲਜ ਪਟਿਆਲਾ, ਅੰਮ੍ਰਿਤਸਰ, ਫ਼ਰੀਦਕੋਟ ਭੇਜ ਦਿੰਦੇ ਹਨ, ਉੱਥੇ ਸਟੰਟ ਫ੍ਰੀ ਪੈ ਜਾਂਦਾ ਹੈ। Otherwise ਕੀ ਹੁੰਦਾ ਸੀ ਕਿ ਲੋਕ ਪੈਸੇ ਇਕੱਠੇ ਕਰਦੇ ਰਹਿੰਦੇ ਸੀ ਅਤੇ tissue damage ਹੋ ਜਾਂਦਾ ਸੀ। ਹੁਣ ਅਸੀਂ hub and Spoke ਵਿੱਚ, ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਕਹਿੰਦਾ ਹਾਂ ਕਿ ਤੁਸੀਂ ਆਪਣਾ ਇੱਕ ਸੈਂਟਰ, ਜਿਹੜਾ 24 ਘੰਟੇ ਕਾਰਜਸ਼ੀਲ ਹੋਵੇ, ਬਣਾਓ। ਅਸੀਂ ਤੁਹਾਨੂੰ ਸਟਾਫ ਨਰਸਿਜ਼ ਵੀ ਦੇਵਾਂਗੇ, ਡਾਕਟਰਜ਼ ਵੀ ਦੇਵਾਂਗੇ। ਉਹ ਸਾਰੀ ਐਮਰਜੈਂਸੀ (ਹਾਰਟ ਵਾਲੇ ਮਰੀਜ਼ ਜਾਂ ਦੂਜੇ ਮਰੀਜ਼) ਅਟੈਂਡ ਕਰਨਗੇ। ਤੁਸੀਂ ਥੋੜ੍ਹਾ ਜਿਹਾ prohibitive ਹੋ ਕੇ, ਜਿੱਥੇ ਤੁਸੀਂ ਕਹੋਗੇ, ਜਿਹੜਾ ਡਾਕਟਰ ਵਿਲਿੰਗ ਹੈ, ਅਸੀਂ ਉਸ ਨੂੰ empanelled ਵੀ ਕਰ ਦਿਆਂਗੇ। ਹੋਰ ਬਹੁਤ ਜਗ੍ਹਾ ਤੇ, 182 ਲੋਕ ਇਸ ਤਰ੍ਹਾਂ ਹੀ ਐਮ.ਐਲ.ਏ. ਸਾਹਿਬਾਨ ਨੇ ਮੈਨੂੰ ਕਹਿ ਕੇ ਹਸਪਤਾਲ empanelled ਕਰਵਾਏ ਹਨ ਕਿਉਂਕਿ ਸਾਡੇ ਡਾਕਟਰ ਹਸਪਤਾਲ ਵਿੱਚ ਕੰਮ ਕਰਨ ਲਈ ਤਿਆਰ ਹਨ। They are earning well. ਗੌਰਮਿੰਟ ਟਾਈਮ ਸਿਰ ਪੇਅ ਕਰ ਰਹੀ ਹੈ। ਲੋਕਾਂ ਨੂੰ ਇਲਾਜ ਮਿਲ ਰਿਹਾ ਹੈ। ਸੋ, ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਕਹਿੰਦਾ ਹਾਂ ਕਿ ਤੁਸੀਂ ਆਪਣਾ ਇੱਕ ਇੱਕ ਸੈਂਟਰ 24 ਘੰਟਿਆਂ ਵਾਲਾ ਬਣਾਓ। ਮੈਨੂੰ ਜਦੋਂ ਮਰਜ਼ੀ ਕੰਟੈਕਟ ਕਰੋ, ਮੈਂ ਤੁਹਾਨੂੰ ਬਣਾ ਕੇ ਦੇਵਾਂਗਾ। ਗਿਆਸਪੁਰਾ ਜੀ ਦੇ ਦੋ ਬਣਾ ਕੇ ਦੇਵਾਂਗਾ। ਠੀਕ ਹੈ ਜੀ ਕਿਉਂਕਿ ਇਨ੍ਹਾਂ ਦਾ ਦੂਜਾ ਸੈਂਟਰ ਮੇਨ ਰੋਡ ਉੱਤੇ ਹੈ।

**ਮਾਣਯੋਗ ਸਪੀਕਰ**: ਥੈਂਕ ਯੂ, ਥੈਂਕ ਯੂ। ਠੀਕ ਹੈ ਗਿਆਸਪੁਰਾ ਜੀ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ**: ਮੰਤਰੀ ਸਾਹਿਬ, ਨਾਲ ਤੁਸੀਂ ਬੋਨਸ ਵੀ ਦਿੱਤਾ ਹੈ। ਥੈਂਕ ਯੂ ਜੀ।

**ਮਾਣਯੋਗ ਸਪੀਕਰ**: ਅੱਜ ਖ਼ੁਸ਼ ਲੱਗਦੇ ਹੋ। ਸੋ, ਬਹੁਤ ਧੰਨਵਾਦ। ਇਸ ਸਕੀਮ ਦਾ ਫ਼ਾਇਦਾ ਆਮ ਲੋਕਾਂ ਨੂੰ, ਗ਼ਰੀਬ ਲੋਕਾਂ ਨੂੰ ਬਹੁਤ ਹੈ ਜੀ। ਮੈਂ ਮੈਡੀਕਲ ਕਾਲਜ, ਫ਼ਰੀਦਕੋਟ ਗਿਆ। ਉੱਥੇ ਮੈਨੂੰ ਇਹ ਦੱਸਿਆ ਗਿਆ ਕਿ 80 ਪਰਸੈਂਟ ਲੋਕਾਂ ਦੇ ਮੁੱਖ ਮੰਤਰੀ ਸਿਹਤ ਬੀਮਾ ਸਕੀਮ ਅਧੀਨ ਫ੍ਰੀ ਇਲਾਜ ਹੋ ਰਹੇ ਹਨ ਲੇਕਿਨ ਅਜੇ ਲੋਕਾਂ ਨੇ ਕਾਰਡ ਬਹੁਤ ਘੱਟ ਬਣਾਏ ਹਨ। ਸੋ, ਮੈਂ ਇੱਥੋਂ ਵੀ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਆਪਾਂ ਕੈਂਪ ਲਗਵਾ ਕੇ ਇਹ ਕਾਰਡ ਬਣਵਾਈਏ। ਬਾਜਵਾ ਜੀ, ਜੇ ਮੈਨੂੰ ਲੋੜ ਪਈ ਤਾਂ ਮੈਂ ਆਪਣੇ ਗੋਡੇ ਉੱਥੋਂ ਬਦਲਾ ਲਵਾਂਗਾ, ਤੁਹਾਨੂੰ ਪਤਾ ਨਹੀਂ ਕੀਹਨੇ ਕਹਿ ਦਿੱਤਾ ਕਿ ਮੈਂ ਬਾਹਰੋਂ ਬਦਲਾ ਲਿਆਇਆ ਹਾਂ। (Laughter) ਪਰ ਅਜੇ ਮੈਨੂੰ ਲੋੜ ਨਹੀਂ ਪਈ, (Laughter) ਐਕਸਰਸਾਈਜ਼ ਵੀ ਜੇਕਰ ਆਪਾਂ ਕਰੀਏ, ਸਾਈਕਲ ਚਲਾਈਏ ਤਾਂ ਗੋਡੇ ਠੀਕ ਰਹਿੰਦੇ ਹਨ। (ਹਾਸਾ)।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਬੈਠੇ-ਬੈਠੇ)**: ਉਹ ਤਾਂ ਹੈ ਹੀ, ਇੰਨੇ ਮਜ਼ਬੂਤ ਹਨ। (ਹਾਸਾ)

**1135/Beant kaur**

**ਮਾਣਯੋਗ ਸਪੀਕਰ:** ਇਕ ਗੋਡਿਆਂ ਦੇ ਇਲਾਜ ਵਾਲਾ ਪ੍ਰਾਈਵੇਟ ਹਸਪਤਾਲ ਵਾਲਾ ਤੁਹਾਨੂੰ ਕੋਟ ਕਰਕੇ ਆਪਣੀ ਮਸ਼ਹੂਰੀ ਕਰੀ ਜਾਂਦਾ ਹੈ।(ਹਾਸਾ) ਇਕ ਹੋਰ ਗੱਲ ਮੇਰੇ ਮਨ ਵਿੱਚ ਆਈ ਹੈ। ਇਹ ਵਲੰਟਰੀ ਸਕੀਮ ਹੈ ਕਿ ਕਿਹੜੇ

ਹਸਪਤਾਲ ਨੇ ਇੰਪੈਂਨਲ ਹੋਣਾ ਹੈ ਜਾਂ ਨਹੀਂ ਹੋਣਾ, ਆਪਾਂ ਕਿਸੇ ਨੂੰ ਫੋਰਸ ਨਹੀਂ ਕਰ ਸਕਦੇ ਪਰ ਜਿਹੜੇ ਜਿਹੜੇ ਸਟੇਟ ਦੇ ਚੰਗੇ ਪ੍ਰਾਈਵੇਟ ਹਸਪਤਾਲ ਆਪ ਐਮਪੈਂਨਲ ਹੋਏ ਹਨ, ਉਨ੍ਹਾਂ ਨੂੰ ਸਨਮਾਨਿਤ ਤਾਂ ਕਰ ਦਿਓ। ਉਨ੍ਹਾਂ ਦਾ ਧੰਨਵਾਦ ਕਰ ਦਿਓ ਕਿਉਂਕਿ ਉਨ੍ਹਾਂ ਨੇ ਸੇਵਾ ਵਾਲੀ ਗੱਲ ਕੀਤੀ ਹੈ।

**ਮੰਤਰੀ :** ਸਰ, ਪਹਿਲੀ ਜੁਲਾਈ ਨੂੰ National Doctor's Day ਹੁੰਦਾ ਹੈ, ਡਾ. ਬੀ.ਸੀ ਰੋਏ, ਜੋ ਕਿ ਫਰੀਡਮ ਫਾਈਟਰ ਵੀ ਸਨ ਅਤੇ ਬੰਗਾਲ ਦੇ ਚੀਫ਼ ਮਨਿਸਟਰ ਵੀ ਰਹੇ ਹਨ, ਉਨ੍ਹਾਂ ਦਾ ਜਨਮ ਦਿਨ ਅਤੇ death anniversary same day ਤੇ ਸੀ, that is the Doctor's Day. ਉਸ ਦਿਨ ਅਸੀਂ ਪ੍ਰਾਈਵੇਟ ਡਾਕਟਰ, ਜਿਹੜੇ ਅੱਛਾ ਕੰਮ ਕਰਦੇ ਹਨ, ਉਨ੍ਹਾਂ ਨੂੰ ਬੁਲਾ ਕੇ ਸਨਮਾਨਿਤ ਕਰਦੇ ਹਾਂ।

**ਮਾਣਯੋਗ ਸਪੀਕਰ** : ਜਿਹੜੇ ਇਸ ਸਕੀਮ ਅਧੀਨ ਲੋਕਾਂ ਨੂੰ ਲਾਭ ਦੇ ਰਹੇ ਹਨ। ਠੀਕ ਹੈ ਜੀ। Thank you.

---

## ਬਰਨਾਲਾ ਸ਼ਹਿਰ ਵਿੱਚ ਬਰਸਾਤੀ ਪਾਣੀ ਦੀ ਨਿਕਾਸੀ ਦੇ ਪੱਕੇ ਪ੍ਰਬੰਧ ਕਰਨਾ

***1972. ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਰਨਾਲਾ ਸ਼ਹਿਰ ਵਿੱਚ ਬਾਰਿਸ਼ ਹੋਣ ਕਾਰਨ ਬਰਨਾਲੇ ਦੇ ਕਾਲਜ ਰੋਡ, ਆਈ.ਟੀ.ਆਈ. ਚੌਂਕ ਅਤੇ ਨੀਵੇਂ ਇਲਾਕਿਆਂ ਵਿੱਚ ਕਈ-ਕਈ ਫੁੱਟ ਪਾਣੀ ਭਰ ਜਾਂਦਾ ਹੈ, ਜਿਸ ਨਾਲ ਕਰੋੜਾਂ ਰੁਪਏ ਦੀ ਲਾਗਤ ਵਾਲਾ ਨਿਕਾਸੀ ਸਿਸਟਮ ਫੇਲ ਸਾਬਿਤ ਹੋ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਇਸ ਸਮੱਸਿਆ ਨੂੰ ਹੱਲ ਕਰਨ ਲਈ ਸੀਵਰੇਜ ਅਤੇ ਬਰਸਾਤੀ ਪਾਣੀ ਦੀ ਨਿਕਾਸੀ ਦੇ ਪੱਕੇ ਪ੍ਰਬੰਧ ਕਰਨ ਲਈ ਕੋਈ ਕਦਮ ਚੁੱਕ ਰਹੀ ਹੈ; ਵੇਰਵੇ ਸਿਹਤ ਦੱਸਿਆ ਜਾਵੇ?

**ਸਰਦਾਰ ਹਰਜੋਤ ਸਿੰਘ ਬੈਂਸ :** ਬਰਨਾਲਾ ਸ਼ਹਿਰ ਦੀ ਆਬਾਦੀ ਲਗਭਗ 1,55,000 ਹੈ ਅਤੇ ਸ਼ਹਿਰ ਦੇ ਕਰੀਬ 87% ਖੇਤਰ ਵਿੱਚ ਸੀਵਰੇਜ ਨੈੱਟਵਰਕ ਮੌਜੂਦ ਹੈ। ਮੌਜੂਦਾ ਸੀਵੇਜ ਟ੍ਰੀਟਮੈਂਟ ਪਲਾਂਟ (STP) ਅਤੇ ਸੀਵਰੇਜ ਨੈੱਟਵਰਕ ਠੀਕ ਚੱਲ ਰਿਹਾ ਹੈ। ਕਿਉਂ ਜੋ ਸ਼ਹਿਰ ਵਿੱਚ ਬਰਸਾਤੀ ਪਾਣੀ ਦਾ ਉਚਿਤ ਨਿਕਾਸੀ ਨੈੱਟਵਰਕ ਨਹੀਂ ਹੈ, ਇਸ ਕਰਕੇ ਬਾਰਿਸ਼ ਦਾ ਪਾਣੀ ਸੜਕਾਂ 'ਤੇ ਬਣੇ ਗਲੀ ਚੈਂਬਰਾਂ ਰਾਹੀਂ ਸੀਵਰ ਲਾਈਨਾਂ ਵਿੱਚ ਦਾਖਲ ਹੋ ਜਾਂਦਾ ਹੈ, ਜਿਸ ਨਾਲ ਬਰਸਾਤ ਦੇ ਮੌਸਮ ਵਿੱਚ ਅਸਥਾਈ ਓਵਰਫ਼ਲੋਅ ਦੀ ਸਥਿਤੀ ਬਣਦੀ ਹੈ, ਜਿਸ ਦਾ ਕੁਝ ਸਮੇਂ ਬਾਅਦ ਮੌਜੂਦਾ ਸੀਵਰ ਲਾਈਨਾਂ ਰਾਹੀਂ ਨਿਕਾਸ ਹੋ ਜਾਂਦਾ ਹੈ। ਆਬਾਦੀ ਵਿੱਚ ਵਾਧੇ ਅਤੇ ਭਵਿੱਖ ਦੀ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ 69.64 ਕਰੋੜ ਰੁਪਏ ਦੀ ਲਾਗਤ ਨਾਲ ਅਮਰੁਤ 2.0 ਸਕੀਮ ਅਧੀਨ 64.50 ਕਿਲੋਮੀਟਰ ਨਵੀਆਂ ਸੀਵਰ ਲਾਈਨਾਂ ਵਿਛਾਉਣ ਦਾ ਕੰਮ ਜਾਰੀ ਹੈ। ਇਹ ਕੰਮ ਦਸੰਬਰ 2027 ਤੱਕ ਪੂਰਾ ਹੋ ਜਾਵੇਗਾ, ਜਿਸ ਉਪਰੰਤ ਸੀਵਰੇਜ ਓਵਰਫਲੋ ਦੀ ਆ ਰਹੀ ਸਮੱਸਿਆ ਦਾ ਨਿਪਟਾਰਾ ਹੋ ਜਾਵੇਗਾ।

ਮਾਣਯੋਗ ਸਪੀਕਰ ਸਾਹਿਬ, ਮਾਣਯੋਗ ਵਿਧਾਇਕ ਸਾਹਿਬ ਨੇ ਪੁੱਛਿਆ ਸੀ ਕਿ ਹੋਰ ਕੀ ਕੀ ਪ੍ਰਬੰਧ ਕੀਤੇ ਗਏ ਹਨ, ਮੈਂ ਪਿਛਲੀ ਮੀਟਿੰਗ ਵਿੱਚ ਵੀ ਦੱਸਿਆ ਸੀ ਕਿ ਇਸ ਵਾਰੀ ਮਾਨਸੂਨ ਨੂੰ ਦੇਖਦੇ ਹੋਏ ਅਸੀਂ ਪੂਰੇ ਪੰਜਾਬ ਵਿੱਚ ਪਹਿਲੀ ਵਾਰੀ ਵਿਭਾਗ ਵੱਲੋਂ ਮਾਸ ਲੈਵਲ ਤੇ ਡੀਸਿਲਟਿੰਗ ਕਰਵਾਈ ਜਾ ਰਹੀ ਹੈ। ਦੂਜਾ, ਅਗਰ ਬਰਸਾਤ ਪੈ ਰਹੀ

ਹੈ ਅਤੇ ਐਸਟੀਪੀਜ਼ ਦਾ ਮੇਨ ਪੰਪਿੰਗ ਸਟੇਸ਼ਨ ਚਲਦਾ ਰਹੇਗਾ ਤਾਂ 90% ਚਾਂਸ ਹੈ ਕਿ ਪਾਣੀ ਖੜ੍ਹਾ ਨਹੀਂ ਰਹੇਗਾ। ਅਕਸਰ ਕੀ ਦੇਖਿਆ ਗਿਆ ਸੀ ਕਿ ਮੋਟਰਾਂ ਬੰਦ ਹੁੰਦੀਆਂ ਸਨ। ਸੋ, ਅਸੀਂ ਸਾਰੇ ਪੰਜਾਬ ਦੇ ਐਸਟੀਪੀਜ਼ ਦੇ ਮੇਨ ਪੰਪਿੰਗ ਸਟੇਸ਼ਨਾਂ ਤੇ ਸੈਂਸਰ ਲਗਵਾ ਦਿੱਤੇ ਹਨ। ਸੈਕਟਰ 35 ਦਾ ਜਿਹੜਾ ਲੋਕਲ ਬਾਡੀਜ਼ ਦਾ ਆਫਿਸ ਹੈ, ਉਥੇ ਕੰਟਰੋਲ ਰੂਮ ਬਣਾਇਆ ਗਿਆ ਹੈ। ਤੁਸੀਂ ਕਿਸੇ ਵੀ ਲੋਕਲ ਬਾਡੀਜ਼ ਦਾ ਐਸਟੀਪੀ ਲਾਈਵ ਚੈੱਕ ਕਰ ਸਕਦੇ ਹੋ। ਸਟੈਂਡਿੰਗ ਇੰਸਟ੍ਰਕਸ਼ਨਾਂ ਹਨ ਕਿ ਜੇਕਰ ਬਿਜਲੀ ਜਾਂਦੀ ਹੈ ਤਾਂ ਉਥੇ ਜੈਨਸੈੱਟ ਅਤੇ ਡੀਜ਼ਲ ਦਾ ਬੰਦੋਬਸਤ ਹੋਣਾ ਚਾਹੀਦਾ ਹੈ ਤਾਂ ਕਿ ਕਿਸੇ ਵੀ ਹਾਲਤ ਵਿੱਚ ਮੇਨ ਪੰਪਿੰਗ ਸਟੇਸ਼ਨ ਬੰਦ ਨਾ ਹੋਵੇ। ਅਗਰ ਮੇਨ ਪੰਪਿੰਗ ਸਟੇਸ਼ਨ ਚਲਦਾ ਰਹੇਗਾ ਤਾਂ ਓਵਰ ਫਲੋ ਦਾ ਅਸਰ ਬਹੁਤ ਘੱਟ ਜਾਵੇਗਾ। ਧੰਨਵਾਦ।

**ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ** : ਸਰ, ਬਰਨਾਲਾ ਸ਼ਹਿਰ ਵਿੱਚ ਜਿਹੜਾ ਐਸਟੀਪੀ ਲੱਗਿਆ ਸੀ, ਉਹ 10 ਸਾਲ ਪਹਿਲਾਂ ਲੱਗਿਆ ਸੀ। ਉਸ ਦੀ ਕੈਪੇਸਿਟੀ per day 20MLD ਹੈ ਲੇਕਿਨ ਇਸ ਵਕਤ ਸ਼ਹਿਰ ਦਾ ਸੀਵਰੇਜ ਦਾ ਪਾਣੀ ਲਗਭਗ 32MLD ਹੈ। ਸੋ, ਇਹ ਐਸਟੀਪੀ ਉਸ ਪਾਣੀ ਨੂੰ ਖਿੱਚ ਰਿਹਾ ਹੈ ਪਰ ਜਦੋਂ ਬਰਸਾਤੀ ਪਾਣੀ ਵਿੱਚ ਪੈ ਜਾਂਦਾ ਹੈ ਤਾਂ ਸਾਰਾ ਚੋਕ ਹੋ ਜਾਂਦਾ ਹੈ। ਅਸੀਂ ਅਮਰੁਤ 1.0 ਅਤੇ 2.0 ਵਿੱਚ ਉਥੇ ਕਰੋੜਾਂ ਰੁਪਿਆ ਖਰਚ ਕਰ ਦਿੱਤਾ ਹੈ ਲੇਕਿਨ ਅੱਜ ਸਿਰਫ ਬਰਨਾਲੇ ਸ਼ਹਿਰ ਦਾ ਹੀ ਨਹੀਂ, ਦੂਜੇ ਸ਼ਹਿਰਾਂ ਦੇ ਵਿਧਾਇਕ ਵੀ ਬੈਠੇ ਹਨ, ਉਹ ਵੀ ਤੁਹਾਨੂੰ ਦੱਸ ਦੇਣਗੇ ਕਿ ਪੂਰੇ ਪੰਜਾਬ ਵਿੱਚ ਸੀਵਰੇਜ ਸਿਸਟਮ ਦਾ ਬੁਰਾ ਹਾਲ ਹੈ। ਮੈਨੂੰ ਪਤਾ ਲੱਗਿਆ ਹੈ ਕਿ ਸੀਵਰੇਜ ਦਾ ਡਿਜ਼ਾਇਨ ਹਾਲੇ ਵੀ 40 ਸਾਲ ਪੁਰਾਣਾ ਹੀ ਚੱਲ ਰਿਹਾ ਹੈ। ਅੱਜ ਸਾਨੂੰ ਲੋੜ ਹੈ ਕਿ ਜਿਹੜਾ ਅਮਰੁਤ 2.0 ਵਿੱਚ ਸੀਵਰੇਜ ਪਾ ਰਹੇ ਹਾਂ, ਉਸ ਨੂੰ ਆਉਣ ਵਾਲੇ ਸਮੇਂ ਦੇ ਹਿਸਾਬ ਨਾਲ ਡਿਜ਼ਾਇਨ ਕੀਤਾ ਜਾਣਾ ਚਾਹੀਦਾ ਹੈ।

ਦੂਜਾ, ਬਰਨਾਲ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ, ਵਿਚਾਲੇ ਤੋਂ ਰੇਲਵੇ ਲਾਈਨ ਨਿਕਲਦੀ ਹੈ। ਮੌਜੂਦਾ ਐਸਟੀਪੀ ਦੀ ਜਾਂ ਤਾਂ ਕੈਪੇਸਿਟੀ ਵਧਾਈ ਜਾਵੇ ਜਾਂ ਇਸ ਰੇਲਵੇ ਲਾਈਨ ਤੋਂ ਸੰਗਰੂਰ ਵਾਲੇ ਪਾਸੇ ਦਾ ਹਿੱਸਾ ਹੈ, ਉੱਥੇ ਟ੍ਰਾਈਡੈਂਟ ਫੈਕਟਰੀ ਦੇ ਨੇੜੇ ਜਿਹੜੀ ਡਰੇਨ ਹੈ, ਉੱਥੇ ਨਵਾਂ ਐਸਟੀਪੀ ਲਗਾਇਆ ਜਾਵੇ ਤਾਂ ਜੋ ਇਸ ਪ੍ਰਕਾਰ ਸੀਵਰੇਜ ਦੇ ਪਾਣੀ ਦਾ ਨਿਕਾਸ ਸਹੀ ਤਰੀਕੇ ਨਾਲ ਹੋਵੇ। ਮੈਨੂੰ ਨਹੀਂ ਲਗਦਾ ਕਿ ਬਰਸਾਤ ਦੇ ਪਾਣੀ ਵਾਸਤੇ ਸਟਾਰਮ ਸੀਵਰ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ ਕਿਉਂਕਿ ਜਿੱਥੇ ਆਲਰੇਡੀ ਸੀਵਰੇਜ ਪੈ ਚੁੱਕਿਆ ਹੈ, ਉਥੇ ਇਹ ਨਹੀਂ ਪੈ ਸਕਦਾ।

**ਮਾਣਯੋਗ ਸਪੀਕਰ** : ਸਵਾਲ ਪੁੱਛੋ।

**ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ** : ਸਰ, ਮੈਂ ਸਵਾਲ ਤੇ ਹੀ ਆਵਾਂਗਾ। ਮੈਂ ਚਾਹੁੰਦਾ ਹੈ ਕਿ ਜਿੱਥੇ ਅਸੀਂ ਨਵਾਂ ਸੀਵਰ ਪਾਉਣਾ ਹੈ, ਜੇਕਰ ਹੋ ਸਕੇ ਤਾਂ ਸਾਨੂੰ ਸਟਾਰਮ ਸੀਵਰ ਦੀ ਵਿਵਸਥਾ ਬਣਾਉਣੀ ਚਾਹੀਦੀ ਹੈ। ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਨੂੰ ਬਰਨਾਲਾ ਸ਼ਹਿਰ ਦੀ ਵਧਦੀ ਅਬਾਦੀ ਦੇ ਹਿਸਾਬ ਨਾਲ ਪਾਣੀ ਦੇ ਨਿਕਾਸ ਲਈ ਨਵਾਂ ਐਸ.ਟੀ.ਪੀ. ਕਦੋਂ ਤੱਕ ਲਗਾ ਕੇ ਦੇਣਗੇ? ਮੈਂ ਤੁਹਾਨੂੰ ਇਕ ਵੀਡੀਓ ਭੇਜ ਦਿੰਦਾ ਹਾਂ। ਜੋ ਕਿ ਕੱਲ੍ਹ ਲੋਕਾਂ ਨੇ ਮੈਨੂੰ ਰਸਤੇ ਵਿੱਚ ਆਉਂਦੇ ਹੋਏ ਭੇਜੀਆਂ ਸੀ। ਅਜੇ ਤਾਂ ਉੱਥੇ ਬਰਸਾਤ ਵੀ ਨਹੀਂ ਪਈ, ਫਿਰ ਵੀ ਗਲੀਆਂ ਵਿੱਚ ਸੀਵਰੇਜ ਦਾ ਪਾਣੀ ਖੜ੍ਹਾ ਹੈ। ਮੈਂ ਪਰਟੀਕੁਲਰ ਥਾਵਾਂ ਵੀ ਦੱਸ ਦਿੰਦਾ ਹਾਂ। ਸੇਖਾਂ ਰੋਡ ਗਲ਼ੀ ਨੰਬਰ 4 ਵਿੱਚੋਂ ਮੈਨੂੰ ਫੋਨ ਆਇਆ ਹੈ।

**1140/Karamjit kaur**

**ਮਾਣਯੋਗ ਸਪੀਕਰ:** ਤੁਸੀਂ ਆਪਣਾ ਸਵਾਲ ਪੁੱਛੋ ਜੀ।

**ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ:** ਸਰ, ਮੈਂ ਸਵਾਲ ਤੇ ਹੀ ਆਉਂਦਾ ਹਾਂ।

**ਮਾਣਯੋਗ ਸਪੀਕਰ:** ਮੰਤਰੀ ਜੀ, ਜੇ ਤੁਹਾਨੂੰ ਇਨ੍ਹਾਂ ਦੇ ਸਵਾਲ ਦੀ ਸਮਝ ਲੱਗੀ ਹੈ ਤਾਂ ਜਵਾਬ ਦੇ ਦਿਓ। ਮਤਲਬ ਕਿ ਕੁਐਸ਼ਚਨ ਆਵਰ ਵਿੱਚ ਭਾਸ਼ਣ ਦੇਣ ਦਾ ਸਮਾਂ ਨਹੀਂ ਹੁੰਦਾ। ਤੁਸੀਂ ਹੁਣ ਨਵੇਂ ਐਮ.ਐਲ.ਏ. ਨਹੀਂ ਹੋ। ਤੁਸੀਂ ਕਈ ਸੈਸ਼ਨਜ ਅਟੈਂਡ ਕਰ ਲਏ ਹਨ। You should know how to ask the question. (ਵਿਘਨ) No, no. ਤੁਸੀਂ ਆਪਣੀ ਸਮੱਸਿਆ ਬਾਰੇ ਮੰਤਰੀ ਜੀ ਨੂੰ ਮਿਲ ਕੇ ਦੱਸ ਦਿਓ। ਹੁਣ ਕੁਐਸ਼ਚਨ ਪੁੱਛੋ।

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਜੋ ਸਾਡੇ ਮਾਣਯੋਗ ਵਿਧਾਇਕ ਢਿੱਲੋਂ ਸਾਹਿਬ ਨੇ about the swerage designs, ਜੋ ਸੁਜੈਸ਼ਨਜ ਦਿੱਤੀਆਂ ਹਨ, ਉਨ੍ਹਾਂ ਨੂੰ ਮੈਂ ਵੈਰੀਫਾਈ ਵੀ ਕਰਵਾ ਲੈਂਦਾ ਹਾਂ। ਸੈਕਿੰਡ, ਜੋ ਇਨ੍ਹਾਂ ਨੇ ਬਰਨਾਲੇ ਸ਼ਹਿਰ ਦੀ ਸਮੱਸਿਆ ਦੱਸੀ ਹੈ, ਉਸ ਦੇ ਉੱਤੇ ਵੀ ਅਸੀਂ ਐਸ.ਟੀ.ਪੀ. ਦੀ ਕੈਪੇਸਿਟੀ ਚੈੱਕ ਕਰਵਾ ਲੈਂਦੇ ਹਾਂ। ਅਗਰ ਉੱਥੇ ਆਬਾਦੀ ਵੱਧ ਰਹੀ ਹੈ ਤਾਂ ਇਨ੍ਹਾਂ ਦੀ ਬਹੁਤ ਜੈਨੂਅਨ ਡਿਮਾਂਡ ਹੈ । ਅਸੀਂ ਉਸ ਨੂੰ ਕਰਾਂਗੇ। ਸੀਵਰ ਲਾਈਨਜ ਆਲਰੈਡੀ ਉੱਥੇ 70 ਕਰੋੜ ਰੁਪਏ ਦੀਆਂ ਪੈ ਰਹੀਆਂ ਹਨ। ਥੈਂਕ ਯੂ, ਸਰ।

**ਰਾਣਾ ਗੁਰਜੀਤ ਸਿੰਘ:** ਸਪੀਕਰ ਸਾਹਿਬ, ਗੱਲ ਇਕੱਲੇ ਬਰਨਾਲੇ ਦੀ ਹੀ ਨਹੀਂ ਹੈ। ਇਹ ਸਾਰੇ ਪੰਜਾਬ ਦੀ ਗੱਲ ਹੈ। ਇਹ ਸਮੱਸਿਆ ਪੂਰੇ ਪੰਜਾਬ ਵਿੱਚ ਹੈ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅੱਜ ਤੋਂ 20 ਸਾਲ ਪਹਿਲਾਂ ਵੀ ਅਸੀਂ ਇਹੀ ਗੱਲਾਂ ਕਰਦੇ ਸੀ। ਉਨ੍ਹਾਂ 20 ਸਾਲਾਂ ਵਿੱਚੋਂ ਪੂਰੇ 20 ਸਾਲ ਤੁਸੀਂ ਤਾਂ ਨਹੀਂ ਟਪਾਏ। ਇਨ੍ਹਾਂ ਵਿੱਚੋਂ ਤੁਹਾਡੇ ਸਾਢੇ 4 ਸਾਲ ਬਣਦੇ ਹਨ। ਇਨ੍ਹਾਂ ਸਾਢੇ 4 ਸਾਲਾਂ ਵਿੱਚ ਸਰਕਾਰ ਨੇ ਕੋਈ ਸਕੀਮ ਬਣਾਈ ਹੋਵੇ? ਤੁਸੀਂ ਵੇਖੋ, ਸਿਰਫ ਬਰਸਾਤ ਦੇ ਮੌਸਮ ਵਿੱਚ ਖਾਲੀ ਮੌਨੀਟਰ ਕਰੋ ਅਤੇ ਇਹ ਸਹੀ ਨਹੀਂ ਹੈ ਕਿ ਸਿਰਫ ਉਦੋਂ ਐਸ.ਟੀ.ਪੀ. ਪਾਣੀ ਚੁੱਕ ਕੇ ਬਾਹਰ ਸੁੱਟ ਦੇਵੇ। ਇਸ ਦਾ ਮਤਲਬ ਹੈ ਕਿ ਅਸੀਂ ਦਰਿਆਵਾਂ ਦੇ ਵਿੱਚ ਪੋਲਿਊਟਡ ਵਾਟਰ ਸੁੱਟ ਰਹੇ ਹਾਂ। ਕੋਈ ਇਹੋ ਜਿਹੀ ਤਜਵੀਜ਼, ਕੋਈ ਸਟੱਡੀ, ਕੋਈ ਪ੍ਰੋਗਰਾਮ ਤੁਸੀਂ ਉਲੀਕਿਆ ਹੋਵੇ ਤਾਂ ਦੱਸੋ?

**ਮਾਣਯੋਗ ਸਪੀਕਰ:** ਥੈਂਕ ਯੂ। ਵੈਸੇ ਮੰਤਰੀ ਜੀ ਨੇ ਗੱਲ ਬਿਲਕੁਲ ਸਹੀ ਕਹੀ ਹੈ। ਆਮ ਤੌਰ ਤੇ ਜਦੋਂ ਬਾਰਸ਼ ਹੁੰਦੀ ਹੈ ਤਾਂ ਜਿਹੜੇ ਐਸ.ਟੀ.ਪੀ. ਪੰਪ ਹਨ, ਪੰਪਿੰਗ ਸਟੇਸ਼ਨ ਕੰਟੀਨਿਊਡ ਚੱਲਣਾ ਚਾਹੀਦਾ ਹੈ। ਇਨ੍ਹਾਂ ਨੇ ਸਹੀ ਪ੍ਰਾਬਲਮ ਫੜੀ ਹੈ। ਸਾਡੇ ਕੋਟਕਪੂਰੇ ਵਿੱਚੋਂ ਮੈਨੂੰ ਹੁਣ ਮੈਸੇਜ ਆ ਰਹੇ ਹਨ, ਪਿਛਲੇ ਮੀਂਹਾਂ ਦੌਰਾਨ ਜਿਹੜਾ ਪਾਣੀ ਹਫ਼ਤਾ-ਹਫ਼ਤਾ ਨਹੀਂ ਨਿਕਲਦਾ ਸੀ, ਉਹ ਹੁਣ 2-3 ਘੰਟਿਆਂ ਵਿੱਚ ਹੀ ਨਿਕਲ ਜਾਂਦਾ ਹੈ। ਹਾਂ ਜੀ, ਮੰਤਰੀ ਜੀ।

**ਮੰਤਰੀ:** ਸਪੀਕਰ ਸਾਹਿਬ, ਰਾਣਾ ਜੀ ਬਹੁਤ ਸੀਨੀਅਰ ਵਿਧਾਇਕ ਹਨ। ਉਨ੍ਹਾਂ ਦਾ ਸੁਜੈਸ਼ਨ ਜੋ ਹੈ, ਬਿਲਕੁਲ ਸਹੀ ਗੱਲ ਹੈ। ਜਿੱਥੇ ਵੀ ਦੇਖੀਏ, ਸੀਵਰੇਜ ਸਬੰਧੀ ਇਹ ਪ੍ਰਾਬਲਮ ਆ ਰਹੀ ਹੈ। ਜਿੱਥੇ ਨਵੇਂ ਸੀਵਰੇਜ ਪੀ ਪੈਂਦੇ ਹਨ, ਉੱਥੇ ਵੀ ਪ੍ਰਾਬਲਮ ਹੈ। ਇਸ ਦੇ ਉੱਤੇ ਅਸੀਂ ਸਪੈਸ਼ਲ ਸਟੱਡੀ ਕਰਵਾਉਂਦੇ ਹਾਂ। ਤੁਸੀਂ ਬਿਲਕੁਲ ਸਹੀ ਕਿਹਾ ਹੈ। But a lot of things are being fixed. ਜਿਵੇਂ ਤੁਸੀਂ ਕਿਹਾ ਹੈ, ਇਹ ਛੋਟਾ ਜਿਹਾ ਸੀ, ਪਰ ਇਸ ਦੇ ਵਿੱਚ ਇਹ ਹੈ ਕਿ ਇਹ ਟਰੀਟਿਡ ਵਾਟਰ ਹੈ, not polluted water, ਐਸ.ਟੀ.ਪੀਜ ਵਿੱਚ ਪਹਿਲਾਂ ਪੋਲਿਊਟਡ ਵਾਟਰ ਜਾਂਦਾ ਸੀ, ਹੁਣ ਸੈਂਸਰਜ ਲੱਗਣ ਦੇ ਨਾਲ ਇਸ ਵਾਰੀ ਕਾਫ਼ੀ ਸੁਧਾਰ ਹੋ ਗਿਆ ਹੈ । ਇਸ ਸਾਲ ਦੀ ਲਰਨਿੰਗ ਤੋਂ ਅਸੀਂ ਇਸ ਸਿਸਟਮ

ਨੂੰ ਹੋਰ ਇੰਪਰੂਵ ਕਰਾਂਗੇ। ਇਹ ਬਿਲਕੁਲ ਠੀਕ ਹੈ ਕਿ ਜਿੱਥੇ ਵੀ ਅਸੀਂ ਦੇਖਦੇ ਹਾਂ, ਪਿਛਲੀ ਦਿਨੀਂ ਵੀ ਕਿਸੇ ਪੰਚਾਇਤ ਵੱਲੋਂ ਇਹ ਮੁੱਦਾ ਉਠਾਇਆ ਗਿਆ ਸੀ, ਕਿ ਜਦੋਂ ਸੀਵਰੇਜ ਦੇ ਉੱਤੇ ਲੱਖਾਂ ਕਰੋੜਾਂ ਰੁਪਿਆ ਲੱਗਦਾ ਹੈ, ਉਸ ਤੋਂ ਬਾਅਦ ਵੀ ਉਸ ਦੇ ਜਿਹੜੇ ਰਿਜਲਟ ਹੈ, ਉਹ ਨਹੀਂ ਆਉਂਦੇ। ਡੈਫੇਨੇਟਲੀ ਇਸ ਦੇ ਉੱਤੇ ਪਬਲਿਕ ਮਨੀ ਲੱਗਦਾ ਹੈ, ਅਸੀਂ ਇਸ ਦੇ ਉੱਤੇ ਜ਼ਰੂਰ ਚੈੱਕ ਕਰਕੇ, ਕਿ ਕੀ ਡਿਜਾਈਨਜ ਹਨ ਅਤੇ ਕੀ ਨਵੀਂ ਟੈਕਨਾਲੋਜੀ ਆ ਗਈਆਂ ਹਨ, ਅਸੀਂ ਜ਼ਰੂਰ ਉਨ੍ਹਾਂ ਤੇ ਕੰਮ ਕਰਾਂਗੇ।

**ਮਾਣਯੋਗ ਸਪੀਕਰ:** ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਕੋਟਕਪੂਰੇ ਵਿਖੇ 18 ਕਰੋੜ ਰੁਪਿਆ ਲਗਾ ਕੇ ਰਾਈਜ਼ਿੰਗ ਮੇਨ ਪਵਾ ਦਿੱਤੀ ਹੈ। ਉਸ ਦਾ ਉੱਥੇ ਬੜਾ ਫਾਇਦਾ ਹੋਇਆ ਹੈ। ਸਵਾਲ ਤੇ ਸਪਲੀਮੈਂਟਰੀਜ ਤਾਂ ਹੋ ਗਈਆਂ ਹਨ। ਕੀ ਨਿੱਜਰ ਸਾਹਿਬ ਨੂੰ ਇੱਕ ਸਪਲੀਮੈਂਟਰੀ ਦੇ ਦੇਈਏ? ਹਾਂ ਜੀ, ਨਿੱਜਰ ਸਾਹਿਬ।

**ਡਾਕਟਰ ਇੰਦਰਬੀਰ ਸਿੰਘ ਨਿੱਜਰ:** ਸਰ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਵੇਂ ਰਾਣਾ ਜੀ ਨੇ ਕਿਹਾ ਹੈ ਕਿ ਤੁਸੀਂ ਕੀ ਕੀਤਾ ਹੈ। ਮੈਨੂੰ ਪੰਜਾਬ ਦਾ ਤਾਂ ਪਤਾ ਨਹੀਂ, ਉਸ ਬਾਰੇ ਮੰਤਰੀ ਸਾਹਿਬ ਦੱਸਣਗੇ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਸਾਡੇ ਕੋਲ ਪਹਿਲਾਂ ਇੱਕ ਸੁਪਰ-ਸਕਰ ਮਸ਼ੀਨ ਹੁੰਦੀ ਸੀ ਪਰ ਅੱਜ ਉੱਥੇ ਪੰਜ ਹਨ। ਸਾਰੀਆਂ ਕੌਂਸਲਜ ਕੋਲ ਇੱਕ ਇੱਕ ਸੁਪਰ-ਸਕਰ ਮਸ਼ੀਨ ਹੈ। ਸਾਡਾ ਜਿਹੜਾ ਵੱਡਾ ਨਾਲ ਜਾਂਦਾ ਹੈ, ਜਿਹੜਾ ਪਹਿਲਾਂ ਕਦੇ ਸਾਫ਼ ਨਹੀਂ ਹੋਇਆ ਸੀ, ਉਸ ਦਾ ਠੇਕਾ ਵੀ ਹੁਣ ਲੱਗ ਗਿਆ ਹੈ, ਉਹ ਵੀ ਸਾਫ਼ ਹੋ ਰਿਹਾ ਹੈ। ਬਾਕੀ ਜਿੰਨੇ ਵੀ 24-36 ਨਾਪ ਦੇ ਹਨ ਜਾਂ 40 ਵਾਲੇ ਹਨ, ਉਹ ਸਾਰੇ ਸਾਫ਼ ਹੋ ਰਹੇ ਹਨ। ਇਸ ਵਿੱਚ ਕੋਈ ਗੱਲ ਨਹੀਂ, ਸਰਕਾਰ ਨੇ ਬਹੁਤ ਮਿਹਨਤ ਕੀਤੀ ਹੈ। ਇਸ ਸਾਲ ਅਸੀਂ ਥੋੜ੍ਹਾ ਲੇਟ ਸ਼ੁਰੂ ਹੋਏ ਹਾਂ ਪਰ ਮੈਨੂੰ ਆਸ ਹੈ ਕਿ ਅਗਲੇ ਸਾਲ ਸਾਨੂੰ ਇਸ ਗੱਲ ਦੀ ਬਹੁਤ ਰਾਹਤ ਮਿਲੇਗੀ।

**ਮਾਣਯੋਗ ਸਪੀਕਰ:** ਕੰਮਾਂ ਵਾਲੀ ਤਾਂ ਕਮਾਲ ਹੈ। ਮੈਨੂੰ ਇੱਕ ਬਜ਼ੁਰਗ ਕਹਿੰਦਾ ਕਿ ਮਾਨ ਸਰਕਾਰ ਨੇ ਇੰਨੇ ਕੰਮ ਕਰ ਦਿੱਤੇ ਹਨ, ਨਾ ਤਾਂ ਪਹਿਲਾਂ ਕਦੇ 15 ਸਾਲਾਂ ਵਿੱਚ ਹੋਏ ਸੀ ਅਤੇ ਨਾ ਹੀ ਇਸ ਤੋਂ ਬਾਅਦ ਹੋਣੇ ਹਨ। ਕੰਮਾਂ ਦੇ ਮਾਮਲੇ ਵਿੱਚ ਤਾਂ ਤੁਸੀਂ ਬੱਲੇ ਬੱਲੇ ਕਰਵਾ ਦਿੱਤੀ ਹੈ। ਥੈਂਕ ਯੂ।

---

## ਹਲਕਾ ਫ਼ਰੀਦਕੋਟ ਵਿਖੇ ਰਜਿਸਟਰਡ ਮਜਦੂਰਾਂ ਦੇ ਵੇਰਵੇ

***1933. ਸਰਦਾਰ ਗੁਰਦਿੱਤ ਸਿੰਘ ਸੇਖੋਂ:** ਕੀ ਕਿਰਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਹਲਕਾ ਫ਼ਰੀਦਕੋਟ ਵਿੱਚ ਰਜਿਸਟਰਡ ਮਜ਼ਦੂਰਾਂ ਦੀ ਕੁੱਲ ਗਿਣਤੀ ਕਿੰਨੀ ਹੈ;

(ਅ) ਪਿਛਲੇ ਤਿੰਨ ਸਾਲਾਂ ਦੌਰਾਨ ਕਿਰਤ ਵਿਭਾਗ ਵੱਲੋਂ ਮਜ਼ਦੂਰ ਭਲਾਈ ਸਕੀਮਾਂ ਅਧੀਨ ਕਿੰਨੀ ਰਕਮ ਜਾਰੀ ਕੀਤੀ ਗਈ ਅਤੇ ਕਿੰਨੇ ਲਾਭਪਾਤਰੀਆਂ ਨੂੰ ਇਸਦਾ ਲਾਭ ਪ੍ਰਾਪਤ ਹੋਇਆ;

(ੲ) ਕੀ ਫ਼ਰੀਦਕੋਟ ਵਿੱਚ ਨਵਾਂ ਲੇਬਰ ਫੈਸਿਲੀਟੇਸ਼ਨ ਸੈਂਟਰ ਜਾਂ ਮਜ਼ਦੂਰ ਸਹਾਇਤਾ ਕੇਂਦਰ ਖੋਲ੍ਹਣ ਦੀ ਕੋਈ ਯੋਜਨਾ ਹੈ?

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ:**

(ੳ) ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਅਧੀਨ ਜ਼ਿਲ੍ਹਾ ਫਰੀਦਕੋਟ ਵਿੱਚ ਰਜਿਸਟਰਡ ਉਸਾਰੀ ਮਜ਼ਦੂਰਾਂ ਦੀ ਕੁੱਲ ਗਿਣਤੀ 37835 ਹੈ।

(ਅ) ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਪਿਛਲੇ ਤਿੰਨ ਸਾਲਾਂ ਦੌਰਾਨ ਜ਼ਿਲ੍ਹਾ ਫਰੀਦਕੋਟ ਵਿੱਚ ਵੱਖ ਵੱਖ ਭਲਾਈ ਸਕੀਮਾਂ ਅਧੀਨ 5,62,50,802/- ਰੁਪਏ ਦੀ ਰਕਮ ਵੰਡੀ ਗਈ ਹੈ ਅਤੇ 1609 ਲਾਭਪਾਤਰੀਆਂ ਨੇ ਇਹ ਰਾਸ਼ੀ 3206 ਕਿਰਤ ਭਲਾਈ ਸਕੀਮਾਂ ਅਧੀਨ ਪ੍ਰਾਪਤ ਕੀਤੀ ਹੈ।

(ੲ) ਜ਼ਿਲ੍ਹਾ ਫਰੀਦਕੋਟ ਵਿੱਚ ਨਵੇਂ ਲੇਬਰ ਫੈਸਿਲੀਟੇਸ਼ਨ ਸੈਂਟਰ ਦੀ ਉਸਾਰੀ ਸਬੰਧੀ ਯੋਜਨਾਂ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਵਿਚਾਰ ਅਧੀਨ ਹੈ।

**ਸਰਦਾਰ ਗੁਰਦਿੱਤ ਸਿੰਘ ਸੇਖੋਂ**: ਜਵਾਬ ਆ ਗਿਆ ਹੈ ਜੀ। ਮੇਰਾ ਸਵਾਲ ਮਜ਼ਦੂਰਾਂ ਦੇ ਸਬੰਧ ਵਿੱਚ ਸੀ ਕਿ ਜਿਹੜੇ ਮਜ਼ਦੂਰ ਰਜਿਸਟਰਡ ਹੁੰਦੇ ਹਨ। ਇੱਕ ਤਾਂ ਉਨ੍ਹਾਂ ਵਾਸਤੇ 27 ਨੰਬਰ ਫਾਰਮ ਬਣਾਇਆ ਹੋਇਆ ਹੈ। ਉਹ 27 ਨੰਬਰ ਫਾਰਮ ਹਰ ਵਾਰੀ ਉਨ੍ਹਾਂ ਤੋਂ ਭਰਵਾਇਆ ਜਾਂਦਾ ਹੈ ਅਤੇ ਸਭ ਤੋਂ ਵੱਧ ਓਬਜੈਕਸ਼ਨ ਉਸੇ ਫਾਰਮ ਤੇ ਹੀ ਲੱਗਦਾ ਹੈ। ਕੋਈ ਵੀ ਸਕੀਮ ਮਜ਼ਦੂਰ ਨੇ ਲੈਣੀ ਹੈ ਤਾਂ ਉਸ 27 ਨੰਬਰ ਫਾਰਮ ਤੇ ਹਰ ਵਾਰੀ ਓਬਜ਼ੈਕਸ਼ਨ ਲਗਾ ਦਿੱਤੇ ਜਾਂਦੇ ਹਨ।

ਦੂਜਾ ਇਹ ਹੈ ਕਿ ਜਿਹੜੀਆਂ ਲੇਬਰ ਸੁਸਾਇਟੀਆਂ ਰਜਿਸਟਰਡ ਹੁੰਦੀਆਂ ਹਨ, ਉਹ 2024 ਤੋਂ ਬਾਅਦ ਰਿਨਿਊ ਨਹੀਂ ਹੋਈਆਂ। ਜਿਹੜੇ ਉਨ੍ਹਾਂ ਵਿੱਚ ਮਜ਼ਦੂਰ ਹਨ, ਉਹ ਕੰਟੀਨਿਊ ਨਹੀਂ ਹੋ ਰਹੇ, ਇਸ ਕਰਕੇ ਮਜ਼ਦੂਰਾਂ ਨੂੰ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ।

**1145/harpreet singh**

ਮੰਤਰੀ ਜੀ ਨੇ ਮੇਰੇ ਸਵਾਲਾਂ ਦਾ ਜਵਾਬ ਦਿੱਤਾ ਹੈ ਕਿ ਉਹ ਇਸ ਤੇ ਕੰਮ ਕਰ ਰਹੇ ਹਨ ਪਰ ਮੈਂ ਮੰਤਰੀ ਜੀ ਨੂੰ ਇਹੀ ਕਹਿਣਾ ਚਾਹੁੰਦਾ ਹਾਂ ਕਿ 27 ਨੰਬਰ ਫਾਰਮ ਦਾ ਮਸਲਾ ਹੱਲ ਕੀਤਾ ਜਾਵੇ। ਮੈਂ ਤੁਹਾਨੂੰ ਫਰੀਦਕੋਟ ਦੀ ਇਕ ਉਦਾਹਰਣ ਦੇਣੀ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਦਸ਼ਮੇਸ਼ ਨਗਰ ਵਿਚ ਇਕ ਅਮਰ ਸਿੰਘ ਹੈ, ਜੋ 60 ਸਾਲ ਦੀ ਉਮਰ ਵਿਚ ਰਿਟਾਇਰ ਹੋ ਗਿਆ ਅਤੇ ਹੁਣ ਉਹ 65 ਸਾਲ ਦਾ ਹੋਣ ਤੋਂ ਬਾਅਦ ਉਸ ਨੂੰ ਦੂਜੀ ਪੈਨਸ਼ਨ ਲੱਗ ਗਈ। 5 ਸਾਲ ਉਹ ਬੰਦਾ ਆਪਣੀ ਪੈਨਸ਼ਨ ਲਗਾਉਣ ਲਈ ਵਿਭਾਗ ਕੋਲ ਗੇੜੇ ਕੱਢਦਾ ਰਿਹਾ। ਜਦੋਂ ਉਸਦੀ ਦੂਜੀ ਪੈਨਸ਼ਨ ਲੱਗ ਗਈ ਤਾਂ ਕਹਿੰਦੇ ਕਿ ਤੂੰ ਤਾਂ ਦੂਜੀ ਪੈਨਸ਼ਨ ਲੈ ਰਿਹਾ ਹਾਂ। ਵਿਭਾਗ ਨੇ ਪਹਿਲਾਂ ਤਾਂ ਪੰਜ ਸਾਲ ਮਜ਼ਦੂਰ ਦਾ ਕੰਮ ਨਹੀਂ ਕੀਤਾ,ਫਿਰ ਉਹ 1500 ਰੁਪਏ ਵਾਲੀ ਦੂਜੀ ਪੈਨਸ਼ਨ ਤਾਂ ਲਵੇਗਾ ਹੀ। ਸੋ, ਜਿਹੜਾ ਅਧਿਕਾਰੀ ਇਸ ਤਰ੍ਹਾਂ ਦੀਆਂ ਊਣਤਾਈਆਂ ਕਰਦਾ ਹੈ, ਉਸ ਵਿਰੁੱਧ ਸਖ਼ਤ ਕਾਰਵਾਈ ਹੋਵੇ। ਬਾਕੀ ਜਿਹੜਾ ਮੰਤਰੀ ਜੀ ਨੇ ਮਜ਼ਦੂਰਾਂ ਲਈ ਕੀਤਾ ਹੈ, ਉਸ ਲਈ ਮੈਂ ਇਨ੍ਹਾਂ ਦਾ ਧੰਨਵਾਦੀ ਹਾਂ।

**ਮਾਣਯੋਗ ਸਪੀਕਰ:** ਮੰਤਰੀ ਜੀ, ਇਸ ਤੇ ਕੁੱਝ ਹੋਰ ਕਹਿਣਾ ਚਾਹੁੰਦੇ ਹੋ, ਵੈਸੇ ਤਾਂ ਉਨ੍ਹਾਂ ਨੇ ਤੁਹਾਡਾ ਧੰਨਵਾਦ ਹੀ ਕੀਤਾ ਹੈ।

**ਮੰਤਰੀ**: ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਸਾਲ 2021-22 ਵਿਚ ਪੁਰਾਣੀ ਸਰਕਾਰ ਸੀ, ਉਸ ਸਮੇਂ 27 ਨੰਬਰ ਫਾਰਮ ਐਨਾ ਕੰਪਲੀਕੇਟਿਡ ਹੁੰਦਾ ਸੀ ਕਿ ਉਹ ਫਾਰਮ ਭਰਵਾਉਣ ਲਈ ਇਕ ਮਜ਼ਦੂਰ ਨੂੰ ਪੂਰੀ ਦਿਹਾੜੀ ਭੰਨ ਕੇ ਕਿਸੇ ਕੰਪਿਊਟਰ ਵਾਲੇ ਕੈਫੇ ਕੋਲ ਜਾਣਾ ਪੈਂਦਾ ਸੀ ਅਤੇ ਉਸ ਦੀ ਇਕ ਦਿਹਾੜੀ ਜਿੰਨੇ ਪੈਸੇ ਫਾਰਮ ਭਰਨ ਵਾਲਾ ਲੈ ਲੈਂਦਾ ਸੀ। ਫਿਰ ਉਹ ਵਾਰ ਵਾਰ ਵਿਭਾਗਾਂ ਦੇ ਗੇੜੇ ਕੱਢਦਾ ਸੀ। ਸੋ, ਇਸ ਵਾਸਤੇ ਉਸਦੀਆਂ ਪੰਜ ਸੱਤ ਦਿਹਾੜੀਆਂ ਖਰਾਬ ਹੋ ਜਾਂਦੀਆਂ ਸਨ। ਇਸ ਗੱਲ ਨੂੰ ਮੱਦੇਨਜ਼ਰ ਰੱਖ ਕੇ ਅਸੀਂ ਉਸ 27 ਨੰਬਰ ਫਾਰਮ ਵਿਚ ਸੋਧਾਂ ਕੀਤੀਆਂ ਹਨ। ਹੁਣ ਉਹ ਫਾਰਮ ਐਨਾ ਸੁਖਾਲਾ ਕਰ ਦਿੱਤਾ, ਉਸ ਵਿਚੋਂ ਫਾਲਤੂ ਦੀਆਂ ਸਾਰੀਆਂ ਚੀਜ਼ਾਂ ਹਟਾ ਦਿੱਤੀਆਂ ਕਿ ਹੁਣ ਆਮ 10 ਵੀਂ ਪੜ੍ਹਿਆ ਬੱਚਾ ਵੀ ਉਸ ਫਾਰਮ ਨੂੰ ਭਰ ਸਕਦਾ ਹੈ। ਦੂਸਰਾ ਜਿਹੜਾ ਹਰ ਸਾਲ ਉਸ ਫਾਰਮ ਨੂੰ ਅੱਪਡੇਟ ਕਰਵਾਉਣਾ ਪੈਂਦਾ ਸੀ, ਹੁਣ ਅਸੀਂ ਉਸ ਦੀ ਅਵਧੀ ਵੀ ਵਧਾ ਦਿੱਤੀ ਹੈ। ਹੁਣ ਹਰ ਸਾਲ ਉਸ ਨੂੰ ਅੱਪਡੇਟ ਕਰਵਾਉਣ ਦੀ ਵੀ ਜ਼ਰੂਰਤ ਨਹੀਂ। ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਦੱਸਣੀ ਚਾਹੁੰਦਾ ਹਾਂ ਕਿ ਸਾਲ 2022-23 ਦੌਰਾਨ ਸਾਡੇ ਕੋਲ ਕਿਰਤ ਵਿਭਾਗ ਦੇ ਵਿਚ 15 ਹਜ਼ਾਰ 311 ਲਾਭਪਾਤਰੀਆਂ ਨੇ ਪੂਰੇ ਸਾਲ 54 ਕਰੋੜ ਦਾ ਲਾਭ ਲਿਆ ਸੀ। ਅਸੀਂ ਹੁਣ ਐਨਾ ਰਿਮਾਰਕੇਬਲ ਕੰਮ ਕੀਤਾ ਹੈ ਕਿ ਸਾਲ 2025-26 ਵਿਚ 46 ਹਜ਼ਾਰ 338 ਲਾਭਪਾਤਰੀਆਂ ਨੂੰ ਲਾਭ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਇੱਥੇ ਸਰਦਾਰ ਭਗਵੰਤ ਮਾਨ ਜੀ ਦੀ ਸਰਕਾਰ ਦੀ ਤਾਰੀਫ਼ ਕਰਨੀ ਚਾਹਾਂਗਾ ਕਿਉਂਕਿ ਅਸੀਂ 54 ਕਰੋੜ ਰੁਪਏ ਤੋਂ ਵਧਾ ਕੇ 148 ਕਰੋੜ ਦੇ ਲਾਭ ਇਸ ਸਾਲ ਦਿੱਤੇ ਹਨ। ਸੋ, ਅਸੀਂ ਆਉਣ ਵਾਲੇ ਸਮੇਂ ਵਿਚ ਵੀ ਇਸੇ ਤਰ੍ਹਾਂ ਕੰਮ ਕਰਦੇ ਰਹਾਂਗੇ। ਇਸ ਸਾਲ ਦੇ ਸਿਰਫ਼ ਚਾਰ ਮਹੀਨਿਆਂ ਵਿਚ ਅਸੀਂ 20545 ਲਾਭਪਾਤਰੀਆਂ ਨੂੰ 48 ਕਰੋੜ ਦੇ ਲਾਭ ਦੇ ਚੁੱਕੇ ਹਾਂ ਅਤੇ ਇਸ ਫਿਸਕਲ ਈਅਰ ਦੇ ਬਾਕੀ ਰਹਿੰਦੇ 7 ਮਹੀਨਿਆਂ ਦੇ ਵਿਚ ਸਾਨੂੰ ਉਮੀਦ ਹੈ ਕਿ ਲਾਭਪਾਤਰੀਆਂ ਨੂੰ ਲਗਭੱਗ 150 ਕਰੋੜ ਤੋਂ ਪਾਰ ਦੇ ਲਾਭ ਦੇ ਦਿਆਂਗੇ। ਧੰਨਵਾਦ ਜੀ।

**ਸਰਦਾਰ ਗੁਰਦਿੱਤ ਸਿੰਘ ਸੇਖੋਂ**: ਸਪੀਕਰ ਸਾਹਿਬ, 27 ਨੰਬਰ ਫਾਰਮ ਵਾਰ ਵਾਰ ਭਰਨਾ ਪੈਂਦਾ ਹੈ। ਜਦੋਂ ਮਜ਼ਦੂਰ ਇਕ ਵਾਰ ਰਜਿਸਟਰਡ ਹੋ ਗਿਆ ਤਾਂ ਵਾਰ ਵਾਰ ਭਰਨ ਦੀ ਲੋੜ ਨਹੀਂ ਹੋਣੀ ਚਾਹੀਦੀ।

**ਮਾਣਯੋਗ ਸਪੀਕਰ**: ਮੰਤਰੀ ਜੀ, ਕੀ ਜਿਹੜਾ 27 ਨੰਬਰ ਫਾਰਮ ਵਾਰ ਵਾਰ ਭਰਨਾ ਪੈਂਦਾ ਹੈ, ਕੀ ਉਸ ਦਾ ਕੋਈ ਹੱਲ ਕਰੋਗੇ?

**ਮੰਤਰੀ**: ਸਪੀਕਰ ਸਾਹਿਬ, ਮੈਂ ਕੰਮ ਬਹੁਤ ਸੌਖਾ ਕਰ ਦਿੱਤਾ ਹੈ। ਮੈਂ ਮੈਂਬਰ ਸਾਹਿਬ ਨੂੰ ਮਿਲ ਕੇ ਇਨ੍ਹਾਂ ਨੂੰ ਦੱਸ ਦਿਆਂਗਾ। ਮੈਂ ਇੱਥੇ ਇਕ ਗੱਲ ਹੋਰ ਦੱਸਣੀ ਚਾਹੁੰਦਾ ਹਾਂ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਕ ਹੋਰ ਬਹੁਤ ਵੱਡਾ ਕੰਮ ਕਰ ਦਿੱਤਾ ਹੈ। ਜਦੋਂ ਬਿਲਡਿੰਗ ਐਂਡ ਕੰਨਸਟਰੱਕਸ਼ਨ ਮਜ਼ਦੂਰਾਂ ਨੂੰ ਲਾਭ ਦੇਣ ਲਈ ਰਜਿਸਟਰੇਸ਼ਨ ਕਰਦੇ ਸੀ। ਖਾਸ ਤੌਰ ਤੇ ਮਗਨਰੇਗਾ ਦੇ ਵਰਕਰਜ਼ ਨੂੰ। ਜਦੋਂ ਉਨ੍ਹਾਂ ਨੂੰ ਰਜਿਸਟਰ ਕਰਨਾ ਹੁੰਦਾ ਸੀ ਤਾਂ ਉਸ ਦੀ 100 ਰੁਪਏ ਦੀ ਫੀਸ ਹੁੰਦੀ ਸੀ, ਜਿਹੜੀ ਕਿ ਕੋਈ ਨਹੀਂ ਭਰਦਾ ਸੀ, ਜਿਸ ਕਰਕੇ ਕੋਈ ਮਜ਼ਦੂਰ ਰਜਿਸਟਰੇਸ਼ਨ ਨਹੀਂ

ਕਰਵਾਉਂਦਾ ਸੀ। ਹੁਣ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ ਕਿ ਅਸੀਂ ਉਹ ਸਾਰੀ ਦੀ ਸਾਰੀ ਫੀਸ ਮੁਆਫ਼ ਕਰ ਦਿੱਤੀ। ਇਸ ਦਾ ਸਿੱਧਾ ਬੈਨੇਫਿਟ ਮਗਨਰੇਗਾ ਦੇ ਮਜ਼ਦੂਰਾਂ ਨੂੰ ਮਾਸ ਲੈਵਲ ਤੇ ਹੋਵੇਗਾ।

**ਮਾਣਯੋਗ ਸਪੀਕਰ** : ਬਹੁਤ ਧੰਨਵਾਦ ਜੀ। ਸੇਖੋਂ ਸਾਹਿਬ, ਕੁੱਝ ਕਹਿਣਾ ਹੈ?

**1150/amandeep kaur**

**ਸਰਦਾਰ ਗੁਰਦਿੱਤ ਸਿੰਘ ਸੇਖੋਂ:** ਸਪੀਕਰ ਸਾਹਿਬ, ਮੰਤਰੀ ਜੀ ਦਾ ਬਹੁਤ ਬਹੁਤ ਧੰਨਵਾਦ ਜਿਹੜਾ ਇਨ੍ਹਾਂ ਨੇ ਦੱਬੇ ਕੁਚਲੇ ਗਰੀਬ ਲੋਕਾਂ ਬਾਰੇ ਸੋਚਿਆ। ਅਸੀਂ ਆਸ ਕਰਦੇ ਹਾਂ ਕਿ ਤੁਸੀਂ ਇਸੇ ਤਰ੍ਹਾਂ ਸਾਡੇ ਮਜ਼ਦੂਰਾਂ ਦਾ ਭਲਾ ਕਰਦੇ ਰਹੋਗੇ।

---

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ:** ਅੱਜ ਦੇ ਵਿਦਿਆਰਥੀ, ਕੱਲ੍ਹ ਦੇ ਨੇਤਾ, ਇਸ ਸੋਚ ਨਾਲ ਪੰਜਾਬ ਦੇ ਵੱਖ ਵੱਖ ਸਕੂਲਾਂ ਤੋਂ ਬੱਚਿਆਂ ਨੂੰ ਇੱਥੇ invite ਕੀਤਾ ਜਾਂਦਾ ਹੈ। ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਮਮਦੋਟ ਅਤੇ ਭਗਵਾਨ ਮਹਾਂਵੀਰ ਸੀਨੀਅਰ ਸੈਕੰਡਰੀ ਸਕੂਲ, ਰਾਏਕੋਟ, ਲੁਧਿਆਣਾ ਦੇ ਜਿਹੜੇ ਇੱਥੇ ਵਿਦਿਆਰਥੀ ਤੇ ਟੀਚਰ ਆਏ ਹਨ, ਆਓ ਆਪਾਂ ਸਾਰੇ ਉਨ੍ਹਾਂ ਨੂੰ ਜੀ ਆਇਆਂ ਕਹੀਏ। (ਥੰਪਿੰਗ)

---

## STARRED QUESTIONS AND ANSWERS *(RESUMPTION)*

### ਜਗਰਾਉਂ ਦੀਆਂ ਅੰਦਰੂਨੀ ਸੜਕਾਂ ਦੀ ਮੁਰੰਮਤ ਦੇ ਵੇਰਵੇ

***1908 . ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜਗਰਾਉਂ ਦੀਆਂ ਖਰਾਬ ਅੰਦਰੂਨੀ ਸੜਕਾਂ ਦੀ ਮੁਰੰਮਤ ਲਈ ਕੋਈ ਸੀਮਾ ਨਿਰਧਾਰਤ ਕੀਤੀ ਗਈ ਹੈ, ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਜੋਤ ਸਿੰਘ ਬੈਂਸ:** ਨਗਰ ਕੌਂਸਲ ਜਗਰਾਉਂ ਵੱਲੋਂ ਸ਼ਹਿਰ ਅੰਦਰ ਵੱਖ-ਵੱਖ ਗਲੀਆਂ-ਸੜ੍ਹਕਾਂ ਦੀ ਉਸਾਰੀ ਦੇ ਐਮ.ਡੀ.ਐਫ. ਸਕੀਮ ਤਹਿਤ 46 ਕੰਮ (ਲੰਬਾਈ 11.76 ਕਿ:ਮੀ:) ਅਤੇ ਐਮ.ਸੀ. ਫੰਡ ਵਿੱਚੋਂ 35 ਕੰਮ (ਲਗਭਗ ਲੰਬਾਈ 8.10 ਕਿ:ਮੀ:) ਕਰਵਾਏ ਜਾ ਰਹੇ ਹਨ। ਇਹ ਕੰਮ ਕ੍ਰਮਵਾਰ ਮਿਤੀ 30.08.2026 ਅਤੇ ਮਿਤੀ 30.09.2026 ਤੱਕ ਮੁਕੰਮਲ ਕਰਵਾ ਲਏ ਜਾਣਗੇ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ:** ਸਪੀਕਰ ਸਾਹਿਬ, ਪ੍ਰਾਬਲਮ ਇਹ ਹੈ ਕਿ ਸਾਰੇ ਐਮ.ਡੀ.ਐਫ ਵਾਲੇ ਠੇਕੇਦਾਰ ਅੱਧੀਆਂ ਅੱਧੀਆਂ ਸੜ੍ਹਕਾਂ ਬਣਾ ਕੇ ਕੰਮ ਛੱਡ ਚੁੱਕੇ ਹਨ। ਪਤਾ ਨਹੀਂ ਇਹ ਡਿਪਾਰਟਮੈਂਟ ਦੀ ਪ੍ਰਾਬਲਮ ਹੈ ਜਾਂ ਕਿਸੇ ਅਫਸਰ ਦੀ ਪ੍ਰਾਬਲਮ ਹੈ। ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਇਸ ਪ੍ਰਾਬਲਮ ਦਾ ਜਲਦੀ ਤੋਂ ਜਲਦੀ ਹੱਲ ਕੱਢਿਆ

ਜਾਵੇ। ਅੱਧੀਆਂ ਸੜ੍ਹਕਾਂ ਬਣਾਉਣ ਦੇ ਨਾਲ ਪ੍ਰਾਬਲਮ ਬੜੀ ਆਉਂਦੀ ਹੈ ਕਿਉਂਕਿ ਅੱਧੀ ਪੱਟੀ ਪਈ ਹੁੰਦੀ ਹੈ ਅਤੇ ਅੱਧੀ ਬਣੀ ਹੁੰਦੀ ਹੈ ਨਾ ਉੱਥੋਂ ਨਿਕਲਣ ਜੋਗੇ ਹੁੰਦੇ ਹਾਂ ਅਤੇ ਨਾ ਅੰਦਰ ਜਾਣ ਜੋਗੇ ਹੁੰਦੇ ਹਨ। ਦੂਸਰਾ, ਮੈਂ ਮੰਤਰੀ ਸਾਹਿਬ ਤੋਂ ਇਹ ਪ੍ਰਸ਼ਨ ਪੁੱਛਣਾ ਚਾਹੁੰਦੀ ਹਾਂ ਕਿ ਜਿਹੜੇ ਠੇਕੇਦਾਰ ਕੰਮ ਰੋਕ ਕੇ ਬੈਠ ਗਏ ਹਨ ਇਸ ਦਾ ਹੱਲ ਕਦੋਂ ਤੱਕ ਕੱਢ ਦਿਉਗੇ?

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਕੋਈ ਇਸ ਤਰ੍ਹਾਂ ਦੀ ਦਿੱਕਤ ਜਾਂ ਪ੍ਰਾਬਲਮ ਨਹੀਂ ਹੈ। ਐਮ.ਡੀ.ਐਫ, ਸਾਸਕੀ ਤੇ ਐਮ.ਸੀ ਦੇ ਫੰਡਜ਼ ਵੀ ਹਨ। ਜੇਕਰ ਕੋਈ ਸਪੈਸੀਫਿਕ ਉਸ ਏਰੀਆ ਦਾ ਕੰਟ੍ਰੈਕਟਰ ਹੈ, ਮਾਣਯੋਗ ਵਿਧਾਇਕ ਮੈਨੂੰ ਜ਼ਰੂਰ ਕੰਪਲੇਂਟ ਦੇਣ, we will take action. ਇਸ ਤਰ੍ਹਾਂ ਜ਼ਰੂਰ ਹੈ ਜਿਵੇਂ ਮੇਰੇ ਸਾਥੀ ਕੁਲੀਗ ਪੀ.ਡਬਲਿਊ.ਡੀ ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਇਸ ਸਮੇਂ ਦੇ ਵਿੱਚ ਕਾਫੀ ਕੰਮ ਸਲੋਅ ਹੋ ਜਾਂਦਾ ਹੈ due to this monsoon. ਇਹ ਜ਼ਰੂਰ ਹੈ ਕਿ ਕੁਝ slow down ਜ਼ਰੂਰ ਹੋ ਗਿਆ ਹੋਣਾ ਪਰ ਫੰਡਜ਼ ਦੀ ਕੋਈ ਕਮੀ ਨਹੀਂ ਹੈ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ:** ਸਪੀਕਰ ਸਾਹਿਬ, ਮੈਂ ਫੰਡਜ਼ ਦੀ ਕਮੀ ਦੀ ਗੱਲ ਨਹੀਂ ਕਰ ਰਹੀ ਹਾਂ, ਮੈਂ intention ਦੀ ਕਮੀ ਦੀ ਗੱਲ ਕਰ ਰਹੀ ਹਾਂ। ਮੰਤਰੀ ਸਾਹਿਬ ਵੱਲੋਂ ਤਾਂ ਫੰਡ ਚਲਿਆ ਗਿਆ ਹੈ। ਸਾਡੀਆਂ ਬਹੁਤ ਸਾਰੀਆਂ ਸੜ੍ਹਕਾਂ ਅੱਧੀਆਂ ਪੱਟੀਆਂ ਪਈਆਂ ਹਨ, ਮੰਤਰੀ ਸਾਹਿਬ ਆਪ ਧਿਆਨ ਦੇ ਕੇ ਮੀਟਿੰਗ ਬੁਲਾ ਲੈਣ, ਮੈਂ ਵੀ ਆ ਜਾਵਾਂਗੀ ਤੇ ਉਹ ਆਪ ਵੀ ਆ ਜਾਣ, ਆਪਾਂ ਗੱਲ ਕਰ ਲਈਏ। ਦੂਸਰਾ ਕੁਐਸ਼ਚਨ ਮੈਂ ਇਹ ਪੁੱਛਣਾ ਚਾਹੁੰਦੀ ਹਾਂ ਕਿ ਸਾਡੇ ਮੰਤਰੀ ਸਾਹਿਬ ਨੇ ਕਰੋੜਾ ਰੁਪਿਆ ਲਗਾ ਕੇ ਨਗਰ ਕੌਂਸਲ ਦੇ ਵਿੱਚ ਇੱਕ sweeping machine ਭੇਜੀ ਹੈ ਤੇ ਇੱਕ jetting machine ਭੇਜੀ ਹੈ ਤੇ 2 ਮਸ਼ੀਨਾਂ ਇਸ ਤਰ੍ਹਾਂ ਦੀਆਂ ਭੇਜੀਆਂ ਜਿਹੜੀਆਂ ਕਿ ਸ਼ਹਿਰ ਦੀ ਸਫਾਈ ਦਾ ਹੀ ਕੰਮ ਕਰਨਗੀਆਂ। 2 ਸਾਲ ਹੋ ਗਏ ਹਨ ਤੁਹਾਡੇ ਅਧਿਕਾਰੀਆਂ ਨੇ ਉਨ੍ਹਾਂ ਮਸ਼ੀਨਾਂ ਨੂੰ ਹਾਲੇ ਤੱਕ ਸੜ੍ਹਕਾਂ ਤੇ ਨਹੀਂ ਕੱਢਿਆ ਹੈ। ਹਰ ਵਾਰ ਟੈਕਨੀਕਲ ਪ੍ਰਾਬਲਮ ਦੱਸ ਦਿੰਦੇ ਹਨ। ਮੇਰਾ ਸਵਾਲ ਇਹ ਹੈ ਕਿ ਮੰਤਰੀ ਸਾਹਿਬ ਇਹ ਮਸ਼ੀਨਾਂ ਸੜ੍ਹਕਾਂ ਤੇ ਕਦੋਂ ਤੱਕ ਕੱਢਵਾ ਦਿਉਗੇ ਤੇ ਕਿੰਨੀ ਦੇਰ ਵਿੱਚ ਕੱਢਵਾ ਦਿਉਂਗੇ?

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਬਿਲਕੁਲ ਠੀਕ ਕਹਿ ਰਹੇ ਹਨ, ਅਸੀਂ ਵੀ ਵੇਖਦੇ ਹਾਂ ਕਿ ਸਾਡੀ ਮਿਉਂਸੀਪਲ ਕਾਊਂਸਲ, ਨੰਗਲ ਬਹੁਤ well of counsel ਹੈ, ਉੱਥੇ ਹਰ ਵਾਰ ਲੱਖਾਂ ਕਰੋੜਾਂ ਰੁਪਏ ਦੀਆਂ ਮਸ਼ੀਨਾਂ ਇਸ ਤਰ੍ਹਾਂ ਹੀ ਖੜੀਆਂ ਰਹਿੰਦੀਆਂ ਸੀ। ਅਸੀਂ ਇਸ ਦਾ ਇੱਕ set protocol ਬਣਾ ਰਹੇ ਹਾਂ। ਹੁਣ ਉਹ ਮਸ਼ੀਨਾਂ ਨੰਗਲ ਦੇ ਵਿੱਚ ਤਾਂ ਲਗਾਤਾਰ ਕੰਮ ਕਰ ਰਹੀਆਂ ਹਨ। ਮੇਰੇ ਇੱਕ ਅੰਮ੍ਰਿਤਸਰ ਦਾ ਕੇਸ ਧਿਆਨ ਵਿੱਚ ਆਇਆ ਸੀ ਤਾਂ ਹੁਣ ਅੰਮ੍ਰਿਤਸਰ ਦੇ ਵਿੱਚ ਵੀ ਉਹ ਮਸ਼ੀਨਾਂ round the clock ਘੁੰਮ ਰਹੀਆਂ ਹਨ। ਸਿਰਫ ਜਗਰਾਉਂ ਲਈ ਨਹੀਂ, my secretary sahib is also here, ਅਸੀਂ protocol ਬਣਾ ਦਿੰਦੇ ਹਾਂ ਕਿ ਜਿੱਥੇ ਵੀ ਜੋ ਵੀ ਮਸ਼ੀਨਰੀ ਹੈ ਉਸ ਦੀ weekly report ਆਵੇ ਤਾਂਕਿ ਉਹ ਮਸ਼ੀਨਾਂ ਯੂਜ਼ ਹੋਣ। ਇਹ ਬਿਲਕੁਲ ਠੀਕ ਕਿਹਾ ਹੈ ਕਿ ਮਸ਼ੀਨ ਸ਼ਿੰਗਾਰ ਬਣੀ ਰਹਿੰਦੀ ਹੈ, ਯੂਜ਼ ਨਹੀਂ ਹੁੰਦੀ। Obviously, ਲੋਕਲ ਬਾਡੀਜ਼ ਮਹਿਕਮੇ ਵਿੱਚ ਖੜੀ ਮਸ਼ੀਨ ਦੇ ਵੀ ਖਰਚੇ ਪੈਂਦੇ ਰਹਿੰਦੇ ਹੋਣੇ। ਇਸ ਦਾ ਅਸੀਂ protocol ਬਣਾਉਂਦੇ ਹਾਂ, ਜਿੰਨੀਆਂ ਵੀ ਸਾਡੇ ਕੋਲ sweeping or other machinery ਹੈ, ਉਸ ਦੀ ਰਿਪੋਰਟ ਜ਼ਰੂਰ ਆਵੇ।

**1155/Tarlochan Singh**

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ** : ਸਪੀਕਰ ਸਾਹਿਬ, ਤੁਹਾਡੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਤੋਂ ਇੱਕੋ ਹੀ ਗੱਲ ਪੁੱਛਣਾ ਚਾਹੁੰਦੀ ਹਾਂ ਕਿ ਜਿਨ੍ਹਾਂ ਕਰਕੇ ਇਸ ਮਸ਼ੀਨਰੀ ਦਾ loss ਹੋਇਆ ਹੈ, ਜਿਨ੍ਹਾਂ ਅਧਿਕਾਰੀਆਂ ਕਰਕੇ ਇਹ ਸੜਕਾਂ ਰੁਕੀਆਂ ਹੋਈਆਂ ਹਨ, ਕੀ ਉਨ੍ਹਾਂ ਤੇ ਕੋਈ ਕਾਰਵਾਈ ਕਰੋਗੇ, ਕੀ ਜਾਂਚ ਕਰਵਾਉਗੇ?

**ਮਾਣਯੋਗ ਸਪੀਕਰ** : ਮੰਤਰੀ ਜੀ, ਕੀ ਤੁਸੀਂ ਜ਼ਿੰਮੇਵਾਰੀ ਫਿਕਸ ਕਰਕੇ ਕੋਈ ਐਕਸ਼ਨ ਲਵੋਗੇ?

**ਮੰਤਰੀ** : Yes, Speaker Sahib, I request ਕਿ on the basis of this question ਮਾਣਯੋਗ ਵਿਧਾਇਕ ਸਾਹਿਬ ਮੈਨੂੰ ਇੱਕ ਲਿਖਤੀ ਸ਼ਿਕਾਇਤ ਦੇ ਦੇਣ, I will immediately mark an enquiry.

**ਮਾਣਯੋਗ ਸਪੀਕਰ** : ਕੰਪਲੇਂਟ ਤਾਂ ਹੁਣ ਆ ਗਈ ਹੈ ਜੀ।

**ਮੰਤਰੀ** : ਠੀਕ ਹੈ ਜੀ, ਮੈਂ ਇਸ ਦਾ ਵੇਰਵਾ ਪਾ ਕੇ ਹੁਣੇ ਹੀ ਕਾਰਵਾਈ ਕਰਵਾ ਦਿੰਦਾ ਹਾਂ।

**ਮਾਣਯੋਗ ਸਪੀਕਰ** : ਧੰਨਵਾਦ।

———

## ਬੱਸ ਸਟੈਂਡ ਪਾਇਲ ਦੀ ਮੁਰੰਮਤ ਅਤੇ ਸਫਾਈ ਕਰਵਾਉਣਾ

***1930. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬੱਸ ਸਟੈਂਡ ਪਾਇਲ ਵਿਖੇ ਯਾਤਰੀਆਂ ਦੇ ਬੈਠਣ ਲਈ ਪੁਖਤਾ ਪ੍ਰਬੰਧ ਨਹੀ ਹਨ, ਉਥੇ ਬਣੇ ਪਖਾਨਿਆਂ/ਵਾਸ਼ਰੂਮਾਂ ਦੀ ਹਾਲਤ ਵੀ ਬਹੁਤ ਖਰਾਬ ਹੈ, ਜੇਕਰ ਹਾਂ ਤਾਂ ਕੀ ਇਸ ਬੱਸ ਸਟੈਂਡ ਦੀ ਮੁਰੰਮਤ ਅਤੇ ਸਫਾਈ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਜੋਤ ਸਿੰਘ ਬੈਂਸ :** ਨਹੀਂ ਜੀ। ਨਗਰ ਕੌਂਸਲ, ਪਾਇਲ ਵੱਲੋਂ ਬਣਾਏ ਗਏ ਬੱਸ ਸਟੈਂਡ ਤੇ ਯਾਤਰੀਆਂ ਦੇ ਬੈਠਣ ਲਈ ਪੁਖਤਾ ਪ੍ਰਬੰਧ ਹਨ। ਇਸ ਬੱਸ ਸਟੈਂਡ ਤੇ ਪੁਰਸ਼ਾਂ ਅਤੇ ਔਰਤਾਂ ਲਈ ਬਣੇ ਵੱਖ-ਵੱਖ ਪਖਾਨੇ ਚਾਲੂ ਹਾਲਤ ਵਿਚ ਹਨ। ਇਨ੍ਹਾਂ ਦੀ ਸਫਾਈ ਰੈਗੂਲਰ ਤੌਰ ਤੇ ਅਤੇ ਮੁਰੰਮਤ ਸਮੇਂ-ਸਮੇਂ ਤੇ ਕਰਵਾਈ ਜਾਂਦੀ ਹੈ।

ਮਾਣਯੋਗ ਸਪੀਕਰ ਸਾਹਿਬ, ਨਗਰ ਕੌਂਸਲ, ਪਾਇਲ ਵੱਲੋਂ ਚਲਾਏ ਜਾ ਰਹੇ ਬੱਸ ਸਟੈਂਡ ਦਾ ਰਕਬਾ 4.04 ਏਕੜ ਹੈ। ਇਸ ਬੱਸ ਸਟੈਂਡ ਵਿੱਚ ਸਵਾਰੀਆਂ ਦੇ ਬੈਠਣ ਲਈ ਤਿੰਨ ਪੱਕੇ ਬੈਂਚ ਬਣੇ ਹੋਏ ਹਨ, ਇਸ ਤੋਂ ਇਲਾਵਾ ਤਿੰਨ ਹੋਰ ਬੈਂਚ ਰਖਵਾ ਦਿੱਤੇ ਗਏ ਹਨ। ਇਸ ਬੱਸ ਸਟੈਂਡ ਵਿੱਚ ਪੁਰਸ਼ਾਂ ਲਈ 2 Urinals and 2 Toilets ਹਨ। ਔਰਤਾਂ ਲਈ 2 Toilet Seats ਹਨ। ਇਸ ਤੋਂ ਇਲਾਵਾ 4 Wash Basin ਬਣੇ ਹੋਏ ਹਨ। ਇਨ੍ਹਾਂ ਦੀ ਸਫਾਈ ਅਤੇ ਮੁਰੰਮਤ ਸਮੇਂ ਸਮੇਂ ਤੇ ਕਰਵਾਈ ਜਾਂਦੀ ਹੈ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ** : ਮਾਣਯੋਗ ਸਪੀਕਰ, ਕੀ ਮੰਤਰੀ ਸਾਹਿਬ ਕਹਿ ਸਕਦੇ ਹਨ ਕਿ ਪਾਇਲ ਬੱਸ ਸਟੈਂਡ ਵਿੱਚ ਕੋਈ ਘਾਟ ਨਹੀਂ, ਜਿਵੇਂ ਕਿ ਵਿਭਾਗ ਨੇ ਕਿਹਾ ਹੈ, ਬੱਸ ਸਟੈਂਡ ਦਾ ਕਦੋਂ ਨਿਰੀਖਣ ਕਰਵਾਇਆ

ਗਿਆ ਹੈ? ਜੇਕਰ ਕਰਵਾਇਆ ਗਿਆ ਹੈ ਤਾਂ ਕੀ ਉਸ ਦੀ ਰਿਪੋਰਟ ਸਦਨ ਦੀ ਪਟਲ ਤੇ ਰੱਖੀ ਜਾ ਸਕਦੀ ਹੈ? ਕੀ ਦੁਬਾਰਾ ਨਿਰੀਖਣ ਕਰਵਾਇਆ ਜਾ ਸਕਦਾ ਹੈ ਅਤੇ ਜੇਕਰ ਕੋਈ ਕਮੀ ਸਾਹਮਣੇ ਆਉਂਦੀ ਹੈ ਤਾਂ ਉਸ ਨੂੰ ਜਲਦੀ ਠੀਕ ਕਰਨ ਦਾ ਭਰੋਸਾ ਦਿੱਤਾ ਜਾ ਸਕਦਾ ਹੈ? ਕੀ ਸਰਕਾਰ ਪਾਇਲ ਬੱਸ ਸਟੈਂਡ ਦਾ ਤਕਨੀਕੀ ਸਰਵੇ ਕਰਵਾ ਕੇ ਲੋੜੀਂਦੀ ਅਤੇ ਸਮਾਂ ਬੱਧ ਯੋਜਨਾ ਬਣਾਏਗੀ ਤਾਂ ਜੋ ਯਾਤਰੀਆਂ ਨੂੰ ਸਹੂਲਤ ਮਿਲ ਸਕੇ?

**ਮੰਤਰੀ** : ਜੀ ਸਪੀਕਰ ਸਾਹਿਬ, definitely ਮੈਂ ਫੋਟੋਆਂ ਵੀ ਮੰਗਵਾ ਲੈਂਦਾ ਹਾਂ। ਸਪੀਕਰ ਸਾਹਿਬ, ਮੈਂ ਦੋ ਚੀਜ਼ਾਂ ਜ਼ਰੂਰ ਕਹਿਣਾ ਚਾਹਾਂਗਾ ਕਿ ਇੱਕ ਤਾਂ ਮਾਣਯੋਗ ਵਿਧਾਇਕ ਸਾਹਿਬ ਨੇ ਬਹੁਤ ਵਾਜਬ ਸਵਾਲ ਕੀਤਾ ਹੈ। ਇਹ ਬਹੁਤ ਸੀਰੀਅਸ ਇਸ਼ੂ ਹੈ ਕਿ ਜਿੰਨੇ ਵੀ ਪਬਲਿਕ ਵਾਸ਼ਰੂਮਜ਼ ਹਨ, ਉਨ੍ਹਾਂ ਦੀ ਜੋ ਹਾਲਤ ਹੁੰਦੀ ਹੈ, ਉਹ ਕਾਫੀ ਖਸਤਾ ਹੁੰਦੀ ਹੈ। ਚਾਹੇ ਬੱਸ ਸਟੈਂਡ ਦੀ ਗੱਲ ਕਰ ਲਈਏ, ਚਾਹੇ ਡੀ.ਸੀ. ਆਫਿਸ ਦੀ ਗੱਲ ਕਰ ਲਈਏ, ਕਾਫੀ ਖਸਤਾ ਹਾਲਤ ਵਿੱਚ ਹੁੰਦੇ ਹਨ। ਅਸੀਂ ਸਕੂਲ ਐਜੂਕੇਸ਼ਨ ਵਿੱਚ ਕਾਫੀ ਕੰਮ ਕੀਤਾ ਹੈ ਅਤੇ ਇਹ ਵੀ ਸਾਡੀ ਜ਼ਿੰਮੇਵਾਰੀ ਬਣਦੀ ਹੈ। ਮੇਰੇ ਕੋਲ ਪਿਛਲੇ ਢਾਈ ਮਹੀਨੇ ਤੋਂ ਲੋਕਲ ਬਾਡੀਜ਼ ਮਹਿਕਮਾ ਆਇਆ ਹੈ। ਅਸੀਂ ਫਿਕਸ ਕਰਾਂਗੇ ਕਿ ਅਸੀਂ ਇਸ ਨੂੰ ਇੰਪਰੂਵ ਕਰ ਸਕੀਏ, ਖਾਸ ਕਰਕੇ ਫੀਮੇਲਜ਼ ਲਈ। ਬੰਦਿਆਂ ਦਾ ਤਾਂ ਫਿਰ ਵੀ ਸਰ ਜਾਂਦਾ ਹੈ, most of the public washrooms cannot be used by females. ਜਿਹੜੀਆਂ ਸਾਡੀਆਂ ਬੱਚੀਆਂ ਹਨ, ਸਾਡੀਆਂ ਭੈਣਾਂ, ਮਾਤਾਵਾਂ ਹਨ, ਉਥੇ ਜਾ ਹੀ ਨਹੀਂ ਸਕਦੀਆਂ। ਇਸ ਨੂੰ ਅਸੀਂ ਇੱਕ ਪ੍ਰੋਟੋਕੋਲ ਬਣਾਉਂਦੇ ਹੋਏ ਇੰਪਰੂਵ ਕਰਾਂਗੇ। ਦੂਜਾ ਜਿਹੜਾ ਪਾਇਲ ਦਾ ਬੱਸ ਸਟੈਂਡ ਹੈ, ਇਸ ਸਬੰਧੀ ਮੈਂ ਰਿਪੋਰਟ ਮੰਗਵਾ ਲੈਂਦਾ ਹਾਂ। ਤੀਜੀ ਗੱਲ, ਮੈਂ ਲੋਕਲ ਬਾਡੀਜ਼ ਨੂੰ ਕਹਾਂਗਾ ਅਤੇ ਵਿਧਾਇਕ ਸਾਹਿਬ ਨੂੰ ਵੀ ਕਹਾਂਗਾ ਕਿ ਅਸੀਂ ਇਕੱਠੇ ਜੁਆਇੰਟ ਮੀਟਿੰਗ ਰੱਖ ਲੈਂਦੇ ਹਾਂ। ਅਸੀਂ ਸਿਰਫ ਵੱਡੇ ਸ਼ਹਿਰਾਂ ਵਿੱਚ ਐਡਵਰਟਾਈਜ਼ਮੈਂਟ ਕਰਦੇ ਹਾਂ, ਪਰ ਛੋਟੇ ਸ਼ਹਿਰਾਂ ਵਿੱਚ ਵੀ ਬਹੁਤ ਸਕੋਪ ਹੈ। ਲੋਕਲ ਬਾਡੀਜ਼ ਦੇ ਲੋਕਲ ਯੂਨਿਟਸ ਉਥੇ ਕੰਮ ਕਰ ਸਕਦੇ ਹਨ। ਜਿਹੜੇ ਲੋਕਲ ਯੂਨਿਟਸ ਹਨ, ਈ.ਓ. ਹਨ, ਪ੍ਰਧਾਨ ਹਨ, ਉਨ੍ਹਾਂ ਲਈ ਹਾਊਸ ਫਾਰਮੇਸ਼ਨ ਦੁਬਾਰਾ ਤੋਂ ਹੋ ਚੁੱਕੀ ਹੈ। ਬਹੁਤ ਸਾਰੇ ਬੱਸ ਸਟੈਂਡਾਂ ਦੀ ਸਪੇਸਿਜ਼ ਨੂੰ ਐਡਵਰਟਾਈਜ਼ਮੈਂਟ ਵਾਸਤੇ ਵਰਤ ਸਕਦੇ ਹਾਂ ਤਾਂ ਕਿ atleast washrooms ਦੀ ਫੈਸਿਲਿਟੀ ਮਿਲੇ ਅਤੇ ਵਾਸ਼ਰੂਮਜ਼ ਹਰ ਰੋਜ਼ ਸਾਫ ਮਿਲਣ। ਇਸ ਲਈ ਵਿਧਾਇਕ ਸਾਹਿਬ, ਆ ਜਾਉ, ਆਪਾਂ ਇਸ ਤੇ ਕੰਮ ਕਰੀਏ ਤੇ ਇਸ ਨੂੰ ਇੰਪਰੂਪ ਕਰੀਏ। ਧੰਨਵਾਦ।

**ਸਰਦਾਰ ਵਿਕਰਮਜੀਤ ਸਿੰਘ ਚੌਧਰੀ** : ਸਪਲੀਮੈਂਟਰੀ ਸਰ।

**ਮਾਣਯੋਗ ਸਪੀਕਰ** : ਚੌਧਰੀ ਸਾਹਿਬ, ਕੀ ਪਾਇਲ ਦੇ ਬੱਸ ਸਟੈਂਡ ਨਾਲ ਸਬੰਧਤ ਸਵਾਲ ਹੈ?

**ਸਰਦਾਰ ਵਿਕਰਮਜੀਤ ਸਿੰਘ ਚੌਧਰੀ** : ਸਰ, ਬੱਸ ਅੱਡੇ ਨਾਲ ਸਬੰਧਤ ਹੈ।

**ਮਾਣਯੋਗ ਸਪੀਕਰ** : ਇਹ ਵੱਖਰਾ ਸਵਾਲ ਬਣਦਾ ਹੈ। ਜਾਂ ਤਾਂ ਮੰਤਰੀ ਸਾਹਿਬ ਨਾਲ ਮਿਲ ਕੇ ਗੱਲ ਕਰ ਲੈਣਾ ਜਾਂ ਅਲੱਗ ਸਵਾਲ ਦੇ ਦੇਣਾ।

**ਸਰਦਾਰ ਵਿਕਰਮਜੀਤ ਸਿੰਘ ਚੌਧਰੀ** : ਸਰ, ਮੈਂ ਸਪਲੀਮੈਂਟਰੀ ਮੰਗ ਰਿਹਾ ਹਾਂ।

**ਮਾਣਯੋਗ ਸਪੀਕਰ** : ਨਹੀਂ ਜੀ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ** : ਮਾਣਯੋਗ ਸਪੀਕਰ, ਪਾਇਲ ਹਲਕੇ ਵਿੱਚ ਬਹੁਤੀਆਂ ਬਿਲਡਿੰਗਾਂ ਦਾ ਨਾਂ, ਜਿਹੜਾ ਪਹਿਲਾਂ ਮੁੱਖ ਮੰਤਰੀ ਸੀ, ਉਨ੍ਹਾਂ ਦੇ ਨਾਂ ਤੇ ਹਨ, ਇਹ ਪਹਿਲਾ ਹਸਪਤਾਲ ਹੈ ਜਿਸ ਦਾ ਨਾਂ ਨੌਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਂ ਤੇ ਰੱਖਿਆ ਗਿਆ ਹੈ। ਬਹੁਤ ਅੱਛੀ ਗੱਲ ਹੈ, ਮੰਤਰੀ ਸਾਹਿਬ ਨੇ positive ਜਵਾਬ ਦਿੱਤਾ ਹੈ। ਮੈਂ ਚਾਹਾਂਗਾ ਕਿ ਇਸ ਬੱਸ ਸਟੈਂਡ ਨੂੰ ਹੋਰ ਸੁੰਦਰ ਬਣਾਉਣ ਲਈ ਕੋਈ ਨਾ ਕੋਈ ਫੰਡ ਜਾਰੀ ਕੀਤਾ ਜਾਵੇ। ਇਹ ਨਗਰ ਕੌਂਸਲ "ਸੀ ਕਲਾਸ" ਹੈ, ਜਿਸ ਕੋਲ ਤਨਖਾਹਾਂ ਦੇਣ ਜੋਗੇ ਵੀ ਪੈਸੇ ਨਹੀਂ ਹਨ। ਜੇ ਮੰਤਰੀ ਸਾਹਿਬ ਕਿਰਪਾ ਕਰ ਦੇਣ ਤਾਂ ਸਾਡੀ ਬੱਲੇ ਬੱਲੇ ਹੋ ਜਾਵੇਗੀ।

**ਮਾਣਯੋਗ ਸਪੀਕਰ** : ਮੰਤਰੀ ਸਾਹਿਬ, ਕਿਰਪਾ ਕਰੋਗੇ?

**ਮੰਤਰੀ** : ਜੀ ਸਰ।

**ਮਾਣਯੋਗ ਸਪੀਕਰ** : ਪ੍ਰਸ਼ਨ ਖਤਮ ਹੁੰਦੇ ਹਨ। ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ।

---

## MATTERS RAISED DURING ZERO HOUR AND STATEMENTS MADE BY THE MINISTERS THEREON

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)** : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਸਾਨੂੰ ਤਾਂ ਸਾਢੇ 4 ਸਾਲ ਗੁਜ਼ਰ ਗਏ ਹਨ। ਇਹ ਅਖੀਰਲਾ ਹੀ ਸੈਸ਼ਨ ਹੈ ਜਾਂ ਹੋ ਸਕਦਾ ਹੈ ਗਲਤੀ ਨਾਲ ਇੱਕ ਅੱਧੀ ਵਾਰ ਫਿਰ ਸੱਦ ਲਉਗੇ।

**ਮਾਣਯੋਗ ਸਪੀਕਰ** : ਗਲਤੀ ਨਾਲ ਨਹੀਂ, intentionally ਕਰਾਂਗੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਠੀਕ ਹੈ ਜੀ, ਮਹਾਰਾਜ ਬਖਸ਼ਿਸ਼ ਕਰਨ, ਤੁਹਾਨੂੰ ਮੌਕਾ ਦੇਣ, 2-3 ਮਹੀਨੇ ਹੋਰ ਹਨ। ਮੇਰੀ ਇੰਨੀ ਕੁ ਬੇਨਤੀ ਹੈ ਕਿ ਅਸੀਂ ਕਹਿ ਕਹਿ ਕੇ ਥੱਕ ਗਏ ਹਾਂ ਕਿ ਬਿਲਾਂ ਤੇ ਸਾਨੂੰ ਘੱਟੋ ਘੱਟ ਤਿੰਨ ਦਿਨ ਦਾ ਟਾਈਮ ਤਾ ਦੇ ਦਿਉ। ਤੁਸੀਂ 9 ਬਿਲ ਘਲਾ ਦਿੱਤੇ ਹਨ, ਤਿੰਨ ਅੱਜ ਸਵੇਰੇ ਹੀ ਆਏ ਹਨ। ਸਾਡੇ ਨਾਲ ਉਹੀ ਹੋਣੀ ਹੈ, ਜਿਹੜੀ ਕਿ ਜਥੇਦਾਰ ਅਕਾਲ ਤਖਤ ਸਾਹਿਬ ਨੇ ਤੁਹਾਡੇ ਨਾਲ ਅਤੇ ਸਾਡੇ ਸਾਰਿਆਂ ਨਾਲ ਕੀਤੀ ਸੀ। ਜੋ ਪਿਛਲੀ ਵਾਰ ਬੇਅਦਬੀਆਂ ਖਿਲਾਫ ਬਿਲ ਆਇਆ ਸੀ, ਉਨ੍ਹਾਂ ਨੇ ਪੁੱਛਿਆ ਸੀ, ਇਨ੍ਹਾਂ ਨੂੰ ਵੀ ਪੁੱਛਿਆ ਸੀ ਅਤੇ ਬਾਕੀਆਂ ਨੂੰ ਵੀ ਪੁੱਛਿਆ ਸੀ ਕਿ ਪੜ੍ਹ ਕੇ ਆਏ ਹੋ। ਜਵਾਬ ਸੀ ਕਿ ਨਹੀਂ ਜੀ ਪੜ੍ਹਿਆ ਨਹੀਂ ਹੈ। ਕੀ ਹੁਣ ਆਪਾਂ ਵੀ ਉਹੀ ਚਾਹੁੰਦੇ ਹਾਂ? What is the purpose of this House? ਜੇ ਤਾਂ ਇਸ ਦਾ ਨਿਰ੍ਹਾ ਇਹੋ ਪਰਪਜ਼ ਹੈ ਕਿ ਟਾਈਮ ਹੀ ਤੋਰਨਾ ਹੈ ਤਾਂ ਇਸ ਤੋਂ ਚੰਗਾ ਕੋਈ ਕੰਮ ਨਹੀਂ ਹੈ।

**1155/Tarlochan Singh/Rajneesh kumar**

**1200/mehak**

9 ਬਿਲ ਇੱਕੋ ਦਿਨ ਵਿੱਚ ਤੇ ਤਿੰਨ ਬਿੱਲ ਅੱਜ ਸਵੇਰੇ ਹੀ ਆ ਜਾਣ ਤਾਂ ਤੁਸੀਂ ਮੈਨੂੰ ਦੱਸੋ ਕਿ ਇਹੋ ਜਿਹੀ ਕਿਹੜੀ ਕੰਪਿਊਟਰ ਦੀ ਮਸ਼ੀਨ ਫਿੱਟ ਕੀਤੀ ਹੈ ਕਿ ਉਸੇ ਸਮੇਂ ਜਵਾਬ ਬਾਹਰ ਨਿਕਲ ਆਵੇ। The whole purpose is

completely different. ਮੇਰੀ ਗੁਜ਼ਾਰਿਸ਼ ਹੈ ਕਿ ਜਾਂ ਤਾਂ 1-2 ਦਿਨ ਹਾਊਸ ਵਧਾ ਲਓ ਜਾਂ ਫਿਰ ਪਾਬੰਦ ਕਰ ਦਿਓ ਕਿ ਸਾਡਾ ਪਰਪਜ ਹੀ ਇੰਨਾ ਸੀ ਕਿ ਇਸ ਦੇ ਵਿੱਚ ਕੱਢਣ ਪਾਉਣ ਨੂੰ ਕੁਝ ਹੈ ਹੀ ਨਹੀਂ। ਮੇਰੀ ਬੇਨਤੀ ਹੈ ਕਿ it gives very very wrong message. It shows we are not interested at all.

**ਮਾਣਯੋਗ ਸਪੀਕਰ**: ਧੰਨਵਾਦ ਜੀ, ਤੁਹਾਡੀ ਗੱਲ ਆ ਗਈ ਹੈ।

**Sardar Partap Singh Bajwa**: It shows every single member in poor light. ਹੁਣ ਇੱਥੇ ਕੌਣ ਬੋਲ ਸਕੇਗਾ ਕਿਉਂਕਿ ਕਿਸੇ ਦੀ ਤਿਆਰੀ ਨਹੀਂ ਹੈ, ਕਿਸੇ ਨੇ ਪੜ੍ਹਿਆ ਨਹੀਂ ਹੈ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਮੈਂ ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਨੂੰ ਤਵੱਕੋ ਕਰਦਾ ਹਾਂ ਕਿ ਜਿਹੜੇ ਵੀ ਬਿਲ ਪੇਸ਼ ਹੋਣੇ ਹੁੰਦੇ ਹਨ, ਉਨ੍ਹਾਂ ਨੂੰ ਘੱਟੋ-ਘੱਟ 15 ਦਿਨ ਪਹਿਲਾਂ ਜ਼ਰੂਰ ਪੇਸ਼ ਕਰ ਦਿਆ ਕਰਨ। (ਵਿਘਨ) ਠੀਕ ਹੈ ਜੀ, ਧੰਨਵਾਦ ਜੀ। ਚੇਤਨ ਜੀ।

**ਸਰਦਾਰ ਚੇਤਨ ਸਿੰਘ ਜੋੜਾਮਾਜਰਾ (ਸਮਾਣਾ)**: ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ। ਮੈਂ ਮਾਣਯੋਗ ਲੋਕਲ ਬਾਡੀ ਮਨਿਸਟਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਸਮਾਣੇ ਦੇ ਸ਼ਹਿਰ ਵਿੱਚ ਹਜ਼ਾਰ ਦੇ ਕਰੀਬ ਖੋਖੇ ਅਤੇ 200 ਦੇ ਨੇੜੇ-ਤੇੜੇ ਦੁਕਾਨਾਂ ਹਨ ਜਿਹੜੀਆਂ ਨਗਰ ਕੌਂਸਲ ਦੀ ਮਲਕੀਅਤ ਹਨ ਔਰ ਜਿਹੜੇ ਦੁਕਾਨਦਾਰ ਹਨ, ਉਹ ਪਿਛਲੇ 60-70 ਸਾਲਾਂ ਤੋਂ ਇਨ੍ਹਾਂ ਦੁਕਾਨਾਂ ਅਤੇ ਖੋਖਿਆਂ ਰਾਹੀਂ ਆਪਣੀ ਰੋਜ਼ੀ ਰੋਟੀ ਚਲਾ ਰਹੇ ਹਨ। ਪਿਛਲੇ ਸਮੇਂ ਦਰਮਿਆਨ ਕੁਝ ਦੁਕਾਨਾਂ ਦੀ ਰਜਿਸਟਰੀ, ਜਿਹੜੇ ਮਾਲਕ ਬੈਠੇ ਸੀ, ਉਨ੍ਹਾਂ ਦੇ ਨਾਂ ਤੇ ਹੋ ਗਈਆਂ ਹਨ। ਮੇਰੀ ਬੇਨਤੀ ਹੈ ਕਿ ਹਜ਼ਾਰ ਦੇ ਕਰੀਬ ਜਿਹੜੇ ਖੋਖੇ ਪੈਂਡਿੰਗ ਪਏ ਹਨ ਔਰ 200 ਦੇ ਕਰੀਬ ਦੁਕਾਨਾਂ ਹਨ, ਉਨ੍ਹਾਂ ਦੀ ਮਲਕੀਅਤ ਜਿਹੜੇ ਦੁਕਾਨਦਾਰ ਬੈਠੇ ਹਨ, ਉਨ੍ਹਾਂ ਦੇ ਨਾਂ ਕੀਤੀ ਜਾਵੇ। ਕਿਉਂਕਿ ਹੁਣ ਬਾਰਸ਼ਾਂ ਵਿੱਚ ਉੱਥੇ ਪਾਣੀ ਆ ਜਾਂਦਾ ਹੈ ਅਤੇ ਪਾਣੀ ਨਾਲ ਉਨ੍ਹਾਂ ਦੀ ਦੁਕਾਨ ਦਾ ਸਮਾਨ ਖਰਾਬ ਹੋ ਜਾਂਦਾ ਹੈ ਅਤੇ ਉਹ ਦੁਕਾਨਦਾਰ ਨਾ ਤਾਂ ਆਪਣੀ ਛੱਤ ਬਦਲ ਸਕਦੇ ਹਨ ਔਰ ਨਾ ਹੀ ਆਪਣੀ ਦੁਕਾਨ ਨੂੰ ਉੱਚਾ ਚੁੱਕ ਸਕਦੇ ਹਨ। ਸੋ, ਮੇਰੀ ਆਪ ਜੀ ਦੇ ਜ਼ਰੀਏ ਲੋਕਲ ਬਾਡੀਜ਼ ਮਨਿਸਟਰ ਨੂੰ ਬੇਨਤੀ ਹੈ ਕਿ ਜਿਹੜੇ ਦੁਕਾਨਦਾਰ ਉਨ੍ਹਾਂ ਦੁਕਾਨਾਂ ਔਰ ਖੋਖਿਆਂ ਵਿੱਚ ਬੈਠੇ ਹਨ ਉਨ੍ਹਾਂ ਨੂੰ ਹੀ ਉਨ੍ਹਾਂ ਦੀ ਸਪੁਰਦਗੀ ਕੀਤੀ ਜਾਵੇ ਅਤੇ ਜੋ ਕੁਲੈਕਟਰ ਰੇਟ ਬਣਦਾ ਹੈ, ਉਨ੍ਹਾਂ ਤੋਂ ਕੁਲੈਕਟਰ ਰੇਟ ਲੈ ਲਿਆ ਜਾਵੇ। ਸਮਾਣੇ ਵਿੱਚ ਬਹੁਤ ਸਾਰਾ ਤਬਕਾ ਬਹਾਵਲਪੁਰ ਬਰਾਦਰੀ ਨਾਲ ਸਬੰਧਿਤ ਹੈ ਤੇ ਉਹ ਦੁਕਾਨਦਾਰ ਬੜੇ ਲੰਮੇ ਸਮੇਂ ਤੋਂ ਬੈਠ ਕੇ ਦੁਕਾਨਦਾਰੀ ਕਰਦੇ ਹਨ, ਉਨ੍ਹਾਂ ਦਾ ਇਹ ਮਸਲਾ ਹੱਲ ਜਾਵੇ ਤਾਂ ਉਨ੍ਹਾਂ ਦੀ ਉਮਰ ਭਰ ਦੀ ਰੋਜ਼ੀ ਰੋਟੀ ਬਣ ਸਕਦੀ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਬੈਠੋ ਜੀ, ਬੋਲ ਲੈਣ ਦਿਓ। ਸਰਦਾਰ ਮਨਜੀਤ ਸਿੰਘ ਬਿਲਾਸਪੁਰ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ, ਐਸ.ਸੀ.)**: ਧੰਨਵਾਦ, ਸਪੀਕਰ ਸਾਹਿਬ, ਤੁਸੀਂ ਮੈਨੂੰ ਜ਼ੀਰੋ ਆਵਰ ਵਿੱਚ ਬੋਲਣ ਦਾ ਮੌਕਾ ਦਿੱਤਾ। ਮਾਣਯੋਗ ਸਪੀਕਰ ਸਾਹਿਬ, ਵਿਦੇਸ਼ਾਂ ਵਿੱਚ ਬੈਠੇ ਪੈਨਸ਼ਨਰਾਂ ਲਈ E-

KYC, ਈ- ਲਾਇਫ ਸਰਟੀਫਿਕੇਟ ਅਤੇ ਹੋਰ ਕਾਗਜ਼ ਪੱਤਰ ਡਾਊਨਲੋਡ ਕਰਨ ਵਾਸਤੇ ਇੱਕ ਐਪ ਬਣਾਈ ਗਈ ਹੈ ਪਰ ਇਹ ਐਪ ਨਾ ਤਾਂ ਵਿਦੇਸ਼ਾਂ ਵਿੱਚ ਖੁੱਲ੍ਹਦੀ ਹੈ ਅਤੇ ਨਾ ਹੀ ਡਾਊਨਲੋਡ ਹੁੰਦੀ ਹੈ। ਇਸ ਕਰਕੇ ਪਿਛਲੇ ਛੇ ਮਹੀਨਿਆਂ ਤੋਂ ਉਨ੍ਹਾਂ ਦੇ ਖਾਤੇ ਵਿੱਚ ਪੈਨਸ਼ਨ ਨਹੀਂ ਪਈ ਹੈ। ਇਸ ਤੋਂ ਪਹਿਲਾਂ Indian Constitutional General of India, Toronto, Canada ਤੋਂ ਸਰਟੀਫਿਕੇਟ ਯੋਗ ਮੰਨੇ ਜਾਂਦੇ ਸਨ। ਕਿਰਪਾ ਕਰਕੇ ਇਸ ਨੂੰ ਹੀ ਲਾਗੂ ਕੀਤਾ ਜਾਵੇ ਤਾਂ ਜੋ ਵਿਦੇਸ਼ਾਂ ਵਿੱਚ ਬੈਠੇ ਪੈਨਸ਼ਨਰਾਂ ਦੀ ਸਮੱਸਿਆ ਦਾ ਹੱਲ ਹੋ ਸਕੇ।

**ਮਾਣਯੋਗ ਸਪੀਕਰ**: ਜਗਦੀਪ ਕੰਬੋਜ ਗੋਲਡੀ। ਸ੍ਰੀ ਰਜਨੀਸ਼ ਕੁਮਾਰ ਦਹੀਯਾ। ਹਾਂ ਜੀ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)**: ਮਿਹਰਬਾਨੀ ਸਪੀਕਰ ਸਾਹਿਬ। ਮੇਰੀ ਬੇਨਤੀ ਇਸ ਤਰ੍ਹਾਂ ਹੈ ਕਿ ਸਰਕਾਰ ਨੇ 65-66 ਹਜ਼ਾਰ ਨੌਕਰੀਆਂ ਦਾ ਲੋਕਾਂ ਨੂੰ ਦੱਸਿਆ ਹੈ ਕਿ ਅਸੀਂ 65-66 ਹਜ਼ਾਰ ਨੌਜਵਾਨ ਬੱਚਿਆਂ ਦੀ ਭਰਤੀ ਕੀਤੀ ਹੈ। ਚਲੋ ਬਹੁਤ ਖੁਸ਼ੀ ਵਾਲੀ ਗੱਲ ਹੈ। ਚਾਰ ਲੱਖ ਮੁਲਾਜ਼ਮਾਂ ਵਿੱਚੋਂ ਮੇਰਾ ਖਿਆਲ ਤਕਰੀਬਨ 15 ਹਜ਼ਾਰ ਮੁਲਾਜ਼ਮ ਹਰ ਸਾਲ ਜਾਂ ਤਾਂ ਰਿਟਾਇਰ ਹੋ ਜਾਂਦਾ ਹੈ ਜਾਂ ਕਿਸੇ ਦੀ ਮੌਤ ਹੋ ਜਾਂਦੀ ਹੈ ਤੇ ਜੇ ਪੰਜ ਸਾਲਾਂ ਦੀ ਐਵਰੇਜ ਕੱਢੀਏ ਤਾਂ ਉਹ 75 ਹਜ਼ਾਰ ਕੁ ਵੈਸੇ ਹੀ ਬਣਦੀ ਹੈ, ਜਿਹੜੀ ਨੈਚੂਰਲ ਵੀ ਹੁੰਦੀ ਹੈ। ਦੂਜੀ ਗੱਲ, ਇੱਕ ਬੜੀ ਸੀਰੀਅਸ ਅਨਾਮਲੀ ਮੈਂ ਤੁਹਾਡੇ ਸਾਹਮਣੇ ਲੈ ਕੇ ਆਇਆ ਸੀ, ਜਿਸ ਦਾ ਸਾਰੇ ਪੰਜਾਬ ਨੂੰ ਖਦਸ਼ਾ ਵੀ ਹੈ ਤੇ ਇਸੇ ਗੱਲ ਕਾਰਨ ਅਸੀਂ ਵਾਰੀ ਵਾਰੀ ਵਾਇਟ ਪੇਪਰ ਦੀ ਡਿਮਾਂਡ ਕਰਦੇ ਹਾਂ। ਮਨਿਸਟਰੀ ਆਫ ਹੈਲਥ ਐਂਡ ਫੈਮਿਲੀ ਵੈਲਫੇਅਰ ਵਿੱਚ 13 ਮਲਟੀ ਹੈਲਥ ਵਰਕਰਜ਼ ਦੀ ਲਿਸਟ ਹੁਣੇ ਨਿਕਲੀ ਹੈ। ਇਨ੍ਹਾਂ 13 ਵਿੱਚੋਂ 10 ਬੰਦੇ ਹਰਿਆਣਾ ਦੇ ਹਨ, ਇਨ੍ਹਾਂ 10 ਦੇ 10 ਬੰਦਿਆਂ ਦੇ ਮੈਂ ਨਾਂ ਪੜ੍ਹ ਦਿੰਦਾ ਹਾਂ। ਪਹਿਲਾ, ਦੀਪਕ ਹੈ ਜੀ, ਉਸ ਤੋਂ ਬਾਅਦ ਮੋਹਿਤ ਅੰਬਾਲਾ ਦਾ ਹੈ, ਫਿਰ ਇਕਬਾਲ ਸਿੰਘ ਕਾਲਿਆਂਵਾਲੀ ਦਾ ਹੈ, ਫਿਰ ਗੁਰਪ੍ਰੀਤ ਸਿੰਘ, ਜਗਾਧਰੀ ਦਾ ਹੈ। ਫਿਰ ਜੌਬਸ ਵੀ ਸਾਰਿਆਂ ਨੂੰ ਹਰਿਆਣਾ ਬਾਰਡਰ ਤੇ ਦੇ ਦਿੱਤੀਆਂ ਹਨ।

**1200/mehak/Monika sharma**

**1205/Sukhpiar Singh**

ਪੰਜਾਬ ਵਾਲਿਆਂ ਨੂੰ ਚੁੱਕ ਕੇ ਜਿੱਥੇ ਮਰਜ਼ੀ ਬਾਰਡਰਾਂ ਤੇ ਘੱਲ ਦਿਉ, ਹਰਿਆਣਾ ਵਾਲਿਆਂ ਨੂੰ ਲਿਆ ਕੇ ਫਿਰ ਹਰਿਆਣਾ ਦੇਖੋ ਕਿ ਸਾਡਾ ਅਤੇ ਲੋਕਾਂ ਦਾ ਮੰਨਣਾ ਹੈ ਕਿ ਤੁਹਾਡਾ ਆਈ.ਟੀ. ਸੈੱਲ ਅਤੇ ਪਾਰਟੀਜ਼ ਦੇ ਵਲੰਟੀਅਰ ਹਨ, ਉਨ੍ਹਾਂ ਨੂੰ ਇਹ ਜੌਬਜ਼ ਦਿੱਤੀਆਂ ਜਾ ਰਹੀਆਂ ਹਨ। ਪੰਜਾਬੀਆਂ ਦਾ ਹੱਕ ਮਾਰਿਆ ਜਾ ਰਿਹਾ ਹੈ ਅਤੇ ਉਹ ਬਕਾਇਦਾ ਤੌਰ ਤੇ ਦਿੱਲੀ ਦੇ ਮੁੰਡੇ ਹਨ, ਮੈਜਾਰਿਟੀ ਹਰਿਆਣਾ ਅਤੇ ਰਾਜਸਥਾਨ ਦੇ ਹਨ। ਹੁਣ ਅਗਲੀ ਗੱਲ ਵੀ ਮੈਂ ਤੁਹਾਨੂੰ ਦੱਸਣ ਲੱਗਿਆ ਹਾਂ।

(ਇਸ ਸਮੇਂ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ, ਡਾਕਟਰ ਬਲਬੀਰ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਇੱਕ ਗੱਲ ਹੀ ਆਵੇਗੀ। ਹੁਣ ਮੰਤਰੀ ਜੀ ਖੜ੍ਹੇ ਹੋ ਗਏ ਹਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਰ, ਇੱਕ ਸੈਕਿੰਟ ਜੀ, ਮੇਰੀ ਗੱਲ ਪੂਰੀ ਹੋ ਲੈਣ ਦਿਉ।

**ਮਾਣਯੋਗ ਸਪੀਕਰ:** ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਇਹ ਬਿਜਲੀ ਬੋਰਡ ਹੈ। ਬਿਜਲੀ ਬੋਰਡ ਵਿੱਚ ਟੋਟਲ ਜੌਬਜ਼ 14 ਨਿਕਲੀਆਂ ਸਨ ਅਤੇ 14 ਦੇ 14 ਮੁੰਡੇ ਗੰਗਾਨਗਰ, ਰਾਜਸਥਾਨ ਦੇ ਹਨ।

**ਮਾਣਯੋਗ ਸਪੀਕਰ:** ਠੀਕ ਹੈ ਜੀ, ਤੁਹਾਡੀ ਗੱਲ ਆ ਗਈ ਹੈ। ਮੰਤਰੀ ਜੀ, ਬੋਲੋ। (ਵਿਘਨ) (ਸ਼ੋਰ) ਬੋਲੋ ਜੀ, ਬੋਲੋ, ਮੰਤਰੀ ਜੀ ਤੁਸੀਂ ਜਵਾਬ ਦਿਉ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**Mr. Speaker:** You have conveyed your point and Minister is kind enough to reply it.

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਡਾਕਟਰ ਬਲਬੀਰ ਸਿੰਘ)**: ਮਾਣਯੋਗ ਸਪੀਕਰ ਸਾਹਿਬ, ਜਿਹੜੇ ਵਿਰੋਧੀ ਧਿਰ ਤੇ ਨੇਤਾ ਹਨ, ਸਾਡੇ ਮਾਣਯੋਗ ਵਿਰੋਧੀ ਧਿਰ ਦੇ ਨੇਤਾ ਸਦਨ ਦੇ ਸਭ ਤੋਂ experienced ਲੀਡਰ ਹਨ ਜੀ ਅਤੇ ਨੈਸ਼ਨਲ ਪਾਰਟੀ ਦੇ ਮੈਂਬਰ ਹਨ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ 13 ਦੇ 13 ਨਹੀਂ, 237 ਬੰਦਿਆਂ ਦੀ ਰਿਕਰੂਟਮੈਂਟ ਕੀਤੀ ਸੀ, ਜਿਹੜੇ ਪੰਜਾਬ ਦੇ ਬੱਚੇ ਸੀ ਜਿਨ੍ਹਾਂ ਨੇ ਇੱਥੋਂ ਡਿਗਰੀ ਕੀਤੀ ਸੀ, ਉਨ੍ਹਾਂ ਨੂੰ ਮੁੱਖ ਮੰਤਰੀ ਸਾਹਿਬ ਸਰਟੀਫਿਕੇਟ ਦੇ ਚੁੱਕੇ ਹਨ ਕਿਉਂਕਿ ਇਹ ਹਰਿਆਣਾ ਦੇ ਸੀ ਅਤੇ ਇਨ੍ਹਾਂ ਦੀਆਂ ਡਿਗਰੀਆਂ ਉੱਥੋਂ ਦੀਆਂ ਸਨ, ਇਹ ਸਾਰੇ ਦੇਸ਼ਾਂ ਵਿੱਚ ਅਲਾਊਡ ਹੈ। ਆਪਾਂ ਗੱਲ ਕਰ ਲਈਏ ਕਿ ਦੇਸ਼ ਇੱਕ ਹੈ, 237 ਵਿੱਚੋਂ 13 ਬੱਚੇ ਸੀ ਕਿਉਂਕਿ ਉਹ ਹਰਿਆਣਾ ਦੇ ਸੀ ਅਤੇ ਉਨ੍ਹਾਂ ਦੀਆਂ ਡਿਗਰੀਆਂ ਉੱਥੋਂ ਦੀਆਂ ਸਨ, ਉਨ੍ਹਾਂ ਦੀ ਵੈਰੀਫਿਕੇਸ਼ਨ ਨੂੰ ਟਾਈਮ ਲੱਗਿਆ। ਜਦੋਂ ਉਹ ਕਲੀਅਰ ਹੋ ਗਈ ਤਾਂ ਇਨ੍ਹਾਂ ਨੇ ਕਿਹਾ ਕਿ ਬਾਰਡਰ ਉੱਤੇ ਲਗਾਇਆ ਹੈ। ਜਦੋਂ ਸਾਡੇ ਬੱਚਿਆਂ ਨੂੰ ਦੂਰ ਜਗ੍ਹਾ ਮਿਲਦੀ ਹੈ ਤਾਂ ਸਾਡੇ ਬੱਚੇ ਵੀ ਹਰਿਆਣਾ ਵਿੱਚ ਸਿਲੈਕਟ ਹੁੰਦੇ ਹਨ, ਸਾਡੇ ਬੱਚੇ ਵੀ ਰਾਜਸਥਾਨ ਜੁਡੀਸ਼ਰੀ ਵਿੱਚ ਅਤੇ ਸਾਰੀਆਂ ਸਰਵਿਸਿਜ਼ ਵਿੱਚ ਜਾਂਦੇ ਹਨ। ਦੇਸ਼ ਇੱਕ ਹੈ ਜੀ, ਜੋ ਇਨ੍ਹਾਂ ਦੇ ਬਣਾਏ ਹੋਏ ਕਾਨੂੰਨ ਹਨ, ਇਨ੍ਹਾਂ ਦੀਆਂ ਸਰਕਾਰਾਂ ਵੇਲੇ ਦੇ ਕਾਨੂੰਨ ਬਣੇ ਹੋਏ ਹਨ। ਉਸ ਤਹਿਤ 237 ਵਿੱਚੋਂ 13 ਹਨ, ਇਹ ਹਾਊਸ ਨੂੰ ਮਿਸਲੀਡ ਨਾ ਕਰਨ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**Mr. Speaker:** You have conveyed your point, ਹੁਣ ਬਾਜਵਾ ਜੀ ਤੁਸੀਂ ਇਕੱਲਿਆਂ ਨੇ ਥੋੜ੍ਹਾ ਸਾਰਾ ਬੋਲਣਾ ਹੈ। ਹੁਣ ਅੱਗੇ ਵੀ ਜਾਣ ਦਿਉ, ਅੱਗੇ ਵੀ ਚੱਲਣ ਦਿਉ।

**ਸਰਦਾਰ ਕੁਲਜੀਤ ਸਿੰਘ ਰੰਧਾਵਾ (ਡੇਰਾਬੱਸੀ)**: ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਟਰਾਂਸਪੋਰਟ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ 30.12.2021 ਨੂੰ ਛੱਤ ਲਾਈਟਾਂ ਤੇ ਟਰਾਂਸਪੋਰਟਰਾਂ ਵੱਲੋਂ ਧਰਨਾ ਲਗਾਇਆ ਗਿਆ ਸੀ ਤੇ ਮੈਨੂੰ ਆਸ ਹੈ ਕਿ ਅੱਜ ਪੰਜਾਬ ਦੇ ਬੱਚੇ ਕੈਨੇਡਾ, ਅਮਰੀਕਾ ਕਾਰਾਂ ਚਲਾ ਕੇ, ਟਰੱਕ ਚਲਾ ਕੇ, ਟੈਂਪੂ ਚਲਾ ਕੇ ਬੜੀ ਵਧੀਆ ਰੋਟੀ ਖਾਂਦੇ ਹਨ। ਮੇਰੇ ਖੁਦ ਆਪਣੇ ਰਿਸ਼ਤੇਦਾਰ ਹਨ, ਤੁਹਾਡੇ ਰਿਸ਼ਤੇਵਾਰ ਵੀ ਬਾਹਰ ਕੈਨੇਡਾ ਹਨ ਪਰ ਪੰਜਾਬ ਦਾ ਟਰਾਂਸਪੋਰਟਰ ਦਰ-ਦਰ ਧੱਕੇ ਖਾਂਦਾ ਫਿਰਦਾ ਹੈ। ਮੈਂ ਮੁੱਖ ਮੰਤਰੀ ਸਾਹਿਬ ਅਤੇ ਸਾਡੇ ਨਵੇਂ ਟਰਾਂਸਪੋਰਟ ਮੰਤਰੀ ਸਾਹਿਬ ਸਰਦਾਰ ਹਰਪਾਲ ਸਿੰਘ ਚੀਮਾ ਜੀ ਤੋਂ ਆਸ ਕਰਾਂਗਾ ਕਿ ਬੱਸ ਦੀ ਪਾਲਿਸੀ, ਸਕੂਲ ਬੱਸਾਂ ਦੀ ਪਾਲਿਸੀ, ਟਰੱਕਾਂ ਦੀ ਪਾਲਿਸੀ, ਟੈਕਸੀ ਦੀ ਪਾਲਿਸੀ, ਕੈਂਟਰ ਦੀ ਪਾਲਿਸੀ, ਕੋਈ ਨਾ ਕੋਈ ਟਰਾਂਸਪੋਰਟ ਦੀ ਅਜਿਹੀ ਪਾਲਿਸੀ ਬਣਾਈ ਜਾ ਸਕੇ ਜਿਸ ਨਾਲ ਪੰਜਾਬ ਦੇ ਲੋਕ ਵੀ ਮਹਿਸੂਸ ਕਰਨ ਕਿ ਜੇਕਰ ਕੈਨੇਡਾ, ਅਮਰੀਕਾ ਵਿੱਚ ਟਰਾਂਸਪੋਰਟਰ ਵਧੀਆ ਰੋਟੀ ਖਾ ਸਕਦੇ ਹਨ ਤਾਂ ਪੰਜਾਬ ਦੇ ਲੋਕ ਕਿਉਂ ਨਹੀਂ? ਧੰਨਵਾਦ ਜੀ।

**ਸਰਦਾਰ ਵਿਕਰਮਜੀਤ ਸਿੰਘ ਚੌਧਰੀ (ਫਿਲੌਰ, ਐਸ.ਸੀ)**: ਧੰਨਵਾਦ, ਸਪੀਕਰ ਸਾਹਿਬ, ਮੇਰਾ ਸਵਾਲ ਲੋਕਲ ਗੌਰਮਿੰਟ ਮਨਿਸਟਰ ਬੈਂਸ ਸਾਹਿਬ ਨਾਲ ਸੀ ਪਰ ਉਹ ਹਾਊਸ ਵਿੱਚ ਨਹੀਂ ਹਨ। ਸੈਕਟਰੀ ਸਾਹਿਬ ਗੈਲਰੀ ਵਿੱਚ ਬੈਠੇ ਹਨ। ਸਪੀਕਰ ਸਾਹਿਬ, ਫਿਲੌਰ ਸ਼ਹਿਰ ਇੱਕ ਇਤਿਹਾਸਿਕ ਸ਼ਹਿਰ ਹੈ, ਉੱਥੇ ਮਹਾਰਾਜਾ ਰਣਜੀਤ ਸਿੰਘ ਜੀ ਦਾ ਫੋਰਟ ਹੈ ਜਿੱਥੇ ਪੰਜਾਬ ਪੁਲਿਸ ਅਕੈਡਮੀ ਚਲਾਈ ਜਾ ਰਹੀ ਹੈ ਜਿੱਥੇ ਅਫਸਰ ਆ ਕੇ ਟ੍ਰੇਨਿੰਗ ਕਰਦੇ ਹਨ। ਓਮ ਜੈ ਜਗਦੀਸ਼ ਹਰੇ ਦੀ ਆਰਤੀ ਲਿਖਣ ਵਾਲੇ ਸਾਡੇ ਬਹੁਤ ਹੀ ਮਹਾਨ ਲੇਖਕ ਸਵਰਗੀ ਪੰਡਿਤ ਸ਼ਰਧਾ ਰਾਮ ਫਿਲੌਰੀ ਜੀ ਵੀ ਫਿਲੌਰ ਤੋਂ ਹਨ। ਫਿਲੌਰ ਨੂੰ ਗੇਟਵੇਅ ਆਫ ਦੋਆਬਾ ਕਿਹਾ ਜਾਂਦਾ ਹੈ ਪਰ ਅਫਸੋਸ ਹੈ ਕਿ ਅੱਜ ਫਿਲੌਰ ਸ਼ਹਿਰ ਤੋਂ ਲੁਧਿਆਣਾ ਵੱਲ ਜਾਣਾ ਹੋਵੇ ਤਾਂ NHAI ਦਾ ਹੁਣੇ ਕੰਮ ਮੁਕੰਮਲ ਹੋਇਆ ਹੈ। ਉਸ ਨਾਲ ਫਿਲੌਰ ਵਿੱਚ exit point towards Ludhiana ਨਹੀਂ ਹੈ ਅਤੇ ਫਿਲੌਰ ਦੇ ਲੋਕਾਂ ਨੂੰ ਸਭ ਤੋਂ ਵੱਡੀ ਸਮੱਸਿਆ ਆ ਰਹੀ ਹੈ। ਸੈਕਟਰੀ ਸਾਹਿਬ ਬੈਠੇ ਹਨ, ਉਦੋਂ ਇਹ ਡੀ.ਸੀ., ਜਲੰਧਰ ਸੀ। ਉੱਥੇ ਇੱਕ ਬੱਸ ਅੱਡਾ ਹੈ ਜਿਸ ਨੂੰ ਪੁਲਿਸ ਨੇ ਕਈ ਸਾਲ ਤਾਂ ਡੰਪਿੰਗ ਗਰਾਊਂਡ ਹੀ ਬਣਾ ਕੇ ਰੱਖਿਆ ਸੀ ਤਾਂ ਸੈਕਟਰੀ ਸਾਹਿਬ ਜਦੋਂ ਡੀ.ਸੀ. ਸੀ ਤਾਂ ਅਸੀਂ ਉਸ ਨੂੰ ਖਾਲੀ ਕਰਵਾਇਆ ਸੀ ਪਰ ਅੱਜ ਉਸ ਬੱਸ ਅੱਡੇ ਦੀ ਕੁਨੈਕਟੀਵਿਟੀ ਹਾਈਵੇਅ ਨਾਲ ਨਹੀਂ ਹੈ। ਮੈਂ ਪਿਛਲੇ ਮਹੀਨੇ 6 ਮਈ ਨੂੰ ਸ਼੍ਰੀ ਨਿਤਿਨ ਗਡਕਰੀ ਸਾਹਿਬ ਨੂੰ ਜਿਹੜੇ ਕਿ ਨੈਸ਼ਨਲ ਹਾਈਵੇ ਰੋਡ ਟਰਾਂਸਪੋਰਟ ਮਨਿਸਟਰ ਹਨ, ਉਨ੍ਹਾਂ ਨੂੰ ਮਿਲ ਕੇ ਆਇਆ ਸੀ।

**1205/Sukhpiar Singh/Monika sharma**

**1210/Manika Rani**

ਉਨ੍ਹਾਂ ਨੂੰ ਇਹ ਬੇਨਤੀ ਕੀਤੀ ਸੀ ਕਿ ਫਿਲੌਰ ਸ਼ਹਿਰ ਦੀ ਅਤੇ ਫਿਲੌਰ ਬੱਸੇ ਅੱਡੇ ਦੀ ਕੁਨੈਕਟਿਵੀ ਨੈਸ਼ਨਲ ਹਾਈਵੇਅ ਨਾਲ ਕੀਤੀ ਜਾਵੇ। ਸਪੀਕਰ ਸਾਹਿਬ, ਮੰਤਰੀ ਸਾਹਿਬ ਵੱਲੋਂ ਆਪਣੇ ਵਿਭਾਗ ਰਾਹੀਂ ਮੈਨੂੰ ਚਿੱਠੀ ਭੇਜੀ ਹੈ ਕਿ ਪੰਜਾਬ ਸਰਕਾਰ ਵੱਲੋਂ ਫਿਲੌਰ ਸ਼ਹਿਰ ਅਤੇ ਫਿਲੌਰ ਦੇ ਬੱਸ ਅੱਡੇ ਨੂੰ ਨੈਸ਼ਨਲ ਹਾਈਵੇਅ ਨਾਲ ਕੁਨੈਕਟ ਕਰਨ ਦੀ ਕੋਈ ਪਰਪੋਜ਼ਲ ਨਹੀਂ ਭੇਜੀ ਗਈ ਹੈ । ਮੈਂ ਤੁਹਾਡੇ ਮਾਧਿਅਮ ਰਾਹੀਂ ਸੈਕੇਟਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਭਾਰਤ ਸਰਕਾਰ ਨੂੰ ਪਰਪੋਜ਼ਲ ਜਲਦ ਤੋਂ ਜਲਦ ਲਿਖਤੀ ਰੂਪ ਵਿੱਚ ਭੇਜੀ ਜਾਵੇ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਵਿਕਰਮਜੀਤ ਸਿੰਘ ਚੌਧਰੀ**: ਸਪੀਕਰ ਸਾਹਿਬ, ਇੱਕ ਮਿੰਟ ਜੀ। ਸਰ, ਇਹ ਬਹੁਤ ਵੱਡਾ ਮੁੱਦਾ ਹੈ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਹਾਂ ਜੀ, ਡਾਕਟਰ ਸੁਖਵਿੰਦਰ ਕੁਮਾਰ ਸੁਖੀ। ਤੁਸੀਂ ਟਾਈਮ ਲੈ ਲਿਆ ਹੈ। ਹੁਣ ਬੈਠੋ। ਪਲੀਜ਼ ਬੈਠੋ। ਹਾਂ ਜੀ, ਸੁਖੀ ਜੀ।

**ਸਰਦਾਰ ਵਿਕਰਮਜੀਤ ਸਿੰਘ ਚੌਧਰੀ**: ਸਰ, ਮੈਨੂੰ ਆਪਣੀ ਗੱਲ ਦਾ ਜਵਾਬ ਨਹੀਂ ਮਿਲਿਆ ਹੈ। ਇਹ ਮਸਲਾ ਜ਼ਰੂਰੀ ਹੈ। ਇੱਕ ਮਿੰਟ ਦੇ ਦਿਓ ਜੀ। ਇਹ ਜ਼ਰੂਰੀ ਹੈ।

**ਮਾਣਯੋਗ ਸਪੀਕਰ**: ਚੌਧਰੀ ਸਾਹਿਬ, you have consumed your two mintues and you have conveyed your point. Please let the house run. ਹੁਣ ਬੈਠੋ। ਹਾਂ ਜੀ, ਸੁਖੀ ਜੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ.)**: ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਟਰਾਂਸਪੋਰਟ ਮਨਿਸਟਰ ਸਾਹਿਬ ਦਾ ਧਿਆਨ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਵਿਕਰਮਜੀਤ ਸਿੰਘ ਚੌਧਰੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਹੋਰ ਸਮਾਂ ਦੇਣ ਦੀ ਮੰਗ ਕਰ ਰਹੇ ਸਨ।)

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ**: ਸਪੀਕਰ ਸਾਹਿਬ, ਜਿੱਥੇ ਸਰਦਾਰ ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਜੀ ਨੇ ਪੰਜਾਬ ਦੇ ਅੰਦਰ 45 ਹਜ਼ਾਰ ਕਿਲੋਮੀਟਰ ਸੜਕਾਂ ਬਣਾਈਆਂ ਹਨ ਪਰੰਤੂ ਜਦੋਂ ਅਸੀਂ ਪਿੰਡਾਂ ਵਿੱਚ ਜਾਂਦੇ ਹਾਂ ਤਾਂ ਸਾਡੀਆਂ ਮਾਤਾਵਾਂ ਕਹਿੰਦੀਆਂ ਹਨ ਕਿ ਸਾਡੇ ਰੂਰਲ ਬੱਸ ਸਰਵਿਸ ਨਹੀਂ ਹੈ। ਮੈਨੂੰ ਲੱਗਦਾ ਹੈ ਕਿ ਇਹ ਸਿਰਫ ਬੰਗਾ ਹਲਕੇ ਦੀ ਸਮੱਸਿਆ ਨਹੀਂ ਹੈ ਬਲਕਿ ਸਾਰੇ ਹਲਕਿਆਂ ਦੀ ਬਹੁਤ ਵੱਡੀ ਸਮੱਸਿਆ ਹੈ। ਸੋ, ਮੈਂ ਬੇਨਤੀ ਕਰਦਾ ਹਾਂ ਕਿ ਰੂਰਲ ਬੱਸ ਸਰਵਿਸ ਚਲਾਉਣ ਵੱਲ ਵੀ ਧਿਆਨ ਦਿੱਤਾ ਜਾਵੇ। ਦੂਜਾ, ਸਰ ਜਦੋਂ ਪਿਛਲੀ ਕੈਪਟਨ ਸਰਕਾਰ ਸੀ ਤਾਂ ਉਨ੍ਹਾਂ ਗੱਲ ਕਹੀ ਸੀ ਕਿ ਅਸੀਂ ਕਿਸਾਨਾਂ, ਮਜ਼ਦੂਰਾਂ ਦਾ 100 ਪ੍ਰਤੀਸ਼ਤ ਕਰਜ਼ਾ ਮੁਆਫ ਕਰਾਂਗੇ ਪਰ ਉਹ ਕਰਜ਼ਾ ਤਾਂ ਮੁਆਫ ਨਹੀਂ ਹੋਇਆ ਪਰੰਤੂ ਮੈਂ ਵਿੱਤ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਐਸ.ਸੀ. ਕਾਰਪੋਰੇਸ਼ਨ ਦਾ ਲੋਨ ਮੁਆਫ ਕਰ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੀਆਂ ਗੌਰਮਿੰਟ ਸੁਸਾਇਟੀਆਂ ਪ੍ਰਾਫਿਟ ਵਿੱਚ ਨਹੀਂ ਸਨ, ਉਨ੍ਹਾਂ ਦਾ ਲੋਨ ਤਾਂ ਮੁਆਫ ਹੋ ਗਿਆ ਹੈ ਪਰੰਤੂ ਜਿਹੜੀਆਂ ਗੌਰਮਿੰਟ ਸੁਸਾਇਟੀਆਂ ਪ੍ਰਾਫਿਟ ਵਿੱਚ ਸਨ, ਉਨ੍ਹਾਂ ਦਾ ਲੋਨ ਮੁਆਫ ਨਹੀਂ ਹੋਇਆ ਹੈ। ਸਰ, ਇਹ 10-15 ਹਜ਼ਾਰ ਤੱਕ ਦਾ ਹੀ ਲੋਨ ਹੈ। ਲੋਕ ਬਹੁਤ ਤ੍ਰਾਹ-ਤ੍ਰਾਹ ਕਰ ਰਹੇ ਹਨ। ਸੋ, ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਸ ਲੋਨ ਨੂੰ ਵੀ ਕਿਸੇ ਤਰੀਕੇ ਨਾਲ ਮੁਆਫ ਕੀਤਾ ਜਾਵੇ। ਧੰਨਵਾਦ ਜੀ।

**ਸ਼੍ਰੀ ਜੰਗੀ ਲਾਲ ਮਹਾਜਨ (ਮੁਕੇਰੀਆਂ)**: ਸਪੀਕਰ ਸਾਹਿਬ, ਧੰਨਵਾਦ ਜੀ। ਸਪੀਕਰ ਸਾਹਿਬ, ਮੈਂ ਜੀ.ਟੀ. ਰੋਡ ਤੇ ਟ੍ਰੈਫਿਕ ਦੀ ਸਮੱਸਿਆ ਦਾ ਮਸਲਾ ਉਠਾਉਣਾ ਚਾਹੁੰਦਾ ਹਾਂ। ਮੈਂ ਦੋ-ਤਿੰਨ ਵਾਰੀ ਇਹ ਮਸਲਾ ਪਹਿਲਾਂ ਵੀ ਉਠਾ ਚੁੱਕਿਆ ਹਾਂ। ਸਪੀਕਰ ਸਾਹਿਬ, ਮੁਕੇਰੀਆਂ ਵਿਖੇ ਤਿੰਨ ਜਗ੍ਹਾ ਤੇ ਬਹੁਤ ਜ਼ਬਰਦਸਤ ਤਰੀਕੇ ਨਾਲ ਜਾਮ ਲੱਗਦੇ ਹਨ

ਔਰ ਪੰਜ-ਪੰਜ, ਦਸ-ਦਸ ਮਿੰਟ ਟ੍ਰੈਫਿਕ ਰੁਕੀ ਰਹਿੰਦੀ ਹੈ ਅਤੇ ਉਨ੍ਹਾਂ ਚੌਂਕਾਂ ਵਿੱਚ ਹਰ ਹਫਤੇ ਕੋਈ ਨਾ ਕੋਈ ਦੁਰਘਟਨਾ ਹੁੰਦੀ ਹੈ। ਲੇਕਿਨ ਉਸ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਸਾਡੇ ਮੁਕੇਰੀਆਂ ਦਾ ਬਾਈਪਾਸ ਜਿਸ ਨੂੰ ਮਨਜ਼ੂਰ ਹੋਇਆਂ ਢਾਈ-ਤਿੰਨ ਸਾਲ ਹੋ ਗਏ ਹਨ, ਉਸ ਉੱਤੇ ਵੀ ਪੰਜਾਬ ਸਰਕਾਰ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਹੈ। ਮੇਰੀ ਬੇਨਤੀ ਹੈ ਕਿ ਦੋਨੋਂ ਸਮੱਸਿਆਵਾਂ ਵੱਲ ਧਿਆਨ ਦਿੱਤਾ ਜਾਵੇ। ਧੰਨਵਾਦ।

**ਸਰਦਾਰ ਦਲਜੀਤ ਸਿੰਘ ਗਰੇਵਾਲ (ਭੋਲਾ) (ਲੁਧਿਆਣਾ ਪੂਰਬੀ)** : ਧੰਨਵਾਦ ਸਪੀਕਰ ਸਾਹਿਬ। ਮੈਂ ਆਪਣੇ ਹਲਕੇ ਵਿੱਚ ਲੱਗੇ ਹੋਏ ਕੂੜੇ ਦੇ ਡੰਪ ਸਬੰਧੀ ਗੱਲ ਕਰਨ ਲੱਗਿਆ ਹਾਂ। ਸਪੀਕਰ ਸਾਹਿਬ, ਪੂਰੇ ਸ਼ਹਿਰ ਦਾ ਕੂੜਾ ਲਿਆ ਕੇ ਹਲਕਾ ਪੂਰਬੀ ਵਿੱਚ ਪਾ ਦਿੱਤਾ ਹੈ, ਉਥੇ 128 ਕਰੋੜ ਰੁਪਏ ਦਾ ਕੰਮ ਚੱਲ ਰਿਹਾ ਹੈ। ਪਿਛਲੀਆਂ ਸਰਕਾਰਾਂ ਕਹਿੰਦੀਆਂ ਸਨ ਕਿ ਅਸੀਂ ਵਿਕਾਸ ਕੀਤਾ ਹੈ ਪਰੰਤੂ 75 ਸਾਲਾਂ ਦੇ ਕੂੜੇ ਦਾ ਡੰਪ ਸਾਡੇ ਸਿਰ ਤੇ ਲਿਆ ਕੇ ਰੱਖ ਦਿੱਤਾ ਹੈ। ਸਰ, 128 ਕਰੋੜ ਰੁਪਏ ਦਾ ਕੰਮ ਸ਼ੁਰੂ ਹੋ ਗਿਆ ਹੈ, ਟੈਂਡਰ ਹੋ ਗਿਆ ਹੈ ਅਤੇ ਵਰਕ ਆਰਡਰ ਵੀ ਹੋ ਗਏ ਹਨ ਪਰੰਤੂ ਜਿਹੜਾ ਠੇਕੇਦਾਰ ਹੈ, ਉਹ ਕੰਮ ਖਰਾਬ ਕਰ ਰਿਹਾ ਹੈ। ਸੱਤ-ਅੱਠ ਮਹੀਨੇ ਤੋਂ ਬਹੁਤ ਮੀਟਿੰਗਾਂ ਹੋ ਗਈਆਂ ਹਨ ਅਤੇ ਨੋਟਿਸ ਵੀ ਹੋ ਗਏ ਹਨ ਪਰੰਤੂ ਉਹ ਕੰਮ ਸਹੀ ਢੰਗ ਨਾਲ ਨਹੀਂ ਕਰ ਰਿਹਾ ਹੈ। ਸਪੀਕਰ ਸਾਹਿਬ, ਅਜਿਹਾ ਹੋਣ ਨਾਲ ਏਰੀਏ ਵਿੱਚ ਬਹੁਤ ਜ਼ਿਆਦਾ ਪਾਲਿਊਸ਼ਨ ਹੁੰਦਾ ਹੈ। ਆਸੇ-ਪਾਸੇ ਲੱਖਾਂ ਦੀ ਆਬਾਦੀ ਹੈ ਅਤੇ ਇਸ ਕਾਰਨ ਸਮੱਸਿਆ ਬਹੁਤ ਆ ਰਹੀ ਹੈ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਠੇਕੇਦਾਰ ਦੀ ਜ਼ਿੰਮੇਵਾਰੀ ਫਿਕਸ ਕੀਤੀ ਜਾਵੇ ਕਿਉਂਕਿ ਇਹ ਸਾਰਾ ਕੰਮ ਖਰਾਬ ਠੇਕੇਦਾਰ ਦੀ ਵਜ੍ਹਾ ਕਾਰਨ ਹੀ ਹੋ ਰਿਹਾ ਹੈ ਔਰ ਮੈਂ ਚਾਹੁੰਦਾ ਹਾਂ ਕਿ ਉਸ ਵੱਲੋਂ ਕੀਤੀ ਜਾ ਰਹੀ ਅਣਗਹਿਲੀ ਦਾ ਹੱਲ ਕੀਤਾ ਜਾਵੇ। ਸਪੀਕਰ ਸਾਹਿਬ, ਉਥੇ ਕੂੜੇ ਦੇ ਡੰਪ ਕਾਰਨ ਬਿਮਾਰੀਆਂ ਫੈਲ ਰਹੀਆਂ ਹਨ। ਕੂੜੇ ਦੀ ਬਦਬੂ ਆ ਰਹੀ ਹੈ। ਇਸ ਲਈ ਇਲਾਕੇ ਨੂੰ ਇਸ ਸਮੱਸਿਆ ਤੋਂ ਨਿਜਾਤ ਦਿਵਾਈ ਜਾਵੇ ਅਤੇ ਨੌਜਵਾਨਾਂ ਵਾਸਤੇ ਵਧੀਆ ਗਰਾਊਂਡ ਬਣਾਏ ਜਾਣ। ਹਲਕਾ ਪੂਰਬੀ ਵਿੱਚ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਉਥੇ ਡੇਅਰੀ ਫਾਰਮਿੰਗ, ਟਰੀਟਮੈਂਟ ਪਲਾਂਟ ਅਤੇ ਡਾਇੰਗਾਂ ਹਨ।

*12.14 ਵਜੇ ਬਾ.ਦੁ: (*ਇਸ ਸਮੇਂ ਮਾਣਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ ਗਈ।)

**ਸਰਦਾਰ ਦਲਜੀਤ ਸਿੰਘ ਗਰੇਵਾਲ (ਭੋਲਾ)** : ਸਰ, 128 ਕਰੋੜ ਰੁਪਏ ਦਾ ਟੈਂਡਰ ਹੋ ਚੁੱਕਿਆ ਹੈ। ਸਰ, ਠੇਕੇਦਾਰ ਦੀ ਜ਼ਿੰਮੇਵਾਰੀ ਫਿਕਸ ਹੋਣ ਨਾਲ ਕੂੜੇ ਦੀ ਸਮੱਸਿਆ ਹੱਲ ਹੋ ਜਾਵੇਗੀ। ਸੋ, ਕੂੜੇ ਦੇ ਡੰਪ ਨੂੰ ਜਲਦੀ ਤੋਂ ਜਲਦੀ ਚੁੱਕਿਆ ਜਾਵੇ ਅਤੇ ਹਲਕਾ ਪੂਰਬੀ ਦੇ ਲੋਕਾਂ ਨੂੰ ਇਸ ਸਮੱਸਿਆ ਤੋਂ ਨਿਜਾਤ ਦਿਵਾਈ ਜਾਵੇ। ਧੰਨਵਾਦ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।

**ਮਾਣਯੋਗ ਡਿਪਟੀ ਸਪੀਕਰ**: ਮਿਲ ਜਾਏਗਾ ਜੀ। ਟਾਈਮ ਸਾਰਿਆਂ ਨੂੰ ਦੇਵਾਂਗੇ। ਸਰ, ਦੋ-ਦੋ ਮਿੰਟ ਸਾਰਿਆਂ ਨੂੰ ਮਿਲ ਰਹੇ ਹਨ। ਹਾਂ ਜੀ, ਡਾਕਟਰ ਜਸਬੀਰ ਸਿੰਘ ਜੀ, ਸਿਰਫ ਦੋ ਮਿੰਟ ਜੀ।

**ਡਾਕਟਰ ਜਸਬੀਰ ਸਿੰਘ ਸੰਧੂ (ਅੰਮ੍ਰਿਤਸਰ ਪੱਛਮੀ, ਐਸ.ਸੀ.)**: ਧੰਨਵਾਦ ਡਿਪਟੀ ਸਪੀਕਰ ਸਾਹਿਬ। ਮੈਂ ਆਪ ਜੀ ਦਾ ਧਿਆਨ ਅੰਮ੍ਰਿਤਸਰ ਸ਼ਹਿਰ ਦੇ ਬਹੁਤ ਹੀ ਭਖਦੇ ਮਸਲੇ ਵੱਲ ਦਿਵਾਉਣਾ ਚਾਹੁੰਦਾ ਹਾਂ। ਸਾਡੇ ਤਿੰਨਾਂ ਹਲਕਿਆਂ

ਵਿੱਚੋਂ ਇੱਕ ਤੁੰਗ ਧਾਰ ਡਰੇਨ ਨਿਕਲਦੀ ਹੈ। ਜਿਹੜੀਆਂ ਉਸ ਦੇ ਆਸੇ-ਪਾਸੇ ਫੈਕਟਰੀਆਂ ਹਨ, ਉਨ੍ਹਾਂ ਵੱਲੋਂ ਸਾਰਾ ਵੇਸਟ ਪ੍ਰੋਡਕਟ ਉਸ ਵਿੱਚ ਸੁੱਟਿਆ ਜਾ ਰਿਹਾ ਹੈ, ਜਿਸ ਨਾਲ ਕੀਮਤੀ ਮਨੁੱਖੀ ਜਾਨਾਂ ਜਾ ਰਹੀਆਂ ਹਨ ਅਤੇ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਫੈਲ ਰਹੀਆਂ ਹਨ।

**1210/Manika Rani/Shubham jain**

**1215/Gurpreet kaur**

ਉੱਥੋਂ ਦਾ ਪੀਣ ਵਾਲਾ ਪਾਣੀ ਖਰਾਬ ਹੋ ਚੁੱਕਿਆ ਹੈ। ਜਿੰਨੇ ਵੀ ਇਲੈਕਟ੍ਰਾਨਿਕ ਉਪਕਰਣ ਹਨ, ਉਨ੍ਹਾਂ ਦੀ ਇੱਕ ਸਾਲ ਤੋਂ ਵੱਧ ਉਮਰ ਨਹੀਂ ਹੈ। ਮੈਂ ਚਾਹੁੰਦਾ ਹਾਂ ਕਿ ਉਸ ਡਰੇਨ ਨੂੰ ਜਾਂ ਤਾਂ ਅੰਡਰ ਗਰਾਊਂਡ ਕੀਤਾ ਜਾਵੇ ਜਾਂ ਫਿਰ ਉਸ ਨੂੰ ਕਵਰ ਕੀਤਾ ਜਾਵੇ। ਜਿਹੜੀਆਂ ਫੈਕਟਰੀਆਂ ਨਹਿਰੀ ਪਾਣੀ ਨੂੰ ਗੰਦੇ ਨਾਲੇ ਵਿੱਚ ਕਨਵਰਟ ਕਰ ਰਹੀਆਂ ਹਨ, ਉਨ੍ਹਾਂ ਤੇ ਬਣਦੀ ਕਾਰਵਾਈ ਕੀਤੀ ਜਾਵੇ। ਧੰਨਵਾਦ ਜੀ।

**ਮਾਣਯੋਗ ਡਿਪਟੀ ਸਪੀਕਰ**: ਕਾਕਾ ਬਰਾੜ ਜੀ।

**ਸਰਦਾਰ ਜਗਦੀਪ ਸਿੰਘ ਕਾਕਾ ਬਰਾੜ (ਸ੍ਰੀ ਮੁਕਤਸਰ ਸਾਹਿਬ)**: ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਮਾਲਵੇ ਦੇ ਇਲਾਕੇ ਦੇ ਪਾਣੀ ਵੱਲ ਦਿਵਾਉਣਾ ਚਾਹੁੰਦਾ ਹਾਂ। ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਵੀ ਕਰਨਾ ਚਾਹੁੰਦਾ ਹਾਂ ਕਿ ਜਿਹੜਾ ਨਹਿਰਾਂ ਦਾ ਪ੍ਰੋਜੈਕਟ ਸੀ, ਉਸ ਨੇ ਪਾਣੀ ਬਹੁਤ ਵਧਾਇਆ ਹੈ ਪਰ ਸਾਡੇ ਪਾਸੇ ਜਿਹੜੀਆਂ ਐਗਰੀਮੈਂਟ ਦੀਆਂ ਛੂਟਾਂ ਦਿੱਤੀਆਂ ਜਾਂਦੀਆਂ ਹਨ, ਉਹ ਡਿਪਾਰਟਮੈਂਟ ਵੱਲੋਂ ਬੰਦ ਕਰ ਦਿੱਤੀਆਂ ਗਈਆਂ ਹਨ। ਸਾਡਾ ਕਲਰਸ਼ੋਰ ਦਾ ਏਰੀਆ ਹੈ। ਉੱਥੇ ਸਿਰਫ ਨਹਿਰੀ ਪਾਣੀ ਨਾਲ ਹੀ ਫਸਲ ਹੁੰਦੀ ਹੈ। ਨਹੀਂ ਤਾਂ ਟਿਊਬਵੈੱਲ ਅਤੇ ਬੋਰਾਂ ਦਾ ਪਾਣੀ ਬਿਲਕੁਲ ਮਾੜਾ ਹੈ। ਮੈਂ ਸਾਡੇ ਇਰੀਗੇਸ਼ਨ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਸ ਪਾਸੇ ਵੱਲ ਸਪੈਸ਼ਲ ਧਿਆਨ ਦੇਣ ਤਾਂ ਕਿ ਜਿਹੜੀਆਂ ਐਗਰੀਮੈਂਟ ਛੂਟਾਂ ਸਨ ਅਤੇ ਜਿਸ ਨੂੰ ਸਾਡੇ ਏਰੀਏ ਵਿੱਚ ਸਪੈਸ਼ਲ ਮੋਘੀਆਂ ਕਹਿੰਦੇ ਸਨ, ਜਦੋਂ ਪਾਣੀ ਫਾਲਤੂ ਹੁੰਦਾ ਹੈ ਉਨ੍ਹਾਂ ਨੂੰ ਦੇਣ ਦੀ ਖੁੱਲ੍ਹ ਦੇਣ। ਧੰਨਵਾਦ ਜੀ।

_______

## WELCOME ANNOUNCEMENT BY THE HON'BLE DEPUTY SPEAKER

**ਮਾਣਯੋਗ ਡਿਪਟੀ ਸਪੀਕਰ**: ਅੱਜ ਵਿਸ਼ੇਸ਼ ਤੌਰ ਤੇ ਸਦਨ ਦੀ ਕਾਰਵਾਈ ਦੇਖਣ ਲਈ ਗੁਰੂ ਨਾਨਕ ਖਾਲਸਾ, ਸੀਨੀਅਰ ਸੈਕੰਡਰੀ ਸਕੂਲ, ਗੁਰਦਾਸਪੁਰ ਅਤੇ ਲਾਰੈਂਸ ਇੰਟਰਨੈਸ਼ਨਲ ਸਕੂਲ ਗੁਰਦਾਸਪੁਰ ਦੇ ਵਿਦਿਆਰਥੀ ਆਏ ਹਨ। ਆਓ ਉਨ੍ਹਾਂ ਦਾ ਨਿੱਘਾ ਸਵਾਗਤ ਕਰੀਏ। (ਥੰਪਿੰਗ)

-------

**MATTERS RAISED DURING ZERO AND STATEMNETS MADE BY THE MINISTERS THEREON (*Resumption)***

**ਸਰਦਾਰ ਬਲਵਿੰਦਰ ਸਿੰਘ ਧਾਲੀਵਾਲ (ਫਗਵਾੜਾ, ਐਸ.ਸੀ.):** ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਜਿਵੇਂ ਤੁਸੀਂ ਜਾਣਦੇ ਹੋ ਕਿ ਫਗਵਾੜਾ small scale industries ਦਾ ਹੱਬ ਸੈਂਟਰ ਹੈ। ਇਸ ਦੇ ਨਾਲ ਨਾਲ J.C.T, Starch ਸ਼ੂਗਰ ਮਿਲ ਵੀ ਹੈ। ਇਸ ਦੇ ਨਾਲ ਇੱਕ ਸ਼ੂਗਰ ਮਿਲ ਵੀ ਹੈ ਜੋ ਕਿ Golden Sandhar Sugar Mills ਦੇ ਨਾਮ ਨਾਲ ਵੀ ਜਾਣੀ ਜਾਂਦੀ ਹੈ। ਪੰਜਾਬ ਵਿੱਚ ਸਾਰੀਆਂ ਮਿੱਲਾਂ ਨੂੰ ਸਬਸਿਡੀ ਮਿਲ ਗਈਏ ਹੈ। ਫਗਵਾੜਾ ਇੱਕ ਅਜਿਹੀ ਸ਼ੂਗਰ ਮਿਲ ਹੈ ਜਿਸ ਨੂੰ ਹੁਣ ਤੱਕ 65 ਰੁਪਏ ਪਰ ਕੁਇੰਟਲ ਦੇ ਹਿਸਾਬ ਨਾਲ ਸਬਸਿਡੀ ਦਿੱਤੀ ਗਈ ਸੀ ਅਤੇ ਹੁਣ ਨਹੀਂ ਦਿੱਤੀ ਗਈ। ਇਹ ਟੋਟਲ 18 ਕਰੋੜ 93 ਲੱਖ ਰੁਪਿਆ ਅਮਾਊਟ ਬਣਦੀ ਹੈ। ਇਸ ਨੂੰ ਜਲਦ ਤੋਂ ਜਲਦ ਰਿਲੀਜ਼ ਕਰਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ। ਧੰਨਵਾਦ ਜੀ।

**ਮਾਣਯੋਗ ਡਿਪਟੀ ਸਪੀਕਰ:** ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਕਾਹਲੀ ਨਾ ਕਰਿਓ। ਸਾਡੇ ਕੋਲ ਟਾਈਮ ਹੈ। ਹਾਂ ਜੀ, ਲਾਭ ਸਿੰਘ ਉਗੋਕੇ ਜੀ।

**ਸਰਦਾਰ ਲਾਭ ਸਿੰਘ ਉਗੋਕੇ (ਭਦੌੜ, ਐਸ.ਸੀ.):** ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਮੈਂ ਇੱਕ ਪੰਜਾਬ ਭਰ ਦਾ ਮੁੱਦਾ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪਿਛਲੇ ਦਿਨਾਂ ਵਿੱਚ ਭਾਸ਼ਾ ਵਿਭਾਗ ਦੇ ਡਾਇਰੈਕਟਰ ਸਾਹਿਬ ਵੱਲੋਂ ਇੱਕ ਬਿਆਨ ਦਿੱਤਾ ਗਿਆ ਸੀ ਕਿ ਭਾਸ਼ਾ ਵਿਭਾਗ ਦੇ ਕੁਝ ਅਧਿਕਾਰੀਆਂ ਨੇ ਭਾਸ਼ਾ ਵਿਭਾਗ ਨੂੰ ਬੰਦ ਕਰਨਾ ਚਾਹੁੰਦੇ ਹਨ। ਸਾਰੇ ਪੰਜਾਬ ਵਿੱਚ ਇਸ ਚੀਜ਼ ਨੂੰ ਲੈ ਕੇ ਬਹੁਤ ਰੋਸ ਪਾਇਆ ਜਾ ਰਿਹਾ ਹੈ। ਮੈਂ ਤੁਹਾਡੇ ਜ਼ਰੀਏ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਲਦ ਤੋਂ ਜਲਦ ਇਸ ਮੁੱਦੇ ਨੂੰ ਵਿਚਾਰਿਆ ਜਾਵੇ। ਇਸ ਦੇ ਨਾਲ ਹੀ ਭਾਸ਼ਾ ਵਿਭਾਗ ਨਾਲ ਜੁੜਿਆ ਇੱਕ ਅਹਿਮ ਮੁੱਦਾ ਹੈ ਕਿ ਸ਼੍ਰੋਮਣੀ ਸਾਹਿਤ ਪੁਰਸਕਾਰ ਸਾਲ 2020 ਵਿੱਚ ਸ਼ੁਰੂ ਕੀਤਾ ਗਿਆ ਸੀ। ਹਾਲੇ ਤੱਕ ਕਿਸੇ ਨੂੰ ਨਹੀਂ ਦਿੱਤਾ ਗਿਆ। ਇਸ ਦੇ ਨਾਲ ਸਾਡੇ ਸ਼ਹਿਰ ਬਰਨਾਲਾ ਤੋਂ ਬਹੁਤ ਹੀ ਮਹਾਨ ਲੇਖਕ ਸ਼੍ਰੀ ਓਮ ਪ੍ਰਕਾਸ਼ ਗਾਸੋਂ ਜੀ ਹਨ, ਜਿਨ੍ਹਾਂ ਦੀ ਉਮਰ 98 ਸਾਲ ਦੀ ਹੋ ਚੁੱਕੀ ਹੈ। ਉਨ੍ਹਾਂ ਨੂੰ ਵੀ ਇਸ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਹੈ। ਉਹ ਹੁਣ ਬਹੁਤ ਹੀ ਗੰਭੀਰ ਬਿਮਾਰੀ ਨਾਲ ਜੂਝ ਰਹੇ ਹਨ। ਉਨ੍ਹਾਂ ਪੁਰਸਕਾਰਾਂ ਤੇ ਇਸ ਕਰਕੇ ਰੋਕ ਲਗਾ ਦਿੱਤੀ ਗਈ ਹੈ ਕਿਉਂਕਿ ਕੁਝ ਕੁ ਲੇਖਕਾਂ ਨੇ ਇਸ ਦੇ ਖਿਲਾਫ ਲੋਅਰ ਕੋਰਟ ਵਿੱਚ ਕੇਸ ਪਾ ਦਿੱਤਾ ਸੀ ਪਰ ਇਹ ਮਸਲਾ ਰਾਜ ਪੱਧਰੀ ਹੋਣ ਕਰਕੇ ਕੇਸ ਹਾਈ ਕੋਰਟ ਵਿੱਚ ਜਾਣਾ ਚਾਹੀਦਾ ਸੀ ਤਾਂ ਕਿ ਇਸ ਚੀਜ਼ ਦਾ ਛੇਤੀ ਹੱਲ ਹੋ ਸਕਦਾ ਕਿਉਂਕਿ ਬਹੁਤ ਸਾਰੇ ਲੇਖਕ ਤੇ ਕਲਾਕਾਰ ਇਸ ਪੁਰਸਕਾਰ ਨੂੰ ਉਡੀਕਦੇ ਹੋਏ ਦੁਨੀਆ ਤੋਂ ਜਾ ਚੁੱਕੇ ਹਨ। ਇਹ ਸਾਡੇ ਭਾਸ਼ਾ ਵਿਭਾਗ ਨਾਲ ਜੁੜਿਆ ਬਹੁਤ ਹੀ ਗੰਭੀਰ ਮਸਲਾ ਹੈ। ਇਸ ਤੇ ਜਲਦ ਤੋਂ ਜਲਦ ਵਿਚਾਰ ਕੀਤਾ ਜਾਵੇ। ਧੰਨਵਾਦ ਜੀ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ (ਅਜਨਾਲਾ):** ਮਾਣਯੋਗ ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਮੈਂ ਹਾਊਸ ਦਾ ਧਿਆਨ ਮੇਰੇ ਹਲਕੇ ਦੇ ਹੜ੍ਹਾਂ ਦੀ ਸਮੱਸਿਆ ਵੱਲ ਦਿਵਾਉਣਾ ਚਾਹੁੰਦਾ ਹਾਂ। ਜਿਹੜਾ ਉਝ ਦਰਿਆ ਹੈ ਉਹ ਜੰਮੂ ਕਸ਼ਮੀਰ ਤੋਂ ਉੱਪਰੋਂ ਆਉਂਦਾ ਹੈ।

**1215/Gurpreet kaur/Shubham jain**

**1220/Kuldeep kaur**

ਕੇਂਦਰ ਸਰਕਾਰ ਵੱਲੋਂ ਪਿਛਲੇ 12 ਸਾਲ ਤੋਂ ਉਸ ਦਰਿਆ ਤੇ ਡੈਮ ਬਣਾਉਣ ਦੀਆਂ ਪ੍ਰਪੋਜ਼ਲਾਂ ਬਣਾਈਆਂ ਗਈਆਂ ਹਨ ਪਰ ਅਜੇ ਤੱਕ ਉਹ ਮਨਜ਼ੂਰ ਨਹੀਂ ਹੋਈਆਂ। ਸਦਨ ਵਿੱਚ ਮੇਰੇ ਨਾਲ ਕਟਾਰੂਚੱਕ ਜੀ ਬੈਠੇ ਹਨ, ਦੀਨਾਨਗਰ ਵਾਲੇ ਭੈਣ ਜੀ ਬੈਠੇ ਹਨ, ਪਾਹੜਾ ਸਾਹਿਬ ਬੈਠੇ ਹਨ, ਗੁਰਦੀਪ ਸਿੰਘ ਰੰਧਾਵਾ ਜੀ ਵੀ ਬੈਠੇ ਹਨ। ਇਨ੍ਹਾਂ ਸਾਰਿਆਂ ਦਾ ਹਲਕਾ ਵੀ ਮੇਰੇ ਹਲਕੇ ਦੇ ਨਾਲ ਲਗਦਾ ਹੈ। ਉਸ ਦਰਿਆ ਤੋਂ ਸਾਡੇ ਹਲਕਿਆਂ ਵਿੱਚ ਪਾਣੀ ਆਉਂਦਾ ਹੈ ਅਤੇ ਉਸ ਪਾਣੀ ਨੂੰ ਰੋਕਣ ਲਈ ਕੋਈ ਵੀ ਰੋਕ ਨਹੀਂ ਲਗਾਈ ਗਈ ਹੈ। ਬੱਦਲ ਫੱਟਣ ਨਾਲ ਜਦੋਂ ਹੜ੍ਹ ਆਉਂਦਾ ਹੈ ਤਾਂ ਪਾਣੀ ਦੀ ਇੰਨੀ ਸਪੀਡ ਹੁੰਦੀ ਹੈ ਕਿ ਉਹ ਸਾਡੇ ਸਾਰੇ ਇਲਾਕੇ ਬਰਬਾਦ ਕਰ ਦਿੰਦਾ ਹੈ । ਇਹ ਸਾਰਾ ਪਾਣੀ ਜਮ੍ਹਾਂ ਹੋ ਕੇ ਅਖੀਰ ਵਿੱਚ ਅਜਨਾਲੇ ਵਿੱਚ ਆ ਜਾਂਦਾ ਹੈ, ਜਿਸ ਨਾਲ ਸਾਡਾ ਇਲਾਕ ਡੁੱਬ ਜਾਂਦਾ ਹੈ। ਸੋ, ਮੈਂ ਤੁਹਾਡੇ ਰਾਹੀਂ ਮਾਣਯੋਗ ਮੁੱਖ ਮੰਤਰੀ ਸਾਹਿਬ ਅਤੇ ਮਾਣਯੋਗ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੇਂਦਰ ਸਰਕਾਰ ਤੇ ਦਬਾਅ ਪਾ ਕੇ ਉੱਜ ਦਰਿਆ ਦੇ ਉੱਤੇ ਡੈਮ ਬਣਵਾਇਆ ਜਾਵੇ ਜਿਸ ਨਾਲ ਹੜ੍ਹਾਂ ਦੀ ਸਮੱਸਿਆ ਹੱਲ ਹੋ ਸਕਦੀ ਹੈ। ਅਸੀਂ ਹਰ ਸਾਲ ਹੜ੍ਹ ਦੇ ਪਾਣੀ ਦੀ ਮਾਰ ਹੇਠ ਆ ਜਾਂਦੇ ਹਾਂ। ਇੱਕ ਮਹੀਨਾ ਪਹਿਲਾਂ ਵੀ ਸਾਡੇ ਸਾਰਿਆਂ ਦੇ ਹਲਕਿਆਂ ਵਿੱਚ ਪਾਣੀ ਆਇਆ ਸੀ। ਜਦੋਂ ਵੀ ਜੰਮੂ ਕਸ਼ਮੀਰ ਵਿੱਚ ਮੀਂਹ ਪੈ ਜਾਂਦਾ ਹੈ ਤਾਂ ਸਾਡੀਆਂ ਜ਼ਮੀਨਾਂ ਉਸੇ ਵੇਲੇ ਡੁੱਬ ਜਾਂਦੀਆਂ ਹਨ। ਸਾਡੇ ਨਾਲਿਆਂ ਅਤੇ ਡਰੇਨਾਂ ਵਿੱਚ ਪਾਣੀ ਆ ਜਾਂਦਾ ਹੈ। ਸੋ, ਮੇਰੀ ਮਾਣਯੋਗ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਉਹ ਕੇਂਦਰ ਸਰਕਾਰ ਨੂੰ ਕਹਿ ਕੇ, ਕੇਂਦਰੀ ਜਲ ਮੰਤਰੀ ਅਤੇ ਮੋਦੀ ਸਾਹਿਬ ਨੂੰ ਕਹਿ ਕੇ ਇਸ ਦਰਿਆ ਦੇ ਉੱਤੇ ਡੈਮ ਜਲਦੀ ਤੋਂ ਜਲਦੀ ਬਣਵਾਇਆ ਜਾਵੇ ਤਾਂ ਜੋ ਜਿਹੜੀ ਸਾਡੀ ਤਬਾਹੀ ਹਰ ਸਾਲ ਹੁੰਦੀ ਹੈ, ਉਸ ਤਬਾਹੀ ਨੂੰ ਰੋਕਿਆ ਜਾਵੇ। ਮਾਣਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮਾਣਯੋਗ ਮੁੱਖ ਮੰਤਰੀ ਸਾਹਿਬ ਤੋਂ ਇਹ ਮੰਗ ਕਰਨੀ ਚਾਹੁੰਦਾ ਹਾਂ। ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇੱਕ ਅਹਿਮ ਮਸਲੇ ਨੂੰ ਸਦਨ ਵਿੱਚ ਰੱਖਣ ਲਈ ਸਮਾਂ ਦਿੱਤਾ ਹੈ।

**ਸਰਦਾਰ ਹਰਦੇਵ ਸਿੰਘ ਲਾਡੀ (ਸ਼ਾਹਕੋਟ)**: ਧੰਨਵਾਦ, ਡਿਪਟੀ ਸਪੀਕਰ ਸਾਹਿਬ, ਤੁਸੀਂ ਮੈਨੂੰ ਹਾਊਸ ਵਿੱਚ ਆਪਣੀ ਰੱਖਣ ਦਾ ਮੌਕਾ ਦਿੱਤਾ ਹੈ। ਮੈਂ ਹਾਊਸ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਇੱਕ ਨਗਰ ਪੰਚਾਇਤ ਮਹਿਤਪੁਰ ਹੈ। ਇਸ ਵਿੱਚ ਸਾਰੇ ਛੱਪੜਾਂ ਨੂੰ ਲਿੰਕ ਕਰਕੇ ਉਨ੍ਹਾਂ ਦਾ ਪਾਣੀ ਬਾਹਰ ਲਿਜਾ ਕੇ ਟ੍ਰੀਟ ਕਰਕੇ ਅਤੇ ਉਸ ਪਾਣੀ ਨੂੰ ਵਰਤੋਂ ਵਿੱਚ ਲੈ ਕੇ ਆਉਣ ਲਈ ਸਵੱਛ ਭਾਰਤ ਦੇ ਅਧੀਨ ਇੱਕ ਪ੍ਰਾਜੈਕਟ ਆਇਆ ਸੀ। ਮੇਰਾ ਖਿਆਲ ਹੈ ਕਿ ਉੱਥੇ 25-30% ਕੰਮ ਹੋਇਆ ਹੈ ਅਤੇ ਹੁਣ ਉਸ ਪ੍ਰਾਜੈਕਟ ਦਾ ਕੰਮ ਬੰਦ ਪਿਆ ਹੈ। ਮੈਂ ਹਾਊਸ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ, ਸੈਕਟਰੀ ਸਾਹਿਬ ਵੀ ਇੱਥੇ ਬੈਠੇ ਹਨ, ਇਸ ਕੰਮ ਨੂੰ ਜਲਦ ਤੋਂ ਜਲਦ ਕੰਪਲੀਟ ਕਰਵਾਇਆ ਜਾਵੇ। ਜਦੋਂ ਮੈਂ ਇਸ ਸਬੰਧ ਵਿੱਚ ਅਫਸਰ ਸਾਹਿਬਾਨਾਂ ਨਾਲ ਗੱਲ ਕਰਦਾ ਹਾਂ ਤਾਂ ਉਹ ਕਹਿੰਦੇ ਹਨ ਕਿ ਸਾਡੇ ਕੋਲ ਪੈਸੇ ਨਹੀਂ ਹਨ ਅਤੇ ਅਸੀਂ ਇਸ ਕੰਮ ਨੂੰ ਅੱਗੇ ਕਿਵੇਂ ਕਰੀਏ। ਸੋ, ਮੈਂ ਕਹਿਣਾ ਚਾਹੁੰਦਾ ਹਾਂ ਕਿ ਉਸ ਕੰਮ ਲਈ ਫੰਡ ਮੁਹੱਈਆ ਕਰਵਾ ਕੇ ਇਸ ਕੰਮ ਨੂੰ ਪੂਰਾ ਕੀਤਾ ਜਾਵੇ। ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਡਿਪਟੀ ਸਪੀਕਰ**: ਮੰਤਰੀ ਸਾਹਿਬ, ਕੀ ਤੁਸੀਂ ਕੋਈ ਜਵਾਬ ਦੇਣਾ ਚਾਹੁੰਦੇ ਹੋ?

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ)**: ਮਾਣਯੋਗ ਸਪੀਕਰ ਸਾਹਿਬ, ਵੈਸੇ ਤਾਂ ਜ਼ੀਰੋ ਆਵਰ ਵਿੱਚ ਮਨਿਸਟਰਜ਼ ਦਾ ਬੋਲਣ ਦਾ ਕਨਸਰਨ ਨਹੀਂ ਹੁੰਦਾ ਹੈ।

**ਮਾਣਯੋਗ ਡਿਪਟੀ ਸਪੀਕਰ**: ਹਾਂ ਜੀ, ਮੈਂ ਇਹ ਹੀ ਸੋਚ ਰਿਹਾ ਸੀ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ**: ਮਾਣਯੋਗ ਡਿਪਟੀ ਸਪੀਕਰ ਸਾਹਿਬ, ਸਤਿਕਾਰਯੋਗ ਮੈਂਬਰ ਸ਼੍ਰੀ ਜੰਗੀ ਲਾਲ ਮਹਾਜਨ ਜੀ ਨੇ ਇੱਕ ਸੜਕਾਂ ਦਾ ਸਵਾਲ ਚੁੱਕਿਆ ਸੀ। ਭਗਵੰਤ ਮਾਨ ਸਰਕਾਰ ਰੂਰਲ ਏਰੀਏ ਦੀਆਂ 44000 ਕਿਲੋਮੀਟਰ ਸੜਕਾਂ ਬਣਾ ਰਹੀ ਹੈ। ਪੰਜਾਬ ਦਾ ਬੱਚਾ ਬੱਚਾ ਇਸ ਗੱਲ ਨੂੰ ਜਾਣਦਾ ਹੈ ਅਤੇ ਇਹ ਸੜਕਾਂ ਬਹੁਤ ਹੀ ਵਧੀਆ ਬਣ ਕੇ ਤਿਆਰ ਹੋ ਰਹੀਆਂ ਹਨ। ਸਰ, ਮੈਂ ਤੁਹਾਡੇ ਮਾਧਿਆਮ ਰਾਹੀਂ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਸ ਪਾਰਟੀ, ਭਾਰਤੀ ਜਨਤਾ ਪਾਰਟੀ ਦੇ ਨਾਲ ਇਨ੍ਹਾਂ ਦੀ ਐਫੀਡੇਸ਼ਨ ਹੈ, ਕੇਂਦਰ ਵਿੱਚ ਉਸ ਪਾਰਟੀ ਦੀ ਸਰਕਾਰ ਹੈ। ਸਰ, NHAI ਡਿਪਾਰਟਮੈਂਟ ਇਨ੍ਹਾਂ ਦੇ ਅੰਡਰ ਆਉਂਦਾ ਹੈ ਅਤੇ ਇਹ ਕਰੋੜਾਂ ਅਰਬਾਂ ਰੁਪਏ ਰੋਜ਼ ਦਾ ਟੋਲ ਟੈਕਸ ਇਕੱਠਾ ਕਰਦੇ ਹਨ। ਸਰ, ਕੱਲ੍ਹ ਖੰਨੇ ਦੇ ਅੰਦਰ ਜਿੱਤੇ ਹੋਏ ਪਿੰਡ ਦੇ ਸਰਪੰਚ ਦੇ ਸਕੂਟਰ ਦਾ ਟਾਇਰ potholes ਵਿੱਚ ਡਿੱਗ ਗਿਆ ਸੀ ਅਤੇ ਉਸ ਦੇ ਸਿਰ ਦੇ ਉੱਪਰੋਂ ਟਰੱਕ ਲੰਘ ਗਿਆ। ਅਸੀਂ NHAI ਡਿਪਾਰਟਮੈਂਟ ਨੂੰ 100 ਚਿੱਠੀਆਂ ਲਿਖ ਦਿੱਤੀਆਂ ਹੋਣੀਆਂ ਹਨ ਕਿ ਇਹ ਕੇਂਦਰ ਸਰਕਾਰ ਦਾ ਮਹਿਕਮਾ ਹੈ ਅਤੇ ਸੜਕਾਂ ਦੇ potholes ਬੰਦ ਕਿਉਂ ਨਹੀਂ ਕਰਵਾਏ ਜਾਂਦੇ? ਰੋਜ਼ ਗੱਡੀਆਂ ਦੇ ਟਾਇਰ ਫਟ ਰਹੇ ਹਨ, ਲੋਕਾਂ ਦੀਆਂ ਜਾਨਾਂ ਜਾ ਰਹੀਆਂ ਹਨ ਅਤੇ ਬਹੁਤ ਹੀ ਬੁਰਾ ਹਾਲ ਹੈ। ਮੈਂਬਰ ਸਾਹਿਬ ਤੁਸੀਂ ਕੁਐਸ਼ਚਨ ਚੁੱਕਿਆ ਹੈ, ਠੀਕ ਹੈ ਅਸੀਂ ਆਨਸਰੇਬਲ ਹਾਂ ਪਰ ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਆਪਣੀ ਸਰਕਾਰ ਦੇ ਨਾਲ ਜਾ ਕੇ ਇਹ ਮੈਟਰ ਚੁੱਕੋ। ਕਰੋੜਾਂ ਰੁਪਏ ਦਾ ਟੋਲ ਟੈਕਸ ਇਕੱਠਾ ਕਰਦੇ ਹੋ। ਨੈਸ਼ਨਲ ਹਾਈਵੇਜ਼ ਦੇ ਦੋਵੇਂ ਪਾਸੇ ਸਰਵਿਸ ਰੋਡ ਹਨ ਅਤੇ ਮੇਨ ਰੋਡ ਹੈ। ਮੇਰੀ ਇੰਨੀ ਬੇਨਤੀ ਹੈ ਕਿ ਕਾਈਂਡਲੀ ਇਸ ਨੂੰ ਬਣਵਾਉਣ ਦੀ ਵੀ ਜ਼ਿੰਮੇਵਾਰੀ ਤੁਸੀਂ ਚੁੱਕੋ।

**ਸਰਦਾਰ ਜਸਵੀਰ ਸਿੰਘ ਰਾਜਾ ਗਿੱਲ (ਉੜਮੁੜ)**: ਧੰਨਵਾਦ, ਮਾਣਯੋਗ ਡਿਪਟੀ ਸਪੀਕਰ ਸਾਹਿਬ। ਮੈਂ ਤੁਹਾਡੇ ਮਾਧਿਅਮ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਅਤੇ ਸਾਡੇ ਸਿੱਖਿਆ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬਹੁਤ ਸਾਰੇ ਸਕੂਲ ਐਸੇ ਹਨ, ਜਿਨ੍ਹਾਂ ਵਿੱਚ ਬਹੁਤ ਪੁਰਾਣੇ ਸਫੈਦੇ ਦੇ ਦਰੱਖਤ ਹਨ। ਪਿੱਛੇ ਜਿਹੇ, ਮੇਰੇ ਹਲਕੇ ਦਾ ਜੀਆ ਸਹੋਤਾ ਪਿੰਡ ਪੈਂਦਾ ਹੈ। ਹਨੇਰੀ ਆਈ ਔਰ ਸਫੈਦੇ ਦਾ ਦਰੱਖਤ ਬਿਲਡਿੰਗ ਤੇ ਡਿੱਗ ਪਿਆ। ਰੱਬ ਦਾ ਇੰਨਾ ਸ਼ੁਕਰ ਹੈ ਕਿ ਉਸ ਵੇਲੇ ਸਕੂਲ ਬੰਦ ਸੀ। ਅਗਰ ਸਕੂਲ ਲੱਗਾ ਹੁੰਦਾ ਤਾਂ ਕੁਝ ਵੱਡਾ ਨੁਕਸਾਨ ਹੋ ਸਕਦਾ ਸੀ। ਮੈਨੂੰ ਇਹ ਵੀ ਪਤਾ ਹੈ ਕਿ ਦਰੱਖਤਾਂ ਨੂੰ ਕੱਟਣ ਤੇ ਹਾਈਕੋਰਟ ਵੱਲੋਂ ਆਪਣੇ ਆਰਡਰ ਰਾਹੀਂ ਰੋਕ ਲਗਾਈ ਗਈ ਹੈ ਪਰ ਆਪਾਂ ਕੁਝ ਨਾ ਕੁਝ ਇਸ ਬਾਰੇ ਜ਼ਰੂਰ ਸੋਚੀਏ ਕਿਉਂਕਿ ਬਹੁਤ ਸਾਰੇ ਦਰੱਖਤ ਹਵਾ ਦੇ ਨਾਲ ਟੇਢੇ ਹੋ ਜਾਂਦੇ ਹਨ। ਮਾੜੀ ਜਿਹੀ ਹਵਾ ਚੱਲਣ ਨਾਲ ਹੀ ਇਹ ਦਰੱਖਤ ਡਿੱਗ ਸਕਦੇ ਹਨ। ਮੇਰੀ ਬੇਨਤੀ ਹੈ ਕਿ ਅਸੀਂ ਖਾਸ ਕਰਕੇ ਸਕੂਲਾਂ ਦੇ ਅੰਦਰ ਅਤੇ ਸਰਕਾਰੀ ਬਿਲਡਿੰਗਾਂ ਦੇ ਅੰਦਰ ਲੱਗੇ ਇਨ੍ਹਾਂ ਦਰੱਖਤਾਂ ਬਾਰੇ ਜ਼ਰੂਰ ਕੋਈ ਨਾ ਕੋਈ ਸਲਾਹ ਮਸ਼ਵਰਾ ਕਰਕੇ ਇਨ੍ਹਾਂ ਦਾ ਹੱਲ ਕੀਤਾ ਜਾਵੇ।

**1220/Kuldeep kaur/Abhishek gautam**

**1225/Pawan sharma**

**ਮਾਣਯੋਗ ਡਿਪਟੀ ਸਪੀਕਰ**: ਕੁਲਵੰਤ ਸਿੰਘ ਸਿੱਧੂ ਜੀ। ਸਿੱਧੂ ਜੀ।

**ਸਰਦਾਰ ਕੁਲਵੰਤ ਸਿੰਘ ਸਿੱਧੂ (ਆਤਮ ਨਗਰ)**: ਸਪੀਕਰ ਸਾਹਿਬ, ਤੁਸੀਂ ਮੈਨੂੰ ਜ਼ੀਰੋ ਆਵਰ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ ਤੇ ਜਿਹੜੇ ਮੇਰੇ ਹਲਕੇ ਦੇ 4-5 ਜ਼ਰੂਰੀ ਮੁੱਦੇ ਹਨ।

**ਮਾਣਯੋਗ ਡਿਪਟੀ ਸਪੀਕਰ**: 4-5 ਨਾ ਕਰੋ, ਦੋ ਮਿੰਟ ਵਿੱਚ ਕਨਕਲੂਡ ਕਰੋ। ਅਸੀਂ ਜ਼ੀਰੋ ਆਵਰ ਵਿੱਚ ਇੱਕ ਹੀ ਮੁੱਦਾ ਚੁੱਕ ਸਕਦੇ ਹਾਂ।

**ਸਰਦਾਰ ਕੁਲਵੰਤ ਸਿੰਘ ਸਿੱਧੂ** : ਸਰ, ਅੰਬੇਦਕਰ ਨਗਰ ਵਿੱਚ ਪਿਛਲੇ 40-50 ਸਾਲਾਂ ਤੋਂ ਲੋਕ ਰਹਿ ਰਹੇ ਹਨ। ਉਨ੍ਹਾਂ ਦੀਆਂ ਵੋਟਾਂ ਵੀ ਬਣੀਆਂ ਹਨ, ਅਧਾਰ ਕਾਰਡ, ਪੈਨ ਕਾਰਡ ਆਦਿ ਸਭ ਕੁਝ ਬਣੇ ਹੋਏ ਹਨ ਪਰ ਉਨ੍ਹਾਂ ਨੂੰ ਮਾਲਕੀ ਦੇ ਹੱਕ ਨਹੀਂ ਦਿੱਤੇ ਜਾ ਰਹੇ ਹਨ। ਉਸ ਦੇ ਨਾਲ ਸੀ.ਆਰ.ਪੀ.ਕਾਲੋਨੀ ਦੇ ਵੀ ਫਲੈਟ ਹਨ, ਉਨ੍ਹਾਂ ਦੀ ਵੀ ਸੇਮ ਪੁਜ਼ੀਸ਼ਨ ਹੈ। ਗਿੱਲ ਰੋਡ ਉੱਤੇ ਦੁਕਾਨਦਾਰ ਹਨ, ਉਹ ਛੱਤਾਂ ਦੇ ਹੱਕ ਚਾਹੁੰਦੇ ਹਨ। ਮੈਂ ਸਮਝਦਾ ਹਾਂ ਕਿ ਜੇਕਰ ਅਸੀਂ ਉਨ੍ਹਾਂ ਨੂੰ ਇਹ ਹੱਕ ਦੇ ਦੇਈਏ ਤਾਂ ਜਿੱਥੇ ਸਰਕਾਰ ਨੂੰ ਰੈਵੀਨਿਊ ਆਵੇਗਾ ਉੱਥੇ ਇਨ੍ਹਾਂ ਲੋਕਾਂ ਦੇ ਘਰਾਂ ਵਿੱਚ ਵੀ ਖ਼ੁਸ਼ੀਆਂ ਆਉਣਗੀਆਂ, ਕਿਉਂਕਿ ਹਰੇਕ ਬੰਦੇ ਨੇ, ਕਿਸੇ ਨੇ ਲੋਨ ਲੈਣਾ ਹੈ, ਕਿਸੇ ਨੇ ਕੁਝ ਕਰਨਾ ਹੈ। ਜੇਕਰ ਮਾਲਕੀ ਦੇ ਹੱਕ ਨਾ ਹੋਣ ਤਾਂ ਤੁਹਾਨੂੰ ਪਤਾ ਹੀ ਹੈ ਕਿ ਬੈਂਕ ਵਾਲੇ ਵੀ ਨਿਆਂ ਨਹੀਂ ਦਿੰਦੇ। ਇਸ ਲਈ ਮੈਂ ਆਪ ਜੀ ਦੇ ਮਾਧਿਅਮ ਰਾਹੀਂ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਜ਼ਰੂਰੀ ਮੰਗਾਂ ਮੰਨ ਕੇ ਲੋਕਾਂ ਨੂੰ ਖ਼ੁਸ਼ੀਆਂ ਦੇਈਏ। ਤੁਹਾਡਾ ਬਹੁਤ ਬਹੁਤ ਧੰਨਵਾਦ।

**ਮਾਣਯੋਗ ਡਿਪਟੀ ਸਪੀਕਰ**: ਗਿਆਸਪੁਰਾ ਸਾਹਿਬ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ, ਐਸ.ਸੀ.)** : ਮਾਣਯੋਗ ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਮੈਂ ਤੁਹਾਡੇ ਰਾਹੀਂ ਮਾਣਯੋਗ ਖੇਤੀਬਾੜੀ ਅਤੇ ਬਾਗ਼ਬਾਨੀ ਮੰਤਰੀ ਜੀ ਦਾ ਧਿਆਨ ਪੰਜਾਬ ਦੇ ਮਧੂਮੱਖੀ ਪਾਲਕ ਅਤੇ ਸ਼ਹਿਦ ਪ੍ਰਾਸੈਸਿੰਗ ਉਦਯੋਗ ਨਾਲ ਜੁੜੇ ਬਹੁਤ ਹੀ ਮਹੱਤਵਪੂਰਨ ਵਿਸ਼ੇ ਵੱਲ ਦਿਵਾਉਣਾ ਚਾਹੁੰਦਾ ਹਾਂ। ਪੰਜਾਬ ਅੱਜ ਦੇਸ਼ ਦੇ ਉਨ੍ਹਾਂ ਸੂਬਿਆਂ ਵਿੱਚੋਂ ਇੱਕ ਹੈ, ਜੋ ਮਧੂਮੱਖੀ ਪਾਲਣ ਅਤੇ ਉੱਚ ਗੁਣਵੱਤਾ ਵਾਲੇ ਸ਼ਹਿਦ ਉਤਪਾਦਨ ਲਈ ਜਾਣਿਆ ਜਾਂਦਾ ਹੈ। ਹਜ਼ਾਰਾਂ ਕਿਸਾਨ ਅਤੇ ਮਧੂ ਮੱਖੀ ਪਾਲਕ ਇਸ ਕਿੱਤੇ ਨਾਲ ਜੁੜੇ ਹੋਏ ਹਨ, ਪਰ ਅਫ਼ਸੋਸ ਦੀ ਗੱਲ ਹੈ ਕਿ honey processing unit ਸਥਾਪਿਤ ਕਰਨ ਲਈ ਸੀ.ਐਲ.ਯੂ. ਦੀ ਜਿਹੜੀ ਲਾਜ਼ਮੀ ਸ਼ਰਤ ਹੈ, ਉਹ ਇਸ ਉਦਯੋਗ ਦੇ ਵਿੱਚ ਬਹੁਤ ਵੱਡੀ ਰੁਕਾਵਟ ਬਣੀ ਹੋਈ ਹੈ। ਮਾਣਯੋਗ ਡਿਪਟੀ ਸਪੀਕਰ ਸਾਹਿਬ, ਪਿਛਲੀ ਸਰਕਾਰ ਵੱਲੋਂ bee keeping ਨੂੰ ਸੀ.ਐਲ.ਯੂ. ਤੋਂ ਛੋਟ ਦੇਣ ਦਾ ਫੈਸਲਾ ਕੀਤਾ ਸੀ ਪਰ ਅਸਲ ਵਿੱਚ ਹਕੀਕਤ ਇਹ ਹੈ ਕਿ bee keeping ਤਾਂ ਪਹਿਲਾਂ ਹੀ ਸੀ.ਐਲ.ਯੂ. ਤੋਂ ਅਲੱਗ ਸੀ ਪਰ ਜਿਹੜੇ ਹਨੀ ਦੇ ਪ੍ਰਾਸੈਸਿੰਗ ਯੂਨਿਟ ਸਨ, ਉਨ੍ਹਾਂ ਨੂੰ ਸੀ.ਐਲ.ਯੂ. ਤੋਂ ਛੋਟ ਬਿਲਕੁਲ ਨਹੀਂ ਦਿੱਤੀ ਗਈ। ਜਦ ਕਿ ਜੇਕਰ ਪ੍ਰਾਸੈਸਿੰਗ ਯੂਨਿਟ ਹੀ ਨਹੀਂ ਹੋਣਗੇ ਤਾਂ ਮਧੂਮੱਖੀ ਪਾਲਕ ਬੇਚਾਰੇ ਕੀ ਕਰਨਗੇ, ਉਹ ਕਿੱਥੇ ਆਪਣਾ ਮਾਲ ਵੇਚਣਗੇ। ਜੇ ਹਨੀ ਪ੍ਰਾਸੈਸਿੰਗ ਯੂਨਿਟ ਨੂੰ ਸੀ.ਐਲ.ਯੂ. ਦੀ ਸ਼ਰਤ ਤੋਂ ਮੁਕਤ ਕੀਤਾ ਜਾਂਦਾ ਹੈ ਤਾਂ ਪੰਜਾਬ ਵਿੱਚ ਨਵੇਂ ਪ੍ਰਾਸੈਸਿੰਗ ਯੂਨਿਟ ਸਥਾਪਿਤ ਹੋਣਗੇ, ਨਿੱਜੀ ਨਿਵੇਸ਼ ਨੂੰ ਲਾਭ ਮਿਲੇਗਾ, ਮਧੂਮੱਖੀ ਪਾਲਕ ਨੂੰ ਆਪਣੀ ਉਪਜ ਦਾ ਵਧੀਆ ਭਾਅ ਮਿਲੇਗਾ, ਪੇਂਡੂ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ ਅਤੇ ਪੰਜਾਬ ਉੱਚ ਗੁਣਵੱਤਾ ਵਾਲੇ ਸ਼ਹਿਦ ਦੀ ਪ੍ਰਾਸੈਸਿੰਗ ਕਰਨ ਵਾਲਾ ਮਹੱਤਵਪੂਰਨ ਰਾਜ ਬਣੇਗਾ। ਮੇਰਾ ਜਿਹੜਾ ਦੋਰਾਹਾ ਸ਼ਹਿਰ ਹੈ, ਪੰਜਾਬ ਦੇ ਵਿੱਚ, ਜੇਕਰ ਕਿੱਥੇ ਸਭ ਤੋਂ

ਵੱਧ ਸ਼ਹਿਦ ਉਤਪਾਦਨ ਹੁੰਦਾ ਹੈ, ਤਾਂ ਉੱਥੇ ਹੁੰਦਾ ਹੈ। ਸੋ, ਮੇਰੀ ਇਸ ਮੰਗ ਨੂੰ, ਜਿਹੜੀ ਕਿ ਜਾਇਜ਼ ਹੈ, ਇਸ ਨੂੰ ਮੰਤਰੀ ਸਾਹਿਬ ਵੱਲੋਂ ਪੂਰਾ ਕੀਤਾ ਜਾਵੇ।

**ਮਾਣਯੋਗ ਡਿਪਟੀ ਸਪੀਕਰ**: ਥੈਂਕ ਯੂ। ਲਾਲਪੁਰਾ ਜੀ।

**ਸਰਦਾਰ ਮਨਜਿੰਦਰ ਸਿੰਘ ਲਾਲਪੁਰਾ (ਖਡੂਰ ਸਾਹਿਬ)**: ਧੰਨਵਾਦ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧਿਆਨ ਸੈਂਟਰਲ ਬੋਰਡ ਆਫ ਫ਼ਿਲਮ ਸਰਟੀਫਿਕੇਸ਼ਨ ਵੱਲ ਦਿਵਾਉਣਾ ਚਾਹੁੰਦਾ ਹਾਂ, ਜਿਸ ਨੂੰ ਅਸੀਂ ਆਮ ਭਾਸ਼ਾ ਵਿੱਚ ਸੈਂਸਰ ਬੋਰਡ ਵੀ ਕਹਿ ਦਿੰਦੇ ਹਾਂ। ਜਦੋਂ ਸਾਡੀਆਂ ਪੰਜਾਬੀ ਫਿਲਮਾਂ ਉੱਥੇ ਪਾਸ ਹੋਣ ਜਾਂਦੀਆਂ ਹਨ ਤਾਂ ਉਨ੍ਹਾਂ ਵਿੱਚ ਵੱਡੇ ਵੱਡੇ ਕੱਟ ਲੱਗਾ ਦਿੱਤੇ ਜਾਂਦੇ ਹਨ। ਪੂਰਾ ਪੈਸਾ ਲਗਾਉਣ ਤੋਂ ਬਾਅਦ ਪੰਜਾਬ ਭਾਸ਼ਾ ਵਿੱਚ ਬਣਾਈਆਂ ਫਿਲਮਾਂ ਵਾਲਿਆਂ ਨੂੰ ਉੱਥੇ ਬਹੁਤ ਪਰੇਸ਼ਾਨੀ ਦਾ ਸ਼ਾਹਮਣਾ ਕਰਨਾ ਪੈਂਦਾ ਹੈ। ਮੈਂ ਆਪ ਜੀ ਦੇ ਰਾਹੀਂ ਸਰਕਾਰ ਦੇ ਧਿਆਨ ਵਿੱਚ ਇਹ ਗੱਲ ਲਿਆਉਣਾ ਚਾਹੁੰਦਾ ਹਾਂ ਕਿ ਕੀ ਆਪਾਂ ਆਪਣਾ ਕੋਈ ਸੈਂਸਰ ਬੋਰਡ ਅਲੱਗ ਬਣਾ ਸਕਦੇ ਹਾਂ ਕਿਉਂਕਿ ਮੈਂ ਕਾਫੀ ਸਟੇਟਸ ਵਿੱਚ ਵੇਖਿਆ ਹੈ ਕਿ ਉਨ੍ਹਾਂ ਵੱਲੋਂ ਕਿਸੇ ਨੇ ਪ੍ਰਮੋਸ਼ਨ ਬੋਰਡ ਦੇ ਨਾਂਅ ਤੇ, ਕਿਸੇ ਨੇ ਐਂਟਰਟੇਨਮੈਂਟ ਨੂੰ ਵੜਾਵਾਂ ਦੇਣ ਲਈ ਬਣਾਇਆ ਹੋਇਆ ਹੈ। ਇਸ ਤੇ ਸਾਡੀ ਸਰਕਾਰ ਜ਼ਰੂਰ ਵਿਚਾਰ ਕਰੇ। ਸਰ, ਦੂਸਰੀ ਗੱਲ, ਤੁਸੀਂ ਵੀ ਸਾਰਿਆਂ ਨੇ ਨੋਟ ਕੀਤਾ ਹੋਵੇਗਾ ਕਿ ਜਿਹੜੀ ਹਾਲੀਵੁੱਡ, ਬਾਲੀਵੁੱਡ ਦੀਆਂ ਫਿਲਮਾਂ ਹਨ, ਉਨ੍ਹਾਂ ਨੂੰ ਪ੍ਰਾਈਮ ਟਾਈਮ ਵਿੱਚ ਸਮਾਂ ਮਿਲਿਆ ਹੁੰਦਾ ਹੈ ਤੇ ਸਾਡੀ ਜਿਹੜੀ ਪੰਜਾਬ ਸਿਨੇਮਿਆਂ ਵਿੱਚ ਪੰਜਾਬ ਵਿੱਚ ਹੀ ਫਿਲਮਾਂ ਲੱਗਦੀਆਂ ਹਨ, ਕਿਸੇ ਨੂੰ ਰਾਤ ਨੂੰ 11.00 ਵਜੇ ਦਾ ਸ਼ੋਅ ਮਿਲਿਆ ਹੁੰਦਾ ਹੈ, ਕਿਸੇ ਨੂੰ 12.30 ਵਜੇ ਦਾ ਮਿਲਿਆ ਹੁੰਦਾ ਹੈ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਸਾਡੇ ਪੰਜਾਬ ਦੇ ਵਿੱਚ ਇੱਕ ਇਸ ਤਰ੍ਹਾਂ ਦਾ ਬੋਰਡ ਬਣਾ ਕੇ, ਇਹ ਗੱਲ ਧਿਆਨ ਵਿੱਚ ਲਿਆਈਏ, ਸਾਡੇ ਪੰਜਾਬ ਦੇ ਵਿੱਚ ਜਿਹੜੀ ਪੰਜਾਬੀ ਸਿਨੇਮਿਆਂ ਦੀ ਫਿਲਮਾਂ ਹਨ, ਉਹ ਪ੍ਰਾਈਮ ਟਾਈਮ ਵਿੱਚ ਕਿਉਂ ਨਹੀਂ ਲੱਗਦੀਆਂ। ਉਨ੍ਹਾਂ ਨੂੰ ਦੁਪਹਿਰ ਦਾ ਜਾਂ ਸ਼ਾਮ ਦਾ ਮੇਨ ਟਾਈਮ ਕਿਉਂ ਨਹੀਂ ਮਿਲਦਾ? ਇਸ ਵੱਲ ਧਿਆਨ ਦੇਣ ਦੀ ਲੋੜ ਹੈ ਅਤੇ ਸਾਨੂੰ ਆਪਣਾ ਇਹ ਬੋਰਡ ਜ਼ਰੂਰ ਬਣਾਉਣਾ ਚਾਹੀਦਾ ਹੈ।

**ਮਾਣਯੋਗ ਡਿਪਟੀ ਸਪੀਕਰ**: ਸਰਦਾਰ ਕਰਮਬੀਰ ਸਿੰਘ ਜੀ।

**ਸਰਦਾਰ ਕਰਮਬੀਰ ਸਿੰਘ (ਦਸੂਹਾ)** : ਧੰਨਵਾਦ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮਾਣਯੋਗ ਸਿੱਖਿਆ ਮੰਤਰੀ ਸਾਹਿਬ ਦਾ ਧਿਆਨ ਆਪਣੇ ਹਲਕੇ ਦੇ ਕੁਝ ਸਰਕਾਰੀ ਸਕੂਲਾਂ ਵੱਲ ਦਿਵਾਉਣਾ ਚਾਹੁੰਦਾ ਹਾਂ। ਮੇਰੇ ਹਲਕੇ ਦੇ ਪਿੰਡ ਗਿਲਜੀਆਂ, ਪਿੰਡ ਆਦੋਚੱਕ ਅਤੇ ਪਿੰਡ ਬਹਿ ਕਿਤੋਂ ਦੇ ਜਿਹੜੇ ਸਰਕਾਰੀ ਸਕੂਲ ਹਨ, ਉਨ੍ਹਾਂ ਦੀ ਬਿਲਡਿੰਗ ਦੀ ਇਸ ਵੇਲੇ ਹਾਲਾਤ ਬਹੁਤ ਖਸਤਾ ਹੈ।

**1225/Pawan sharma/Abhishek gautam**

**1230/Beant kaur**

ਮੈਂ ਜਦੋਂ ਪਿੰਡ ਗਿਆ ਸੀ ਤਾਂ ਉਨ੍ਹਾਂ ਨੇ ਡਿਮਾਂਡ ਰੱਖੀ ਸੀ ਕਿ ਸਾਡੇ ਸਕੂਲ ਦੀ ਹਾਲਤ ਸੁਧਾਰੀ ਜਾਵੇ। ਮੈਂ ਮਾਣਯੋਗ ਮੰਤਰੀ ਸਾਹਿਬ ਨੂੰ ਅਪੀਲ ਕਰਦਾ ਹਾਂ ਕਿ ਉਨ੍ਹਾਂ ਸਕੂਲਾਂ ਵੱਲ ਧਿਆਨ ਕਰਕੇ ਉਨ੍ਹਾਂ ਨੂੰ ਫੰਡਜ਼ ਜਾਰੀ ਕੀਤੇ ਜਾਣ।

ਦੂਜਾ, ਸਾਡੇ ਪਿੰਡਾਂ ਸੰਸਾਰਪੁਰ ਅਤੇ ਧਰਮਪੁਰ ਵਿੱਚ ਜਿਹੜੇ ਸੀਨੀਅਰ ਸੈਕੰਡਰੀ ਸਕੂਲ ਹਨ, ਇਹ ਪਹਾੜੀ ਇਲਾਕੇ ਦੇ ਸਕੂਲ ਹਨ। ਇਨ੍ਹਾਂ ਵਿੱਚ ਸਾਇੰਸ (ਮੈਡੀਕਲ, ਨਾਨ-ਮੈਡੀਕਲ) ਦੇ ਵੋਕੇਸ਼ਨਲ ਸਟ੍ਰੀਮ ਨਹੀਂ ਹਨ। ਮੈਂ ਮਾਣਯੋਗ ਮੰਤਰੀ ਸਾਹਿਬ ਨੂੰ ਤੁਹਾਡੇ ਜ਼ਰੀਏ ਬੇਨਤੀ ਕਰਾਂਗਾ ਕਿ ਇਨ੍ਹਾਂ ਸਕੂਲਾਂ ਵਿੱਚ ਇਹ ਸਟ੍ਰੀਮ ਦਿੱਤੇ ਜਾਣ ਤਾਂ ਜੋ ਸਾਡੇ ਬੱਚਿਆਂ ਨੂੰ ਐਜੂਕੇਸ਼ਨ ਵਾਸਤੇ 12-13 ਕਿਲੋਮੀਟਰ ਦੂਰ-ਦੁਰਾਡੇ ਨਾ ਜਾਣਾ ਪਵੇ। ਤੁਹਾਡਾ ਬਹੁਤ ਬਹੁਤ ਧੰਨਵਾਦ।

**ਸ੍ਰੀ ਨਰੇਸ਼ ਪੁਰੀ (ਪਠਾਨਕੋਟ)** : ਸਰ, ਮੈਂ ਇਕ ਬੜਾ crucial matter ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਮੇਰੇ ਇਲਾਕੇ ਦੇ ਧਾਰ ਬਲਾਕ ਵਿੱਚ ਪਿਛਲੇ ਸੱਤ ਦਿਨਾਂ ਤੋਂ ਨਾ ਪਾਣੀ ਹੈ ਅਤੇ ਨਾ ਹੀ ਬਿਜਲੀ ਹੈ। ਤੁਸੀਂ ਦੇਖੋ, ਲੋਕਾਂ ਦਾ ਕੀ ਹਾਲ ਹੋਵੇਗਾ। ਮੈਂ ਇਸ ਸਬੰਧੀ ਬਿਜਲੀ ਮੰਤਰੀ ਜੀ ਨੂੰ ਵੀ ਮੈਸੇਜ ਭੇਜਿਆ ਸੀ ਅਤੇ ਅਫ਼ਸਰਾਂ ਨੂੰ ਵੀ ਰਿਕੁਐਸਟ ਕੀਤੀ ਹੈ। ਇਕ ਹਫ਼ਤੇ ਤੋਂ ਵੀ ਵੱਧ ਟਾਈਮ ਹੋ ਗਿਆ ਹੈ, ਉੱਥੇ ਨਾ ਪਾਣੀ ਹੈ ਅਤੇ ਨਾ ਹੀ ਬਿਜਲੀ ਹੈ। ਸਰ, ਦੂਜੀ ਗੱਲ, ਜਿਹੜੇ ਲੋਕਾਂ ਨੇ ਡੈਮ ਵਾਸਤੇ ਆਪਣੀਆਂ ਸ਼ਹਾਦਤਾਂ ਦਿੱਤੀਆਂ, ਆਪਣੀਆਂ ਜ਼ਮੀਨਾਂ ਅਤੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ, ਉਨ੍ਹਾਂ ਡੈਮ ਔਸਟੀਜ਼ ਨੂੰ ਨੌਕਰੀਆਂ ਵਾਸਤੇ ਧਰਨੇ ਲਗਾਉਣੇ ਪੈ ਰਹੇ ਹਨ। ਮੇਰੀ ਤੁਹਾਡੇ ਅੱਗੇ ਇਹੀ ਰਿਕੁਐਸਟ ਹੈ ਕਿ ਸਰਕਾਰ 65,000 ਨੌਕਰੀਆਂ ਦੇਣ ਦੀ ਗੱਲ ਕਰਦੀ ਹੈ, ਉਨ੍ਹਾਂ ਲੋਕਾਂ ਦੀ ਵੀ ਸੁਣੋ। ਇਹ 100-200 ਬੰਦਾ ਹੋਵੇਗਾ, ਉਨ੍ਹਾਂ ਨੂੰ ਵੀ ਐਡਜਸਟ ਕਰੋ। ਧੰਨਵਾਦ।

**ਸਰਦਾਰ ਦਲਬੀਰ ਸਿੰਘ ਟੌਂਗ (ਬਾਬਾ ਬਕਾਲਾ, ਐਸ.ਸੀ.)** : ਡਿਪਟੀ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਤੁਸੀਂ ਮੈਨੂੰ ਜ਼ੀਰੋ ਆਵਰ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਤੁਹਾਡੇ ਮਾਧਿਆਮ ਰਾਹੀਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਵਿਧਾਨ ਸਭਾ ਹਲਕਾ, ਬਾਬਾ ਬਕਾਲਾ ਸਾਹਿਬ, ਜਿੱਥੇ ਗੁਰੂ ਤੇਗ਼ ਬਹਾਦਰ ਪਾਤਸ਼ਾਹ ਜੀ ਨੇ ਲੰਬਾ ਸਮਾਂ ਤਪ ਕੀਤਾ ਹੈ, ਉਨ੍ਹਾਂ ਦਾ 'ਸਾਚਾ ਗੁਰੂ ਲਾਧੋ ਰੇ' ਦਿਵਸ 27-28-29 ਤਰੀਕ ਨੂੰ ਆ ਰਿਹਾ ਹੈ। ਸਰ, ਉੱਥੇ ਨੈਸ਼ਨਲ ਹਾਈਵੇਅ ਦਾ ਪੁਲ ਹੈ, ਜਿਹੜਾ ਲੰਬੇ ਸਮੇਂ ਤੋਂ ਬੰਦ ਪਿਆ ਹੈ ਜਿਸ ਕਾਰਨ ਉੱਥੇ ਬਹੁਤ ਟਰੈਫਿਕ ਜਾਮ ਹੋ ਜਾਂਦੀ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਸ ਪੁਲ ਬਾਰੇ ਮੰਤਰੀ ਜੀ ਨੈਸ਼ਨਲ ਹਾਈਵੇਜ਼ ਨਾਲ ਗੱਲਬਾਤ ਕਰਕੇ ਜਲਦੀ ਬਣਾਉਣ ਦੀ ਕੋਸ਼ਿਸ਼ ਕਰਨ ਕਿਉਂਕਿ ਪੂਰੀ ਦੁਨੀਆ ਭਰ ਤੋਂ ਸੰਗਤ ਉਸ ਗੁਰ ਅਸਥਾਨ ਤੇ ਨਤਮਸਤਕ ਹੋਣ ਆਉਂਦੀ ਹੈ। ਬਹੁਤ ਬਹੁਤ ਧੰਨਵਾਦ ਜੀ।

**ਸ੍ਰੀ ਨਰੇਸ਼ ਕਟਾਰੀਆ (ਜ਼ੀਰਾ)** : ਮਾਣਯੋਗ ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਤੇ ਬੋਲਣ ਦਾ ਮੌਕਾ ਦਿੱਤਾ ਹੈ। ਜ਼ੀਰਾ ਹਲਕੇ ਵਿੱਚ ਇੰਦਰਾ ਗਾਂਧੀ ਕੈਨਾਲ ਤੇ ਪਿੰਡ ਝਾਮਕੇ ਦਾ ਪੁਲ ਸੀ, ਜਿਹੜਾ ਡੇਢ ਸਾਲ ਪਹਿਲਾਂ ਪੂਰਾ ਰੁੜ ਗਿਆ ਸੀ। ਉਥੋਂ ਦੇ 15-18 ਪਿੰਡਾਂ ਦੇ ਬੱਚਿਆਂ ਨੂੰ ਸਕੂਲ ਜਾਣ ਵਾਸਤੇ 10-12 ਕਿਲੋਮੀਟਰ ਦਾ ਵਲ ਪਾਉਣਾ ਪੈਂਦਾ ਹੈ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਸਾਡਾ ਉਹ ਪੁਲ ਕਿਰਪਾ ਕਰਕੇ ਬਣਾਉਣ ਵੱਲ ਧਿਆਨ ਦਿੱਤਾ ਜਾਵੇ ਤਾਂ ਕਿ ਜਿਹੜਾ ਬੱਚਿਆਂ ਦਾ ਟਾਈਮ ਖਰਾਬ ਹੁੰਦਾ ਹੈ, ਉਹ ਬਚ ਜਾਵੇ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ)** : ਡਿਪਟੀ ਸਪੀਕਰ ਸਾਹਿਬ, ਧੰਨਵਾਦ। ਲੋਕ ਸਭਾ ਵਿੱਚ ਜਿਹੜਾ ਡੀਲਿਮੀਟੇਸ਼ਨ ਬਿਲ ਆ ਰਿਹਾ ਹੈ, ਮੈਂ ਉਸ ਸਬੰਧੀ ਹਾਊਸ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ 131ਵੀਂ

ਸੰਵਿਧਾਨਕ ਸੋਧ ਕੀਤੀ ਜਾ ਰਹੀ ਹੈ। ਪਰੋਪੋਜ਼ਡ ਪਲੈਨ ਮੁਤਾਬਿਕ 50% ਸੀਟਾਂ ਵੱਧ ਰਹੀਆਂ ਹਨ। ਜਿਸ ਪ੍ਰਕਾਰ ਸਾਡੀ ਵਿਧਾਨ ਸਭਾ ਵਿੱਚ 117 ਸੀਟਾਂ ਹਨ, ਇਹ ਵੱਧ ਕੇ 175 ਹੋ ਸਕਦੀਆਂ ਹਨ ਅਤੇ ਲੋਕ ਸਭਾ ਦੀਆਂ ਸੀਟਾਂ 13 ਤੋਂ 30 ਹੋ ਸਕਦੀਆਂ ਹਨ। ਯੂ.ਪੀ ਵਰਗੀ ਸਟੇਟ ਵਿੱਚ 80 ਤੋਂ ਵੱਧ ਕੇ 120 ਹੋ ਸਕਦੀਆਂ ਹਨ। ਠੀਕ ਹੈ ਕਿ ਅਬਾਦੀ ਦੇ ਅਧਾਰ ਤੇ ਸੀਟਾਂ ਵਧਦੀਆਂ ਹਨ ਲੇਕਿਨ ਮੈਂ ਇੱਥੇ ਗੱਲ ਕਰਨਾ ਚਾਹਾਂਗਾ ਕਿ ਰਾਜ ਸਭਾ, ਜਿਸ ਨੂੰ ਅਸੀਂ ਕੌਂਸਲ ਆਫ ਸਟੇਟਸ ਅਤੇ Upper House of Parliament ਵੀ ਕਹਿੰਦੇ ਹਾਂ, ਉਸ ਵਿੱਚ ਪੰਜਾਬ ਦੀਆਂ 7 ਸੀਟਾਂ ਹਨ। ਯੂ.ਪੀ ਵਰਗੀ ਸਟੇਟ ਦੀਆਂ 31 ਸੀਟਾਂ ਹਨ। ਅਸੀਂ ਚਾਹੁੰਦੇ ਹਾਂ ਕਿ ਇਸ ਸਬੰਧੀ ਲੋਕ ਸਭਾ ਵਿੱਚ ਇਕ ਅਮੈਂਡਮੈਂਟ ਲਿਆਉਣ ਵਾਸਤੇ ਇਸ ਹਾਊਸ ਦੁਆਰਾ ਇਕ ਮਤਾ ਪਾਸ ਕੀਤਾ ਜਾਵੇ ਕਿ ਜਿਸ ਪ੍ਰਕਾਰ ਯੂ.ਐਸ.ਏ ਵਿੱਚ ਭਾਵੇਂ ਕੋਈ ਸਟੇਟ ਵੱਡੀ ਹੈ, ਜਿਵੇਂ ਕੈਲੇਫੋਰਨੀਆ ਵਿੱਚ 3 ਕਰੋੜ 90 ਲੱਖ ਦੀ ਪਾਪੂਲੇਸ਼ਨ ਹੈ, ਉਥੇ ਹੀ ਵਿਉਮਿੰਗ ਸਟੇਟ ਦੀ ਅਬਾਦੀ 6 ਲੱਖ ਹੈ ਲੇਕਿਨ ਦੋਹਾਂ ਦੇ Senator equal ਲਏ ਜਾਂਦੇ ਹਨ। ਸਵਿਟਰਜ਼ਰਲੈਂਡ ਵਿੱਚ ਕਾਊਂਸਿਲ ਆਫ ਸਟੇਟਸ ਕਹਿੰਦੇ ਹਨ, ਉਥੇ ਵੀ ਭਾਵੇਂ ਸਟੇਟ ਵੱਡੀ ਹੈ ਜਾਂ ਛੋਟੀ ਹੈ ਪਰੰਤੂ ਮੈਂਬਰ ਬਰਾਬਰ ਲਏ ਜਾਂਦੇ ਹਨ। ਆਸਟ੍ਰੇਲੀਆ ਵਿੱਚ ਸੈਨੇਟ ਕਿਹਾ ਜਾਂਦਾ ਹੈ ਅਤੇ ਹਰ ਸਟੇਟ ਵਿਚੋਂ 12 ਸੈਨੇਟਰ ਲਏ ਜਾਂਦੇ ਹਨ। ਅਕਾਲੀ ਦਲ ਨੇ ਹਮੇਸ਼ਾ ਵੱਧ ਅਧਿਕਾਰਾਂ ਦੀ ਗੱਲ ਕੀਤੀ ਹੈ, ਜੇਕਰ ਸਾਡੀ ਰੀਪ੍ਰੈਜੈਂਟੇਸ਼ਨ ਵੱਧ ਹੋਵੇਗੀ ਤਾਂ ਹੀ ਅਸੀਂ ਸਟੇਟ ਦੀ ਗੱਲ ਕਰ ਸਕਦੇ ਹਾਂ ਅਤੇ ਤਾਂ ਹੀ ਸਾਡੀ ਸਟੇਟ ਦੇ ਮੁੱਦੇ ਹੱਲ ਹੋ ਸਕਦੇ ਹਨ। ਸੋ, ਮੈਂ ਚਾਹੁੰਦਾ ਹਾਂ ਕਿ ਹਾਊਸ ਇਹ ਮਤਾ ਪਾਸ ਕਰੇ ਕਿ ਆਉਣ ਵਾਲੇ ਸਮੇਂ ਵਿੱਚ ਲੋਕ ਸਭਾ ਵਿੱਚ ਇਕ ਅਮੈਂਡਮੈਂਟ ਲਿਆਂਦੀ ਜਾਵੇ ਕਿ ਹਰ ਸਟੇਟ, ਚਾਹੇ ਉਹ ਵੱਡੀ ਹੈ ਜਾਂ ਛੋਟੀ ਹੈ, ਉਸ ਦੇ ਰਾਜ ਸਭਾ ਮੈਂਬਰਾਂ ਦੀ ਗਿਣਤੀ ਬਰਾਬਰ ਹੋਵੇ। ਇਸ ਗੱਲ ਦੀ ਮੈਂ ਅੱਜ ਤੁਹਾਡੇ ਰਾਹੀਂ ਮੰਗ ਕਰਦਾ ਹਾਂ। ਧੰਨਵਾਦ।

**1230/Beant kaur/BS khokhar**

**1235/Karamjit kaur**

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ)**: ਬਹੁਤ ਹੀ ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਧੰਨਵਾਦ ਜੀ ਕਿ ਤੁਸੀਂ ਮੈਨੂੰ ਅੱਜ ਇਸ ਮੌਕੇ ਤੇ ਜੀਰੋ ਆਵਰ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਪੰਜਾਬ ਗੁਰੂਆਂ ਪੀਰਾਂ ਦੀ ਧਰਤੀ ਹੈ। ਸੁਲਤਾਨਪੁਰ ਲੋਧੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਧਰਤੀ ਹੈ। ਜਿੱਥੋਂ ਮੈਨੂੰ ਨੁਮਾਇੰਦਗੀ ਕਰਨ ਦਾ ਮੌਕਾ ਮਿਲਿਆ ਹੈ। ਸਰ, ਕੱਲ੍ਹ ਦੇ ਇੱਕ ਵਿਸ਼ੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ। ਕੱਲ੍ਹ ਮੇਰੇ ਕੋਲ ਸ਼ਹਿਰ ਦੀਆਂ 15 ਲੇਡੀਜ਼ ਇਕੱਠੀਆਂ ਹੋ ਕੇ ਆਈਆਂ। ਉਨ੍ਹਾਂ ਨਾਲ ਕੋਈ ਬੰਦਾ ਨਹੀਂ ਸੀ, ਇਕੱਲੀਆਂ ਲੇਡੀਜ਼ ਆ ਕੇ ਇੱਕ ਐਮ.ਐਲ.ਏ. ਨੂੰ ਦੱਸਦੀਆਂ ਹਨ ਕਿ ਸਾਡੇ ਸ਼ਹਿਰ ਦੇ ਵਿੱਚ ਮਾਨਵ ਤਸਕਰੀ ਚੱਲ ਰਹੀ ਹੈ, Flesh trade ਚੱਲ ਰਹੀ ਹੈ, immoral trafficking ਚੱਲ ਰਹੀ ਹੈ। ਉੱਥੇ ਲੇਡੀਜ ਨੇ ਇੱਕ ਬੰਦਾ ਫੜਿਆ ਤੇ ਲੇਡੀ ਵੀ ਫੜੀ, ਉਹ ਅਰੈਸਟ ਕਰਵਾਈ। ਪ੍ਰੰਤੂ ਪੁਲਿਸ ਨੇ ਸ਼ਾਮ ਨੂੰ ਉਹ ਛੱਡ ਦਿੱਤੀ। ਇਹ ਪਿਛਲੇ ਦਿਨਾਂ ਵਿੱਚ ਸੈਸ਼ਨ ਦੇ ਦੌਰਾਨ ਵਾਪਰਿਆ ਹੈ। ਮੰਤਰੀ ਸਾਹਿਬ ਸ੍ਰੀ ਅਮਨ ਅਰੋੜਾ ਜੀ ਬਹੁਤ ਧਿਆਨ ਨਾਲ ਮੈਨੂੰ ਦੇਖ ਰਹੇ ਹਨ। ਜਨਾਬ, ਮੈਂ ਇਸ ਤੋਂ ਬਾਅਦ ਤੁਹਾਡੇ ਤੋਂ ਅਤੇ ਸਰਕਾਰ ਤੋਂ ਇਸ ਸਬੰਧੀ ਜਵਾਬ ਲੈਣਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਐਸ.ਐਸ.ਪੀ. ਕਪੂਰਥਲਾ ਸ੍ਰੀ ਗੌਰਵ ਤੂਰਾ ਜੀ ਨੂੰ ਇਸ ਬਾਰੇ ਫੋਨ ਕੀਤਾ। ਮੈਂ ਕਿਹਾ ਕਿ ਸਾਡੇ ਇੱਥੇ ਮਾਨਵ ਤਸਕਰੀ ਚੱਲ ਰਹੀ ਹੈ, ਇੱਦਾਂ-ਇੱਦਾਂ ਹੋਇਆ ਹੈ, ਲੋਕਾਂ ਨੇ ਦੋਸ਼ੀ ਬੰਦੇ ਫੜੇ ਹਨ ਅਤੇ ਤੁਸੀਂ ਉਹ ਛੱਡ ਦਿੱਤੇ। ਇਸ ਬਾਰੇ ਐਸ.ਐਸ.ਪੀ. ਗੌਰਵ ਤੂਰਾ ਜੀ ਦਾ ਮੈਨੂੰ ਜਵਾਬ ਆਉਂਦਾ ਹੈ ਕਿ ਰਾਣਾ ਜੀ ਮੈਂ ਦੇਖ ਲਵਾਂਗਾ, ਜੇ ਤਾਂ ਅੰਡਰ ਏਜ ਹੋਈ ਤਾਂ ਮੈਂ ਐਕਸ਼ਨ ਲੈਂਦਾ ਹਾਂ, ਨਹੀਂ ਤਾਂ ਜਿਹੜਾ

ਓਵਰ ਏਜ ਹੈ, ਉਹ ਲੀਗਲ ਹੈ। ਇਹ ਜਵਾਬ ਇੱਕ ਐਸ.ਐਸ.ਪੀ. ਦਾ ਇੱਕ ਐਮ.ਐਲ.ਏ. ਨੂੰ ਮਿਲਦਾ ਹੈ। ਸਰ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਇਹ ਪੁੱਛਣਾ ਚਾਹੁੰਦਾ ਹਾਂ, ਉਸ ਤੋਂ ਬਾਅਦ ਮੈਨੂੰ ਜਵਾਬ ਇਹ ਮਿਲਦਾ ਹੈ। ਮੈਂ ਕਿਹਾ ਕਿ ਜਿਹੜਾ ਕੰਮ ਗਲਤ ਹੈ, ਤੁਸੀਂ ਜਿਲ੍ਹੇ ਦੇ ਮਾਲਕ ਹੋ, ਇਨ੍ਹਾਂ ਨੂੰ ਸਹੀ ਕਰਨਾ ਤੁਹਾਡੀ ਡਿਊਟੀ ਬਣਦੀ ਹੈ, ਇਨ੍ਹਾਂ ਨੂੰ ਤੁੰਨ ਕੇ ਅੰਦਰ ਦਿਓ। ਪਰ ਮੈਨੂੰ ਜਵਾਬ ਮਿਲਦਾ ਹੈ ਕਿ ਤੁਸੀਂ ਲੈਜਿਸਲੇਚਰ ਹੋ। ਸੂਬੇ ਦੇ ਜਿਹੜੇ ਕਾਨੂੰਨ ਹਨ, ਉਹ ਲੈਜਿਸਲੇਚਰ ਬਣਾਉਂਦਾ ਹੈ, ਲੈਜਿਸਲੇਟਿਵ ਅਸੰਬਲੀ ਬਣਾਉਂਦੀ ਹੈ, ਕਾਈਂਡਲੀ ਇਹ ਕਾਨੂੰਨ ਬਣਵਾ ਦਿਓ। ਸਰ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਪੰਜਾਬ ਵਿੱਚ ਹਿਊਮਨ ਟਰੈਫਕਿੰਗ ਲੀਗਲ ਹੈ? ਜਾਂ ਇਹ ਇਲ-ਲੀਗਲ ਹੈ? ਜੇ ਇਹ ਕੰਮ ਇਲਲੀਗਲ ਹੈ ਤਾਂ ਇਹੋ ਜਿਹੇ ਅਫ਼ਸਰ ਤੁਸੀਂ ਬਣਾ ਕੇ ਕੁਰਸੀਆਂ ਤੇ ਬਿਠਾਏ ਹੋਏ ਹਨ, ਜਿਹੜੇ ਇਸ ਵਪਾਰ ਤੋਂ ਪੈਸੇ ਕਮਾਉਂਦੇ ਹਨ ਅਤੇ ਆਪਣੀਆਂ ਅੱਖਾਂ ਬੰਦ ਕਰਕੇ ਬੈਠੇ ਹਨ। ਪੰਜਾਬ ਦੀਆਂ ਬੀਬੀਆਂ ਧਰਤੀ ਤੇ ਆ ਕੇ ਐਮ.ਐਲ.ਏਜ ਨੂੰ ਕਹਿੰਦੀਆਂ ਹਨ ਕਿ ਇਹ ਕੰਮ ਬੰਦ ਕਰਵਾਓ। ਸਰ, ਮੈਂ ਸਰਕਾਰ ਵੱਲੋਂ ਇਸ ਸਬੰਧ ਵਿੱਚ ਕਲੈਰਿਟੀ ਚਾਹੁੰਦਾ ਹਾਂ ਕਿ ਕੀ ਇਹੋ ਜਿਹੇ ਅਫ਼ਸਰ ਪੰਜਾਬ ਦੇ ਐਸ.ਐਸ.ਪੀ. ਰਹਿਣ ਦੇ ਕਾਬਲ ਹਨ ਜਾਂ ਨਹੀਂ? ਇਹੋ ਜਿਹੇ ਅਫ਼ਸਰਾਂ ਨੂੰ ਚੁੱਕ ਕੇ ਬਾਹਰ ਮਾਰਨਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਅਖੀਰਲੀ ਹੋਰ ਗੱਲ ਦੱਸਣੀ ਚਾਹੁੰਦਾ ਹਾਂ, ਮੈਨੂੰ ਐਸ.ਐਸ.ਪੀ. ਨੇ ਆਨ ਰਿਕਾਰਡ ਕਾਨੂੰਨ ਭੇਜ ਦਿੱਤਾ ਕਿ ਹਿਊਮਨ ਟਰੈਫਕਿੰਗ ਲੀਗਲ ਹੈ। ਮੰਤਰੀ ਸਾਹਿਬ, ਮੇਰੇ ਇਸ ਫੋਨ ਦੇ ਵਿੱਚ ਉਨ੍ਹਾਂ ਦੀ ਵਟਸਐਪ ਚੈਟ ਹੈ। (ਫੋਨ ਦਿਖਾਉਂਦੇ ਹੋਏ), for your information. Please give a clarity whether immoral trafficking is valid in Punjab or not . Thank you.

**ਸਰਦਾਰ ਰੁਪਿੰਦਰ ਸਿੰਘ (ਬੱਸੀ ਪਠਾਣਾ, ਐਸ.ਸੀ.)**: ਡਿਪਟੀ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਜੀ। ਮੈਂ ਡਿਪਟੀ ਸਪੀਕਰ ਸਾਹਿਬ, ਸਿੱਖਿਆ ਮੰਤਰੀ ਸਾਹਿਬ ਇੱਥੇ ਬੈਠੇ ਹਨ, ਮੈਂ ਉਨ੍ਹਾਂ ਦੇ ਧਿਆਨ ਵਿੱਚ ਆਪ ਜੀ ਦੇ ਰਾਹੀਂ ਲਿਆਉਣਾ ਚਾਹੁੰਦਾ ਹਾਂ ਕਿ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਬਹੁਤ ਵਧੀਆ ਕੰਮ ਹੋਇਆ ਹੈ। ਇਸ ਵਾਸਤੇ ਮੁੱਖ ਮੰਤਰੀ ਸਾਹਿਬ ਦਾ ਵੀ ਧੰਨਵਾਦ ਹੈ। ਜਦੋਂ ਆਪਾਂ ਕਈ ਵਾਰੀ ਉਦਘਾਟਨ ਕਰਨ ਜਾਂਦੇ ਹਾਂ, ਤੁਹਾਡੇ ਵੀ ਇਹ ਇਸ਼ੂ ਆਇਆ ਹੋਵੇਗਾ ਕਿ ਇੱਕ ਪਿੰਡ ਜਾਂ ਸ਼ਹਿਰ ਦੇ ਵਿੱਚ 3-3, 4-4 ਸਕੂਲਾਂ ਦਾ ਉਦਘਾਟਨ ਕਰਦੇ ਸੀ, ਉਸ ਵਿੱਚ ਕੀ ਹੁੰਦਾ ਹੈ ਕਿ ਉੱਥੇ ਇੱਕ ਆਂਗਨਵਾੜੀ ਹੈ, ਇੱਕ ਪ੍ਰਾਇਮਰੀ ਸਕੂਲ ਹੈ, ਇੱਕ ਮਿਡਲ ਸਕੂਲ ਹੈ ਅਤੇ ਇੱਕ ਹਾਈ ਸਕੂਲ ਹੈ ਅਤੇ ਇੱਕ ਸੀਨੀਅਰ ਸੈਕੰਡਰੀ ਸਕੂਲ ਹੈ। ਸਰ, ਮੇਰੀ ਸਿੱਖਿਆ ਮੰਤਰੀ ਸਾਹਿਬ ਨੂੰ ਇਸ ਸਬੰਧੀ ਬੇਨਤੀ ਹੈ ਕਿ ਆਪਾਂ ਇੱਕ ਤਾਂ ਟੀਚਰਜ ਰੈਸਨੇਲਾਈਜ ਕਰ ਦੇਈਏ, ਹੁਣ 15 ਕੁ ਟੀਚਰ ਇੱਕ ਸਕੂਲ ਵਿੱਚ ਹਨ, 15 ਦੂਜੇ ਵਿੱਚ ਹਨ, 10 ਕੁ ਉੱਧਰ ਹਨ, ਜੇ ਕਿਤੇ ਆਪਾਂ ਇਸ ਚੀਜ਼ ਨੂੰ ਕੰਬਾਈਨ ਕਰ ਲਈਏ, ਤਾਂ ਐਜੂਕੇਸ਼ਨ ਸਿਸਟਮ ਵਿੱਚ ਇਸ ਦੇ ਨਾਲ ਸੁਧਾਰ ਆਵੇਗਾ। ਮੈਂ ਇੱਕ ਦਿਨ ਦੇ ਵਿੱਚ ਇੱਕੋ ਸ਼ਹਿਰ ਵਿੱਚ 4 ਸਕੂਲਾਂ ਦਾ ਉਦਘਾਟਨ ਕੀਤਾ, ਜਿੱਥੇ ਕਿ 70-80 ਲੱਖ ਰੁਪਏ ਦਾ ਉਦਘਾਟਨ ਹੋਇਆ ਸੀ। ਜੇ ਉਹੀ ਆਪਾਂ ਇੱਕ ਸਕੂਲ ਦੇ ਵਿੱਚ ਬਾਕੀ ਸਕੂਲਾਂ ਨੂੰ ਕੰਬਾਈਨ ਕਰ ਲਈਏ ਤਾਂ ਉੱਥੇ ਟੀਚਰਜ ਦੀ ਸਮੱਸਿਆ ਵੀ ਘੱਟ ਹੋ ਜਾਵੇਗੀ। ਮੈਨੂੰ ਪਤਾ ਲੱਗਿਆ ਕਿ ਉੱਥੇ ਇੱਕ ਸਕੂਲ ਵਿੱਚ 35 ਟੀਚਰਜ ਹਨ, ਦੂਜੇ ਵਿੱਚ 25 ਟੀਚਰਜ ਹਨ, ਜੇ ਉਹੀ 50-60 ਟੀਚਰ ਇਕੱਠੇ ਕਰ ਲਈਏ ਤਾਂ ਆਪਣਾ ਉਹ ਸਕੂਲ ਬਹੁਤ ਚੰਗਾ ਬਣ ਸਕਦਾ ਹੈ। ਮੇਰੀ ਇਹ ਬੇਨਤੀ ਹੈ, ਇਸ ਨੂੰ ਪ੍ਰਵਾਨ ਕੀਤਾ ਜਾਵੇ, ਆਪਾਂ ਸਿਸਟਮ ਦੇ ਵਿੱਚ ਸੁਧਾਰ ਲਿਆਉਣ ਦੀ ਕੋਸ਼ਿਸ਼ ਕਰੀਏ। ਕਿਉਂਕਿ ਇਨ੍ਹਾਂ ਸਕੂਲਾਂ ਵਿੱਚ ਵਧੇਰੇ ਗਰੀਬਾਂ ਦੇ ਬੱਚੇ ਪੜ੍ਹਦੇ ਹਨ। ਜਦੋਂ ਆਪਾਂ ਆਪਣੇ ਬੱਚੇ ਨੂੰ ਸਕੂਲ ਵਿੱਚ ਲਗਾਉਂਦੇ ਹਾਂ ਤਾਂ ਇਹ ਦੇਖਦੇ ਹਾਂ ਕਿ ਉੱਥੇ ਪੜ੍ਹਾਈ ਦਾ ਮਿਆਰ ਵਧੀਆ ਹੋਵੇ, ਸਕੂਲ ਦਾ ਪ੍ਰਬੰਧ ਵਧੀਆ ਹੋਵੇ। ਮੈਂ ਚਾਹੁੰਦਾ ਹਾਂ ਕਿ ਇਸ ਸਿਸਟਮ ਵਿੱਚ ਸੁਧਾਰ ਕੀਤਾ ਜਾਵੇ। ਧੰਨਵਾਦ ਜੀ।

**1235/Karamjit kaur/BS khokhar**

**1240/harpreet singh**

**ਸ਼੍ਰੀ ਬ੍ਰਮ ਸ਼ੰਕਰ (ਹੁਸ਼ਿਆਰਪੁਰ)** : ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਹੁਸ਼ਿਆਰਪੁਰ ਤੋਂ ਊਨਾ ਰੋਡ, ਨੈਸ਼ਨਲ ਪ੍ਰਾਜੈਕਟ ਹੈ। ਮੇਰੇ ਉੱਥੇ ਜਾਣ ਦੇ ਬਾਵਜੂਦ, ਕਹਿਣ ਦੇ ਬਾਵਜੂਦ, ਸਾਰੇ ਅਫ਼ਸਰਾਂ ਨੂੰ ਮੌਕਾ ਦਿਖਾਉਣ ਦੇ ਬਾਵਜੂਦ ਕੰਮ ਨਹੀਂ ਹੋ ਰਿਹਾ। ਮੈਂ ਉੱਥੇ ਅਫ਼ਸਰਾਂ ਦੀਆਂ 10 ਤੋਂ ਜ਼ਿਆਦਾ ਵਿਜ਼ਟ ਕਰਵਾ ਚੁੱਕਾ ਹਾਂ। ਕੋਈ ਪ੍ਰਾਜੈਕਟ ਮੈਨੇਜਰ ਤੇ ਕੋਈ ਅਸਰ ਨਹੀਂ ਹੋ ਰਿਹਾ। ਹਿਮਾਚਲ ਵਾਲੇ ਪਾਸਿਓਂ ਤੇ ਪੰਜਾਬ ਵਾਲੇ ਪਾਸਿਓਂ ਸੜਕਾਂ ਬਿਲਕੁਲ ਡਿੱਗੀਆਂ ਪਈਆਂ ਹਨ। ਉਹੀ ਹਾਲਾਤ ਆਦਮਪੁਰ ਤੋਂ ਲੈ ਕੇ ਸਾਡੇ ਪੰਜਾਬ ਦੇ ਬਾਰਡਰ ਤੱਕ ਸੀ, ਜਿੱਥੇ ਮਾਤਾ ਚਿੰਤਪੁਰਨੀ ਦਾ ਮੇਲਾ ਲੱਗਦਾ ਹੈ। ਹੁਣ ਨਵਰਾਤਰੇ ਸ਼ੁਰੂ ਹੋਣੇ ਹਨ ਪਰ ਉੱਥੇ ਦਾ ਐਕਸੀਅਨ ਨੂੰ ਮੈਂ ਦੋ ਸਾਲ ਤੋਂ ਲਗਾਤਾਰ ਕਹਿ ਰਿਹਾ ਹਾਂ ਪਰ ਬਹੁਤ ਥੋੜ੍ਹਾ ਜਿਹਾ ਕੰਮ ਹੋਇਆ ਹੈ। ਸੋ, ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਸ ਪ੍ਰਾਜੈਕਟ ਨੂੰ ਮੁਕੰਮਲ ਕਰਵਾਇਆ ਜਾਵੇ। ਉੱਥੇ ਬਾਬਾ ਬਾਲਕ ਨਾਥ ਜੀ ਦਾ ਮੇਲਾ ਲਗਦਾ ਹੈ, ਸੰਗਤ ਆਨੰਦਪੁਰ ਸਾਹਿਬ ਤੋਂ ਉਸੇ ਸੜਕ ਰਾਹੀਂ ਜਾਂਦੀ ਹੈ। ਸੋ, ਮੈਂ ਤੁਹਾਡੇ ਰਾਹੀਂ ਇਹ ਗੱਲ ਸਰਕਾਰ ਤੱਕ, ਖਾਸ ਤੌਰ ਤੇ ਲੋਕ ਨਿਰਮਾਣ ਮੰਤਰੀ ਜੀ ਤੱਕ ਪਹੁੰਚਾਉਣਾ ਚਾਹੁੰਦਾ ਹਾਂ। ਪੰਜਾਬ ਸਰਕਾਰ ਨੇ ਸਾਰੀਆਂ ਸੜਕਾਂ ਬਣਾ ਦਿੱਤੀਆਂ ਹਨ, ਇਸ ਤੇ ਵੀ ਗੌਰ ਕੀਤਾ ਜਾਵੇ। ਮੁੱਖ ਮੰਤਰੀ ਜੀ ਨੇ ਇਸ ਨੈਸ਼ਨਲ ਹਾਈਵੇਅ ਤੇ ਸਵਾ 14 ਕਰੋੜ ਰੁਪਿਆ ਖਰਚ ਕਰਵਾਇਆ ਹੈ। ਸੋ, ਮੰਤਰੀ ਜੀ ਇਸ ਤੇ ਗੌਰ ਕਰਨ। ਧੰਨਵਾਦ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਬੈਠੇ ਬੈਠੇ ਮਾਣਯੋਗ ਡਿਪਟੀ ਸਪੀਕਰ ਤੋਂ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਡਿਪਟੀ ਸਪੀਕਰ**: ਮਿਲੇਗਾ ਜੀ, ਜ਼ਰੂਰ ਮਿਲੇਗਾ।

**ਸ਼੍ਰੀ ਅਸ਼ੋਕ ਪਰਾਸ਼ਰ (ਪੱਪੀ) (ਲੁਧਿਆਣਾ ਕੇਂਦਰੀ)**: ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਥਾਨਕ ਸਰਕਾਰ ਮੰਤਰੀ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਲੁਧਿਆਣਾ ਸ਼ਹਿਰ ਮੇਰਾ ਹਲਕਾ ਹੈ, ਇਹ ਪੁਰਾਣਾ ਸ਼ਹਿਰ ਹੈ, ਇਸ ਕੋਲੋਂ ਬੁੱਢਾ ਦਰਿਆ ਨਿਕਲਦਾ ਹੈ। ਉਹ ਪਿਛਲੇ ਸਾਢੇ ਚਾਰ ਸਾਲ ਤੋਂ ਇਸ ਦਰਿਆ ਨੂੰ ਛੱਤਣ ਲਈ ਠੇਕਾ ਤਾਂ ਲਈ ਬੈਠਾ ਹੈ ਪਰ ਹਾਲੇ ਤੱਕ ਉਸ ਨੇ ਕੰਮ ਬੰਦ ਕੀਤਾ ਹੋਇਆ ਹੈ। ਮੈਂ ਬਰਸਾਤਾਂ ਤੋਂ ਪਹਿਲਾਂ ਕਹਿੰਦਾ ਥੱਕ ਗਿਆ ਪਰ ਉਸ ਨੇ ਇਸ ਕੰਮ ਤੇ ਕੋਈ ਧਿਆਨ ਨਹੀਂ ਕੀਤਾ। ਸੋ, ਕ੍ਰਿਪਾ ਕਰਕੇ ਮੰਤਰੀ ਸਾਹਿਬ, ਉਸ ਠੇਕੇਦਾਰ ਤੇ ਬਣਦੀ ਕਾਰਵਾਈ ਕਰਨ। ਠੇਕੇਦਾਰ ਠੇਕਾ ਤਾਂ ਲੈ ਲੈਂਦੇ ਹਨ ਪਰ ਇਕ ਕੰਮ ਨੂੰ ਛੱਡ ਕੇ ਦੂਜੇ ਕੰਮ ਦਾ ਠੇਕਾ ਲੈ ਲੈਂਦੇ ਹਨ ਤੇ ਪਹਿਲਾ ਕੰਮ ਲਟਕਦਾ ਰਹਿੰਦਾ ਹੈ। ਸੋ, ਇਨ੍ਹਾਂ ਤੇ ਜ਼ਰੂਰ ਕੋਈ ਪਾਬੰਦੀ ਲਗਾਈ ਜਾਵੇ ਕਿ ਜਦੋਂ ਤੱਕ ਪਹਿਲਾ ਕੰਮ ਮੁਕੰਮਲ ਨਾ ਹੋਵੇ, ਉਦੋਂ ਤੱਕ ਦੂਜਾ ਕੰਮ ਨਾ ਦਿੱਤਾ ਜਾਵੇ। ਧੰਨਵਾਦ ਜੀ।

———

## WELCOME ANNOUNCEMENT BY HON'BLE DEPUTY SPEKER

**ਮਾਣਯੋਗ ਡਿਪਟੀ ਸਪੀਕਰ**: ਦੇਸ਼ ਭਗਤ ਕਾਲਜ, ਧੂਰੀ, ਸੰਗਰੂਰ ਦੇ ਵਿਦਿਆਰਥੀ ਵਿਸ਼ੇਸ਼ ਤੌਰ ਤੇ ਅੱਜ ਸਦਨ ਦੀ ਕਾਰਵਾਈ ਵੇਖਣ ਲਈ ਆਏ ਹਨ, ਅਸੀਂ ਉਨ੍ਹਾਂ ਨੂੰ ਜੀ ਆਇਆਂ ਆਖਦੇ ਹਾਂ। (ਥੰਪਿੰਗ)

---

## MATTERS RAISED DURING ZERO AND STATEMNETS MADE BY THE MINISTERS THEREON (Resumption)

**ਪ੍ਰਿੰਸੀਪਲ ਬੁੱਧ ਰਾਮ (ਬੁਢਲਾਡਾ, ਐਸ.ਸੀ.)**: ਡਿਪਟੀ ਸਪੀਕਰ ਸਾਹਿਬ, ਮੇਰਾ ਮੁੱਦਾ ਪੱਲੇਦਾਰਾਂ ਦੇ ਸਬੰਧ ਵਿਚ ਹੈ। ਮੈਂ ਸ੍ਰੀ ਲਾਲ ਚੰਦ ਕਟਾਰੂਚੱਕ ਮੰਤਰੀ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜਦੋਂ ਕਿਸਾਨ ਮੰਡੀਆਂ ਵਿਚ ਫਸਲਾਂ ਲੈ ਕੇ ਆਉਂਦਾ ਹੈ ਤਾਂ ਉੱਥੋਂ ਹੀ ਪੱਲੇਦਾਰਾਂ ਦਾ ਕੰਮ ਸ਼ੁਰੂ ਹੋ ਜਾਂਦਾ ਹੈ। ਲੋਡ ਅਨਲੋਡ ਕਰਕੇ ਉਹ ਗੋਦਾਮਾਂ ਵਿਚ ਲੈ ਕੇ ਜਾਂਦੇ ਹਨ, ਫਿਰ ਸ਼ੈਲਰਾਂ ਵਿਚ ਲੈ ਕੇ ਜਾਂਦੇ ਹਨ।

*12.44 ਵਜੇ ਬਾਅਦ ਦੁਪਹਿਰ (ਇਸ *ਸਮੇਂ ਮਾਣਯੋਗ ਸਪੀਕਰ ਸਾਹਿਬ ਵੱਲੋਂ ਸਦਨ ਦੀ ਕੁਰਸੀ ਸੰਭਾਲੀ ਗਈ।)

**ਪ੍ਰਿੰਸੀਪਲ ਬੁੱਧ ਰਾਮ**: ਉਹ 50-50 ਕਿੱਲੋ, 75-75 ਕਿੱਲੋ ਦੀਆਂ ਬੋਰੀਆਂ ਚੁੱਕਦੇ ਹਨ। ਇਹ ਬੜਾ ਔਖਾ ਕੰਮ ਹੈ। ਇਨ੍ਹਾਂ ਦੀ ਨਿਯੁਕਤੀ ਠੇਕੇਦਾਰੀ ਸਿਸਟਮ ਵਿਚ ਹੋਈ ਹੈ ਪ੍ਰੰਤੂ ਠੇਕੇਦਾਰ ਨੂੰ ਪੈਸਾ ਵੱਧ ਮਿਲਦਾ ਹੈ ਪਰ ਪੱਲੇਦਾਰਾਂ ਨੂੰ ਘੱਟ ਮਿਲਦਾ ਹੈ। ਸੋ, ਮੈਂ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਦੀ ਅਦਾਇਗੀ ਸਿੱਧੇ ਤੌਰ ਤੇ ਕੀਤੀ ਜਾਵੇ। ਉਨ੍ਹਾਂ ਦੇ ਪੈਸੇ ਠੇਕੇਦਾਰਾਂ ਦੇ ਖਾਤੇ ਵਿਚ ਨਾ ਪਾਏ ਜਾਣ ਤਾਂ ਜੋ ਪੱਲੇਦਾਰਾਂ ਦੀ ਲੁੱਟ ਖਤਮ ਕੀਤੀ ਜਾ ਸਕੇ। ਸੋ, ਮੈਂ ਬੇਨਤੀ ਕਰਦਾ ਹਾਂ ਕਿ ਪੱਲੇਦਾਰਾਂ ਨੂੰ ਠੇਕੇਦਾਰੀ ਤੋਂ ਮੁਕਤ ਕਰਕੇ ਸਰਕਾਰ ਸਿੱਧੇ ਤੌਰ ਤੇ ਪੱਲੇਦਾਰ ਯੂਨੀਅਨਾਂ ਨਾਲ ਸਮਝੌਤਾ ਕਰਕੇ ਠੇਕਾ ਦੇ ਕੇ ਕੰਮ ਕਰਵਾਇਆ ਜਾਵੇ। ਸੋ, ਪੰਜਾਬ ਦੇ ਸਾਰੇ ਪੱਲੇਦਾਰਾਂ ਵੱਲੋਂ ਮੈਂ ਇਹ ਮੰਗ ਉਠਾ ਰਿਹਾ ਹਾਂ। ਸਰਕਾਰ ਇਸ ਤੇ ਜ਼ਰੂਰ ਗੌਰ ਕਰੇ। ਧੰਨਵਾਦ ਜੀ।

**1240/harpreet singh/Rajneesh kumar**

**1245/amandeep kaur**

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ (ਸ੍ਰੀ ਅਮਨ ਅਰੋੜਾ)** : ਸਪੀਕਰ ਸਾਹਿਬ, ਮੈਂ ਇਹ ਕਹਿ ਰਿਹਾ ਸੀ।

**ਸਰਦਾਰ ਸੁਖਪਾਲ ਸਿੰਘ ਖਹਿਰਾ**: ਸਪੀਕਰ ਸਾਹਿਬ, ਮੈਨੂੰ ਦੋ ਮਿੰਟ ਬੋਲ ਲੈਣ ਦੇਣਾ ਜੀ।

**ਮਾਣਯੋਗ ਸਪੀਕਰ**: ਮੰਤਰੀ ਜੀ ਨੂੰ ਗੱਲ ਪੂਰੀ ਕਰ ਲੈਣ ਦਿਉ।

**ਸਰਦਾਰ ਸੁਖਪਾਲ ਸਿੰਘ ਖਹਿਰਾ**: ਮੰਤਰੀ ਜੀ, ਸਪੀਕਰ ਸਾਹਿਬ ਨੂੰ ਤੁਸੀਂ ਕਹਿ ਦਿਉ ਜ਼ਰਾ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ:** ਸਪੀਕਰ ਸਾਹਿਬ, ਬੋਲ ਲੈਣ ਦਿਉ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁੱਲਥ):** ਮਾਣਯੋਗ ਸਪੀਕਰ ਸਾਹਿਬ, ਜਿਵੇਂ ਰਾਣਾ ਇੰਦਰ ਪ੍ਰਤਾਪ ਨੇ ਬੜਾ interesting ਕਿੱਸਾ regarding human trafficking Act, and SSP ਇਨ੍ਹਾਂ ਨੂੰ ਭੇਜ ਰਿਹਾ ਹੈ ਕਿ ਸਾਡੇ ਕੋਲ ਕੋਈ ਅਧਿਕਾਰ ਨਹੀਂ ਹੈ ਕਿ ਅਸੀਂ flesh trade ਨੂੰ ਰੋਕ ਸਕੀਏ। ਉਸੇ ਤਰ੍ਹਾਂ ਦਾ interesting ਕਿੱਸਾ ਇੱਕ ਮੇਰੇ ਕੋਲ ਵੀ ਹੈ। ਸਪੀਕਰ ਸਾਹਿਬ, ਇੱਕ ਅਫਸਰ ਸ੍ਰੀ ਕੁਲਵਿੰਦਰ ਰੰਧਾਵਾ ਜਿਹੜਾ ਕਿ ਬੀ.ਡੀ.ਪੀ.ਓ ਹੈ। ਇੱਥੇ ਰੂਰਲ ਡਿਵੈਲਪਮੈਂਟ ਦੇ ਮਨਿਸਟਰ ਸਾਹਿਬ ਵੀ ਬੈਠੇ ਹਨ। ਇਨ੍ਹਾਂ ਨੇ ਸਾਲ 2023 ਵਿੱਚ ਬਤੌਰ ਖੰਨਾ ਐਮ.ਐਲ.ਏ ਉਸ ਬੰਦੇ ਦੇ ਖਿਲਾਫ 60 ਲੱਖ ਰੁਪਏ ਦਾ ਗਮਨ ਉਜਾਗਰ ਕੀਤਾ ਹੈ। ਸਾਡੇ ਕਾਂਗਰਸ ਦੇ ਬਲਾਕ ਸੰਮਤੀ ਦੇ ਚੇਅਰਮੈਨ ਸ੍ਰੀ ਸਤਿਨਾਮ ਸਿੰਘ ਜੀ ਸਨ। ਉਨ੍ਹਾਂ ਨੇ ਇੱਕਠੀਆਂ ਨੇ ਮਿਲ ਕੇ ਐਕਸ਼ਨ ਲਿਆ। ਇੱਥੇ ਗੈਰੀ ਵੜਿੰਗ ਸਾਹਿਬ, ਅਮਲੋਹ ਤੋਂ ਬੈਠੇ ਹੋਏ। ਅਗਲੇ ਸਾਲ 2024 ਵਿੱਚ ਉਨ੍ਹਾਂ ਨੇ ਇਸੇ ਕੁਲਵਿੰਦਰ ਰੰਧਾਵਾ ਦੇ ਖਿਲਾਫ 40 ਲੱਖ 85 ਹਜ਼ਾਰ ਦਾ ਗਮਨ track ਕੀਤਾ, ਐਫ.ਆਈ.ਆਰ ਵੀ ਕਰਵਾਈ ( ਐਫ.ਆਈ.ਆਰ. ਨੰ. 37 ਸਾਲ 2024), ਵਿਜੀਲੈਂਸ ਬਿਊਰੋ, ਪਟਿਆਲਾ। ਪਹਿਲਾਂ ਅਰੈਸਟ ਕਰਾਇਆ, ਚਾਰਜਸ਼ੀਟ ਹੋ ਗਿਆ, ਉਸ ਤੋਂ ਬਾਅਦ ਜਦੋਂ ਤੁਸੀਂ ਸਾਲ 2025 ਵਿੱਚ ਮਨਿਸਟਰ ਸਾਹਿਬ ਬਣੇ ਉਸੇ ਕੁਲਵਿੰਦਰ ਸਿੰਘ ਨੂੰ reinstate ਕਰਕੇ ਨਡਾਲੇ ਬੀ.ਡੀ.ਓ ਲਗਾ ਦਿੱਤਾ ਹੈ। ਮੇਰੇ ਕੋਲ ਗ੍ਰਾਮੀਣ ਬੈਂਕ, ਨਡਾਲਾ, ਦੀ ਬਲਾਕ ਸੰਮਤੀ ਦੀ official account ਦੀ 1.3.25 ਤੋਂ 1.4.26 ਤੱਕ ਦੀ ਸਟੇਟਮੈਂਟ ਹੈ। ਬੜਾ ਹੀ ਸੀਰੀਅਸ issue ਹੈ, ਉਹ ਬੰਦਾ 25 ਲੱਖ ਰੁਪਿਆ ਕੈਸ਼ withdraw ਕਰ ਗਿਆ ਤੇ ਉਸ ਨੇ ਡੇਢ ਡੇਢ ਲੱਖ ਦੇ ਮੋਬਾਈਲ ਫੋਨ ਲੈ ਲਏ। ਉਸ ਤੋਂ ਪਹਿਲਾਂ ਬਤੌਰ ਢਿੱਲਵਾਂ ਵਿੱਖੇ ਜਿੱਥੇ ਇੱਕ ਖੇੜਾ ਬੇਟ ਪਿੰਡ ਹੈ, ਜੋ ਕਿ ਸੁਲਤਾਨਪੁਰ ਵਿੱਚ ਪੈਂਦਾ ਹੈ, 20 ਲੱਖ ਰੁਪਏ ਦੀ ਆਰ.ਟੀ.ਜੀ.ਐਸ ਆਪਣੇ ਘਰ ਵਾਲਿਆਂ ਨੂੰ ਹੀ ਕਰਵਾ ਗਿਆ, ਆਪਣੇ ਮਿੱਤਰਾਂ ਨੂੰ ਹੀ ਕਰਵਾ ਗਿਆ। ਕੋਈ accountability ਨਹੀਂ ਹੈ। ਮੈਂ ਇਹ ਸਾਰੀ ਗੱਲ ਪ੍ਰਿੰਸੀਪਲ ਸੈਕਟਰੀ, ਸ੍ਰੀ ਅਜੀਤ ਬਾਲਾਜੀ ਜੋਸ਼ੀ ਨੂੰ ਮਿਤੀ 4 ਮਾਰਚ ਦੇ ਪੱਤਰ ਰਾਹੀਂ ਲਿਖੀ ਹੋਈ ਹੈ। ਚੀਫ ਡਾਇਰੈਕਟਰ, ਵਿਜੀਲੈਂਸ ਨੂੰ ਵੀ ਪੱਤਰ ਲਿਖਿਆ ਹੋਇਆ ਹੈ। But No action.ਕਿੰਨੇ ਮਹੀਨੇ ਹੋ ਗਏ।

**Hon’ble Speaker :** You have conveyed your point.

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ (ਸ੍ਰੀ ਅਮਨ ਅਰੋੜਾ):** ਵੈਸੇ ਤਾਂ ਮੇਰਾ ਬੋਲਣ ਦਾ ਆਈਡੀਆ ਨਹੀਂ ਸੀ ਪਰ ਮੇਰੇ ਵੀਰ ਇੰਦਰ ਪ੍ਰਤਾਪ ਜੀ ਨੇ ਮੇਰਾ ਨਾਂ ਲਿਆ ਹੈ। ਕੰਮ ਤਾਂ ਹੋਮ ਡਿਪਾਰਟਮੈਂਟ ਦਾ ਹੈ। ਪਰ ਕਿਉਂਕਿ ਅਸੀਂ ਸਰਕਾਰ ਵਿੱਚ ਹਾਂ, collective responsibility ਬਣਦੀ ਹੈ। ਰਾਣਾ ਜੀ ਮੈਂ ਤੁਹਾਡੇ ਕਹਿਣ ਤੋਂ ਬਾਅਦ ਐਸ.ਐਸ.ਪੀ ਗੌਰਵ ਜੀ ਨਾਲ ਗੱਲ ਕੀਤੀ ਹੈ, ਸਪੀਕਰ ਸਾਹਿਬ ਰਾਣਾ ਜੀ ਨੇ ਜਿਹੜਾ issue raise ਕੀਤਾ ਹੈ ਉਹ ਬੜਾ ਸੀਰੀਅਸ issue ਹੈ। ਗੱਲ ਇਸ ਤਰ੍ਹਾਂ ਹੈ ਕਿ ਇਨ੍ਹਾਂ ਦੇ ਇੱਕ ਐਮ.ਸੀ.ਏ. ਰਾਜੀਵ ਧੀਰ ਹਨ, ਉਨ੍ਹਾਂ ਨੇ ਉੱਥੇ ਫੋਨ ਕੀਤਾ about immoral trafficking ਜਿਹੜੀ ਹੋ ਰਹੀ ਹੈ। ਉੱਥੇ ਪੁਲਿਸ ਗਈ ਪਰ ਨਾ ਉੱਥੇ ਕੋਈ ਬੰਦਾ ਮਿਲਿਆ ਨਾ ਉੱਥੇ ਕੋਈ ਲੇਡੀ ਮਿਲੀ ਸਿਰਫ ਇੱਕ ਬੁਜ਼ੁਰਗ ਲੇਡੀ ਉੱਥੇ ਮੌਜੂਦ ਸੀ, ਜਿਸ ਦਾ ਨਾਂ ਮੈਂ ਇੱਥੇ ਦੱਸਣਾ ਠੀਕ ਨਹੀਂ ਸਮਝਦਾ। ਫਿਰ ਵੀ ਡੀ.ਡੀ.ਆਰ ਦਰਜ ਕਰ ਦਿੱਤੀ ਗਈ ਹੈ। ਰਾਣਾ ਜੀ, ਤੁਸੀਂ ਕੰਨਫਿਊਜ਼ਡ ਹੋ। ਕਦੇ ਤੁਸੀਂ human trafficking ਦੀ ਗੱਲ ਕਰ ਰਹੇ ਹੋ, ਕਦੇ ਤੁਸੀਂ flesh trade ਦੀ ਗੱਲ ਕਰ ਰਹੇ ਹੋ, ਦੋਨੋਂ ਚੀਜ਼ਾਂ ਅਲੱਗ ਅਲੱਗ ਹਨ। ਲੋਕਾਂ ਦੀ ਬਾਹਰ illegal ਤਸਕਰੀ ਬਾਹਰਲੇ ਮੁਲਕਾਂ ਵਿੱਚ ਹੁੰਦੀ ਹੈ, ਉਹ human trafficking ਹੁੰਦੀ ਹੈ, ਉਹ

ਗਲਤ ਹੈ, ਉਹ illegal ਹੈ। Flesh trade ਵੀ ਗਲਤ ਹੈ, suppose ਕਿਤੇ ਧੰਦਾ ਚੱਲਦਾ ਹੋਵੇ, I should not be using these word, ਸੁਪੋਜ਼ ਚੱਕਲਾ ਚੱਲਦਾ ਹੋਵੇ, ਉਹ ਵੀ ਗਲਤ ਹੈ।

**1245/amandeep kaur/Rajneesh kumar**

**1250/Tarlochan Singh**

**CALLING ATTENTION NOTICES UNDER RULE 66**

(ਇਸ ਸਮੇਂ ਆਪੋਜ਼ੀਸ਼ਨ ਬੈਂਚਿਜ਼ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਜ਼ੀਰੋ ਆਵਰ ਵਿੱਚ ਬੋਲਣ ਲਈ ਸਮਾ ਮੰਗ ਰਹੇ ਸਨ। ਸਦਨ ਵਿੱਚ ਕਾਫੀ ਸ਼ੋਰ ਸੀ।)

**(SR. NO. 48)**

**ਮਾਣਯੋਗ ਸਪੀਕਰ** : ਧਿਆਨ ਦਿਵਾਊ ਨੋਟਿਸ। ਰਾਣਾ ਇੰਦਰ ਪ੍ਰਤਾਪ ਸਿੰਘ ਕਾਲ ਅਟੈਂਸ਼ਨ ਪੜ੍ਹਨਗੇ। (ਵਿਘਨ) ਨਹੀਂ ਜੀ, ਹੋ ਗਿਆ। (ਵਿਘਨ) Everybody have genuine points. ਰਾਣਾ ਇੰਦਰ ਪ੍ਰਤਾਪ ਜੀ, please read your call attention.

**ਰਾਣਾ ਇੰਦਰ ਪ੍ਰਤਾਪ ਸਿੰਘ** : ਸਰ, ਮੇਰਾ ਕਾਲ ਅਟੈਂਸ਼ਨ ਇਸ ਟੈਬ ਤੇ ਆ ਹੀ ਨਹੀਂ ਰਿਹਾ ਹੈ।

**ਮਾਣਯੋਗ ਸਪੀਕਰ** : ਤੁਹਾਡਾ ਅਤੇ ਰਜਨੀਸ਼ ਕੁਮਾਰ ਦਹੀਯਾ ਦਾ Common ਹੈ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ** : ਚੱਲੋ, ਇਕੱਠਾ ਦੇ ਦਿਉ ਜੀ।

**ਮਾਣਯੋਗ ਸਪੀਕਰ** : ਇੱਥੇ ਆਇਆ ਹੋਇਆ ਹੈ।

**ਰਾਣਾ ਇੰਦਰ ਪ੍ਰਤਾਪ ਸਿੰਘ** : ਜਨਾਬ, ਮੇਰਾ ਸਿਰਫ ਨਾਮ ਆ ਰਿਹਾ ਹੈ, ਅੱਗੇ ਕੁਝ ਨਹੀਂ ਆ ਰਿਹਾ।

**ਮਾਣਯੋਗ ਸਪੀਕਰ** : Can somebody help him? ਜਾ ਕੇ ਉਨ੍ਹਾਂ ਦੀ ਮਦਦ ਕਰੋ। (ਵਿਘਨ) ਦਹੀਯਾ ਜੀ, ਤੁਸੀਂ ਪੜ੍ਹੋ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ** : ਸਰ, ਮੇਰੇ ਕੋਲ ਮੋਬਾਇਲ ਵਿੱਚ ਹੈ, ਜੇ ਅਲਾਉ ਕਰੋ ਤਾਂ ਮੈਂ ਪੜ੍ਹ ਦਿਆਂ?

**ਮਾਣਯੋਗ ਸਪੀਕਰ** : ਹਾਂ ਜੀ, ਤੁਹਾਡੇ ਕੋਲ ਆ ਗਿਆ ਹੈ।

**Rana Inder Pratap Singh :** Sir, I beg to draw the attention of the government towards a matter of urgent public importance namely persistent neglect of the identified week points of the banks of river Beas from Beas bridge on Amritsar road to Harike pattan and such points where strengthening work has been left incomplete or has not been started at all. Since farmers of the area on both sides of the said river have suffered a lot during last five years

with over flooding of the said river they are worried about the situation that may recur again because of the neglect of the government. The Minister concerned may, therefore, make a statement on the floor of the House.

**ਮਾਣਯੋਗ ਸਪੀਕਰ** : ਦਹੀਯਾ ਜੀ।

**(ਕ੍ਰਮ ਨੰ:51)**

**ਸ਼੍ਰੀ ਰਜਨੀਸ਼ ਕੁਮਾਰ ਦਹੀਯਾ** : ਧੰਨਵਾਦ ਸਪੀਕਰ ਸਾਹਿਬ, ਸ਼੍ਰੀਮਾਨ ਜੀ, ਮੈਂ ਸਦਨ ਦੇ ਰਾਹੀਂ ਸਰਕਾਰ ਦਾ ਲੋਕ ਮਹਤੱਤਾ,ਜਾਨ,ਮਾਲ, ਫਸਲਾਂ, ਕਿਸਾਨੀ, ਨਾਲ ਸੰਬੰਧਿਤ ਇੱਕ ਬੇਹਦ ਜ਼ਰੂਰੀ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ ਮੇਰੇ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਸਬ ਤਹਿਸੀਲ ਮਮਦੋਟ ਦੇ ਪਿੰਡ ਦੋਨਾ ਤੇਲੂਮਲ, ਕਾਲੂ ਆਰਾਈ ਹਿਠਾੜ, ਫਤੇ ਵਾਲਾ ਹਿਠਾੜ ਰੁਹੇਲਾ ਹਾਜੀ, ਭੰਬਾ ਹਾਜੀ, ਗੰਦੂ ਕਿਲਚਾ ਹਿਠਾੜ, ਨਿਹਾਲਾ ਕਿਲਚਾ ਜੋ ਸਤਲੁਜ ਦਰਿਆ ਦੇ ਨਾਲ ਲੱਗਦੇ ਹਨ ਹੜ੍ਹਾਂ ਨੂੰ ਰੋਕਣ ਲਈ ਸਤਲੁਜ ਦਰਿਆ ਤੇ ਬਣੀਆ ਨੋਚਾਂ/ਸਟਡ ਨੰਬਰ 512 ਤੋਂ ਲੈ ਕੇ 520 ਬਹੁਤ ਪੁਰਾਣੀਆਂ ਬਣੀਆਂ ਹੋਈਆਂ ਹਨ। ਪਿਛਲੇ ਸਾਲ ਹੜ੍ਹਾਂ ਕਾਰਨ ਇਹ ਨੋਚਾਂ/ਸਟਡ ਬਹੁਤ ਕਮਜ਼ੋਰ ਹੋ ਚੁੱਕੀਆਂ ਹਨ, ਪੱਥਰ ਨਿਕਲ ਰਹੇ ਹਨ। ਬਰਸਾਤੀ ਸੀਜ਼ਨ ਚੱਲ ਰਿਹਾ ਹੈ, ਇਸ ਤੋਂ ਇਲਾਵਾ ਭਵਿੱਖ ਵਿੱਚ ਹੜ੍ਹਾਂ ਤੋਂ ਪਿੰਡ ਵਾਸੀਆਂ ਅਤੇ ਫਸਲਾਂ ਨੂੰ ਬਚਾਉਣ ਲਈ ਇਹਨਾਂ ਨੋਚਾਂ/ਸਟਡਾਂ ਨੂੰ ਨਵਾਂ ਬਣਾਉਣਾ ਬਹੁਤ ਜ਼ਰੂਰੀ ਹੈ। ਕੀ ਜਲ ਸਰੋਤ ਮੰਤਰੀ ਸਾਹਿਬ ਸਦਨ ਨੂੰ ਦੱਸਣ ਦੀ ਇਹ ਕੰਮ ਕਦੋਂ ਤੱਕ ਮੁਕੰਮਲ ਹੋ ਜਾਵੇਗਾ?

---

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ** : ਇਸ ਤੋਂ ਪਹਿਲਾਂ ਕਿ ਮੰਤਰੀ ਸਾਹਿਬ ਜਵਾਬ ਦੇਣ, ਮੈਂ ਇੱਕ ਅਨਾਊਂਸਮੈਂਟ ਕਰਨੀ ਚਾਹੁੰਦਾ ਹਾਂ।

It is my pleasure to inform the House that Shri Jagdeep Singh Deo, Deputy Chief Minister, Penang, Malasia along with his delegation are present in the Governor Box to watch the proceedings of this House. We heartily welcome them. (Thumping)

---

## CALL ATTENTION NOTICES UNDER RULE 66 (Resumption)

**ਜਲ ਸਰੋਤ ਮੰਤਰੀ (ਸ਼੍ਰੀ ਬਰਿੰਦਰ ਕੁਮਾਰ ਗੋਇਲ)** : ਸਪੀਕਰ ਸਾਹਿਬ, ਧੰਨਵਾਦ। ਕੀ ਮੈਂ ਪਹਿਲਾਂ ਰਾਣਾ ਇੰਦਰ ਪ੍ਰਤਾਪ ਜੀ ਦਾ ਜਵਾਬ ਦੇ ਦੇਵਾਂ?

**ਮਾਣਯੋਗ ਸਪੀਕਰ** : ਤੁਹਾਡੀ ਮਰਜ਼ੀ ਹੈ ਜੀ, ਤੁਸੀਂ ਸਰਕਾਰ ਹੋ।

**ਮੰਤਰੀ** : ਮਾਣਯੋਗ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਅੰਮ੍ਰਿਤਸਰ ਰੋਡ ਤੋਂ ਬਿਆਸ ਪੁਲ, ਹਰੀਕੇ ਪੱਤਣ ਤੱਕ, ਹੜ੍ਹ ਸੁਰੱਖਿਆ ਪ੍ਰਣਾਲੀ ਰਾਹੀਂ ਕਮਜ਼ੋਰ ਥਾਵਾਂ ਦੀ ਪਛਾਣ ਕਰ ਲਈ ਗਈ ਸੀ। ਸੋ, ਇਸ ਲਈ ਮੈਂ ਦੱਸਣਾ ਚਾਹੁੰਦਾ ਹਾਂ ਕਿ ਹੜ੍ਹਾਂ ਤੋਂ ਤੁਰੰਤ ਬਾਅਦ ਅਸੀਂ ਪਹਿਲਾਂ ਐਕਸੀਅਨ ਲੈਵਲ ਤੇ, ਉਸ ਤੋਂ ਬਾਅਦ ਸੁਪਰਡੰਟ ਇੰਜੀਨੀਅਰਿੰਗ ਲੈਵਲ ਤੇ ਅਤੇ ਉਸ ਤੋਂ ਬਾਅਦ ਚੀਫ ਇੰਜੀਨੀਅਰ ਦੀ ਕਮੇਟੀ ਬਣਾ ਕੇ ਸਾਰੇ ਦਰਿਆਵਾਂ ਦੇ vulnerable ਪੁਆਇੰਟ identify ਕੀਤੇ ਸਨ। ਇਨ੍ਹਾਂ ਸਾਈਟਾਂ ਤੇ 11 ਸੰਵੇਦਨਸ਼ੀਲ ਸਾਈਟਾਂ ਆਈਡੈਂਟੀਫਾਈ ਕੀਤੀਆਂ ਗਈਆਂ ਸਨ। ਉਨ੍ਹਾਂ 11 ਵਿੱਚ 32 ਕਰੋੜ 9 ਲੱਖ ਰੁਪਿਆ ਲਗਾ ਕੇ ਜੋ ਕੰਮ ਕੀਤੇ ਹਨ, ਮੈਂ ਜ਼ਿਕਰ ਕਰ ਦਿੰਦਾ ਹਾਂ। ਜ਼ਿਲ੍ਹਾ ਕਪੂਰਥਲਾ ਵਿੱਚ ਅੰਮ੍ਰਿਤਸਰ ਰਾਜੇਵਾਲ ਵਿੱਚ ਬਿਆਸ ਦਰਿਆ ਦੇ ਖੱਬੇ ਪਾਸੇ ਐਸ.ਆਤਮਾ ਸਿੰਘ ਐਡਵਾਂਸ ਬੰਨ੍ਹ ਨੰਬਰ 1 ਦੇ ਆਰ.ਡੀ. 45250 ਦੇ ਹੇਠਾਂ ਵਾਲੇ ਸਟੱਡ, ਰਿਬੈਟਮੈਂਟ, ਸਪੱਰਾਂ ਦੀ ਇੱਕ ਲੜੀ ਪ੍ਰਦਾਨ ਕਰਦਿਆਂ ਦਰਿਆ ਦੇ ਕਟਾਅ ਨੂੰ ਰੋਕਣ ਦੇ ਉਪਾਅ ਕੀਤੇ ਗਏ ਹਨ।

**1250/Tarlochan Singh/Monika sharma**

**1255/mehak**

ਜ਼ਿਲ੍ਹਾ ਕਪੂਰਥਲਾ ਦੇ ਪਿੰਡ ਅੰਮ੍ਰਿਤਪੁਰ, ਰਾਜੇਵਾਲ ਵਿੱਚ ਆਰ.ਡੀ. 45,250 ਦੇ ਡਾਊਨਸਟ੍ਰੀਮ ਤੇ ਸੱਪਰ ਪ੍ਰਦਾਨ ਕਰਕੇ ਉੱਥੇ ਦਰਿਆ ਦੇ ਕਟਾਅ ਨੂੰ ਰੋਕਣ ਦਾ ਕੰਮ ਕੀਤਾ ਹੈ। ਜ਼ਿਲ੍ਹਾ ਕਪੂਰਥਲਾ ਦੇ ਡਾਊਨਸਟ੍ਰੀਮ ਤੇ 45,250 ਤੇ ਸਟੱਡ ਅਤੇ ਰਿਵੈਟਮੈਂਟ ਤੇ ਸੈਕਸ਼ਨ ਨੰ: 1 ਦੀ ਲੜੀ ਪ੍ਰਦਾਨ ਕਰਕੇ ਉੱਥੇ ਦਰਿਆਈ ਕਟੌਤੀ ਨੂੰ ਘਟਾਉਣ ਦੇ ਉਪਾਅ ਕੀਤੇ ਹਨ। ਜ਼ਿਲ੍ਹਾ ਕਪੂਰਥਲਾ ਦੇ ਆਰ.ਡੀ. 11730152000 ਵਿਚਕਾਰ ਬਿਆਸ ਦਰਿਆ ਦੇ ਖੱਬੇ ਪਾਸੇ ਤੇ ਹੜ੍ਹ ਦੇ ਜ਼ੋਖਮ ਨੂੰ ਘਟਾਇਆ ਹੈ ਤੇ ਜ਼ਿਲ੍ਹਾ ਕਪੂਰਥਲਾ ਵਿੱਚ ਹੀ ਆਰ.ਡੀ. 28,575000 ਦੇ ਵਿਚਕਾਰ ਖੱਬੇ ਪਾਸੇ ਪੱਛਮੀ ਵੇਈਂ ਦੇ ਹੜ੍ਹ ਦੇ ਜ਼ੋਖਮ ਨੂੰ ਘਟਾਉਣ ਦੇ ਕਾਰਜ ਕੀਤੇ ਹਨ। ਇਸੇ ਤਰ੍ਹਾਂ ਦੂਜੀਆਂ ਸੱਜੇ ਪਾਸੇ ਪੱਛਮੀ ਵੇਈਂ ਦੇ ਹੜ੍ਹ ਦੇ ਜ਼ੋਖਮ ਨੂੰ ਘਟਾਉਣ ਦੇ ਉਪਾਅ ਕੀਤੇ ਗਏ ਹਨ। ਮੇਰੇ ਕੋਲ ਲਿਸਟ ਹੈ। ਜਲੰਧਰ ਵਿੱਚ ਗਿੱਦੜਪਿੰਡੀ ਐਕਸਟੈਨਸ਼ਨ ਰਿਵਰ ਦੇ ਆਰ.ਡੀ. 20,000 ਵਿਚਕਾਰ ਸਤਲੁਜ ਦਰਿਆ ਦੇ ਹੜ੍ਹ ਦੇ ਜ਼ੋਖਮ ਨੂੰ ਘਟਾਉਣ ਦਾ ਕਾਰਜ ਕੀਤਾ ਹੈ। ਹੜ੍ਹ 2025 ਦੌਰਾਨ ਨੁਕਸਾਨੇ ਗਏ ਜ਼ਿਲ੍ਹਾ ਕਪੂਰਥਲਾ ਵਿੱਚ ਢਿੱਲਵਾਂ ਦੇ ਉਪਰਲੇ ਹਿੱਸੇ ਦੇ ਆਰ.ਡੀ. 79,000 ਵਿਚਕਾਰ ਹੜ੍ਹ ਸੁਰੱਖਿਆ ਢਾਂਚਿਆਂ ਦੇ ਪਾਸੇ ਦੀ ਢਲਾਨਾਂ ਨੂੰ ਮਜ਼ਬੂਤ ਕੀਤਾ ਹੈ। ਗੋਇੰਦਵਾਲ ਬੰਨ੍ਹ ਆਰ.ਡੀ. 012300 ਨੂੰ ਉੱਚਾ ਤੇ ਮਜ਼ਬੂਤ ਕੀਤਾ ਹੈ। ਪੈਰੋਵਾਲ ਬੰਨ੍ਹ ਆਰ.ਡੀ. 011000 ਅਤੇ ਗਾਈਡ 1, ਆਰ.ਡੀ. 04500 ਨੂੰ ਉੱਚਾ ਕੀਤਾ ਹੈ। ਇਹ ਸਾਰੇ ਕੰਮ ਮੁਕੰਮਲ ਹੋ ਚੁੱਕੇ ਹਨ। 32 ਕਰੋੜ 9 ਲੱਖ ਰੁਪਏ ਖਰਚੇ ਗਏ ਹਨ। ਸਿਰਫ ਬਿਆਸ ਦਰਿਆ ਦੇ ਸੱਜੇ ਪਾਸੇ ਪਿੰਡ ਮਰੜ ਵਿਖੇ 360 ਫੁੱਟ ਲੰਬਾਈ ਦੀ ਰਿਵੈਟਮੈਂਟ ਦਾ ਕੰਮ ਚੱਲ ਰਿਹਾ ਹੈ ਤੇ ਉਸ ਦਾ ਕੰਮ ਬੜੀ ਛੇਤੀ ਮੁਕੰਮਲ ਹੋ ਜਾਵੇਗਾ। ਇਸ ਤੋਂ ਇਲਾਵਾ ਪਿੰਡਾਂ ਅਤੇ ਖੇਤੀਬਾੜੀ ਜ਼ਮੀਨਾਂ ਨੂੰ ਹੜ੍ਹਾਂ ਅਤੇ ਦਰਿਆਈ ਕਟੌਤੀ ਤੋਂ ਬਚਾਉਣ ਲਈ ਮਨਰੇਗਾ ਅਧੀਨ ਪਿੰਡ ਆਹਲੀ ਕਲਾਂ, ਆਹਲੀ ਖੁਰਦ, ਸਫੱਦਰਪੁਰ, ਖਿੱਜਰਪੁਰ ਅਤੇ ਘੜਕਾ ਦੇ ਨੇੜੇ 11.98 ਕਰੋੜ ਰੁਪਏ ਦੇ ਕੰਮ ਵੀ ਕੀਤੇ ਗਏ ਹਨ। ਹੜ੍ਹਾਂ ਦੌਰਾਨ ਪਿਛਲੇ ਸਾਲ ਸੁਰੱਖਿਆ ਬੰਨ੍ਹਾਂ ਵਿੱਚ ਕੋਈ ਪਾੜ ਨਹੀਂ ਪਿਆ ਹੈ ਤੇ ਕਾਫੀ ਮਜ਼ਬੂਤ ਕੀਤਾ ਹੈ ਅਤੇ ਜ਼ਮੀਨ ਦੇ ਭਵਿੱਖ ਵਿੱਚ ਹੜ੍ਹਾਂ ਦੇ ਖਤਰਿਆਂ ਤੋਂ ਸੁਰੱਖਿਆ ਵਿੱਚ ਭਾਰੀ ਵਾਧਾ ਕੀਤਾ ਹੈ।

**ਮਾਣਯੋਗ ਸਪੀਕਰ**: ਕੀ ਕੋਈ ਸਪਲੀਮੈਂਟਰੀ ਹੈ?

**ਰਾਣਾ ਇੰਦਰ ਪ੍ਰਤਾਪ ਸਿੰਘ**: ਹਾਂ ਜੀ, ਸਰ। ਸਰ, ਸਭ ਤੋਂ ਪਹਿਲਾਂ ਤਾਂ ਮੈਂ ਮੰਤਰੀ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਇੰਨੀਆਂ ਲੋਕੇਸ਼ਨਾਂ ਤੇ ਸਟੱਡ ਲਗਾਏ ਤੇ ਇਸ ਦਾ ਇਲਾਕੇ ਨੂੰ ਫਾਇਦਾ ਹੋਵੇਗਾ। ਹੁਣ ਮੇਰਾ ਸਪਲੀਮੈਂਟਰੀ ਹੈ ਕਿ ਮੰਤਰੀ ਜੀ, ਅੱਜ ਜੋ ਡੈਮਜ਼ ਦੀ ਪੁਜ਼ੀਸ਼ਨ ਹੈ, ਜੋ ਅੱਜ ਪਾਣੀ ਦਾ ਫਲੋਅ ਆ ਰਿਹਾ ਹੈ, ਅੱਜ ਦੇ ਫਲੋਅ ਦੇ ਹਿਸਾਬ ਨਾਲ ਸਾਡੇ ਕੋਲ ਭਾਖੜਾ ਅਤੇ ਪੌਂਗ ਡੈਮ ਵਿੱਚ ਐਪਰੋਕਸੀਮੇਟਲੀ 30 ਦਿਨ ਦੀ ਸਟੋਰੇਜ਼ ਕੈਪੇਸਿਟੀ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅੱਜ 50 ਹਜ਼ਾਰ ਕਿਊਸਿਕ ਪਾਣੀ ਦਾ ਫਲੋਅ ਆ ਰਿਹਾ ਹੈ ਅਤੇ ਅਸੀਂ ਉਸ 50 ਹਜ਼ਾਰ ਕਿਊਸਿਕ ਵਿੱਚੋਂ ਪੌਂਗ ਵਿੱਚ ਵੀ ਅਤੇ ਭਾਖੜਾ ਵਿੱਚ ਵੀ 13 ਹਜ਼ਾਰ ਤੋਂ ਲੈ ਕੇ 20 ਹਜ਼ਾਰ ਕਿਊਸਿਕ ਪਾਣੀ ਰਿਲੀਜ਼ ਕਰ ਰਹੇ ਹਾਂ। ਪਿਛਲੇ ਸਾਲਾਂ ਵਿੱਚ ਦੋ ਦੋ ਲੱਖ ਕਿਊਸਿਕ ਪਾਣੀ ਇੱਕ ਦਿਨ ਵਿੱਚ ਆ ਗਿਆ ਸੀ ਜਿਸ ਦਾ ਮਤਲਬ ਕਿ ਪੰਜ ਦਿਨਾਂ ਦਾ ਪਾਣੀ ਇੱਕ ਦਿਨ ਵਿੱਚ ਹੀ ਆ ਗਿਆ ਸੀ ਤੇ ਜੇ ਚਾਰ ਦਿਨ ਪਾਣੀ ਆ ਗਿਆ ਤਾਂ 20 ਦਿਨਾਂ ਦਾ ਪਾਣੀ ਪੂਰਾ ਹੋ ਗਿਆ। ਕੀ ਸਾਡਾ ਕੋਈ ਮੂੰਹ ਜ਼ੁਬਾਨੀ ਨਹੀਂ, ਕੋਈ ਰਿਟਨ ਪਲਾਨ ਅੱਜ ਦੀ ਡੇਟ ਵਿੱਚ ਹੈ ਕਿ ਪਾਣੀ ਦਾ ਕਿੰਨਾ ਲੈਵਲ ਵਧੇਗਾ ਤੇ ਅਸੀਂ ਕਿੰਨਾ ਪਾਣੀ ਡਿਸਚਾਰਜ ਕਰਾਂਗੇ?

**ਮਾਣਯੋਗ ਸਪੀਕਰ**: ਧੰਨਵਾਦ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ**: ਇਹ ਮੈਂ ਕਿਉਂ ਪੁੱਛ ਰਿਹਾ ਹਾਂ, ਕਿਉਂਕਿ ਤੁਹਾਡੇ ਕੁਝ ਡੈਮਾਂ ਵਿੱਚ Inconsistent release of water ਹੈ। ਥੋੜ੍ਹੇ ਸਮੇਂ ਪਾਣੀ ਕੁਝ ਘੰਟਿਆਂ ਵਿੱਚ ਕੱਢਿਆ ਜਾਂਦਾ ਹੈ ਤੇ ਕੁਝ ਘੰਟਿਆਂ ਵਿੱਚ ਬੰਦ ਕਰ ਦਿੱਤਾ ਜਾਂਦਾ ਹੈ। ਸੋ, ਮੰਤਰੀ ਸਾਹਿਬ ਇਸ ਗੱਲ ਦਾ ਜਵਾਬ ਦੇਣ ਕਿ ਕੀ ਕੋਈ ਕਲੀਅਰ ਕੱਟ ਪਾਲਿਸੀ ਪਲਾਨ ਹੈ ਕਿ ਜਿਸ ਦਿਨ ਪਾਣੀ ਦਾ ਇੰਨਾ ਲੈਵਲ ਹੋਇਆ ਤਾਂ ਅਸੀਂ ਇੰਨਾ ਪਾਣੀ ਛੱਡਣਾ ਹੈ।

**ਮੰਤਰੀ**: ਸਪੀਕਰ ਸਾਹਿਬ, ਜੇ ਦਾ ਤਾਂ ਕੋਈ ਜਵਾਬ ਹੀ ਨਹੀਂ ਹੈ ਕਿ ਜੇ ਪਾਣੀ ਅੱਗੇ ਇੰਨਾ ਆ ਜਾਵੇਗਾ ਤਾਂ ਅੱਗੇ ਕੀ ਹੋਵੇਗਾ, ਕਿਸ ਤਰੀਕੇ ਨਾਲ ਹੋਵੇਗਾ ਪਰ ਜੋ ਡੈਮਾਂ ਦੀ ਮੌਜੂਦਾ ਸਥਿਤੀ ਹੈ, ਉਹ ਪੂਰੀ ਤਰੀਕੇ ਨਾਲ ਮਾਨੀਟਰਿੰਗ ਕੀਤੀ ਜਾ ਰਹੀ ਹੈ, ਡੇਅ ਟੂ ਡੇਅ ਦੇਖਿਆ ਜਾ ਰਿਹਾ ਹੈ।

**1255/mehak/Monika sharma**

**1300/Sukhpiar Singh**

ਪਿਛਲੇ ਦਿਨਾਂ ਵਿੱਚ ਜਦੋਂ ਪਾਣੀ ਦੀ ਜ਼ਰੂਰਤ ਸੀ, ਜੀਰੀਆਂ ਲਗਾਉਣ ਲਈ ਜ਼ਰੂਰਤ ਸੀ ਤਾਂ ਅਸੀਂ ਉਦੋਂ ਪਾਣੀ ਉਸ ਹੱਦ ਤੱਕ ਦਿੱਤਾ ਜਿਹੜਾ ਪੰਜਾਬ ਦੇ ਇਤਿਹਾਸ ਵਿੱਚ ਅੱਜ ਤੱਕ ਕਦੇ ਨਹੀਂ ਹੋਇਆ। ਰਿਜ਼ਰਵਾਇਰ ਵਿੱਚ ਪੂਰੀ ਕਪੈਸਿਟੀ ਹੈ, ਹਰ ਉਸ ਤਰੀਕੇ ਨਾਲ ਇੰਤਜ਼ਾਮ ਕੀਤੇ ਹੋਏ ਹਨ। ਹੁਣ ਇਹ ਕਿਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਕੱਲ੍ਹ ਨੂੰ ਕਿੰਨਾ ਪਾਣੀ ਛੱਡਿਆ ਜਾਵੇਗਾ? As per demand, ਉਸ ਮੁਤਾਬਿਕ ਪਾਣੀ ਛੱਡਿਆ ਜਾਵੇਗਾ ਪਰ ਮੈਂ ਇਹ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਕੋਈ ਚਿੰਤਾ ਦੀ ਗੱਲ ਨਹੀਂ ਹੈ। ਮੈਂ ਨਾਲ ਇੱਕ ਬੇਨਤੀ ਪੂਰੇ ਹਾਊਸ ਅਤੇ ਪੂਰੇ ਪੰਜਾਬ ਨੂੰ ਵੀ ਕਰਨੀ ਚਾਹੁੰਦਾ ਹਾਂ ਕਿ ਡੈਮਾਂ ਬਾਰੇ ਕੋਈ ਵੀ ਬਿਆਨ ਦੇਣ ਤੋਂ ਪਹਿਲਾਂ ਪੂਰੀ ਉਸ ਦੀ ਤਸੱਲੀ ਕਰ ਲਈ ਜਾਵੇ, ਸਬੰਧਤ ਅਧਿਕਾਰੀਆਂ ਨਾਲ ਰਾਏ ਮਸ਼ਵਰਾ ਕਰ ਲਿਆ ਜਾਵੇ ਕਿਉਂਕਿ ਪਿਛਲੇ ਦਿਨੀਂ ਭਾਖੜਾ ਡੈਮ ਦੀ ਗੱਲ ਆ ਗਈ ਸੀ ਤਾਂ ਪੂਰੇ ਪੰਜਾਬ ਵਿੱਚ ਦਹਿਸ਼ਤ ਫੈਲ ਗਈ ਸੀ। ਸੋ, ਇਸ ਕਰਕੇ ਡੈਮਾਂ ਦੀ ਸਥਿਤੀ ਬਾਰੇ ਸਾਡੇ ਅਧਿਕਾਰੀ ਹਰ ਸਮੇਂ ਪੂਰੀ ਚੌਕਸੀ ਨਾਲ ਕੰਮ ਕਰ ਰਹੇ ਹਨ ਅਤੇ ਕੋਈ ਚਿੰਤਾ ਦਾ ਵਿਸ਼ਾ ਨਹੀਂ ਹੈ।

(ਇਸ ਸਮੇਂ ਆਜ਼ਾਦ ਉਮੀਦਵਾਰ, ਰਾਣਾ ਇੰਦਰ ਪ੍ਰਤਾਪ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਹੋ ਗਿਆ ਜੀ, ਇੱਕ ਹੀ ਸਪਲੀਮੈਂਟਰੀ ਹੁੰਦੀ ਹੈ। ਦਹੀਯਾ ਜੀ ਦੇ ਸਵਾਲ ਦਾ ਜਵਾਬ ਵੀ ਦੇ ਦਿਉ ਜੀ।

**ਮੰਤਰੀ**: ਸਪੀਕਰ ਸਾਹਿਬ, ਮਮਦੋਟ ਅਧੀਨ ਪੈਂਦੇ ਪਿੰਡ ਦੋਨਾ ਤੇਲੂ ਮੱਲ, ਕਾਲੂ ਅਰਾਈਆਂ, ਹਿਠਾੜ, ਫੱਤੇਵਾਲਾ ਹਿਠਾੜ, ਰੁਹੇਲਾ ਹਾਜੀ, ਗੰਧੂ ਕਿਲਚਾ, ਹਿਠਾੜ ਅਤੇ ਨਿਹਾਲਾ ਕਿਲਚਾ, ਦਰਿਆ ਸਤਲੁਜ ਦੇ ਖੱਬੇ ਪਾਸੇ ਪੈਂਦੇ ਹਨ ਪਰ ਇਨ੍ਹਾਂ ਵਿੱਚੋਂ ਪਿੰਡ ਗੰਧੂ ਕਿਲਚਾ ਹਿਠਾੜ ਅਤੇ ਦੋਨਾ ਤੇਲੂ ਮੱਲ ਦਰਿਆ ਦੇ ਕੰਢੇ ਤੇ ਸਥਿਤ ਹਨ। ਜਿਹੜਾ ਮਾਣਯੋਗ ਮੈਂਬਰ ਸਾਹਿਬ ਨੇ ਕਿਹਾ ਹੈ ਕਿ 515 ਤੋਂ 520 ਸਟੱਡ, ਸਟੱਡਾਂ ਦੀ ਪੰਜਾਬ ਵਿੱਚ ਕੋਈ ਅਜਿਹੀ ਵਿਵਸਥਾ ਨਹੀਂ ਹੈ ਕਿ ਸਟੱਡਾਂ ਨੂੰ ਕੋਈ ਨੰਬਰ ਦਿੱਤਾ ਜਾਵੇ। ਅਸੀਂ ਜਿਹੜੇ ਸਪੱਰ ਜਾਂ ਸਟੱਡ ਬਣਾਉਂਦੇ ਹਾਂ, ਉਹ ਸਿਰਫ R.D. ਦੇ ਹਿਸਾਬ ਨਾਲ ਹੁੰਦੇ ਹਨ। ਇੱਥੇ 1995 ਦੇ ਆਸ-ਪਾਸ ਪਿੰਡ ਦੋਨਾ ਤੇਲੂ ਮੱਲ ਫਲੱਡ ਪ੍ਰੋਟੈਕਸ਼ਨ ਬੰਨ੍ਹ ਦੇ ਨਾਲ ਆਰ.ਡੀ. 12,410 ਅਤੇ ਆਰ.ਡੀ. 16,500 ਦੇ ਵਿਚਕਾਰ ਬਣਾਏ ਗਏ ਸੀ। ਪਿਛਲੇ ਹੜ੍ਹਾਂ ਦੌਰਾਨ ਪਾਣੀ ਦਾ ਪੱਧਰ ਉੱਚਾ ਹੋਇਆ, ਪਾਣੀ ਵਿੱਚ ਡੁੱਬਣ ਕਾਰਨ ਬਰਮ ਦੇ ਨਾਲ ਲੱਗਦੇ ਦੋ ਸਪੱਰ ਅਤੇ 8 ਸਟੱਡ ਨੁਕਸਾਨੇ ਗਏ ਸਨ। ਸੋ, ਜਿਹੜੇ ਇਹ ਫਲੱਡ ਪ੍ਰੋਟੈਕਸ਼ਨ ਬੰਨ੍ਹ ਸਨ, ਉਹ ਪੂਰੀ ਤਰ੍ਹਾਂ ਸੁਰੱਖਿਅਤ ਹਨ ਅਤੇ ਉਨ੍ਹਾਂ ਦਾ ਕੋਈ ਨੁਕਸਾਨ ਨਹੀਂ ਹੋਇਆ। ਸੋ, ਇਨ੍ਹਾਂ ਢਾਂਚਿਆਂ ਦੀ ਟੋਟਲੀ ਇੰਸਪੈਕਸ਼ਨ ਕਰਵਾਈ ਗਈ ਹੈ, ਫੀਲਡ ਪੱਧਰ ਦੀਆਂ ਕਮੇਟੀਆਂ ਦੀ ਸਿਫਾਰਸ਼ ਤੇ ਅਤੇ ਉਸ ਤੋਂ ਬਾਅਦ ਉੱਪਰਲੇ ਲੈਵਲ ਤੇ ਅਸੀਂ ਇਹ ਸਾਰੀ ਇੰਸਪੈਕਸ਼ਨ ਕਰਵਾਈ ਹੈ ਅਤੇ ਫਲੱਡ ਮੈਨੇਜਮੈਂਟ ਪ੍ਰੋਗਰਾਮ (ਹੜ੍ਹ ਪ੍ਰਬੰਧਨ ਪ੍ਰੋਗਰਾਮ) ਵਿੱਚ ਇਸ ਨੂੰ ਸ਼ਾਮਿਲ ਕੀਤਾ ਹੈ ਅਤੇ ਡੀ.ਪੀ.ਆਰ. ਪ੍ਰਵਾਨਗੀ ਲਈ ਅਸੀਂ ਇਹ ਭਾਰਤ ਸਰਕਾਰ ਨੂੰ ਭੇਜਿਆ ਹੋਇਆ ਹੈ। ਭਾਰਤ ਸਰਕਾਰ ਵਿੱਚ ਉੱਥੇ ਪੈਂਡਿੰਗ ਹੈ। ਇਸ ਤੋਂ ਬਿਨਾਂ ਉਪ-ਤਹਿਸੀਲ ਵਿੱਚ ਹੜ੍ਹ ਸੁਰੱਖਿਆ ਪ੍ਰਣਾਲੀ ਦੀ ਨਾਜ਼ੁਕਤਾ ਨੂੰ ਦੇਖਦੇ ਹੋਏ ਪਿੰਡ ਗੰਧੂ ਕਿਲਚਾ ਹਿਠਾੜ ਅਤੇ ਆਰ.ਡੀ. 10,650 ਅਤੇ 11,700 ਵਿਚਕਾਰ ਇੱਕ ਨਵਾਂ ਸਪੱਰ, 700 ਫੁੱਟ ਜੀ.ਓ.-ਬੈਗ, ਇਹ ਪਹਿਲੀ ਵਾਰ ਪੰਜਾਬ ਵਿੱਚ ਜੀ.ਓ. ਟਿਊਬਜ਼ ਅਸੀਂ ਇੱਥੇ ਸਸਰਾਲੀ, ਲੁਧਿਆਣਾ ਲੈ ਕੇ ਆਏ ਹਾਂ। ਉੱਥੇ 700 ਫੁੱਟ ਨਾਲ ਪੰਜ ਸਟੱਡ ਬਣਾਏ ਗਏ ਹਨ ਅਤੇ ਇਨ੍ਹਾਂ ਤੇ 5 ਕਰੋੜ ਰੁਪਿਆ ਖਰਚ ਆਇਆ ਹੈ। ਇਸ ਨਾਲ ਬੁਨਿਆਦੀ ਢਾਂਚੇ ਨੂੰ ਕਾਫੀ ਮਜ਼ਬੂਤ ਕੀਤਾ ਹੈ ਅਤੇ ਇਨ੍ਹਾਂ ਦੇ ਨਾਲ ਪਿੰਡਾਂ ਵਿੱਚ ਸਤਲੁਜ ਦੇ ਨਾਲ ਲੱਗਦੇ ਅਤੇ ਖੇਤੀਬਾੜੀ ਵਾਲੀ ਜ਼ਮੀਨ ਦੀ ਸੁਰੱਖਿਆ ਨੂੰ ਹੋਰ ਯਕੀਨੀ ਬਣਾਇਆ ਹੈ। ਬਾਕੀ ਜਿਹੜਾ 2023 ਵਿੱਚ ਫਲੱਡ ਸੀ, ਉਸ ਤੋਂ ਬਾਅਦ ਅਸੀਂ ਇਹ ਪਰਪੋਜ਼ਲ ਬਣਾ ਕੇ ਭੇਜਿਆ ਸੀ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਕੇਂਦਰ ਸਰਕਾਰ ਦੇ ਵਿਚਾਰ ਅਧੀਨ ਹੈ ਪਰ ਮੈਂ 2023 ਵਿੱਚ ਆਪ ਜਾ ਕੇ ਦੇਖ ਕੇ ਆਇਆ ਹਾਂ। ਜੋ ਆਰਮੀ ਦੀਆਂ ਚੌਕੀਆਂ ਹਨ, ਬੀ.ਐਸ.ਐਫ. ਦੀਆਂ ਚੌਕੀਆਂ ਹਨ, ਟੋਟਲੀ ਨੁਕਸਾਨੀਆਂ ਗਈਆਂ ਹਨ। ਸਾਡੇ ਜਵਾਨਾਂ ਨੂੰ ਉੱਥੇ ਬੈਠਣਾ ਵੀ ਮੁਸ਼ਕਿਲ ਹੈ। ਉਨ੍ਹਾਂ ਲਈ ਅਸੀਂ 2023 ਵਿੱਚ ਪਰਪੋਜ਼ਲ ਬਣਾ ਕੇ ਕੇਂਦਰ ਸਰਕਾਰ ਨੂੰ 176 ਕਰੋੜ ਰੁਪਏ ਦੀ ਭੇਜੀ ਹੋਈ ਹੈ। ਉਸ ਲਈ ਸਾਡੇ ਚੀਫ ਸੈਕਟਰੀ ਸਾਹਿਬ ਨੇ ਵੀ ਲਿਖ ਕੇ ਭੇਜ ਦਿੱਤਾ, ਸਾਡੇ ਮੁੱਖ ਮੰਤਰੀ ਸਾਹਿਬ ਨੇ ਵੀ ਲਿਖ ਕੇ ਭੇਜ ਦਿੱਤਾ ਹੈ।

**1300/Sukhpiar Singh/Shubham jain**

**1305/Manika Rani**

ਪਰ ਹਾਲੇ ਉਹ ਪ੍ਰਾਜੈਕਟ ਵੀ ਸਾਡਾ 176 ਕਰੋੜ ਰੁਪਏ ਜਿੱਥੇ ਸਾਡੇ ਦੇਸ਼ ਦੇ ਜਵਾਨ ਬੈਠਦੇ ਹਨ ਅਤੇ ਦੇਸ਼ ਦੀ ਰਾਖੀ ਕਰਦੇ ਹਨ, ਉਹ ਪਰਪੋਜ਼ਲ ਵੀ ਹਾਲੇ ਮਨਜ਼ੂਰ ਨਹੀਂ ਹੋਈ ਹੈ। ਅਸੀਂ ਭੇਜਿਆ ਹੋਇਆ ਹੈ, ਦੇਖੋ, ਹੁਣ ਕੇਂਦਰ ਵਾਲੇ ਇਸ ਸਬੰਧੀ ਕੀ ਫੈਸਲਾ ਕਰਦੇ ਹਨ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਹਾਂ ਜੀ, ਦਹੀਯਾ ਜੀ, ਤੁਹਾਡੀ ਕੋਈ ਸਪਲੀਮੈਂਟਰੀ ਹੈ ਜਾਂ ਫਿਰ ਠੀਕ ਹੈ?

**ਸ਼੍ਰੀ ਰਜਨੀਸ਼ ਕੁਮਾਰ ਦਹੀਯਾ**: ਹਾਂ ਜੀ, ਸਪੀਕਰ ਸਾਹਿਬ। ਸਰ, ਮੰਤਰੀ ਸਾਹਿਬ ਦੇ ਜਵਾਬ ਵਿੱਚ ਆਇਆ ਹੈ ਕਿ ਦੋ ਬੰਨ੍ਹ ਅਤੇ ਅੱਠ ਸਟੱਡ ਨੁਕਸਾਨੇ ਗਏ ਸਨ, ਜਿਸ ਵਿੱਚੋਂ ਪੰਜ ਬਣਾ ਦਿੱਤੇ ਗਏ ਹਨ ਔਰ ਇਨ੍ਹਾਂ ਨੇ ਇਹ ਵੀ ਦੱਸਿਆ ਹੈ ਕਿ ਜਿਸ ਉੱਤੇ ਲਗਭਗ 5 ਕਰੋੜ ਰੁਪਏ ਦਾ ਖਰਚਾ ਆਇਆ ਹੈ। ਸਰ, ਮੈਂ ਚਾਹੁੰਦਾ ਹਾਂ ਕਿ ਮੰਤਰੀ ਜੀ, ਜਿਹੜੇ ਬਚ ਗਏ ਹਨ, ਉਨ੍ਹਾਂ ਸਬੰਧੀ ਵੀ ਸਥਿਤੀ ਹਾਊਸ ਅੰਦਰ ਕਲੀਅਰ ਕਰ ਦੇਣ ਅਤੇ ਇਸ ਨੂੰ ਸਮਾਂ-ਬੱਧ ਕਰ ਦੇਣ। ਸਪੀਕਰ ਸਾਹਿਬ, ਆਪ ਜੀ ਦੇ ਜ਼ਰੀਏ ਮੰਤਰੀ ਸਾਹਿਬ ਨੂੰ ਇੱਕ ਛੋਟੀ ਜਿਹੀ ਹੋਰ ਬੇਨਤੀ ਹੈ ਕਿ ਆਪਣੇ ਕਿਸੇ ਸੀਨੀਅਰ ਅਧਿਕਾਰੀ ਦੀ ਡਿਊਟੀ ਲਗਾ ਦੇਣ, ਜਿਸ ਦੀ ਵਿਦ-ਇਨ ਵੀਕ ਇੰਸਪੈਕਸ਼ਨ ਕਰਵਾ ਲਈ ਜਾਵੇ ਔਰ ਮੈਂ ਵੀ ਨਾਲ ਚਲਾ ਜਾਵਾਂਗਾ ਅਤੇ ਜਿਹੜੀ ਐਕਚੂਅਲ ਰਿਪੋਰਟ ਹੋਵੇਗੀ, ਉਹ ਤੁਹਾਡੇ ਕੋਲ ਅਤੇ ਹਾਊਸ ਕੋਲ ਵੀ ਆ ਜਾਵੇਗੀ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਹਾਂ ਜੀ, ਸਰਦਾਰ ਮਨਜੀਤ ਸਿੰਘ ਬਿਲਾਸਪੁਰ।

---

**(ਕ੍ਰਮ ਨੰ: 50)**

**ਸਰਦਾਰ ਮਨਜੀਤ ਸਿੰਘ ਬਿਲਾਸਪੁਰ**: ਸ੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਮੇਰੇ ਹਲਕੇ ਨਿਹਾਲ ਸਿੰਘ ਵਾਲਾ ਦੇ ਕਈ ਪਿੰਡਾਂ ਦੀਆਂ ਸੜਕਾਂ ਅਤੇ ਫਿਰਨੀਆਂ ਦੀ ਹਾਲਤ ਬਹੁਤ ਖਸਤਾ ਹੋ ਚੁੱਕੀ ਹੈ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

1. ਜਵਾਹਰ ਸਿੰਘ ਵਾਲਾ ਤੋਂ ਨਿਹਾਲ ਸਿੰਘ ਵਾਲਾ
2. ਨਿਹਾਲ ਸਿੰਘ ਵਾਲਾ ਤੋਂ ਪਿੰਡ ਹਿੰਮਤਪੁਰਾ
3. ਪਿੰਡ ਹਿੰਮਤਪੁਰਾ ਤੋਂ ਐਨ.ਐਚ. 71
4. ਪਿੰਡ ਤਖਾਣਵੱਧ ਦੀ ਪੂਰੀ ਫਿਰਨੀ ਅਤੇ ਬਾਕੀ ਸੜਕ
5. ਪਿੰਡ ਝੰਡੇਆਣਾ ਸਰਕੀ ਤੋਂ ਤਖਾਣਵੱਧ ਤੋਂ ਢੁਡੀਕੇ ਅਤੇ ਚੂਹੜਚੱਕ ਤੱਕ
6. ਪਿੰਡ ਧੂੜਕੋਟ ਟਾਹਲੀਵਾਲਾ ਦੀ ਫਿਰਨੀ
7. ਪਿੰਡ ਰਾਮੂਵਾਲਾ ਨਵਾਂ ਦੀ ਫਿਰਨੀ ਪਿੰਡ ਰਣੀਏ ਦੀ ਹੱਦ ਤੱਕ
8. ਕਸਬਾ ਬੱਧਨੀਕਲਾਂ ਦੀ ਸਾਰੀ ਫਿਰਨੀ

ਇਸ ਤੋਂ ਇਲਾਵਾ ਪੀ.ਡਬਲਿਯੂ.ਡੀ. ਦੀਆਂ ਹੋਰ ਸੜਕਾਂ ਦੀ ਹਾਲਤ ਵੀ ਬਹੁਤ ਮਾੜੀ ਹੈ। ਜਦੋਂ ਕਿ ਮੰਡੀ ਬੋਰਡ ਦੀਆਂ ਸੜਕਾਂ ਤਕਰੀਬਨ-ਤਕਰੀਬਨ ਬਣ ਚੁੱਕੀਆਂ ਹਨ। ਇਸ ਸਬੰਧੀ ਸਥਾਨਕ ਲੋਕਾਂ ਵਿੱਚ ਭਾਰੀ ਪਰੇਸ਼ਾਨੀ ਪਾਈ ਜਾ ਰਹੀ ਹੈ। ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਲੋਕਾਂ ਦੀ ਇਸ ਸਮੱਸਿਆ ਦਾ ਹੱਲ ਪਹਿਲ ਦੇ ਆਧਾਰ ਤੇ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਮਾਮਲੇ ਦੀ ਗੰਭੀਰਤਾ ਨੂੰ ਵੇਖਦੇ ਹੋਏ ਸਬੰਧਤ ਮੰਤਰੀ ਸਦਨ ਵਿੱਚ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ ਜੀ।

**ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ (ਸਰਦਾਰ ਗੁਰਮੀਤ ਸਿੰਘ ਖੁੱਡੀਆਂ)**: ਧੰਨਵਾਦ ਸਪੀਕਰ ਸਾਹਿਬ। ਮਾਣਯੋਗ ਸਪੀਕਰ ਸਾਹਿਬ, ਸਾਡੀ ਸਰਕਾਰ ਰਾਜ ਦੇ ਵਾਸੀਆਂ ਨੂੰ ਚੰਗੀਆਂ ਅਤੇ ਮੋਟਰੇਬਲ ਸੜਕਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਪੰਜਾਬ ਮੰਡੀ ਬੋਰਡ ਪੰਜਾਬ ਰਾਜ ਵਿੱਚ ਲਿੰਕ ਸੜਕਾਂ ਦੀ ਨੋਡਲ ਏਜੰਸੀ ਹੈ। ਇਸ ਵੇਲੇ ਪੰਜਾਬ ਅੰਦਰ 68550 ਕਿਲੋਮੀਟਰ ਲੰਬਾਈ ਦੀਆਂ ਲਿੰਕ ਸੜਕਾਂ ਬਣਾਉਣ ਦਾ ਕੰਮ ਚੱਲ ਰਿਹਾ ਹੈ। ਮਾਣਯੋਗ ਸਪੀਕਰ ਸਾਹਿਬ, ਪਿੰਡ ਹਿੰਮਤਪੁਰਾ ਤੋਂ ਐਨ.ਐਚ. 71 ਤੱਕ ਜਾਂਦੀ ਲਿੰਕ ਸੜਕ ਨੂੰ 10 ਫੁੱਟ ਤੋਂ 18 ਫੁੱਟ ਤੱਕ ਚੌੜਾ ਕਰਨ ਅਤੇ ਅਪਗਰੇਡ ਕਰਨ ਲਈ ਨਾਬਾਰਡ ਵੱਲੋਂ 32 ਪ੍ਰੋਗਰਾਮ ਅਧੀਨ ਤਜਵੀਜ਼ਤ ਹੋਇਆ ਹੈ ਅਤੇ ਪ੍ਰਾਜੈਕਟ ਪ੍ਰਵਾਨ ਹੋਣ ਤੇ ਇਸ ਸੜਕ ਨੂੰ ਅਪਗਰੇਡ ਕਰਵਾ ਦਿੱਤਾ ਜਾਵੇਗਾ। ਪਿੰਡ ਤਖਾਣਵੱਧ ਦੀ ਫਿਰਨੀ ਅਤੇ ਬਾਕੀ ਸੜਕਾਂ ਦੀ ਲੰਬਾਈ 12 ਕਿਲੋਮੀਟਰ ਹੈ ਅਤੇ ਇਸ ਸੜਕ ਦੀ ਮੁਰੰਮਤ ਕਰਨ ਬਾਰੇ SASCI Part II ਪ੍ਰਵਾਨ ਕੀਤਾ ਹੋਇਆ ਹੈ ਅਤੇ ਇਸ ਸੜਕ ਦੀ ਮੁਰੰਮਤ ਦਾ ਕੰਮ ਮਿਤੀ 30.09.2026 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ। ਪਿੰਡ ਝੰਡੇਆਣਾ ਸਰਕੀ ਤੋਂ ਤਖਾਣਵੱਧ ਤੱਕ ਲਿੰਕ ਸੜਕਾਂ ਦੀ ਲੰਬਾਈ 0.85 ਕਿਲੋਮੀਟਰ ਹੈ। ਇਸ ਲਿੰਕ ਸੜਕ ਤੇ ਪੱਥਰ ਦਾ ਕੰਮ ਮੁਕੰਮਲ ਕਰ ਦਿੱਤਾ ਗਿਆ ਹੈ ਅਤੇ ਬਾਕੀ ਰਹਿੰਦਾ ਕੰਮ ਮਿਤੀ 30.09.2026 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ। ਪਿੰਡ ਧੂੜਕੋਟ ਟਾਹਲੀਵਾਲਾ ਦੀ ਫਿਰਨੀ ਦੀ ਲੰਬਾਈ 5.7 ਕਿਲੋਮੀਟਰ ਹੈ, ਇਸ ਲਿੰਕ ਸੜਕ ਤੇ ਪੱਥਰ ਦਾ ਕੰਮ ਮੁਕੰਮਲ ਕਰ ਦਿੱਤਾ ਗਿਆ ਹੈ ਅਤੇ ਬਾਕੀ ਰਹਿੰਦਾ ਕੰਮ ਮਿਤੀ 30.09.2026 ਤੱਕ ਮੁਕੰਮਲ ਹੋ ਜਾਵੇਗਾ। ਪਿੰਡ ਰਾਮੂਵਾਲਾ ਨਵਾਂ ਦੀ ਫਿਰਨੀ, ਪਿੰਡ ਰਣੀਏ ਦੀ ਹੱਦ ਤੱਕ ਸੜਕ ਦੀ ਲੰਬਾਈ 7 ਕਿਲੋਮੀਟਰ ਹੈ, ਇਸ ਸੜਕ ਨੂੰ ਮੁਕੰਮਲ ਕਰਨ ਲਈ SASCI Part II ਅਧੀਨ ਪ੍ਰਵਾਨ ਕੀਤਾ ਹੋਇਆ ਹੈ ਅਤੇ ਇਸ ਸੜਕ ਦਾ ਕੰਮ ਮਿਤੀ 30.09.2026 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ। ਪੰਜਾਬ ਰਾਜ ਵਿੱਚ ਲਿੰਕ ਸੜਕਾਂ ਦੇ ਰੱਖ-ਰਖਾਵ ਦਾ ਕੰਮ ਮਾਰਕੀਟ ਕਮੇਟੀਆਂ ਅਨੁਸਾਰ ਪੰਜਾਬ ਮੰਡੀ ਬੋਰਡ ਅਤੇ ਪੰਜਾਬ ਲੋਕ ਨਿਰਮਾਣ ਵਿਭਾਗ ਵਿੱਚ ਵੰਡਿਆ ਹੋਇਆ ਹੈ। ਭਾਰਤ ਸਰਕਾਰ ਵੱਲੋਂ ਆਰ.ਡੀ.ਐਫ. ਨਾ ਦਿੱਤੇ ਜਾਣ ਕਾਰਨ ਅਤੇ ਫਸਲਾਂ ਤੋਂ ਮਾਰਕੀਟ ਫੀਸ ਘੱਟ ਕੀਤੇ ਜਾਣ ਕਾਰਨ ਫੰਡਾਂ ਦੀ ਘਾਟ ਹੈ।

**1305/Manika Rani/Shubham jain**

**1310/Gurpreet kaur**

ਮੁਰੰਮਤ ਦਾ ਕੰਮ ਵਿੱਤ ਵਿਭਾਗ ਪਾਸੋਂ ਫੰਡ ਪ੍ਰਾਪਤ ਕਰਕੇ Special Assistance to State for Capital Investment Scheme ਵਿੱਚ ਕਰ ਦਿੱਤਾ ਜਾਵੇਗਾ।

**ਮਾਣਯੋਗ ਸਪੀਕਰ** : ਬਿਲਾਸਪੁਰ ਸਾਹਿਬ, ਕੋਈ ਸਪਲੀਮੈਂਟਰੀ ਹੈ ਜਾਂ ਧੰਨਵਾਦ ਕਰ ਦੇਈਏ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ** : ਸਪੀਕਰ ਸਾਹਿਬ, ਮੈਂ ਜਿਸ ਤਰ੍ਹਾਂ ਜ਼ਿਕਰ ਕਰ ਚੁੱਕਾ ਹਾਂ ਕਿ ਮੰਡੀ ਬੋਰਡ ਦੀਆਂ ਸੜ੍ਹਕਾਂ ਵੱਡੀ ਗਿਣਤੀ ਵਿੱਚ ਬਣ ਗਈਆਂ ਹਨ ਜਦਕਿ ਪੀ.ਡਬਲਿਊ.ਡੀ. ਸੜ੍ਹਕਾਂ ਦੀ ਸਮੱਸਿਆ ਬਹੁਤ ਵੱਡੀ ਹੈ। ਮੇਰੇ ਪਿੰਡ ਰਣੀਆਂ ਤੋਂ ਕੋਠੇ ਰਾਜੋਵਾਲਾ ਵਿਖੇ ਸੜ੍ਹਕ ਦੀ ਬਹੁਤ ਵੱਡੀ ਸਮੱਸਿਆ ਹੈ ਕਿਉਂਕਿ ਇਹ ਸੜ੍ਹਕ ਨਾ ਬਣਨ ਕਰਕੇ ਬੱਸਾਂ ਵੀ ਬੰਦ ਪਈਆਂ ਹਨ। ਜਦੋਂ ਅਸੀਂ ਅਧਿਕਾਰੀਆਂ ਨਾਲ ਗੱਲ ਕਰਦੇ ਹਾਂ ਤਾਂ ਉਹ ਕਹਿ ਦਿੰਦੇ ਹਨ ਕਿ ਠੇਕੇਦਾਰ ਭੱਜ ਗਿਆ। ਮੈਂ ਕਹਿੰਦਾ ਹਾਂ ਕਿ ਠੇਕੇਦਾਰ ਤੇ ਕਾਰਵਾਈ ਕਰਨੀ ਤਾਂ ਬਣਦੀ ਹੀ ਬਣਦੀ ਹੈ ਪਰ ਉਨ੍ਹਾਂ ਅਧਿਕਾਰੀਆਂ ਤੇ ਵੀ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਇਨ੍ਹਾਂ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਮੰਤਰੀ ਜੀ, ਮੇਰੇ ਹਲਕੇ ਵਿੱਚ ਬਾਹਮਣਵਾਲਾ, ਮਚਾਕੀ ਮੱਲ ਸਿੰਘ, ਟੀਮਾਵਾਲੀ ਰੋਡ ਅਤੇ ਇਨ੍ਹਾਂ ਤੋਂ ਇਲਾਵਾ ਹੋਰ ਵੀ ਕਾਫੀ ਰੋਡਜ਼ ਹਨ ਜਿੱਥੇ ਲੁੱਕ ਨਹੀਂ ਪਈ। ਉਹ ਵੀ ਐਕਸਪੀਡਾਈਟ ਕਰਵਾ ਦਿਓ। ਬਾਕੀ ਇਨ੍ਹਾਂ ਦਾ ਜਵਾਬ ਦੇ ਦਿਓ ਜੀ।

**ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ (ਸਰਦਾਰ ਗੁਰਮੀਤ ਸਿੰਘ ਖੁੱਡੀਆਂ)**: ਮਾਣਯੋਗ ਸਪੀਕਰ ਸਾਹਿਬ, ਪਹਿਲਾਂ ਮੈਂ ਤੁਹਾਡਾ ਜਵਾਬ ਦੇ ਦਿੰਦਾ ਹਾਂ ਕਿ ਜੋ ਲੁੱਕ ਦਾ ਕਾਰਨ ਸੀ, ਪਹਿਲਾਂ ਉਸ ਦੇ ਪ੍ਰਾਈਸਿਜ਼ ਵਿੱਚ ਫਰਕ ਆ ਗਿਆ ਸੀ ਜਿਸ ਕਾਰਨ ਦੁਬਾਰਾ ਰਿਵੀਜ਼ਨ ਕਰਨੀ ਪਈ ਹੈ। ਕੁਝ ਮੌਸਮ ਕਰਕੇ ਲੁੱਕ ਪੈਂਦੀ ਹੈ। ਜਿਹੜਾ ਪੱਥਰ ਪਾਇਆ ਗਿਆ ਹੈ ਉਸ ਤੇ ਹੁਣ ਲੁੱਕ ਪੈਣ ਲੱਗ ਜਾਣੀ ਹੈ। ਇਸੇ ਤਰ੍ਹਾਂ ਐਮ.ਐਲ.ਏ. ਸਾਹਿਬ ਨੇ ਗੱਲ ਕੀਤੀ ਹੈ ਕਿ ਜਿਹੜੀਆਂ ਸੜ੍ਹਕਾਂ ਰਹਿ ਗਈਆਂ ਹਨ, ਮੇਰੇ ਵੱਲੋਂ ਪੰਜਾਬ ਮੰਡੀ ਬੋਰਡ ਵੱਲੋਂ ਇਨ੍ਹਾਂ ਨੂੰ ਵੱਧ ਤੋਂ ਵੱਧ ਸੜ੍ਹਕਾਂ ਦਿੱਤੀਆਂ ਗਈਆਂ ਹਨ। ਜਿਹੜੀਆਂ ਕੁਝ ਰਹਿ ਗਈਆਂ ਹਨ ਤਾਂ ਇਹ ਦੱਸ ਦੇਣ ਤਾਂ ਉਸ ਦੇ ਬਾਰੇ ਵੀ ਗੱਲ ਕਰ ਲਵਾਂਗੇ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਬਿਲਾਸਪੁਰ ਜੀ, ਬੱਸ ਹੋ ਗਿਆ ਜੀ ਧੰਨਵਾਦ। ਹਾਂ ਜੀ, ਬਿਲਾਸਪੁਰ ਸਾਹਿਬ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ**: ਮੰਤਰੀ ਜੀ, ਤੁਹਾਡਾ ਬਹੁਤ ਬਹੁਤ ਧੰਨਵਾਦ। ਤੁਹਾਡੇ ਅਫਸਰ ਸਾਹਿਬਾਨ ਬੈਠੇ ਹਨ। ਇਹ ਗੱਲ ਨੂੰ ਅਮਲ ਵਿੱਚ ਲਿਆ ਦਿਓ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਸਰਦਾਰ ਗੁਰਦਿੱਤ ਸਿੰਘ ਸੇਖੋਂ ਸਾਹਿਬ।

---

**(ਕ੍ਰਮ ਨੰ: 56)**

**ਸਰਦਾਰ ਗੁਰਦਿੱਤ ਸਿੰਘ ਸੇਖੋ**: ਮਾਣਯੋਗ ਸਪੀਕਰ ਸਾਹਿਬ ਬਹੁਤ ਧੰਨਵਾਦ ਜੀ। ਸ਼੍ਰੀਮਾਨ ਜੀ, ਮੈਂ ਸਦਨ ਦਾ ਧਿਆਨ ਪੰਜਾਬ ਵਿੱਚ ਸਹਿਕਾਰਤਾ ਵਿਭਾਗ ਅਧੀਨ ਚੱਲ ਰਹੇ ਪੀ.ਏ.ਡੀ.ਬੀ. (ਖੇਤੀਬਾੜੀ ਸਹਿਕਾਰੀ ਵਿਕਾਸ ਬੈਂਕ) ਦੇ ਕਰਜ਼ਦਾਰ ਕਿਸਾਨਾਂ ਦੀ ਇੱਕ ਗੰਭੀਰ ਸਮੱਸਿਆ ਵੱਲ ਦਿਵਾਉਣਾ ਚਾਹੁੰਦਾ ਹਾਂ। ਪੰਜਾਬ ਵਿੱਚ ਪੀ.ਏ.ਡੀ.ਬੀ. ਬੈਂਕਾਂ

ਤੋਂ ਬਹੁਤ ਸਾਰੇ ਕਿਸਾਨਾਂ ਵੱਲੋਂ ਖੇਤੀਬਾੜੀ ਸਬੰਧੀ ਕਰਜ਼ੇ ਲਏ ਗਏ ਹਨ। ਇਨ੍ਹਾਂ ਵਿੱਚੋਂ ਕਈ ਕਰਜ਼ਦਾਰ ਕਿਸਾਨਾਂ ਦੀ ਮੌਤ ਹੋ ਚੁੱਕੀ ਹੈ ਅਤੇ ਉਨ੍ਹਾਂ ਦੇ ਸਿਰ ਬਕਾਇਆ ਕਰਜ਼ਾ ਹੋਣ ਕਾਰਨ ਉਨ੍ਹਾਂ ਦੇ ਪਰਿਵਾਰਾਂ ਨੂੰ ਭਾਰੀ ਆਰਥਿਕ ਅਤੇ ਕਾਨੂੰਨੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਇਲਾਵਾ ਕਈ ਅਜਿਹੇ ਕਿਸਾਨ ਵੀ ਹਨ ਜੋ ਆਰਥਿਕ ਤੰਗੀ ਕਾਰਨ ਆਪਣਾ ਕਰਜ਼ਾ ਸਮੇਂ ਸਿਰ ਅਦਾ ਨਹੀਂ ਕਰ ਸਕੇ ਅਤੇ ਹੁਣ ਮੂਲ ਰਕਮ ਦੇ ਨਾਲ ਵਿਆਜ, ਜ਼ੁਰਮਾਨੇ ਅਤੇ ਹੋਰ ਬਕਾਇਆ ਰਕਮ ਵਧਦੀ ਜਾ ਰਹੀ ਹੈ। ਇਸ ਲਈ ਸਰਕਾਰ ਵੱਲੋਂ ਅਜਿਹੇ ਕਰਜ਼ਦਾਰ ਕਿਸਾਨਾਂ ਨੂੰ ਰਾਹਤ ਦੇਣ ਲਈ ਵਨ ਟਾਈਮ ਸੈਟਲਮੈਂਟ (O.T.S) ਸਕੀਮ ਲਿਆਉਣ ਦੀ ਲੋੜ ਹੈ ਤਾਂ ਜੋ ਕਿਸਾਨ/ਉਨ੍ਹਾਂ ਦੇ ਵਾਰਿਸ ਨਿਰਧਾਰਤ ਰਿਆਇਤ ਨਾਲ ਬਕਾਇਆ ਕਰਜ਼ਾ ਨਿਪਟਾ ਸਕਣ ਅਤੇ ਲੰਬਿਤ ਕਰਜ਼ੇ ਖਤਮ ਹੋ ਸਕਣ। ਕੀ ਸਹਿਕਾਰਤਾ ਵਿਭਾਗ ਦੇ ਮਾਣਯੋਗ ਮੰਤਰੀ ਜੀ ਇਹ ਦੱਸਣ ਦੀ ਕਿਰਪਾਲਤਾ ਕਰਨਗੇ ਕਿ- ਕੀ ਸਰਕਾਰ ਵੱਲੋਂ ਪੀ.ਏ.ਡੀ.ਬੀ.ਬੈਂਕਾਂ ਦੇ ਕਰਜ਼ਦਾਰ ਕਿਸਾਨਾਂ ਅਤੇ ਮ੍ਰਿਤਕ ਕਰਜ਼ਦਾਰਾਂ ਦੇ ਵਾਰਿਸਾਂ ਲਈ ਵਨ ਟਾਈਮ ਸੈਟਲਮੈਂਟ (O.T.S) ਸਕੀਮ ਲਿਆਉਣ / ਲਾਗੂ ਕਰਨ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ? ਜੇਕਰ ਹਾਂ ਤਾਂ ਇਹ ਸਕੀਮ ਕਦੋਂ ਤੱਕ ਲਾਗੂ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਇਸ ਤਹਿਤ ਕਿਹੜੀਆਂ ਰਿਆਇਤਾਂ ਦਿੱਤੀਆਂ ਜਾਣਗੀਆਂ? ਕੀ ਸਰਕਾਰ ਵੱਲੋਂ ਮ੍ਰਿਤਕ ਕਰਜ਼ਦਾਰਾਂ ਦੇ ਵਾਰਿਸਾਂ, ਛੋਟੇ ਅਤੇ ਸੀਮਾਂਤ ਕਿਸਾਨਾਂ ਅਤੇ ਲੰਬੇ ਸਮੇਂ ਤੋਂ ਡਿਫਾਲਟਰ ਚੱਲ ਰਹੇ ਕਿਸਾਨਾਂ ਲਈ ਵਿਸ਼ੇਸ਼ ਰਿਆਇਤ/ਵਿਆਜ ਮੁਆਫੀ ਦਾ ਪ੍ਰਬੰਧ ਕਰਨ ਦਾ ਵੀ ਵਿਚਾਰ ਹੈ? ਮੰਗ: ਸਰਕਾਰ ਵੱਲੋਂ ਕਿਸਾਨਾਂ ਨੂੰ ਕਰਜ਼ੇ ਦੇ ਬੋਝ ਤੋਂ ਰਾਹਤ ਦੇਣ ਲਈ ਪੀ.ਏ.ਡੀ.ਬੀ. ਬੈਂਕਾਂ ਵਿੱਚ ਜਲਦ ਤੋਂ ਜਲਦ O.T.S ਸਕੀਮ ਲਾਗੂ ਕੀਤੀ ਜਾਵੇ।

**1310/Gurpreet kaur/Abhishek gautam**

**1315/Kuldeep kaur**

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਮਾਣਯੋਗ ਸਪੀਕਰ ਸਾਹਿਬ ਸਰਕਾਰ ਇਸ ਤੇ ਵਿਚਾਰ ਕਰਕੇ ਇਸ ਮਾਮਲੇ ਤੇ ਧਿਆਨ ਦੇਵੇਗੀ ਕਿਉਂਕਿ ਇਹ ਮਸਲਾ ਦੋ ਬੈਂਕਾਂ ਨਾਲ ਸਬੰਧਿਤ ਹੈ, ਜਿਹੜੇ ਸਾਨੂੰ ਰੀ-ਫਾਇਨਾਂਸ ਕਰਦੇ ਹਨ। ਸੋ, ਇਸ ਤੇ ਅਸੀਂ ਵਿਚਾਰ ਕਰਕੇ ਧਿਆਨ ਦੇਵਾਂਗੇ।

---

## MOTION UNDER RULE 16

**ਮਾਣਯੋਗ ਸਪੀਕਰ:** ਨਿਯਮ 16 ਅਧੀਨ ਪ੍ਰਸਤਾਵ। ਡਾਕਟਰ ਰਵਜੋਤ ਸਿੰਘ, ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਸਤਾਵ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਵਿਧਾਨ ਸਭਾ ਅੱਜ ਦੇ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਮਾਣਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਵਿਧਾਨ ਸਭਾ ਅੱਜ ਦੇ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

(ਬਹਿਸ) ਹਾਂ ਜੀ, ਖਹਿਰਾ ਸਾਹਿਬ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ):** ਸਪੀਕਰ ਸਾਹਿਬ, ਵੈਸੇ ਤਾਂ ਲੀਡਰ ਆਫ ਆਪੋਜ਼ੀਸ਼ਨ ਨੇ ਗੱਲ ਉਠਾਈ ਹੈ ਕਿ ਅੱਜ 9 ਬਿਲ ਪੇਸ਼ ਕੀਤੇ ਜਾ ਰਹੇ ਹਨ ਔਰ ਬਹੁਤ ਥੋੜ੍ਹਾ ਸਮਾਂ ਹੁਣ ਬਕਾਇਆ ਰਹਿ ਗਿਆ ਹੈ। ਤੁਸੀਂ ਆਪ ਹੀ ਕਿਹਾ ਹੈ ਕਿ ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਨੂੰ ਚਾਹੀਦਾ ਹੈ ਕਿ 15 ਦਿਨ ਪਹਿਲਾਂ ਸਾਰੇ ਬਿਲ ਮੈਂਬਰਜ਼ ਨੂੰ ਦਿੱਤੇ ਜਾਣ। ਸਪੀਕਰ ਸਾਹਿਬ, ਤੁਸੀਂ ਹੁਣ almost ਪੰਜਵੇਂ ਸਾਲ ਵਿੱਚ ਇਹ ਡਾਇਰੈਕਸ਼ਨ ਦੇ ਰਹੇ ਹੋ। ਸ਼ਾਇਦ ਪਹਿਲਾਂ ਵੀ ਇੱਕ ਦੋ ਵਾਰ ਇਹ ਡਾਇਰੈਕਸ਼ਨ ਦਿੱਤੀ ਹੈ ਲੇਕਿਨ ਅੱਜ ਵੀ ਸਾਨੂੰ 9 ਵਿੱਚੋਂ ਤਿੰਨ ਬਿਲ ਸਵੇਰੇ ਪ੍ਰਾਪਤ ਹੋਏ ਹਨ। ਗੱਲ ਬਿਲਾਂ ਦੇ ਅੱਜ ਜਾਂ ਕੱਲ੍ਹ ਪ੍ਰਾਪਤ ਹੋਣ ਦੀ ਨਹੀਂ ਹੈ, ਗੱਲ ਇਹ ਹੈ ਕਿ 9 ਬਿਲ ਜਿਨ੍ਹਾਂ ਨਾਲ ਪੰਜਾਬ ਦਾ ਭਵਿੱਖ ਜੁੜਿਆ ਹੋਇਆ ਹੈ, ਜਿਨ੍ਹਾਂ ਨਾਲ ਪੰਜਾਬ ਦੇ ਯੂਥ ਦਾ ਭਵਿੱਖ ਜੁੜਿਆ ਹੈ, ਜਿਵੇਂ ਕਿ ਇੰਪਲਾਇਜ਼ ਦੇ ਨਾਲ ਸਬੰਧਿਤ ਬਿਲ ਹੈ, ਟ੍ਰੀ-ਐਕਟ ਆ ਰਿਹਾ ਹੈ, ਕੰਟਰੈਕਚੁਅਲ ਇੰਪਲਾਇਜ਼ ਵਾਲਾ ਬਿਲ ਆ ਰਿਹਾ ਹੈ, ਐਜੂਕੇਸ਼ਨ ਨਾਲ ਸਬੰਧਿਤ ਅਨ-ਏਡਿਡ ਸਕੂਲਜ਼/ਕਾਲਜਿਜ਼ ਦਾ ਬਿਲ ਆ ਰਿਹਾ ਹੈ। ਸਪੀਕਰ ਸਾਹਿਬ, ਕੀ 9 ਬਿਲਾਂ ਦੇ ਉੱਤੇ ਸਾਰੇ ਮੈਂਬਰਾਂ ਵੱਲੋਂ ਮਿਲ ਕੇ ਸਦਨ ਵਿੱਚ ਕੋਈ ਪਾਇਦਾਰ ਬਹਿਸ ਹੋ ਸਕਦੀ ਹੈ? ਇੰਨਾ ਸਮਾਂ ਹੀ ਨਹੀਂ ਹੈ। ਜੇ ਆਪਾਂ ਇੱਕ ਇੱਕ, ਦੋ ਦੋ ਮਿੰਟ ਵੀ ਦਿੱਤੇ ਤਾਂ ਵੀ ਇਨ੍ਹਾਂ ਤੇ ਬਹਿਸ ਨਹੀਂ ਹੋ ਸਕਦੀ। ਮੇਰੀ ਬੇਨਤੀ ਤੁਹਾਡੇ ਕਹਿਣ ਅਨੁਸਾਰ ਹੀ ਹੈ ਕਿ 15 ਦਿਨ ਪਹਿਲਾਂ ਬਿਲਾਂ ਦਾ ਨੋਟਿਸ ਦਿੱਤਾ ਜਾਵੇ। Why don't you postpone these Bills for the next Session. ਭਾਵੇਂ ਮਹੀਨੇ ਬਾਅਦ ਦੁਬਾਰਾ ਸੈਸ਼ਨ ਸੱਦ ਲਵੋ ਪਰ ਘੱਟੋ ਘੱਟ ਇੱਕ ਬਿਲ ਲਈ ਇੱਕ ਦਿਨ ਦਾ ਸਮਾਂ ਹੋਣਾ ਚਾਹੀਦਾ ਹੈ। ਕਾਮਨ ਇਨਫ੍ਰਾਸਟਰੱਕਚਰ ਜੋ ਕਿ ਇੰਡਸਟ੍ਰੀਅਲ ਏਰੀਏ ਦਾ ਐਕਟ ਆ ਰਿਹਾ ਸੀ, ਇਹ ਪਿਛਲੇ ਛੇ ਦਿਨ ਦਾ ਆ ਰਿਹਾ ਹੈ ਅਤੇ ਰੋਜ਼ ਅਗਲੇ ਦਿਨਾਂ ਲਈ ਰੱਖ ਦਿੱਤਾ ਜਾਂਦਾ ਹੈ।

**ਮਾਣਯੋਗ ਸਪੀਕਰ:** ਚਲੋ ਹੁਣ ਸੁਣ ਲਵੋ। ਜਿਹੜੇ ਬਿਲ ਸਰਕੂਲੇਟ ਹੋਏ ਹਨ, The Punjab Common Infrastructure (Regulation and Maintenance) Amendment Bill, 2026 (8-PLA-2026) (Industries and Commerce) was circulated on 22.07.2026; The Punjab Regulation of Fee of Un-aided and Education Institutions (Amendment) Bill 2026 (12-PLA-2026) (School Education) was circulated on 07.08.2026; The Cloud University Hoshiarpur Bill, 2026 (13-PLA-2026) (Higher Education and Languages) was circulated on 07.08.2026; The M/s Digital University Patiala Bill, 2026 (Higher Education and Languages) was circulated on 07.08.2026; The Physicswallah Digital University, Patiala Bill 2026 (15-PLA-2026) (Higher Education and Languages) was circulated on 07.08.2026; The Punjab Goods and Services Tax (Amendment) Bill 2026 was circulated on 07.08.2026; The Punjab State Outsourced Personnel (Transition to Contractual Engagement) Bill 2026 (17-PLA-2026) (Personnel) was circulated on 07.08.2026; The Punjab Panchayati Raj (Amendment) Bill, 2026 (Rural Development and Panchayats) was circulated on 09.08.2026; The Punjab Protection of Trees Bill, 2026 (19-PLA-2026) (Forests and Wildlife Preservation) was circulated on 09.08.2026. ਮੈਂ ਇਹ ਤਰੀਕਾਂ ਪੰਜਾਬੀ ਵਿੱਚ ਇਸ ਕਰਕੇ ਪੜ੍ਹੀਆਂ ਹਨ ਕਿਉਂਕਿ ਕਈ ਵਾਰੀ ਅੰਗਰੇਜ਼ੀ ਵਿੱਚ ਮੁਸ਼ਕਲ ਹੋ ਜਾਂਦੀ ਹੈ। ਜੇ ਆਪਾਂ ਦੋ ਦੋ, ਤਿੰਨ ਤਿੰਨ ਦਿਨ ਦੀ ਤਿਆਰੀ ਤੇ ਵੀ ਬਹਿਸ ਕਰ ਸਕਦੇ ਹਾਂ। ਮੈਂ ਤੁਹਾਡੇ ਨਾਲ ਸਹਿਮਤ ਹਾਂ ਅਤੇ ਤੁਹਾਡੇ ਨਾਲ ਹਮਦਰਦੀ ਰੱਖਦਾ ਹਾਂ ਪਰ ਜਿਸ ਨੇ ਤਿਆਰੀ ਕਰਨੀ ਹੈ ਉਹ ਦੋ ਘੰਟਿਆਂ ਤੇ ਵੀ ਤਿਆਰੀ ਕਰ ਲੈਂਦਾ ਹੈ।

ਮੈਂ ਤੁਹਾਡੀ ਗੱਲ ਨਾਲ ਸਹਿਮਤ ਹਾਂ ਅਤੇ ਮੈਂ ਮੰਤਰੀ ਜੀ ਨੂੰ ਕਹਿ ਦਿੱਤਾ ਹੈ ਕਿ ਅੱਗੇ ਤੋਂ ਇਹ ਇਨਸ਼ਿਓਰ ਕਰਨ ਕਿ ਆਪਾਂ 15 ਦਿਨ ਪਹਿਲਾਂ ਬਿਲ ਲੈ ਆਇਆ ਕਰੀਏ।

**ਮਾਣਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਵਿਧਾਨ ਸਭਾ ਅੱਜ ਦੇ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ। (ਥੰਪਿੰਗ)***

---

**OFFICIAL RESOLUTION REGARDING THE MEASURES UNDERTAKEN FOR WOMEN EMPOWERMENT AND WELFARE BY THE GOVERNMENT**

**ਮਾਣਯੋਗ ਸਪੀਕਰ**: ਅਗਲੀ ਆਈਟਮ। ਡਾਕਟਰ ਅਮਨਦੀਪ ਕੌਰ ਅਰੋੜਾ, ਐਮ.ਐਲ.ਏ. ਮਤਾ ਪੇਸ਼ ਕਰਨ।

**ਡਾਕਟਰ ਅਮਨਦੀਪ ਕੌਰ ਅਰੋੜਾ**: ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦੀ ਹਾਂ-

"ਕਿ ਇਹ ਸਦਨ ਪੰਜਾਬ ਦੀਆਂ ਮਹਿਲਾਵਾਂ ਦੇ ਸਸ਼ਕਤੀਕਰਨ, ਸਨਮਾਨ, ਸੁਰੱਖਿਆ, ਆਵਾਜਾਈ ਦੀ ਸਹੂਲਤ ਅਤੇ ਆਰਥਿਕ ਆਤਮਨਿਰਭਰਤਾ ਲਈ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਅਤੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਚੁੱਕੇ ਗਏ ਬੇਮਿਸਾਲ ਕਦਮਾਂ ਲਈ ਧੰਨਵਾਦ ਕਰਦਾ ਹੈ।"

**ਮਾਣਯੋਗ ਸਪੀਕਰ**: ਪ੍ਰਸਤਾਵ ਕੀਤਾ-

"ਕਿ ਇਹ ਸਦਨ ਪੰਜਾਬ ਦੀਆਂ ਮਹਿਲਾਵਾਂ ਦੇ ਸਸ਼ਕਤੀਕਰਨ, ਸਨਮਾਨ, ਸੁਰੱਖਿਆ, ਆਵਾਜਾਈ ਦੀ ਸਹੂਲਤ ਅਤੇ ਆਰਥਿਕ ਆਤਮਨਿਰਭਰਤਾ ਲਈ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਅਤੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਚੁੱਕੇ ਗਏ ਬੇਮਿਸਾਲ ਕਦਮਾਂ ਲਈ ਧੰਨਵਾਦ ਕਰਦਾ ਹੈ।"

(ਬਹਿਸ)

**1315/Kuldeep kaur/Abhishek gautam**

**1320/Pawan sharma**

**ਮਾਣਯੋਗ ਸਪੀਕਰ**: ਡਾਕਟਰ ਅਮਨਦੀਪ ਕੌਰ ਅਰੋੜਾ।

**ਡਾਕਟਰ ਅਮਨਦੀਪ ਕੌਰ ਅਰੋੜਾ**: ਧੰਨਵਾਦ ਸਪੀਕਰ ਸਾਹਿਬ।

**Mr. Speaker**: May I interrupt you.

**ਡਾਕਟਰ ਅਮਨਦੀਪ ਕੌਰ ਅਰੋੜਾ**: ਜੀ।

---

## WELCOME ANNOUNCEMENT MADE BY THE HON'BLE SPEAKER

**ਮਾਣਯੋਗ ਸਪੀਕਰ**: ਮੇਰੇ ਸੰਧਵਾਂ ਦੇ ਸਕੂਲ, ਬਹੁਤ ਅੱਛਾ ਸਕੂਲ, ਵੈਸਟ ਪੁਆਇੰਟ ਸਕੂਲ, ਫਰੀਦਕੋਟ ਦੇ ਪਿਆਰੇ ਵਿਦਿਆਰਥੀ ਔਰ ਟੀਚਰਜ਼ ਅੱਜ ਇੱਥੇ ਅਜ਼ੀਮ ਸਦਨ ਦੀ ਕਾਰਵਾਈ ਦੇਖਣ ਲਈ ਆਏ ਹਨ, ਆਓ ਇਨ੍ਹਾਂ ਦਾ ਖ਼ੈਰ-ਮਕਦਮ ਕਰੀਏ।(ਥੰਪਿੰਗ)

---

## OFFICIAL RESOLUTION REGARDING THE MEASURES UNDERTAKEN FOR WOMEN EMPOWERMENT AND WELFARE BY THE GOVERNMENT (Resumption)

**Mr. Speaker**: Please continue.

**ਡਾਕਟਰ ਅਮਨਦੀਪ ਕੌਰ ਅਰੋੜਾ (ਮੋਗਾ)** : ਮੈਂ ਅੱਜ ਪੰਜਾਬ ਦੀਆਂ ਮਹਿਲਾਵਾਂ ਦੇ ਸਸ਼ਕਤੀਕਰਨ, ਸਨਮਾਨ, ਸੁਰੱਖਿਆ, ਆਵਾਜਾਈ ਦੀ ਸਹੂਲਤ ਅਤੇ ਆਰਥਿਕ ਆਤਮਨਿਰਭਰਤਾ ਲਈ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਅਤੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਚੁੱਕੇ ਗਏ ਬੇਮਿਸਾਲ ਕਦਮਾਂ ਦਾ ਧੰਨਵਾਦ ਕਰਦੀ ਹਾਂ। ਸਪੀਕਰ ਸਾਹਿਬ, ਕਿਸੇ ਵੀ ਸਰਕਾਰ ਦੀ ਅਸਲ ਪਰਖ ਸਿਰਫ਼ ਇਸ ਗੱਲ ਨਾਲ ਨਹੀਂ ਹੁੰਦੀ ਕਿ ਉਹ ਕੀ ਐਲਾਨ ਕਰਦੀ ਹੈ, ਸਗੋਂ ਇਸ ਗੱਲ ਨਾਲ ਹੁੰਦੀ ਹੈ ਕਿ ਉਸ ਦੀਆਂ ਨੀਤੀਆਂ ਆਮ ਲੋਕਾਂ ਦੀ ਜ਼ਿੰਦਗੀ ਵਿੱਚ ਕਿੰਨਾ ਬਦਲਾਅ ਲਿਆਉਂਦੀਆਂ ਹਨ ਅਤੇ ਜਦੋਂ ਅਸੀਂ ਅੱਜ ਪੰਜਾਬ ਦੀਆਂ ਮਹਿਲਾਵਾਂ ਵੱਲ ਦੇਖਦੇ ਹਾਂ ਤਾਂ ਇੱਕ ਗੱਲ ਬਿਲਕੁਲ ਸਪੱਸ਼ਟ ਹੈ। ਇਸ ਸਰਕਾਰ ਨੇ ਮਹਿਲਾਵਾਂ ਨੂੰ ਸਿਰਫ਼ ਸਰਕਾਰੀ ਯੋਜਨਾਵਾਂ ਦੀਆਂ ਲਾਭਪਾਤਰੀਆਂ ਸਮਝਣ ਦੀ ਸੋਚ ਤੋਂ ਅੱਗੇ ਵਧ ਕੇ ਉਨ੍ਹਾਂ ਨੂੰ ਉਦਯੋਗਪਤੀ, ਕਰਮਚਾਰੀ, ਫ਼ੈਸਲਾ ਲੈਣ ਵਾਲੀਆਂ ਅਤੇ ਪੰਜਾਬ ਦੇ ਵਿਕਾਸ ਦੀਆਂ ਬਰਾਬਰ ਦੀਆਂ ਭਾਗੀਦਾਰ ਬਣਾਉਣ ਵੱਲ ਕਦਮ ਚੁੱਕਿਆ ਹੈ। ਰਾਜਨੀਤਿਕ ਫ਼ੈਸਲਾ ਲੈਣ ਦੀ ਪ੍ਰਕਿਰਿਆ ਵਿੱਚ ਮਹਿਲਾਵਾਂ ਨੂੰ ਕੇਂਦਰ ਵਿੱਚ ਲਿਆਉਣਾ, ਸਪੀਕਰ ਸਾਹਿਬ, ਮਹਿਲਾ ਸਸ਼ਕਤੀਕਰਨ ਪ੍ਰਤੀ ਵਚਨਬੱਧਤਾ ਆਮ ਆਦਮੀ ਪਾਰਟੀ ਦੀ ਰਾਜਨੀਤਿਕ ਨੁਮਾਇੰਦਗੀ ਵਿੱਚ ਵੀ ਸਪੱਸ਼ਟ ਤੌਰ ਤੇ ਦਿਖਾਈ ਦਿੰਦੀ ਹੈ। 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ 117 ਵਿੱਚੋਂ 92 ਸੀਟਾਂ ਜਿੱਤੀਆਂ। ਪੰਜਾਬ ਵਿਧਾਨ ਸਭਾ ਲਈ ਚੁਣੀਆਂ ਗਈਆਂ 13 ਮਹਿਲਾ ਵਿਧਾਇਕਾਂ ਵਿੱਚੋਂ 11 ਆਮ ਆਦਮੀ ਪਾਰਟੀ ਨਾਲ ਸਬੰਧਤ ਸਨ। ਇਸ ਦਾ ਅਰਥ ਹੈ ਕਿ 2022 ਵਿੱਚ ਚੁਣੀਆਂ ਗਈਆਂ ਮਹਿਲਾ ਵਿਧਾਇਕਾਂ ਵਿੱਚੋਂ ਲਗਭਗ 85 ਫ਼ੀਸਦੀ ਆਮ ਆਦਮੀ ਪਾਰਟੀ ਤੋਂ ਸਨ। ਇਹ ਸਿਰਫ਼ ਇੱਕ ਅੰਕੜਾ ਨਹੀਂ ਹੈ। ਇਸ ਨੇ ਇਹ ਸੰਦੇਸ਼ ਦਿੱਤਾ ਕਿ ਮਹਿਲਾਵਾਂ ਨੂੰ ਰਾਜਨੀਤੀ ਵਿੱਚ ਸਿਰਫ਼ ਦਰਸ਼ਕ ਬਣ ਕੇ ਨਹੀਂ ਰਹਿਣਾ ਚਾਹੀਦਾ, ਸਗੋਂ ਉਨ੍ਹਾਂ ਨੂੰ ਫ਼ੈਸਲੇ ਲੈਣ ਵਾਲੀ ਮੇਜ਼ ਤੇ ਵੀ ਬੈਠਣਾ ਚਾਹੀਦਾ ਹੈ। ਮਾਨ ਸਰਕਾਰ ਦੇ ਕਾਰਜਕਾਲ ਦੌਰਾਨ ਦੋ ਮਹਿਲਾਵਾਂ ਨੇ ਕੈਬਨਿਟ ਮੰਤਰੀ ਵਜੋਂ ਸੇਵਾ ਨਿਭਾਈ ਹੈ, ਡਾ. ਬਲਜੀਤ ਕੌਰ ਅਤੇ ਅਨਮੋਲ ਗਗਨ ਮਾਨ। ਇਸ ਸਮੇਂ ਡਾ. ਬਲਜੀਤ ਕੌਰ ਕੈਬਨਿਟ ਮੰਤਰੀ

ਵਜੋਂ ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ, ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਵਰਗੇ ਮਹੱਤਵਪੂਰਨ ਵਿਭਾਗਾਂ ਦੀ ਜ਼ਿੰਮੇਵਾਰੀ ਨਿਭਾ ਰਹੇ ਹਨ। ਇਹ ਪੰਜਾਬ ਵਿੱਚ ਮਹਿਲਾਵਾਂ ਦੀ ਰਾਜਨੀਤਿਕ ਨੁਮਾਇੰਦਗੀ ਅਤੇ ਭਾਗੀਦਾਰੀ ਵਿੱਚ ਇੱਕ ਮਹੱਤਵਪੂਰਨ ਬਦਲਾਅ ਹੈ। 68,000 ਤੋਂ ਵੱਧ ਸਰਕਾਰੀ ਨੌਕਰੀਆਂ ਅਤੇ ਮਹਿਲਾਵਾਂ ਦੀ ਵੱਡੀ ਭਾਗੀਦਾਰੀ ਹੈ। ਮਾਣਯੋਗ ਸਪੀਕਰ ਸਾਹਿਬ, ਰੋਜ਼ਗਾਰ ਸ਼ਾਇਦ ਸਸ਼ਕਤੀਕਰਨ ਦਾ ਸਭ ਤੋਂ ਸ਼ਕਤੀਸ਼ਾਲੀ ਸਾਧਨ ਹੈ। ਜਿਹੜੀ ਮਹਿਲਾ ਕਮਾਉਂਦੀ ਹੈ, ਉਸ ਦੀ ਆਤਮਨਿਰਭਰਤਾ ਵਧਦੀ ਹੈ। ਜਿਹੜੀ ਮਹਿਲਾ ਨੌਕਰੀ ਕਰਦੀ ਹੈ, ਉਸ ਦਾ ਆਤਮ-ਵਿਸ਼ਵਾਸ ਵਧਦਾ ਹੈ ਅਤੇ ਜਿਹੜੀ ਮਹਿਲਾ ਕਮਾਈ ਵੀ ਕਰਦੀ ਹੈ ਅਤੇ ਫ਼ੈਸਲੇ ਵੀ ਲੈਂਦੀ ਹੈ, ਉਹ ਸਿਰਫ਼ ਆਪਣੇ ਪਰਿਵਾਰ ਲਈ ਹੀ ਨਹੀਂ, ਸਗੋਂ ਪੂਰੇ ਸੂਬੇ ਦੀ ਅਰਥਵਿਵਸਥਾ ਵਿੱਚ ਆਪਣਾ ਯੋਗਦਾਨ ਪਾਉਂਦੀ ਹੈ। ਮਾਨ ਸਰਕਾਰ ਨੇ ਪਿਛਲੇ ਸਾਢੇ ਚਾਰ ਸਾਲਾਂ ਵਿੱਚ ਯੋਗਤਾ ਅਤੇ ਮੈਰਿਟ ਦੇ ਆਧਾਰ ਤੇ 68,268 ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਹਨ ਅਤੇ ਇਨ੍ਹਾਂ 68,000 ਤੋਂ ਵੱਧ ਸਰਕਾਰੀ ਨੌਕਰੀਆਂ ਦੇ ਲਾਭਪਾਤਰੀਆਂ ਵਿੱਚ ਬਹੁਮਤ ਲੜਕੀਆਂ/ਮਹਿਲਾਵਾਂ ਦਾ ਰਿਹਾ ਹੈ। ਸਪੀਕਰ ਸਾਹਿਬ, ਮੁਫ਼ਤ ਬੱਸ ਸਫ਼ਰ, ਆਵਾਜਾਈ ਦੀ ਰੁਕਾਵਟ ਨੂੰ ਤੋੜਨਾ, ਕੋਈ ਮਹਿਲਾ ਆਰਥਿਕ ਤੌਰ ’ਤੇ ਆਤਮਨਿਰਭਰ ਨਹੀਂ ਬਣ ਸਕਦੀ ਜੇਕਰ ਉਹ ਆਪਣੇ ਕੰਮ ਵਾਲੀ ਥਾਂ, ਕਾਲਜ, ਸਿਖਲਾਈ ਕੇਂਦਰ ਜਾਂ ਬਾਜ਼ਾਰ ਤੱਕ ਆਜ਼ਾਦੀ ਨਾਲ ਨਹੀਂ ਜਾ ਸਕਦੀ। ਇਸ ਲਈ ਪੰਜਾਬ ਸਰਕਾਰ ਵੱਲੋਂ ਮਹਿਲਾਵਾਂ ਨੂੰ ਸਰਕਾਰੀ ਬੱਸਾਂ ਵਿੱਚ ਦਿੱਤੀ ਜਾ ਰਹੀ ਮੁਫ਼ਤ ਬੱਸ ਯਾਤਰਾ ਦੀ ਸਹੂਲਤ ਸਭ ਤੋਂ ਮਹੱਤਵਪੂਰਨ ਸਸ਼ਕਤੀਕਰਨ ਉਪਰਾਲਿਆਂ ਵਿੱਚੋਂ ਇੱਕ ਹੈ। ਅੱਜ ਮਹਿਲਾਵਾਂ ਸਰਕਾਰੀ ਬੱਸਾਂ ਵਿੱਚ ਹਰ ਮਹੀਨੇ ਲਗਭਗ 1.5 ਕਰੋੜ ਮੁਫ਼ਤ ਯਾਤਰਾਵਾਂ ਕਰ ਰਹੀਆਂ ਹਨ। ਵਿੱਤੀ ਸਾਲ 2026–27 ਦੌਰਾਨ ਇਸ ਸਹੂਲਤ ਤੇ ਲਗਭਗ ₹298 ਕਰੋੜ ਖਰਚ ਕੀਤੇ ਗਏ ਹਨ। ਇਹ ਸਿਰਫ਼ ਆਵਾਜਾਈ ਲਈ ਦਿੱਤੀ ਜਾ ਰਹੀ ਸਬਸਿਡੀ ਨਹੀਂ ਹੈ। ਇਹ ਮਹਿਲਾਵਾਂ ਦੀ ਆਵਾਜਾਈ ਅਤੇ ਆਜ਼ਾਦੀ ਵਿੱਚ ਕੀਤਾ ਗਿਆ ਨਿਵੇਸ਼ ਹੈ। ਇਸ ਨਾਲ ਇੱਕ ਧੀ ਕਾਲਜ ਜਾ ਸਕਦੀ ਹੈ, ਇੱਕ ਮਹਿਲਾ ਕੰਮ ਤੇ ਜਾ ਸਕਦੀ ਹੈ, ਇੱਕ ਮਹਿਲਾ ਹਸਪਤਾਲ ਪਹੁੰਚ ਸਕਦੀ ਹੈ ਅਤੇ ਇੱਕ ਮਹਿਲਾ ਉਦਯੋਗਪਤੀ ਬਾਜ਼ਾਰ ਤੱਕ ਪਹੁੰਚ ਸਕਦੀ ਹੈ, ਬਿਨਾਂ ਹਰ ਵਾਰ ਘਰ ਤੋਂ ਪੈਸੇ ਮੰਗਣ ਦੀ ਲੋੜ ਤੋਂ, ਆਜ਼ਾਦ ਆਵਾਜਾਈ, ਆਜ਼ਾਦ ਫ਼ੈਸਲੇ ਲੈਣ ਵੱਲ ਪਹਿਲਾ ਕਦਮ ਹੈ।

**1320/Pawan sharma/BS khokhar**

**1325/Beant kaur**

ਸਪੀਕਰ ਸਾਹਿਬ, ਸਰਕਾਰ ਨੇ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਰਾਹੀਂ ਮਹਿਲਾਵਾਂ ਨੂੰ ਸਿੱਧੀ ਆਰਥਿਕ ਸਹਾਇਤਾ ਪ੍ਰਦਾਨ ਕਰਨ ਵੱਲ ਇਕ ਮਹੱਤਵਪੂਰਨ ਇਤਿਹਾਸਕ ਕਦਮ ਚੁੱਕਿਆ ਹੈ। 6 ਅਗਸਤ, 2026 ਤੱਕ ਇਸ ਯੋਜਨਾ ਅਧੀਨ 74,59,238 ਮਹਿਲਾਵਾਂ ਰਜਿਸਟਰ ਹੋ ਚੁੱਕੀਆਂ ਹਨ। 1 ਅਗਸਤ, 2026 ਤੱਕ 65,62,526 ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਵੰਡੀ ਜਾ ਚੁੱਕੀ ਸੀ ਅਤੇ ₹2,274.42 ਕਰੋੜ ਜਾਰੀ ਕੀਤੇ ਜਾ ਚੁੱਕੇ ਸਨ। ਇਸ ਯੋਜਨਾ ਤਹਿਤ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਯੋਗ ਮਹਿਲਾਵਾਂ ਨੂੰ ₹1,500 ਪ੍ਰਤੀ ਮਹੀਨਾ ਦਿੱਤੇ ਜਾਂਦੇ ਹਨ। ਹੋਰ ਯੋਗ ਸ਼੍ਰੇਣੀਆਂ ਨਾਲ ਸਬੰਧਤ ਮਹਿਲਾਵਾਂ ਨੂੰ ₹1,000 ਪ੍ਰਤੀ ਮਹੀਨਾ ਦਿੱਤੇ ਜਾਂਦੇ ਹਨ। ਇਹ ਸਿਰਫ਼ ਪੈਸੇ ਦੀ ਗੱਲ ਨਹੀਂ ਹੈ। ਇਹ ਸਨਮਾਨ, ਚੋਣ ਦੀ ਆਜ਼ਾਦੀ ਅਤੇ ਆਰਥਿਕ ਅਧਿਕਾਰ ਦੀ ਗੱਲ ਹੈ। ਇੱਕ ਮਹਿਲਾ ਕੋਲ ਆਪਣੀ ਕੁਝ ਵਿੱਤੀ ਆਜ਼ਾਦੀ ਹੋਣੀ ਚਾਹੀਦੀ ਹੈ ਅਤੇ ਇਹ ਯੋਜਨਾ ਇਸੇ ਆਤਮਨਿਰਭਰਤਾ ਨੂੰ ਮਜ਼ਬੂਤ ਕਰਨ ਲਈ ਤਿਆਰ ਕੀਤੀ ਗਈ ਹੈ।

ਸਪੀਕਰ ਸਾਹਿਬ, ਮਹਿਲਾ ਸਸ਼ਕਤੀਕਰਨ ਦੀ ਸ਼ੁਰੂਆਤ ਇਹ ਯਕੀਨੀ ਬਣਾਉਣ ਨਾਲ ਹੁੰਦੀ ਹੈ ਕਿ ਗਰੀਬੀ ਕਾਰਨ ਕੋਈ ਵੀ ਮਹਿਲਾ ਆਪਣੀ ਸਿਹਤ ਨਾਲ ਸਮਝੌਤਾ ਨਾ ਕਰੇ। ਮਾਤਰਤਾ ਸਹਾਇਤਾ ਪ੍ਰੋਗਰਾਮ ਤਹਿਤ ਵਿੱਤੀ ਸਾਲ 2026–27 ਦੌਰਾਨ 4,056 ਗਰਭਵਤੀ ਅਤੇ ਦੁੱਧ ਪਿਲਾਉਣ ਵਾਲੀਆਂ ਮਹਿਲਾਵਾਂ ਨੂੰ ₹1.70 ਕਰੋੜ ਦੀ ਰਕਮ ਟਰਾਂਸਫ਼ਰ ਕੀਤੀ ਗਈ ਹੈ। ਪਹਿਲੇ ਬੱਚੇ ਦੇ ਜਨਮ ’ਤੇ ਯੋਗ ਮਹਿਲਾਵਾਂ ਨੂੰ ₹5,000, ਜਦਕਿ ਦੂਜੇ ਬੱਚੇ ਦੇ ਜਨਮ ’ਤੇ, ਜੇਕਰ ਬੱਚੀ ਹੋਵੇ, ₹6,000 ਦਿੱਤੇ ਜਾਂਦੇ ਹਨ। ਇਹ ਰਕਮ ਸਿੱਧੇ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ DBT ਰਾਹੀਂ ਟਰਾਂਸਫ਼ਰ ਕੀਤੀ ਜਾਂਦੀ ਹੈ। ਸਰਕਾਰ ਦੇ ਦਸਤਾਵੇਜ਼ ਅਨੁਸਾਰ ਵਿੱਤੀ ਸਾਲ 2026–27 ਦੌਰਾਨ ਇਸ ਯੋਜਨਾ ਤਹਿਤ 36,154 ਮਹਿਲਾਵਾਂ ਦੀ ਰਜਿਸਟ੍ਰੇਸ਼ਨ ਵੀ ਕੀਤੀ ਗਈ ਹੈ। ਇਸ ਤਰ੍ਹਾਂ ਸਰਕਾਰ ਸਸ਼ਕਤੀਕਰਨ ਦਾ ਇੱਕ ਚੱਕਰ ਤਿਆਰ ਕਰਦੀ ਹੈ: ਤੰਦਰੁਸਤ ਮਾਂ → ਤੰਦਰੁਸਤ ਬੱਚਾ → ਪੜ੍ਹਿਆ-ਲਿਖਿਆ ਬੱਚਾ → ਮਜ਼ਬੂਤ ਪਰਿਵਾਰ → ਮਜ਼ਬੂਤ ਪੰਜਾਬ।

ਮਾਣਯੋਗ ਸਪੀਕਰ ਸਾਹਿਬ, ਕੋਈ ਮਹਿਲਾ ਅਰਥਵਿਵਸਥਾ ਵਿੱਚ ਪੂਰੀ ਤਰ੍ਹਾਂ ਹਿੱਸਾ ਨਹੀਂ ਲੈ ਸਕਦੀ ਜਦੋਂ ਤੱਕ ਉਸ ਕੋਲ ਰਹਿਣ ਲਈ ਸੁਰੱਖਿਅਤ ਥਾਂ ਨਾ ਹੋਵੇ। ਇਸ ਲਈ ਸਰਕਾਰ ਵੱਲੋਂ (ਐਸ.ਏ.ਐਸ ਨਗਰ) ਮੋਹਾਲੀ, ਜਲੰਧਰ ਅਤੇ ਅੰਮ੍ਰਿਤਸਰ ਵਿੱਚ ਪੰਜ ਵਰਕਿੰਗ ਵੂਮੈਨ ਹੋਸਟਲ ਬਣਾਉਣ ਦੀ ਪਹਿਲ ਕੀਤੀ ਗਈ ਹੈ, ਜਿਸ ’ਤੇ ਲਗਭਗ ₹150 ਕਰੋੜ ਦੀ ਲਾਗਤ ਆਉਣ ਦਾ ਅਨੁਮਾਨ ਹੈ। ਇਨ੍ਹਾਂ ਹੋਸਟਲਾਂ ਦਾ ਉਦੇਸ਼ ਕੰਮਕਾਜੀ ਮਹਿਲਾਵਾਂ ਨੂੰ ਸੁਰੱਖਿਅਤ ਅਤੇ ਕਿਫ਼ਾਇਤੀ ਰਿਹਾਇਸ਼ ਪ੍ਰਦਾਨ ਕਰਨਾ ਹੈ। ਇਸ ਦੇ ਨਾਲ ਹੀ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਵਨ ਸਟਾਪ ਸੈਂਟਰ ਸਥਾਪਿਤ ਕੀਤੇ ਗਏ ਹਨ। ਇਹ ਕੇਂਦਰ ਹਿੰਸਾ ਦਾ ਸਾਹਮਣਾ ਕਰ ਰਹੀਆਂ ਮਹਿਲਾਵਾਂ ਨੂੰ ਡਾਕਟਰੀ ਸਹਾਇਤਾ, ਕਾਨੂੰਨੀ ਮਦਦ, ਪੁਲਿਸ ਸਹਾਇਤਾ, ਕਾਉਂਸਲਿੰਗ, ਆਸ਼ਰਿਯ ਅਤੇ ਭੋਜਨ ਵਰਗੀਆਂ ਸਹੂਲਤਾਂ ਪ੍ਰਦਾਨ ਕਰਦੇ ਹਨ। 25 ਜੂਨ, 2026 ਤੱਕ ਵਿੱਤੀ ਸਾਲ 2026–27 ਦੌਰਾਨ 5,060 ਮਹਿਲਾਵਾਂ ਨੇ ਇਨ੍ਹਾਂ ਕੇਂਦਰਾਂ ਰਾਹੀਂ ਮੁਫ਼ਤ ਸੇਵਾਵਾਂ ਪ੍ਰਾਪਤ ਕੀਤੀਆਂ ਸਨ।

ਸਪੀਕਰ ਸਾਹਿਬ, ਇਸ ਸਰਕਾਰ ਦੀਆਂ ਸਭ ਤੋਂ ਮਹੱਤਵਪੂਰਨ ਉਪਲਬਧੀਆਂ ਵਿੱਚੋਂ ਇੱਕ ਇਹ ਹੈ ਕਿ ਇਹ ਮਹਿਲਾ ਸਸ਼ਕਤੀਕਰਨ ਨੂੰ ਪੰਜਾਬ ਦੇ ਪਿੰਡਾਂ ਤੱਕ ਲੈ ਕੇ ਜਾ ਰਹੀ ਹੈ। ਪੰਜਾਬ ਸਟੇਟ ਰੂਰਲ ਲਾਈਵਲੀਹੁੱਡਜ਼ ਮਿਸ਼ਨ ਤਹਿਤ 465 ਸਵੈ-ਸਹਾਇਤਾ ਸਮੂਹਾਂ (Self-Help Groups) ਨੂੰ ₹30,000 ਪ੍ਰਤੀ ਸਮੂਹ ਦੀ ਵਿੱਤੀ ਸਹਾਇਤਾ ਦਿੱਤੀ ਗਈ ਹੈ, ਜਿਸ ਨਾਲ ਲਗਭਗ 5,000 ਮਹਿਲਾਵਾਂ ਦੀ ਰੋਜ਼ੀ-ਰੋਟੀ ਮਜ਼ਬੂਤ ਹੋਈ ਹੈ। ਇਹ ਸਿਰਫ਼ ਸਹਾਇਤਾ ਦੇਣ ਅਤੇ ਮੌਕਾ ਪੈਦਾ ਕਰਨ ਵਿੱਚ ਅੰਤਰ ਹੈ। ਸਰਕਾਰ ਮਹਿਲਾਵਾਂ ਨੂੰ ਬੱਚਤ ਕਰਨ, ਸੰਸਥਾਗਤ ਕਰਜ਼ਾ ਪ੍ਰਾਪਤ ਕਰਨ, ਆਪਣਾ ਕਾਰੋਬਾਰ ਸ਼ੁਰੂ ਕਰਨ ਅਤੇ ਆਰਥਿਕ ਤੌਰ ’ਤੇ ਆਤਮਨਿਰਭਰ ਬਣਨ ਵਿੱਚ ਮਦਦ ਕਰ ਰਹੀ ਹੈ।

ਮਾਣਯੋਗ ਸਪੀਕਰ ਸਾਹਿਬ, ਸਿਹਤ ਸੇਵਿਕਾ ਪ੍ਰੋਗਰਾਮ ਇਸ ਗੱਲ ਦੀ ਸੁੰਦਰ ਉਦਾਹਰਨ ਹੈ ਕਿ ਕਿਵੇਂ ਇੱਕ ਨੀਤੀ ਮਹਿਲਾ ਸਸ਼ਕਤੀਕਰਨ, ਰੋਜ਼ਗਾਰ ਅਤੇ ਬਿਹਤਰ ਸਿਹਤ ਸੇਵਾਵਾਂ—ਤਿੰਨਾਂ ਨੂੰ ਇਕੱਠੇ ਅੱਗੇ ਵਧਾ ਸਕਦੀ ਹੈ।

ਮਾਣਯੋਗ ਸਪੀਕਰ ਸਾਹਿਬ, ਇਸ ਪ੍ਰੋਗਰਾਮ ਤਹਿਤ ਕਾਰੋਬਾਰੀ ਸਿਖਲਾਈ, ਡਿਜ਼ੀਟਲ ਸਹਾਇਤਾ ਅਤੇ ਮਨਜ਼ੂਰਸ਼ੁਦਾ ਲਾਭਪਾਤਰੀਆਂ ਨੂੰ ₹75,000 ਤੱਕ ਦੇ ਕਰਜ਼ੇ ਦੀ ਸਹੂਲਤ ਦਿੱਤੀ ਜਾਂਦੀ ਹੈ। ਧੂਰੀ ਅਤੇ ਭਵਾਨੀਗੜ੍ਹ

ਵਿੱਚ ਸ਼ੁਰੂਆਤ ਤੋਂ ਬਾਅਦ 26 ਪਿੰਡਾਂ ਵਿੱਚ 115 ਬਿਜ਼ਨਸ ਪਲਾਨ ਮਨਜ਼ੂਰ ਕੀਤੇ ਗਏ ਹਨ, ਜਿਨ੍ਹਾਂ ਵਿੱਚ ₹50.3 ਲੱਖ ਦੀ ਫੰਡਿੰਗ ਸ਼ਾਮਲ ਹੈ। ਇੱਕ ਲਾਭਪਾਤਰੀ ਗੁਰਮੀਤ ਕੌਰ ਨੇ ਆਪਣੇ ਸਿਲਾਈ ਦੇ ਕਾਰੋਬਾਰ ਦਾ ਵਿਸਥਾਰ ਕੀਤਾ ਅਤੇ ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਉਸ ਨੇ ਆਪਣੇ ਪਿੰਡ ਦੀਆਂ ਹੋਰ ਦੋ ਮਹਿਲਾਵਾਂ ਨੂੰ ਰੋਜ਼ਗਾਰ ਦਿੱਤਾ। ਇਹ ਮਹਿਲਾ ਸਸ਼ਕਤੀਕਰਨ ਦਾ ਮਲਟੀਪਲਾਇਰ ਪ੍ਰਭਾਵ ਹੈ।

**1325/Beant kaur/BS khokhar**

**1330/harpreet singh**

ਮਾਣਯੋਗ ਸਪੀਕਰ ਸਾਹਿਬ, ਮਹਿਲਾਵਾਂ ਦਾ ਡਿਜੀਟਲ ਅਰਥ ਵਿਵਸਥਾ ਵਿਚ ਪ੍ਰਵੇਸ਼। ਮਾਣਯੋਗ ਸਪੀਕਰ ਸਾਹਿਬ, ਪੇਂਡੂ ਮਹਿਲਾਵਾਂ ਨੂੰ ਰੰਗਲਾ ਬਣਾਉਣ ਲਈ ਡਿਜੀਟਲ ਅਰਥ ਵਿਵਸਥਾ ਨਾਲ ਜੋੜਨਾ ਬਹੁਤ ਜ਼ਰੂਰੀ ਹੈ। ਵਾਤਾਵਰਣ ਸਬੰਧੀ ਸੇਵਾਵਾਂ ਵਿਚ ਮਹਿਲਾਵਾਂ ਦੀ ਅਗਵਾਈ, ਐਸ.ਐਚ.ਈ. ਅਦਾਰੇ, ਠੋਸ ਕੂੜਾ ਪ੍ਰਬੰਧਨ ਸਾਲਿਡ ਵੇਸਟ ਮੈਨੇਜਮੈਂਟ ਪ੍ਰੋਗਰਾਮ ਵਿਚ ਵੀ ਮਹਿਲਾਵਾਂ ਦੀ ਅਗਵਾਈ ਵਾਲੇ ਪ੍ਰੋਗਰਾਮ ਦੀ ਇਕ ਉਦਾਹਰਣ ਹਨ। ਇਸ ਪ੍ਰੋਗਰਾਮ ਤਹਿਤ ਇਸ ਸਮੇਂ ਪੰਜ ਜ਼ਿਲ੍ਹੇ, ਪੰਜ ਸੌ ਪਿੰਡ, 228 ਸਾਲਿਡ ਵੇਸਟ ਮੈਨੇਜਮੈਂਟ ਯੂਨਿਟ ਅਤੇ 152 ਪਿੰਡ ਐਕਟੀਵੇਟ ਅਤੇ 14 ਪਿੰਡਾਂ ਵਿਚ ਪੂਰੀ ਤਰ੍ਹਾਂ ਕਾਰਜਸ਼ੀਲ ਪ੍ਰਬੰਧ ਕੀਤੇ ਗਏ ਹਨ। ਜਿਨ੍ਹਾਂ ਪਿੰਡਾਂ ਵਿਚ ਇਹ ਮਾਡਲ ਚੱਲ ਰਿਹਾ ਹੈ, ਉੱਥੇ 15 ਐਸ.ਐਚ.ਈ. ਮਹਿਲਾਵਾਂ ਪਹਿਲਾਂ ਹੀ 3337 ਘਰਾਂ ਤੋਂ ਕੂੜਾ ਇਕੱਠਾ ਕਰਨ ਦੇ ਕੰਮ ਵਿਚ ਸ਼ਾਮਲ ਹਨ ਅਤੇ ਉਨ੍ਹਾਂ ਨੇ 1 ਲੱਖ 64 ਹਜ਼ਾਰ 480 ਰੁਪਏ ਦੀ ਪ੍ਰਤੀ ਮਹੀਨਾ ਕਮਾਈ ਕੀਤੀ ਹੈ। ਇਸ ਦਾ ਇਹ ਅਰਥ ਹੈ ਕਿ ਮਹਿਲਾਵਾਂ ਨੂੰ ਸਿਰਫ਼ ਵਿੱਤੀ ਸਹਾਇਤਾ ਨਹੀਂ ਦਿੱਤੀ ਜਾ ਰਹੀ ਸਗੋਂ ਪੰਜਾਬ ਦੇ ਵਾਤਾਵਰਣ ਦੀਆਂ ਚੁਣੌਤੀਆਂ ਦੇ ਹੱਲ ਵਿਚ ਵੀ ਭਾਗੀਦਾਰ ਬਣਾਇਆ ਜਾ ਰਿਹਾ ਹੈ। ਕਿਸ਼ੋਰੀਆਂ ਅਤੇ ਮਹਿਲਾਵਾਂ ਦੇ ਸਨਮਾਨ ਦੀ ਰੱਖਿਆ ਲਈ ਸਰਕਾਰ ਦੀ ਨਵੀਂ ਦਿਸ਼ਾ ਯੋਜਨਾ ਤਹਿਤ ਪੰਜਾਬ ਦੇ ਸਾਰੇ 27 ਹਜ਼ਾਰ 314 ਆਂਗਣਵਾੜੀ ਕੇਂਦਰਾਂ ਰਾਹੀਂ ਲੋੜਵੰਦ ਮਹਿਲਾਵਾਂ ਨੂੰ ਹਰ ਮਹੀਨੇ ਸੈਨੇਟਰੀ ਪੈਡ ਮੁਹੱਈਆ ਕੀਤੇ ਜਾਂਦੇ ਹਨ। ਸਾਲ 2025-26 ਦੌਰਾਨ 13 ਲੱਖ 765 ਲੋੜਵੰਦ ਮਹਿਲਾਵਾਂ ਨੂੰ 40 ਕਰੋੜ ਦੇ 10 ਕਰੋੜ ਸੈਨੇਟਰੀ ਪੈਡ ਵੰਡੇ ਗਏ ਹਨ। ਇਹ ਇਹ ਬੁਨਿਆਦੀ ਪਰ ਬੇਹੱਦ ਮਹੱਤਵਪੂਰਨ ਕਦਮ ਹੈ। ਮਹਿਲਾਵਾਂ ਦੇ ਸਨਮਾਨ, ਸਿੱਖਿਆ ਅਤੇ ਰੁਜ਼ਗਾਰ ਲਈ ਭਾਗੀਦਾਰੀ ਨੂੰ ਮਜ਼ਬੂਤ ਕਰਦਾ ਹੈ। ਸਪੀਕਰ ਸਾਹਿਬ ਜਦੋਂ ਅਸੀਂ ਇਨ੍ਹਾਂ ਸਾਰੀਆਂ ਪਹਿਲਕਦਮੀਆਂ ਨੂੰ ਇਕੱਠੇ ਵੇਖਦੇ ਹਾਂ ਤਾਂ ਸਾਨੂੰ ਮਹਿਲਾਵਾਂ ਪ੍ਰਤੀ ਸਰਕਾਰ ਦੀ ਪਹੁੰਚ ਵਿਚ ਇਕ ਬੁਨਿਆਦੀ ਬਦਲਾਅ ਨਜ਼ਰ ਆਉਂਦਾ ਹੈ। ਹੁਣ ਸਵਾਲ ਇਹ ਨਹੀਂ ਕਿ ਸਰਕਾਰ ਕੀ ਦੇ ਸਕਦੀ ਹੈ। ਹੁਣ ਸਵਾਲ ਇਹ ਹੈ ਕਿ ਸਰਕਾਰ ਇਕ ਮਹਿਲਾ ਨੂੰ ਆਰਥਿਕ ਤੌਰ ਤੇ ਆਤਮ ਨਿਰਭਰ, ਸਮਾਜਿਕ ਤੌਰ ਤੇ ਸੁਰੱਖਿਅਤ ਤੇ ਆਰਥਿਕ ਵਿਕਾਸ ਵਿਚ ਉਦਤਾਪਦਕ ਭਾਗੀਦਾਰ ਕਿਵੇਂ ਬਣਾ ਸਕਦੀ ਹੈ। ਪੰਜਾਬ ਵਿਧਾਨ ਸਭਾ ਵਿਚ ਚੁਣੀਆਂ ਗਈਆਂ 11 ਮਹਿਲਾ ਆਪ ਵਿਧਾਇਕਾਂ ਤੋਂ ਲੈ ਕੇ ਪੰਜਾਬ ਦੀ ਕੈਬੀਨੇਟ ਵਿਚ ਮਹਿਲਾਵਾਂ ਦੇ ਸੇਵਾ ਨਿਭਾਉਣ ਤੱਕ ਪਿਛਲੇ ਸਾਢੇ ਚਾਰ ਸਾਲਾਂ ਵਿਚ ਪੈਦਾ ਕੀਤੀਆਂ 68 ਹਜ਼ਾਰ 268 ਸਰਕਾਰੀ ਨੌਕਰੀਆਂ, ਜਿਨ੍ਹਾਂ ਵਿਚ ਬਹੁਮਤ ਮਹਿਲਾਵਾਂ ਦਾ ਰਿਹਾ। ਮੁੱਖ ਮੰਤਰੀ ਮਾਂਵਾਂ ਧੀਆਂ ਸਤਿਕਾਰ ਯੋਜਨਾ ਤਹਿਤ 65 ਲੱਖ ਤੋਂ ਵੱਧ ਮਹਿਲਾਵਾਂ ਨੂੰ ਦਿੱਤੀ ਵਿੱਤੀ ਸਹਾਇਤਾ ਦੇ ਕੇ ਹਰ ਮਹੀਨੇ 1.2 ਕਰੋੜ ਮੁਫ਼ਤ ਬੱਸ ਯਾਤਰਾਵਾਂ ਤੱਕ, ਐਸ.ਐਚ.ਈ. ਰਾਹੀਂ ਪੰਜ ਹਜ਼ਾਰ ਮਹਿਲਾਵਾਂ ਦੇ ਸਸ਼ਕਤੀਕਰਨ ਤੋਂ ਲੈ ਕੇ ਮਹਿਲਾਵਾਂ ਦੇ ਸਿਹਤ ਸਵਿਕਾ, ਡਿਜੀਟਲ ਵਰਕਰ ਅਤੇ ਪਿੰਡਾਂ ਵਿਚ ਕੂੜਾ ਪ੍ਰਬੰਧਕ ਉਦਯੋਗਪਤੀ ਬਣਨ ਤੱਕ ਇਹ ਇਕ ਅਜਿਹੀ ਸਰਕਾਰ ਦੀ ਤਸਵੀਰ ਪੇਸ਼ ਕਰਦਾ ਹੈ, ਜੋ ਪੰਜਾਬ ਦੇ ਸਮਾਜਿਕ, ਰਾਜਨੀਤਕ, ਆਰਥਿਕ ਬਦਲਾਅ ਵਿਚ ਮਹਿਲਾਵਾਂ ਨੂੰ ਕੇਂਦਰ ਵਿਚ ਰੱਖਣ ਦੀ

ਕੋਸ਼ਿਸ਼ ਕਰ ਰਹੀ ਹੈ। ਇਹ ਸਿਰਫ਼ ਮਹਿਲਾ ਭਲਾਈ ਨਹੀਂ ਹੈ, ਇਹ ਮਹਿਲਾ ਅਗਵਾਈ ਵਾਲਾ ਵਿਕਾਸ ਹੈ ਅਤੇ ਜਦੋਂ ਪੰਜਾਬ ਦੀਆਂ ਮਹਿਲਾਵਾਂ ਅੱਗੇ ਵੱਧਦੀਆਂ ਹਨ ਤਾਂ ਪੰਜਾਬ ਅੱਗੇ ਵੱਧਦਾ ਹੈ। ਇਸ ਲਈ ਮੈਂ ਇਸ ਮਾਣਯੋਗ ਸਦਨ ਵਿਚ ਮੁੱਖ ਮੰਤਰੀ ਸ਼੍ਰੀ ਭਗਵੰਤ ਮਾਨ ਜੀ ਅਤੇ ਉਨ੍ਹਾਂ ਦੇ ਪੂਰੇ ਮੰਤਰੀ ਮੰਡਲ ਵੱਲੋਂ ਪੰਜਾਬ ਦੀਆਂ ਮਹਿਲਾਵਾਂ ਦੇ ਸਨਮਾਨ, ਸੁਰੱਖਿਆ, ਆਵਾਜਾਈ, ਰੁਜ਼ਗਾਰ, ਉਦਯੋਗਪਤੀ ਅਤੇ ਵਿਤੀ ਸਸ਼ਕਤੀਕਰਨ ਲਈ ਕੀਤੇ ਜਾ ਰਹੇ ਲਗਾਤਾਰ ਯਤਨਾਂ ਲਈ ਆਪਣੀ ਦਿਲੋਂ ਪ੍ਰਸ਼ੰਸਾ ਅਤੇ ਧੰਨਵਾਦ ਦਰਜ ਕਰਵਾਉਂਦੀ ਹਾਂ। ਮੈਂ ਇਸ ਸਦਨ ਨੂੰ ਅਪੀਲ ਕਰਦੀ ਹਾਂ ਕਿ ਇਸ ਮਤੇ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ। ਧੰਨਵਾਦ ਜੀ।( ਥੰਪਿੰਗ)

**ਮਾਣਯੋਗ ਸਪੀਕਰ**: ਬਾਵਾ ਜੀ, ਇਸ ਮਤੇ ਤੇ ਬੋਲਣਾ ਚਾਹੁੰਦੇ ਹੋ?

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ਼੍ਰੀ ਅਵਤਾਰ ਸਿੰਘ ਜੂਨੀਅਰ ਆਪਣੀ ਸੀਟ ਤੇ ਹੀ ਬੈਠੇ ਰਹੇ।)

**ਸ਼੍ਰੀ ਸੁਖਵਿੰਦਰ ਸਿੰਘ ਕੋਟਲੀ (ਆਦਮਪੁਰ, ਐਸ.ਸੀ.)**: ਸਪੀਕਰ ਸਾਹਿਬ, ਬਹੁਤ ਧੰਨਵਾਦ ਜੀ। ਸਾਡੇ ਸਤਿਕਾਰਯੋਗ ਮੈਂਬਰ ਸਾਹਿਬਾ ਨੇ ਜੋ ਔਰਤਾਂ ਦੇ ਸਸ਼ਕਤੀਕਰਨ ਬਾਰੇ ਮਤਾ ਲਿਆਂਦਾ ਹੈ। ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਬਹੁਤ ਚੰਗੇ ਤਰੀਕੇ ਨਾਲ ਸਰਕਾਰ ਦੀਆਂ ਪ੍ਰਾਪਤੀਆਂ ਦਾ ਉਸ ਵਿਚ ਜ਼ਿਕਰ ਕੀਤਾ ਹੈ ਪਰ ਇਸ ਦੇ ਨਾਲ ਸਾਡੇ ਸਤਿਕਾਰਯੋਗ ਮੈਂਬਰ ਸਾਹਿਬਾ ਨੂੰ ਇਹ ਵੀ ਦੱਸ ਦੇਣਾ ਚਾਹੀਦਾ ਸੀ ਕਿ ਪਿਛਲੇ ਸਾਢੇ ਚਾਰ ਅੰਦਰ ਪੰਜਾਬ ਵਿਚ ਕਿੰਨੀਆਂ ਔਰਤਾਂ ਦੇ ਉੱਤੇ ਲਾਠੀਚਾਰਜ ਹੋਇਆ, ਕਿੰਨੀਆਂ ਦਾ ਕੁਟਾਪਾ ਕੀਤਾ ਅਤੇ ਕਿੰਨੀਆਂ ਨੂੰ ਫੜ ਕੇ ਥਾਣੇ ਦੇ ਅੰਦਰ ਡੱਕਿਆ। ਔਰਤਾਂ ਦੀ ਇਹ ਸਟੇਟਮੈਂਟ ਹੈ ਕਿ ਉਨ੍ਹਾਂ ਨਾਲ ਅਣਮਨੁੱਖੀ ਵਿਵਹਾਰ ਕੀਤਾ ਗਿਆ, ਜਿਸ ਦੇ ਅੰਦਰ ਸਫਾਈ ਕਰਮਚਾਰੀ ਔਰਤਾਂ ਸ਼ਾਮਲ ਹਨ। ਨਰੇਗਾ ਦੀਆਂ ਔਰਤਾਂ ਖੰਨਾ ਦੇ ਅੰਦਰ ਜੋ ਹੋਇਆ। ਮੇਰੇ ਹਲਕੇ ਤੋਂ ਵੀ ਭੈਣਾਂ ਉਸ ਧਰਨੇ ਵਿਚ ਮੌਜੂਦ ਸਨ। ਕਿਸ ਤਰੀਕੇ ਨਾਲ ਉਨ੍ਹਾਂ ਨੂੰ ਕੁੱਟਿਆ ਅਤੇ ਹਸਪਤਾਲ ਵਿੱਚ ਦਾਖਲ ਕਰਵਾਇਆ।

**1335/amandeep kaur**

ਠੀਕ ਹੈ, ਮੰਤਰੀ ਸਾਹਿਬ, ਉਨ੍ਹਾਂ ਦੀ ਸਾਰ ਲੈਣ ਗਏ ਪਰ ਉਨ੍ਹਾਂ ਦੀਆਂ ਸਮੱਸਿਆਵਾਂ ਉਨ੍ਹਾਂ ਦੀ ਗੱਲ ਵੱਲ ਕੋਈ ਧਿਆਨ ਨਹੀਂ ਦਿੱਤਾ। ਜਿਹੜਾ ਇਹ ਕਿਹਾ ਜਾ ਰਿਹਾ ਹੈ ਕਿ ਔਰਤਾਂ ਦੇ ਸ਼ਸ਼ਤ੍ਰੀਕਰਨ ਬਾਰੇ ਸਰਕਾਰ ਨੇ ਬਹੁਤ ਕੁਝ ਕੀਤਾ। ਮੈਂ ਤੁਹਾਡੇ ਮਾਧਿਅਮ ਦੇ ਰਾਹੀਂ ਸਰਕਾਰ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅੱਜ ਮੁਲਾਜ਼ਮ ਔਰਤਾਂ ਸਰਕਾਰੀ ਅਦਾਰਿਆਂ ਦੇ ਅੰਦਰ ਨੌਕਰੀ ਕਰ ਰਹੀਆਂ ਹਨ, ਜਿਨ੍ਹਾਂ ਦਾ ਡੀ.ਏ ਦਾ ਕਰੋੜਾ ਰੁਪਏ ਦਾ ਪੈਸਾ ਬਕਾਇਆ ਪਿਆ ਹੈ, 45% ਤੋਂ ਵੱਧ ਔਰਤਾਂ ਚੰਡੀਗੜ੍ਹ ਵਿਖੇ ਇਕੱਠੀਆਂ ਹੋ ਕੇ ਇਸ ਸਰਕਾਰ ਦਾ ਬੁਰਾ ਹਾਲ ਕਰਕੇ ਗਈਆਂ ਹਨ। ਕੀ ਉਨ੍ਹਾਂ ਨੌਕਰੀ ਕਰ ਰਹੀਆਂ ਭੈਣਾਂ ਦਾ ਸਰਕਾਰ ਨੂੰ ਕੋਈ ਖਿਆਲ ਨਹੀਂ ਹੈ ਕਿ ਉਨ੍ਹਾਂ ਦੇ ਉਥਾਨ ਤੇ ਤਰੱਕੀ ਦੇ ਲਈ ਜੋ ਉਨ੍ਹਾਂ ਦਾ ਸਰਕਾਰ ਦੇ ਵੱਲ ਪੈਸਾ ਬਣਦਾ ਹੈ, ਉਨ੍ਹਾਂ ਨੂੰ ਦਿੱਤਾ ਜਾਵੇ। ਪਟਿਆਲਾ ਦੇ ਅੰਦਰ ਜਿੱਥੇ ਯੂਥ ਐਜੀਟੇਸ਼ਨ ਕਰ ਰਿਹਾ ਸੀ, ਕਿਉਂਕਿ ਗੱਲ ਮੈਂ ਸਿਰਫ ਔਰਤਾਂ ਦੀ ਕਰ ਰਿਹਾ ਹਾਂ, ਉੱਥੇ ਉਨ੍ਹਾਂ ਮਾਮਲਿਆਂ ਤੇ ਹਾਲੇ ਤੱਕ ਕੋਈ ਐਕਸ਼ਨ ਨਹੀਂ ਹੋਇਆ। ਕਦੇ ਕਹਿੰਦੇ ਹਨ ਕਿ ਡੀ.ਐਸ.ਪੀ ਜਾਂ ਹੋਰਾਂ ਨੂੰ ਸਸਪੈਂਡ ਕਰ ਦਿੱਤਾ, ਜਦੋਂ ਤੁਹਾਡੇ ਕੋਲ ਤੱਥ ਤੇ ਸਬੂਤ ਹਨ ਅਜਿਹੇ ਅਫਸਰਾਂ ਨੂੰ ਸਸਪੈਂਡ ਕਰਨ ਦੀ ਬਜਾਏ ਉਨ੍ਹਾਂ ਨੂੰ ਟਰਮੀਨੇਟ ਕਿਉਂ ਨਹੀਂ ਕੀਤਾ ਜਾਂਦਾ। ਜਦੋਂ

ਸਾਡੀਆਂ ਬੱਚੀਆਂ ਸਟੇਟਮੈਂਟਸ ਦੇ ਰਹੀਆਂ ਹਨ ਕਿ ਉਨ੍ਹਾਂ ਨੇ ਸਾਡੇ ਨਾਲ ਅਣਮਨੁੱਖੀ ਵਿਵਹਾਰ ਤੇ ਸਾਨੂੰ ਅਣਮਨੁੱਖੀ ਤਸੀਹੇ ਦਿੱਤੇ ਤੇ ਫਿਰ ਸਰਕਾਰ ਕਦੋਂ ਜਾਗੇਗੀ? ਸਾਡੇ ਸਤਿਕਾਰਯੋਗ ਮੈਂਬਰ ਸਾਹਿਬ ਉਸ ਦਾ ਵੀ ਕੀ ਜਵਾਬ ਦੇਣਗੇ? ਉਸ ਤੋਂ ਬਾਅਦ ਮੋਹਾਲੀ ਦੇ ਅੰਦਰ ਟੀਚਰਜ਼ ਨੇ ਧਰਨਾ ਮਾਰਿਆ, ਸਾਡੀਆਂ ਬੱਚੀਆਂ ਤੇ ਕਿੰਨਾ ਲਾਠੀਚਾਰਜ ਹੋਇਆ, ਉਨ੍ਹਾਂ ਨੂੰ ਫੜ੍ਹ ਕੇ ਥਾਣੇ ਲੈ ਕੇ ਗਏ, ਘੜੀਸ ਘੜੀਸ ਕੇ ਬੱਸਾਂ ਦੇ ਅੰਦਰ ਸੁੱਟਿਆ, ਕੀ ਸਰਕਾਰ ਇਸ ਪੰਜਾਬ ਦੀ ਵਿਧਾਨ ਸਭਾ ਦੇ ਅੰਦਰ ਇਨ੍ਹਾਂ ਦਾ ਵੀ ਕੋਈ ਜਵਾਬ ਦੇਵੇਗੀ? ਬਰਨਾਲਾ ਦੇ ਅੰਦਰ ਜਿਨ੍ਹਾਂ ਤੇ ਲਾਠੀਚਾਰਜ ਹੋਇਆ ਸੀ, ਉਨ੍ਹਾਂ ਦੀ ਹਮਾਇਤ ਵਿੱਚ ਬਠਿੰਡਾ ਦੇ ਅੰਦਰ ਬਹੁਤ ਵੱਡਾ ਪ੍ਰਦਰਸ਼ਨ ਹੋਇਆ, ਮੇਰੇ ਕੋਲ ਰਿਕਾਰਡ ਹੈ, ਮੈਂ ਜਲਦੀ ਜਲਦੀ ਪੜ੍ਹਿਆ, ਮੈਂ ਰਿਕਾਰਡ ਮੰਗਵਾਇਆ ਹੈ, ਮੈਂ ਸਬਮਿਟ ਕਰ ਦਿੰਦਾ ਹਾਂ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਸਰਕਾਰ ਅੱਜ ਕਿਹੜੇ ਰਾਹ ਤੇ ਹੈ। ਇਹ ਜੋ 9 ਬਿਲ ਤੁਸੀਂ ਲਿਆਏ ਹੋ, ਇਸ ਤੇ ਗੱਲ ਕਰਨ ਦੀ ਗੱਲ ਅੱਗੇ ਨੂੰ ਗਈ ਨਹੀਂ, ਇਹ ਪਤਾ ਨਹੀਂ ਰਾਤ 9 ਵਜੇ ਤੱਕ ਸੈਸ਼ਨ ਚਲਾ ਕੇ ਹੋ ਜਾਵੇ ਕਿਉਂਕਿ ਤੁਸੀਂ ਅੱਜ ਹਾਊਸ ਨੂੰ ਐਡਜਰਨ ਵੀ ਕਰਨਾ ਹੈ। ਪਰ ਇਨ੍ਹਾਂ ਸਾਰੇ ਮੁੱਦਿਆਂ ਤੇ ਚਰਚਾ ਹੋਣ ਦੀ ਬਜਾਏ ਔਰਤਾਂ ਪ੍ਰਤੀ ਪ੍ਰਾਪਤੀਆਂ ਨੂੰ ਗਿਣਾ ਦਿੱਤਾ ਗਿਆ। ਇਹ ਵੀ ਮੇਰੇ ਭੈਣ ਦੱਸ ਕੇ ਜਾਣ ਕਿ ਜਿਹੜਾ 1000-1000 ਰੁਪਿਆ ਔਰਤਾਂ ਨੂੰ ਦਿੱਤਾ ਹੈ।

(ਵਿਘਨ)(ਸ਼ੋਰ)

**ਮਾਣਯੋਗ ਸਪੀਕਰ:** ਬੈਠੋ ਜੀ, ਤੁਹਾਡੀ ਗੱਲ ਆ ਗਈ ਹੈ।

**ਸ੍ਰੀ ਸੁਖਵਿੰਦਰ ਸਿੰਘ ਕੋਟਲੀ:** ਸਪੀਕਰ ਸਾਹਿਬ, ਗੱਲ ਇਸ ਤਰ੍ਹਾਂ ਹੈ ਕਿ ਜਿਹੜਾ 1000-1000 ਰੁਪਏ ਦੇ ਫਾਰਮ ਭਰੇ ਹਨ, ਉਹ ਤੁਸੀਂ ਆਪਣੇ ਵਾਲੰਟੀਅਰਾਂ ਨੂੰ ਮਸ਼ੀਨਾਂ ਦੇ ਦੇ ਕੇ ਫਾਰਮ ਭਰਵਾਏ ਹਨ, ਬਾਕੀ ਔਰਤਾਂ ਕਿੱਥੇ ਗਈਆਂ ਹਨ। ਮੇਰੀ ਭੈਣ ਆਦਮਪੁਰ ਦਾ ਵੀ ਅੰਕੜਾ ਇੱਥੇ ਜਾਰੀ ਕਰਕੇ ਜਾਣ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸ਼ਰੇਆਮ ਔਰਤਾਂ ਦੇ ਨਾਲ ਧੱਕਾ ਹੋਇਆ ਹੈ। ਕੀ ਤੁਸੀਂ ਇਸ ਦਾ ਜਵਾਬ ਦਿਉਗੇ? ਕੀ ਤੁਸੀਂ ਔਰਤਾਂ ਤੇ ਹੋਏ ਲਾਠੀਚਾਰਜ ਮਾਮਲੇ ਵਿੱਚ ਪਰਚੇ ਦਰਜ ਕਰੋਗੇ? ਜਿਨ੍ਹਾਂ ਨੇ ਸਾਡੀਆਂ ਭੈਣਾਂ ਤੇ ਲਾਠੀਚਾਰਜ ਤੇ ਗੋਲੀਆਂ ਚਲਾਈਆਂ ਕੀ ਤੁਸੀਂ ਉਨ੍ਹਾਂ ਦੇ ਖਿਲਾਫ ਕੇਸ ਰਜਿਸਟਰ ਕਰੋਗੇ?

**ਸ੍ਰੀ ਅਮਨਸ਼ੇਰ ਸਿੰਘ (ਸ਼ੈਰੀ ਕਲਸੀ) (ਬਟਾਲਾ):** ਸਪੀਕਰ ਸਾਹਿਬ, ਮੈਂਬਰ ਸਾਹਿਬ, ਬਾਕੀ ਔਰਤਾਂ ਵੀ ਸਾਡੀਆਂ ਮਾਵਾਂ ਭੈਣਾ ਹਨ, ਅਸੀਂ ਸਾਰੀਆਂ ਤੋਂ ਹੀ ਫਾਰਮ ਭਰਵਾਏ ਗਏ ਹਨ। ਸਪੀਕਰ ਸਾਹਿਬ, ਗੱਲ ਇਸ ਤਰ੍ਹਾਂ ਹੈ ਕਿ ਇਨ੍ਹਾਂ ਤੋਂ ਉਨ੍ਹਾਂ ਦਾ ਮਨ ਅੱਕ ਚੁੱਕਿਆ ਹੈ, ਇਨ੍ਹਾਂ ਨੇ ਘਰ ਘਰ ਨੌਕਰੀ, ਸਮਾਰਟ ਫੋਨ, ਕਰਜ਼ਾ ਮੁਆਫ ਆਦਿ ਸਬੰਧੀ ਜਿਹੜੀ ਝੂਠੀ ਗੁਟਕਾ ਸਾਹਿਬ ਦੀ ਸਹੁੰ ਖਾਧੀ ਸੀ ਔਰਤਾਂ ਇਨ੍ਹਾਂ ਕੋਲ ਤਾਂ ਨਹੀਂ ਗਈਆਂ ਕਿ ਪਹਿਲੀਆਂ ਜਿਹੜੀਆਂ ਕਸਮਾਂ ਖਾ ਕੇ ਮੁਕਰ ਗਏ, ਹੁਣ ਵੀ ਮੁਕਰ ਜਾਣਾ ਹੁਣ ਇਸ ਕਰਕੇ ਆਮ ਆਦਮੀ ਪਾਰਟੀ ਤੇ ਉਨ੍ਹਾਂ ਨੂੰ ਵਿਸ਼ਵਾਸ ਹੈ ਜਿਸ ਨੇ ਜੋ ਕਿਹਾ ਉਹ ਕਰਕੇ ਵਿਖਾਇਆ ਹੈ। (ਵਿਘਨ) (ਸ਼ੋਰ)

**1340/Tarlochan Singh**

**ਮਾਣਯੋਗ ਸਪੀਕਰ** : ਠੀਕ ਹੈ ਜੀ। (ਵਿਘਨ) ਬੈਠੋ ਜੀ ਬੈਠੋ। (ਸ਼ੋਰ) ਆਪਾਂ ਡਿਸਕਸ਼ਨ ਨੂੰ ਅੱਗੇ ਤੋਰੀਏ। (ਵਿਘਨ) ਮੰਤਰੀ ਜੀ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਰੂਲਿੰਗ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾ ਆਗਿਆ ਬੋਲ ਰਹੇ ਸਨ। ਸਦਨ ਵਿੱਚ ਕਾਫੀ ਸ਼ੋਰ ਸੀ।)

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ)** : ਸਰ, ਮਾਣਯੋਗ ਮੈਂਬਰ ਸਾਹਿਬ ਨੇ ਗੱਲ ਕੀਤੀ ਹੈ। (ਵਿਘਨ) (ਸ਼ੋਰ) ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਇਤਿਹਾਸ ਦੀ ਪਹਿਲੀ ਸਰਕਾਰ ਹੈ, ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਜਿਸ ਨੇ 117 ਹਲਕਿਆਂ ਵਿੱਚੋਂ ਪਹਿਲਾਂ 100-100 ਮਾਵਾਂ ਤੇ ਭੈਣਾਂ ਨੂੰ ਐਂਟਰਪ੍ਰਿਉਨਰ ਬਣਾਉਣ ਲਈ ਸਿਲੈਕਟ ਕੀਤਾ ਗਿਆ। ਤਕਰੀਬਨ 11700 ਮਾਵਾਂ ਭੈਣਾਂ ਨੂੰ ਸਿਲੈਕਟ ਕਰਕੇ ਉਨ੍ਹਾਂ ਨੂੰ ਸਨਮਾਨ ਦਿੱਤਾ ਗਿਆ। ਫਿਰ ਉਨ੍ਹਾਂ 11700 ਮਾਤਾਵਾਂ ਤੇ ਭੈਣਾਂ ਵਿੱਚੋਂ, ਜ਼ਿਲ੍ਹੇ ਵਾਰ 23 ਜ਼ਿਲ੍ਹਿਆਂ ਵਿੱਚੋਂ 100-100 ਨੂੰ ਸਿਲੈਕਟ ਕਰਕੇ 2300 ਮਾਤਾਵਾਂ ਭੈਣਾਂ ਨੂੰ ਜ਼ਿਲ੍ਹਿਆਂ ਵਿੱਚ ਸਨਮਾਨ ਕੀਤਾ ਗਿਆ। ਉਨ੍ਹਾਂ ਦਾ ਮਾਣ ਵਧਾਇਆ ਗਿਆ। ਫਿਰ ਉਨ੍ਹਾਂ 2300 ਵਿੱਚੋਂ 100 ਮਾਤਾਵਾਂ ਭੈਣਾਂ ਨੂੰ ਸਟੇਟ ਪੱਧਰ ਤੇ ਮੁੱਖ ਮੰਤਰੀ ਸਾਹਿਬ ਨੇ ਉਨ੍ਹਾਂ ਦਾ ਸਨਮਾਨ ਕੀਤਾ ਅਤੇ ਉਨ੍ਹਾਂ ਤੋਂ ਆਸ਼ੀਰਵਾਦ ਲਿਆ ਅਤੇ ਉਨ੍ਹਾਂ ਨੂੰ 25-25 ਹਜ਼ਾਰ ਰੁਪਏ ਦੀ ਨਕਦ ਇਨਾਮ ਰਾਸ਼ੀ ਦਿੱਤੀ। (ਥੰਪਿੰਗ) ਦੱਸੋ, ਅੱਜ ਤੱਕ ਕਿਹੜੀ ਸਰਕਾਰ ਨੇ ਇਹ ਕੀਤਾ ਹੈ?

**ਮਾਣਯੋਗ ਸਪੀਕਰ** : ਠੀਕ ਹੈ ਜੀ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ** : ਸਰ, ਕਨਕਲੂਡ ਕਰ ਰਿਹਾ ਹਾਂ ਜੀ। (ਵਿਘਨ) (ਸ਼ੋਰ) ਜੇਕਰ ਸੈਲਫ ਹੈਲਪ ਗਰੁੱਪ ਦੀ ਗੱਲ ਕਰੀਏ ਤਾਂ ਮੈਂ 5 ਮਿੰਟਾਂ ਵਿੱਚ ਡਾਟਾ ਮੰਗਵਾ ਰਿਹਾ ਹਾਂ, ਹੁਣੇ ਹੀ ਦੱਸ ਦਿਆਂਗਾ। 2021-22 ਵਿੱਚ ਪੰਜਾਬ ਵਿੱਚ ਕਿੰਨੇ ਸੈਲਫ ਹੈਲਪ ਗਰੁੱਪ ਚੱਲ ਰਹੇ ਸਨ ਤੇ ਅੱਜ ਵੀ ਤਾਰੀਖ ਵਿੱਚ ਕਿੰਨੇ ਚੱਲ ਰਹੇ ਹਨ, ਮੈਂ ਦੱਸ ਦਿੰਦਾ ਹਾਂ ਕਿ ਕਿੰਨੀਆਂ ਮਾਤਾਵਾਂ ਅਤੇ ਭੈਣਾਂ ਨੂੰ, ਪਿੰਡਾਂ ਵਿੱਚ ਬੈਠੀਆਂ ਨੂੰ, ਜਿਨ੍ਹਾਂ ਵਿੱਚ ਇੰਨੀ ਸ਼ਿਲਪ ਸੀ, ਇੰਨੀ ਕਲਾ ਸੀ, ਹੱਥ ਦੀਆਂ ਧਨੀ ਸਨ, ਕੋਈ ਸਵੈਟਰ ਬੁਣਦੀ ਸੀ, ਕੋਈ ਪੰਜਾਬੀ ਜੁੱਤੀਆਂ ਬਣਾਉਂਦੀ ਸੀ, ਕੋਈ ਆਚਾਰ, ਮੁਰੱਬਾ ਪਾਉਂਦੀ ਸੀ, ਸਰ, ਸਾਡੀ ਸਰਕਾਰ ਇਤਿਹਾਸ ਵਿੱਚ ਪਹਿਲੀ ਸਰਕਾਰ ਹੋਵੇਗੀ, ਜਿਸ ਨੇ ਘਰ ਬੈਠੀਆਂ ਮਾਵਾਂ ਤੇ ਭੈਣਾਂ ਨੂੰ ਘਰ ਬੈਠੀਆਂ ਨੂੰ ਰੋਜ਼ਗਾਰ ਦੇ ਇੰਨੇ ਮੌਕੇ ਪ੍ਰਦਾਨ ਕੀਤੇ ਹਨ। ਸਕੂਲਾਂ ਦੀਆਂ ਵਰਦੀਆਂ ਤੱਕ ਪਿੰਡ ਵਿੱਚ ਬੈਠੀਆਂ ਮਾਵਾਂ ਤੇ ਭੈਣਾਂ ਬਣਾ ਰਹੀਆਂ ਹਨ। ਇਹ ਕਿਵੇਂ ਦੱਸਣਗੇ ਕਿ ਮਾਵਾਂ ਤੇ ਭੈਣਾਂ ਦਾ ਸਤਿਕਾਰ ਕਿਵੇਂ ਹੁੰਦਾ ਹੈ?

**ਮਾਣਯੋਗ ਸਪੀਕਰ** : ਠੀਕ ਹੈ ਜੀ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ** : ਸੋ, ਸਰ, ਫੈਕਟਫੁੱਲ ਗੱਲ ਕਰਨੀ ਚਾਹੀਦੀ ਹੈ। ਇੱਕ ਗੱਲ ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਨੇ ਖੰਨਾ ਦੀ ਗੱਲ ਕੀਤੀ ਹੈ, ਕਿਸੇ ਤੇ ਵੀ ਕੋਈ ਲਾਠੀਚਾਰਚ ਨਹੀਂ ਹੋਇਆ ਹੈ, ਵੀਡਿਉ ਕਢਵਾ ਕੇ ਦੇਖ ਲਉ। ਉਸ ਦਿਨ ਕੀ ਹੋਇਆ ਸੀ। ਸਾਡੇ ਘਰਾਂ ਦੇ ਬਾਹਰ ਤਾਂ 10 ਧਰਨੇ ਲੱਗੇ ਹੋਣਗੇ। (ਵਿਘਨ) (ਸ਼ੋਰ)

**(ਇੱਕ ਆਵਾਜ਼** : ਤੁਸੀਂ ਖਬਰ ਲੈਣ ਗਏ ਸੀ?) (ਵਿਘਨ) (ਸ਼ੋਰ)

**ਪੇਂਡੂ ਵਿਕਾਸ ਤੇ ਪੰਚਾਇਤਾਂ ਮੰਤਰੀ** : ਮੈਂ ਖਬਰ ਲੈਣ ਗਿਆ ਹਾਂ। (ਵਿਘਨ) (ਸ਼ੋਰ)

**ਮਾਣਯੋਗ ਸਪੀਕਰ** : ਚੇਅਰ ਨੂੰ ਐਡਰੈਸ ਕਰੋ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ** : ਸਰ, ਮੈਂ ਉਸ ਦਿਨ ਆਪ ਚੰਡੀਗੜ੍ਹ ਤੋਂ ਮੌਕੇ ਤੇ ਖਬਰ ਲੈਣ ਗਿਆ ਸੀ। ਮੈਂ ਗੱਲ ਕਲੀਅਰ ਕਰਨੀ ਚਾਹੁੰਦਾ ਹਾਂ। ਸਰ, ਉਨ੍ਹਾਂ ਬੰਦਿਆਂ ਨੇ ਲਿਖ ਕੇ ਦਿੱਤਾ ਸੀ ਕਿ ਅਸੀਂ Non Violent ਪ੍ਰਾਟੈਸਟ ਕਰਾਂਗੇ। ਸਰ, ਉਹ ਨਾਨ-ਵਾਇਲੈਂਟ ਪ੍ਰਾਟੈਸਟ ਕਰਨ ਆਏ ਸੀ, ਬੈਠੇ ਸਨ। ਧਰਨੇ ਚੱਲਦੇ ਹਨ, ਕੋਈ ਗੱਲ ਨਹੀਂ। ਅਸੀਂ ਉਨ੍ਹਾਂ ਦੀਆਂ ਮੰਗਾਂ ਸੁਣ ਵੀ ਲਈਆਂ ਅਤੇ ਲਗਭਗ ਮੰਨ ਵੀ ਲਈਆਂ ਹਨ। ਦੇਖੋ ਕਿੱਡੀ ਵੱਡੀ ਗੱਲ ਹੈ, ਇਸ ਸਬੰਧੀ ਨੋਟੀਫਿਕੇਸ਼ਨ ਵੀ ਜਾਰੀ ਹੋ ਗਿਆ ਹੈ। ਪਰ in between ਸਰ, ਉਨ੍ਹਾਂ ਵਿੱਚੋਂ 20-30-40 ਬੰਦੇ ਅਜਿਹੇ ਸਨ ਜਿਨ੍ਹਾਂ ਨੇ ਜਾਣ ਬੁੱਝ ਕੇ ਧਰਨੇ ਨੂੰ ਖਰਾਬ ਕੀਤਾ। 10 ਧਰਨੇ ਤਾਂ ਖਰਾਬ ਨਹੀਂ ਹੋਏ ਫਿਰ 11ਵੇਂ ਧਰਨੇ ਨੂੰ ਖਰਾਬ ਕਰਨ ਦੇ ਚੱਕਰ ਵਿੱਚ ਮੁੱਠੀ ਭਰ ਪੁਲਿਸ ਵਾਲਿਆਂ ਨਾਲ ਧੱਕਾ ਕੀਤਾ। ਮੈਂ ਸਾਰਿਆਂ ਨੂੰ ਨਹੀਂ ਕਹਿ ਰਿਹਾ, ਉਨ੍ਹਾਂ ਵਿੱਚ 90% ਬਿਲਕੁਲ ਜੈਨੂਅਨ ਬੰਦੇ ਆਏ ਸਨ ਪਰ 10% ਬੰਦਿਆਂ ਨੇ ਮਾਹੌਲ ਖਰਾਬ ਕਰਕੇ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਨੂੰ ਖਰਾਬ ਕੀਤਾ। ਉਸ ਦਾ ਜ਼ਿੰਮੇਵਾਰੀ ਕੌਣ ਹੈ? ਪੁਲਿਸ ਨੇ ਆਪਣੀ ਲਾਅ ਐਂਡ ਆਰਡਰ ਦੀ ਸਿਚੁਏਸ਼ਨ ਨੂੰ ਬਹਾਲ ਕਰਨ ਦੇ ਚੱਕਰ ਵਿੱਚ ਜੋ ਕੀਤਾ, ਇਹ ਸਾਬਤ ਕਰ ਦੇਣ ਕਿ ਉਥੇ ਇੱਕ ਵੀ ਡਾਂਗ ਮਾਰੀ ਗਈ ਹੈ। ਇਸ ਕਰਕੇ ਜਿਹੜਾ ਨੁਕਸਾਨ ਹੋਇਆ ਹੈ, ਮੈਂ ਉਨ੍ਹਾਂ ਦੀ ਖੁਦ ਜਾ ਕੇ ਖਬਰ ਲਈ ਹੈ। ਜਿਸ ਬੰਦੇ ਦਾ ਵੀ ਕਿਸੇ ਕਿਸਮ ਦਾ ਥੋੜ੍ਹਾ ਜਿਹਾ ਵੀ ਨੁਕਸਾਨ ਹੋਇਆ ਹੈ, ਉਸ ਲਈ ਮੈਂ ਖੁਦ ਜਾ ਕੇ ਅਫ਼ਸਰਾਂ ਨੂੰ ਕਹਿ ਕੇ ਆਇਆ ਹਾਂ ਕਿ ਆਪਾਂ ਇਨ੍ਹਾਂ ਦਾ ਜੋ ਵੀ ਇਲਾਜ ਕਰਵਾਉਣਾ ਹੈ, ਕਰਵਾਇਆ ਜਾਵੇ।

**ਮਾਣਯੋਗ ਸਪੀਕਰ** : ਠੀਕ ਹੈ, ਧੰਨਵਾਦ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ (ਸ੍ਰੀ ਅਮਨ ਅਰੋੜਾ)** : ਸਪੀਕਰ ਸਾਹਿਬ, ਮੇਰੇ ਵੀਰ ਕੋਟਲੀ ਜੀ ਨੇ ਗੱਲ ਕੀਤੀ ਹੈ। ਚੱਲੋ ਠੀਕ ਹੈ ਕਿ ਆਪੋਜ਼ੀਸ਼ਨ ਦਾ ਕੰਮ ਹੁੰਦਾ ਹੈ condemn ਕਰਨਾ, ਕਰਨ, ਪਰ ਜਿਹੜੀ ਇਨ੍ਹਾਂ ਨੇ ਗੱਲ ਕਹੀ ਹੈ ਕਿ ਸਿਰਫ ਆਪਣੀਆਂ ਵਰਕਰਜ਼ ਤੋਂ ਫਾਰਮ ਭਰਵਾਇਆ ਹੈ। ਮੈਂ ਕੋਟਲੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਖਿਆਲ ਵਿੱਚ ਇਹ ਸ਼ਾਇਦ ਦੁਨੀਆਂ ਦੀ ਸਭ ਤੋਂ ਵੱਡੀ ਤੇ extensive exercise ਹੋਈ ਹੈ, ਜਿਹੜੇ ਕਿ ਮਾਵਾਂ ਧੀਆਂ ਭੈਣਾਂ ਦੇ ਖਾਤੇ ਵਿੱਚ ਪੈਸੇ ਭੇਜੇ ਗਏ ਹਨ। ਸਪੀਕਰ ਸਾਹਿਬ, ਪਹਿਲੀ ਗੱਲ ਹੈ ਕਿ ਲੇਡੀਜ਼ ਘਰਾਂ ਵਿੱਚ ਵੀ ਗਈਆਂ, ਚਾਹੇ ਉਨ੍ਹਾਂ ਤੋਂ ਬਣਵਾ ਲਉ, ਚਾਹੇ ਆਂਗਨਵਾੜੀ ਵਿੱਚ ਜਾ ਕੇ ਰਜਿਸਟਰ ਹੋ ਜਾਉ, ਚਾਹੇ ਸੇਵਾ ਕੇਂਦਰ ਵਿੱਚ ਜਾ ਕੇ ਰਜਿਸਟਰ ਹੋ ਜਾਉ, ਚਾਹੇ ਕੈਂਪਾਂ ਵਿੱਚ ਜਾ ਕੇ ਰਜਿਸਟਰ ਹੋ ਜਾਉ। ਦੂਜੀ ਗੱਲ ਹੈ ਕਿ ਸਾਢੇ 68 ਲੱਖ ਮਾਵਾਂ ਭੈਣਾਂ ਨੂੰ ਘੰਟਿਆਂ ਵਿੱਚ, ਉਨ੍ਹਾਂ ਦੇ ਖਾਤਿਆਂ ਵਿੱਚ ਪੈਸੇ ਭੇਜਣ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਅਤੇ extensive exercise ਰਹੀ ਹੈ। ਇਸ ਵਿੱਚ ਖਾਸ ਤੌਰ ਤੇ ਪੂਰੀ ਸਰਕਾਰ ਲੱਗੀ ਰਹੀ, ਸੀ.ਐਮ. ਸਾਹਿਬ ਦਾ, ਪਾਰਟੀ ਦਾ ਪੂਰਾ ਜ਼ੋਰ ਲੱਗਾ ਹੋਇਆ ਸੀ ਕਿ ਹਰ ਮਾਂ ਧੀ ਭੈਣ ਦੇ ਖਾਤੇ ਵਿੱਚ ਪੈਸੇ ਪਹੁੰਚਣੇ ਚਾਹੀਦੇ ਹਨ। ਸੋਸ਼ਲ ਸਕਿਉਰਿਟੀ ਵਿਭਾਗ ਤੇ ਗੁੱਡ ਗਵਰਨੈਂਸ ਵਿਭਾਗ, ਦੋਨਾਂ ਨੇ ਇੰਨੀ extensive exercise ਕੀਤੀ ਹੈ।

**1340/Tarlochan Singh/Monika sharma**

**1345/mehak**

ਮੈਂ ਇਨ੍ਹਾਂ ਦੀ ਇੱਕ ਗੱਲ ਨਾਲ ਸਹਿਮਤ ਹਾਂ ਜਿਹੜੀ ਇਨ੍ਹਾਂ ਨੇ ਕਹੀ ਹੈ ਕਿ ਆਪਣੇ ਆਪਣੇ ਵਰਕਰਜ਼ ਦੇ ਖਾਤੇ ਵਿੱਚ ਪੈਸੇ ਪਹੁੰਚਾ ਦਿੱਤੇ ਹਨ। ਹੁਣ ਜਦੋਂ ਅਸੀਂ ਪਿੰਡਾਂ ਵਿੱਚ ਜਾਂਦੇ ਹਾਂ ਤਾਂ ਲੋਕ ਕਹਿੰਦੇ ਹਨ ਕਿ ਇਹ ਪਹਿਲੀ ਸਰਕਾਰ ਹੈ ਜਿਸ ਨੇ ਮਾਵਾਂ, ਭੈਣਾਂ ਨੂੰ ਸਨਮਾਨ ਦਿੱਤਾ ਹੈ। ਹੁਣ ਉਹ ਸਾਰੀਆਂ ਮਾਵਾਂ, ਭੈਣਾਂ ਸਾਡੇ ਨਾਲ ਜ਼ਰੂਰ ਹੋ ਗਈਆਂ ਹਨ। ਇੰਨੀ ਗੱਲ ਨਾਲ ਮੈਂ ਸਹਿਮਤ ਹਾਂ। (ਥੰਪਿੰਗ)

(ਇਸ ਸਮੇਂ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਸਰਦਾਰ ਤਰੁਨਪ੍ਰੀਤ ਸਿੰਘ ਸੌਂਦ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਣਯੋਗ ਸਪੀਕਰ:** ਧੰਨਵਾਦ, ਬੈਠੋ, ਮੰਤਰੀ ਜੀ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ)**: ਸਰ, ਡਾਟਾ ਆ ਗਿਆ ਹੈ, ਇੰਪਾਰਟੈਂਟ ਹੈ।

**ਮਾਣਯੋਗ ਸਪੀਕਰ:** ਇੱਕ ਮਿੰਟ ਜੀ, ਆਪਾਂ ਥੋੜ੍ਹੀ ਜਿਹੀ ਗੱਲ ਅੱਗੇ ਚੱਲਣ ਦੇਈਏ, ਤੁਸੀਂ ਡਾਟਾ ਬਾਅਦ ਵਿੱਚ ਦੇ ਦਿਓ। ਇੱਕ ਮਿੰਟ।

---

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ**: ਮੈਨੂੰ ਇਸ ਪਵਿੱਤਰ ਸਦਨ ਨੂੰ ਇਹ ਦੱਸਣ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਸ੍ਰੀ ਜਰਨੈਲ ਘੁਮਾਣ, ਪੰਜਾਬੀ ਸੰਗੀਤ ਇੰਡਸਟਰੀ ਦੀ ਸਿਰਮੌਰ ਹਸਤੀ ਸਦਨ ਦੀ ਕਾਰਵਾਈ ਦੇਖਣ ਲਈ ਗਵਰਨਰ ਬਾਕਸ ਵਿੱਚ ਮੌਜੂਦ ਹਨ, ਆਓ ਅਸੀਂ ਉਨ੍ਹਾਂ ਦਾ ਸਵਾਗਤ ਕਰੀਏ। (ਥੰਪਿੰਗ)

---

## OFFICIAL RESOLUTION REGARDING THE MEASURES UNDERTAKEN FOR WOMEN EMPOWERMENT AND WELFARE BY THE GOVERNMENT (Resumption)

**ਮਾਣਯੋਗ ਸਪੀਕਰ** : ਮੰਤਰੀ ਜੀ, ਗੱਲ ਇਉਂ ਹੈ ਕਿ ਜਿਹੜਾ ਤੁਹਾਡਾ ਸਟਾਈਲ ਹੈ, ਤੁਹਾਡਾ ਸਟਾਈਲ ਤਾਂ ਵਧੀਆ ਹੈ ਪਰ ਤੁਸੀਂ ਪੰਜ-ਸੱਤ ਮੈਂਬਰਾਂ ਦਾ ਸਮਾਂ ਇਕੱਠਾ ਹੀ ਲੈ ਜਾਂਦੇ ਹੋ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ** : ਸਰ, ਬੱਸ ਮੈਂ ਇੱਕ ਹੀ ਗੱਲ ਬੋਲਣੀ ਹੈ। (ਵਿਘਨ)

**ਮਾਣਯੋਗ ਸਪੀਕਰ :** ਚਲੋ, Let him speak, ਮੰਤਰੀ ਹੈ ਜੀ, ਮੰਤਰੀ can speak.

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ**: ਸਰ, ਇਹ ਰੈਲੇਵੈਂਟ ਡਾਟਾ ਸੁਣ ਲਿਓ। ਮੈਂ ਸਦਨ ਨੂੰ ਵੀ ਦੱਸਣਾ ਚਾਹੁੰਦਾ ਹਾਂ ਕਿ 2011 ਤੋਂ 2022 ਤੱਕ 11 ਸਾਲਾਂ ਵਿੱਚ ਪੰਜਾਬ ਵਿੱਚ 29,053 ਟੋਟਲ ਸੈਲਫ ਹੈਲਪ ਗਰੁੱਪ ਕ੍ਰੀਏਟ ਹੋਏ। ਅਸੀਂ ਚਾਰ ਸਾਲਾਂ ਵਿੱਚ 28,734 ਕ੍ਰੀਏਟ ਕੀਤੇ। (ਥੰਪਿੰਗ) ਦੇਖੀ ਚਲਿਓ, ਸੁਣੀ ਚੱਲਿਓ। ਸਰ, ਜਿਹੜੇ ਸੈਲਫ ਹੈਲਪ ਗਰੁੱਪਾਂ ਦੇ ਮੈਂਬਰ ਸੀ 11 ਸਾਲ ਵਿੱਚ ਤੁਸੀਂ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) 2 ਲੱਖ 97 ਹਜ਼ਾਰ 83 ਮੈਂਬਰ ਐਡ ਕੀਤੇ ਅਤੇ ਅਸੀਂ ਚਾਰ ਸਾਲਾਂ ਵਿੱਚ 2 ਲੱਖ 90 ਹਜ਼ਾਰ 213 ਮੈਂਬਰ ਐਡ ਕੀਤੇ। ਸਰ, ਤੁਸੀਂ 11 ਸਾਲਾਂ ਵਿੱਚ ਪਿੰਡਾਂ ਦੀਆਂ 1806 ਆਰਗੇਨਾਈਜ਼ੇਸ਼ਨਾਂ ਬਣਾਈਆਂ ਸੀ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ 2427 ਬਣਾਈਆਂ ਹਨ। ਇਹ 11 ਸਾਲ ਵਰਸਿਜ਼ 4 ਸਾਲ ਚੱਲ ਰਹੇ ਹਨ। ਸਰ, ਜਿਹੜੇ ਰਿਵਾਲਵਿੰਗ ਫੰਡ SHGs ਨੂੰ ਦੇਣੇ ਸੀ, ਤੁਸੀਂ 20,065 SHGs ਨੂੰ ਦਿੱਤੇ ਅਤੇ ਅਸੀਂ ਚਾਰ ਸਾਲਾਂ ਵਿੱਚ 22,568 SHGs ਨੂੰ ਦਿੱਤੇ। ਸਰ, ਤੁਸੀਂ 11 ਸਾਲਾਂ ਵਿੱਚ ਰਿਵਾਲਵਿੰਗ ਫੰਡ ਕੁੱਲ 28 ਕਰੋੜ 59 ਲੱਖ ਰੁਪਏ ਦਿੱਤੇ ਸੀ ਅਤੇ ਅਸੀਂ ਚਾਰ ਸਾਲਾਂ ਵਿੱਚ 53 ਕਰੋੜ 30 ਲੱਖ ਰੁਪਏ ਦੇ ਦਿੱਤੇ ਹਨ। ਸਰ, Community Investment Fund to SHGs, ਇਨ੍ਹਾਂ ਨੇ 6234 ਬੰਦਿਆਂ ਨੂੰ ਦਿੱਤੇ ਸੀ ਅਤੇ ਅਸੀਂ 9244 ਬੰਦਿਆਂ ਨੂੰ ਦੇ ਦਿੱਤਾ ਹੈ। ਅਜੇ ਇੱਕ ਲਾਸਟ ਗੱਲ, SHGs ਨੂੰ ਕੰਮ ਕਰਨ ਲਈ, ਮਹਿਲਾਵਾਂ ਨੂੰ ਆਪਣੇ ਪੈਰਾਂ ਤੇ ਖੜ੍ਹਾ ਕਰਨ ਲਈ ਇੰਟਰਸਟ ਫਰੀ ਲੋਨ ਪ੍ਰੋਵਾਈਡ ਕਰਵਾਉਣਾ ਹੁੰਦਾ ਹੈ। ਇਨ੍ਹਾਂ ਨੇ 11 ਸਾਲਾਂ ਵਿੱਚ ਇੰਟਰਸਟ ਫਰੀ ਲੋਨ 1 ਕਰੋੜ 71 ਲੱਖ ਪ੍ਰੋਵਾਈਡ ਕਰਵਾਇਆ ਅਤੇ ਸਾਡੀ ਸਰਕਾਰ ਨੇ ਉਨ੍ਹਾਂ ਮਾਵਾਂ ਤੇ ਭੈਣਾਂ ਨੂੰ ਤਕੜੇ ਕਰਨ ਲਈ ਇੰਟਰਸਟ ਫਰੀ ਲੋਨ 631 ਕਰੋੜ ਰੁਪਏ ਦਾ ਕਰਵਾਇਆ । ਤੁਸੀਂ ਦੱਸੋ ਮੁਕਾਬਲਾ ਕਿੱਥੇ ਹੈ। Sir, Revolving fund amount given to SHGs ਇਨ੍ਹਾਂ ਨੇ 10 ਤੋਂ 15 ਹਜ਼ਾਰ ਰੁਪਏ ਦਿੱਤੇ ਸਨ ਅਤੇ ਸਾਡੀ ਭਗਵੰਤ ਮਾਨ ਸਰਕਾਰ ਨੇ ਰਿਵਾਲਵਿੰਗ ਫੰਡ, SHGs ਨੂੰ ਤਕੜਾ ਕਰਨ ਲਈ ਮਾਵਾਂ ਤੇ ਭੈਣਾਂ ਨੂੰ 30,000 ਰੁਪਏ ਦਿੱਤੇ ਹਨ। ਸੋ, ਕੰਪੈਰੀਜ਼ਨ ਕਰ ਲੈਣਾ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਜਾਵੇਗਾ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਸੁਖਵਿੰਦਰ ਕੋਟਲੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ (ਡਾਕਟਰ ਬਲਜੀਤ ਕੌਰ)**: ਬਹੁਤ ਸ਼ੁਕਰੀਆ, ਮਾਣਯੋਗ ਸਪੀਕਰ ਸਾਹਿਬ। ਮੈਂ ਸਿਰਫ ਤੇ ਸਿਰਫ ਉਸ ਮਾਹੌਲ ਦੀ ਗੱਲ ਕਰਾਂਗੀ ਜੋ ਚਾਰ ਸਾਲਾਂ ਵਿੱਚ ਔਰਤਾਂ ਲਈ ਸਿਰਜਿਆ ਗਿਆ। ਮੈਂ ਆਂਕੜਿਆਂ ਤੋਂ ਬਾਹਰ ਹੋ ਕੇ ਗੱਲ ਕਰਾਂਗੀ ਕਿਉਂਕਿ ਕਿਸੇ ਵੀ ਇਨਸਾਨ ਨੂੰ ਜੇ ਅਸੀਂ ਅੱਗੇ ਵਧਾਉਣਾ ਹੈ ਤਾਂ ਕੁਝ ਜ਼ਰੂਰਤਾਂ ਐਜੂਕੇਸ਼ਨ, ਆਪਰਚੂਨਿਟੀਜ਼, ਐਕਸਪੋਜ਼ਰ ਆਦਿ ਬਹੁਤ ਜ਼ਰੂਰੀ ਹੈ ਤੇ ਉੱਨਾ ਹੀ ਔਰਤਾਂ ਵਾਸਤੇ ਵੀ ਜ਼ਰੂਰੀ ਹੈ। ਮੈਂ Howard Fast ਦੀ ਇੱਕ ਛੋਟੀ ਜਿਹੀ ਕਹਾਣੀ ਦੱਸਣਾ ਚਾਹਾਂਗੀ, ਜੋ ਕਿ ਅਮਰੀਕਨ ਨਾਵਲਕਾਰ ਹਨ, ਉਨ੍ਹਾਂ ਨੇ ਇੱਕ ਛੋਟੀ ਜਿਹੀ ਕਹਾਣੀ ਲਿਖੀ ਸੀ A Child is lost. ਜਿਸ ਵਿੱਚ ਇੱਕ ਛੋਟੀ ਜਿਹੀ ਬੱਚੀ ਗਵਾਚ ਜਾਂਦੀ ਹੈ ਤੇ ਰਾਈਟਰ ਨੇ ਆਪਣੇ ਪਿਉ ਹੋਣ ਦੇ ਅਹਿਸਾਸ ਨੂੰ ਇਸ ਵਿੱਚ ਦਰਸਾਇਆ ਹੈ। ਇੱਕ ਬੱਚੀ ਆਪਣੀ ਮਾਂ ਦੇ ਨਾਲ ਸਟੋਰ ਵਿੱਚ ਜਾਂਦੀ ਹੈ ਤੇ ਪੰਜ-ਦਸ ਮਿੰਟਾਂ ਵਿੱਚ ਹੀ ਉਹ ਗਾਇਬ ਹੋ ਜਾਂਦੀ ਹੈ। ਜਦੋਂ ਪਿਉ ਨੂੰ ਪਤਾ ਲਗਦਾ ਹੈ ਤਾਂ ਇੱਕਦਮ ਉਸ ਦੀ ਹਾਲਤ ਪਾਗਲਾਂ ਵਰਗੀ ਹੋ ਜਾਂਦੀ ਹੈ।

**1345/mehak/Monika sharma**

**1350/Sukhpiar Singh**

ਦੋਵੇਂ ਪੇਰੈਂਟਸ ਬੱਚੀ ਨੂੰ ਸਾਰਾ ਦਿਨ ਲੱਭਦੇ ਰਹਿੰਦੇ ਹਨ, 4-5 ਘੰਟੇ ਇਸੇ ਤਰ੍ਹਾਂ ਬੀਤਦੇ ਹਨ ਅਤੇ ਆਖੀਰ ਨੂੰ ਬੱਚੀ ਮਿਲ ਜਾਂਦੀ ਹੈ। ਰਾਈਟਰ ਇਹ ਲਿਖਦਾ ਹੈ ਕਿ ਉਹ 4-5 ਘੰਟਿਆਂ ਦੌਰਾਨ ਮੈਨੂੰ ਇਹ ਦੁਨੀਆਂ ਇਸ ਤਰ੍ਹਾਂ ਲੱਗੀ ਜਿਵੇਂ ਕੋਈ ਸੱਭਿਅਕ ਵਿਅਕਤੀ ਕਿਸੇ ਅਣਜਾਣ ਜੰਗਲ ਵਿੱਚ ਗਵਾਚ ਗਿਆ ਹੋਵੇ ਅਤੇ ਵਾਰ ਵਾਰ ਇਹ ਖਿਆਲ ਕਿ ਸ਼ਾਇਦ ਬੱਚੀ ਸੜਕ ਤੇ ਡਿੱਗੀ ਪਈ ਮਿਲੇ, ਸ਼ਾਇਦ ਬੱਚੀ ਕਿਡਨੈਪ ਹੋ ਗਈ, ਬੁਰੀ ਹਾਲਤ ਵਿੱਚ ਮਿਲੇ, ਸ਼ਾਇਦ ਬੱਚੀ ਇਸ ਦੁਨੀਆਂ ਵਿੱਚ ਨਾ ਹੋਵੇ ਅਤੇ ਜਦੋਂ ਬੱਚੀ ਮਿਲਦੀ ਹੈ ਤਾਂ ਬੱਚੀ ਬਹੁਤ ਹੀ ਜ਼ਿਆਦਾ ਖੁਸ਼ ਹਾਲਾਤਾਂ ਵਿੱਚ ਮਿਲਦੀ ਹੈ। ਬਹੁਤ ਹੀ ਜ਼ਿਆਦਾ ਕਾਨਫੀਡੈਂਟ ਹੁੰਦੀ ਹੈ ਅਤੇ ਪਤਾ ਲੱਗਿਆ ਕਿ ਉਹ ਬੱਚੀ ਪਹਿਲਾਂ ਮਜ਼ਦੂਰਾਂ ਨਾਲ ਰੋਟੀ ਖਾਣ ਲੱਗ ਗਈ, ਉਸ ਤੋਂ ਬਾਅਦ ਬੱਚਿਆਂ ਨਾਲ ਖੇਡਣ ਲੱਗ ਗਈ, ਉਸ ਤੋਂ ਬਾਅਦ ਕੋਈ ਉੱਥੇ ਵੇਸਟ ਦੇ ਟਰੱਕ ਲੈ ਕੇ ਜਾਣ ਵਾਲੇ ਡਰਾਈਵਰ ਉਸ ਨੂੰ ਲੈ ਕੇ ਘੰਟਾ ਸ਼ਹਿਰ ਵਿੱਚ ਘੁਮਾਉਂਦੇ ਰਹੇ ਅਤੇ ਆਖੀਰ ਵਿੱਚ ਪੁਲਿਸ ਉਸ ਨੂੰ ਲੱਭ ਲੈਂਦੀ ਹੈ। ਕਨਕਲੂਜ਼ਨ ਇਹ ਨਿਕਲਿਆ ਕਿ ਬੱਚੀ ਬਹੁਤ ਜ਼ਿਆਦਾ ਕਾਨਫੀਡੈਂਟ ਹੈ, ਉਸ ਨੇ ਦੁਨੀਆਂ ਦੇਖ ਲਈ, ਉਸ ਨੇ 4-5 ਘੰਟੇ ਵਿੱਚ ਦੁਨੀਆਂ ਸਮਝ ਲਈ ਹੈ। ਸੋ, ਬੱਚੀ ਨਹੀਂ ਗਵਾਚੀ, ਉਹ ਕਹਿੰਦੇ ਹਨ ਕਿ ਮੈਂ ਗਵਾਚ ਗਿਆ ਸੀ ਕਿਉਂਕਿ ਮੈਨੂੰ ਇਹ ਲੱਗਦਾ ਸੀ ਕਿ ਜਿੰਨਾ ਚਿਰ ਬੱਚੀ ਸੁਰੱਖਿਅਤ ਹੈ, ਓਨਾ ਚਿਰ ਹੀ ਬੱਚੀ ਵਧੀਆ ਹੈ। ਸੋ, ਮੈਂ ਫਿਰ ਗੱਲ ਕਰਾਂਗੀ ਕਿ ਜਿੰਨਾ ਚਿਰ ਸਾਡੀਆਂ ਮਾਵਾਂ, ਭੈਣਾਂ, ਸਾਡੀਆਂ ਬੱਚੀਆਂ ਘਰਾਂ ਦੀਆਂ ਦੀਵਾਰਾਂ ਤੋਂ ਬਾਹਰ ਨਿਕਲ ਕੇ ਉਨ੍ਹਾਂ ਦਾ exposure ਨਹੀਂ ਹੋਣਾ ਸੀ, ਉਨ੍ਹਾਂ ਵਿੱਚ ਕਾਨਫੀਡੈਂਸ ਨਹੀਂ ਆਉਣਾ ਸੀ। ਸੋ, ਇਹ ਸਾਰੇ ਮਾਹੌਲ ਕ੍ਰੀਏਟ ਮਾਨ ਸਰਕਾਰ ਵੱਲੋਂ ਕ੍ਰੀਏਟ ਕੀਤੇ ਗਏ ਭਾਵੇਂ ਅੱਜ ਅਸੀਂ ਰੁਜ਼ਗਾਰ ਦੀ ਗੱਲ ਕਰਦੇ ਹਾਂ ਜਿਸ ਵਿੱਚ ਇੱਕੋ ਜਿਹੇ ਮੌਕੇ ਮਹਿਲਾਵਾਂ ਨੂੰ ਮਿਲੇ ਭਾਵੇਂ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਗੱਲ ਕਰਦੇ ਹਾਂ ਜਿਸ ਵਿੱਚ ਅੱਜ 11 ਮਹਿਲਾਵਾਂ ਇਸ ਸਦਨ ਵਿੱਚ ਬੈਠਣ ਜੋਗੀਆਂ ਹੋ ਗਈਆਂ ਹਨ। ਭਾਵੇਂ ਅਸੀਂ ਘਰ ਘਰ ਨੌਕਰੀਆਂ ਦੀ ਗੱਲ ਕਰੀਏ, ਆਂਗਣਵਾੜੀ ਵਰਕਰਾਂ ਤੱਕ ਨੂੰ ਦਿੱਤੀਆਂ ਗਈਆਂ। ਭਾਵੇਂ ਮੈਂ ਗੱਲ ਕਰਾਂ ਕਿ ਅਸੀਂ ਬੱਸ ਸਫਰ ਫਰੀ ਕਰਵਾਇਆ, ਬੱਸ ਸਫਰ ਫਰੀ ਕਰਵਾਉਣ ਲਈ ਮੈਂ ਇਹ ਨਹੀਂ ਕਹਾਂਗੀ ਕਿ ਕਿੰਨੀ ਲਾਗਤ ਆਈ, ਮੈਂ ਇਹ ਕਹਾਂਗੀ ਕਿ ਉਨ੍ਹਾਂ ਦਾ ਘਰਾਂ ਵਿੱਚੋਂ ਬਾਹਰ ਨਿਕਲ ਕੇ ਜਾਣਾ ਇੱਕ ਮਕਸਦ ਸੀ ਅਤੇ ਉਨ੍ਹਾਂ ਨੇ ਲਛਮਣ ਰੇਖਾਵਾਂ ਜਿਹੜੀਆਂ ਸਮਾਜ ਨੇ ਉਨ੍ਹਾਂ ਦੇ ਦੁਆਲੇ ਕੀਤੀਆਂ ਹੋਈਆਂ ਸੀ, ਮਾਨ ਸਰਕਾਰ ਨੇ ਉਨ੍ਹਾਂ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਹੈ। ਮੁੱਖ ਮੰਤਰੀ ਤੀਰਥ ਯਾਤਰਾ ਭਾਵੇਂ ਅਸੀਂ ਬਜ਼ੁਰਗਾਂ ਦੀ ਗੱਲ ਕਰਦੇ ਹਾਂ ਪਰ ਇਨ੍ਹਾਂ ਯਾਤਰਾਵਾਂ ਵਿੱਚ ਸਾਡੀਆਂ ਬਜ਼ੁਰਗ ਮਹਿਲਾਵਾਂ ਨੇ ਅੱਗੇ ਹੋ ਕੇ ਪਾਰਟੀਸੀਪੇਟ ਕੀਤਾ।

**ਸ਼੍ਰੀਮਤੀ ਅਰੁਨਾ ਚੌਧਰੀ:** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**Mr. Speaker:** Point of order granted.

**ਸ਼੍ਰੀਮਤੀ ਅਰੁਨਾ ਚੌਧਰੀ:** ਸਰ, ਮੈਂ ਥੋੜ੍ਹੀ ਕੁਰੈਕਸ਼ਨ ਕਰਨਾ ਚਾਹੁੰਦੀ ਹਾਂ। ਮਨਿਸਟਰ ਸਾਹਿਬਾ ਨੇ ਕਿਹਾ ਕਿ ਬੱਸ ਦਾ ਸਫਰ ਸਾਡੀ ਸਰਕਾਰ ਨੇ ਕੀਤਾ ਹੈ। ਸ਼ਾਇਦ ਤੁਹਾਨੂੰ ਗਲਤੀ ਲੱਗ ਰਹੀ ਹੈ। ਇਹ ਜਦੋਂ ਕਾਂਗਰਸ ਦੀ ਸਰਕਾਰ ਸੀ, ਉਦੋਂ ਇਹ ਫਰੀ ਵਿੱਚ ਮਹਿਲਾਵਾਂ ਦਾ ਸਫਰ ਫਰੀ ਕੀਤਾ ਗਿਆ ਸੀ।

---

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ**: ਵਾਹਿਗੁਰੂ ਸਿਮਰਨ ਕੇਂਦਰ, ਕੋਟਕਪੂਰਾ ਦੀਆਂ ਮੇਰੀਆਂ ਸਤਿਕਾਰਯੋਗ ਭੈਣਾਂ, ਸਾਡੀਆਂ ਬੱਚੀਆਂ, ਸਾਡੇ ਸਾਥੀ ਅੱਜ ਇੱਥੇ ਅਜ਼ੀਮ ਸਦਨ ਦੀ ਕਾਰਵਾਈ ਦੇਖਣ ਲਈ ਇੱਥੇ ਆਏ ਹੋਏ ਹਨ, ਆਓ, ਉਨ੍ਹਾਂ ਨੂੰ ਜੀ ਆਇਆਂ ਕਹੀਏ। (ਥੰਪਿੰਗ)

---

## OFFICIAL RESOLUTION REGARDING THE MEASURES UNDERTAKEN FOR WOMEN EMPOWERMENT AND WELFARE BY THE GOVERNMENT (Resumption)

**ਮਾਣਯੋਗ ਸਪੀਕਰ**: ਇੱਕ ਕੁਰੈਕਸ਼ਨ ਹੋਰ, ਆਪਣੇ ਇਸ ਹਾਊਸ ਵਿੱਚ13 ਲੇਡੀਜ਼ ਮੈਂਬਰ ਹਨ ਅਤੇ ਇੱਧਰਲੇ ਪਾਸੇ 11 ਹਨ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਅਵਤਾਰ ਸਿੰਘ ਜੂਨੀਅਰ ਆਪਣੀ ਸੀਟ ਤੇ ਬੈਠੇ-ਬੈਠੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਮਾਣਯੋਗ ਸਪੀਕਰ**: ਮੇਰੇ ਲਈ ਸਾਰੇ ਸਾਂਝੇ ਹਨ, ਮੈਂ ਇਸ ਕਰਕੇ ਕੀਤਾ ਹੈ। ਠੀਕ ਹੈ ਮੰਤਰੀ ਜੀ ਕੰਟਨਿਊ ਕਰੋ।

**ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ (ਡਾਕਟਰ ਬਲਜੀਤ ਕੌਰ)**: ਜੋ ਮਾਣਯੋਗ ਮੈਂਬਰ ਸਾਹਿਬਾ ਨੇ ਗੱਲ ਕੀਤੀ ਹੈ ਕਿ ਪਹਿਲੀ ਸਰਕਾਰ ਵੱਲੋਂ ਇਹ ਸਕੀਮ ਲਿਆਂਦੀ ਗਈ ਸੀ ਪਰ ਇਸ ਨੂੰ ਕੰਟੀਨਿਊ ਰੱਖਣ ਲਈ ਜਿੰਨਾ ਮਾਨ ਸਰਕਾਰ ਨੇ ਜ਼ੋਰ ਲਗਾਇਆ ਕਿਉਂਕਿ ਆਮ ਤੌਰ ਤੇ ਜਦੋਂ ਸਰਕਾਰ ਬਦਲਦੀਆਂ ਹਨ ਤਾਂ ਨਾਲ ਦੀ ਨਾਲ ਉਨ੍ਹਾਂ ਦੀਆਂ ਪਿਛਲੀਆਂ ਸਕੀਮਾਂ ਨੂੰ ਬੰਦ ਕਰਨ ਤੇ ਪੂਰਾ ਜ਼ੋਰ ਲੱਗ ਜਾਂਦਾ ਹੈ। ਸੋ, ਉਹ ਅਸੀਂ ਨਹੀਂ ਕੀਤਾ। 65 ਲੱਖ ਮਹਿਲਾਵਾਂ ਦੇ ਖਾਤਿਆਂ ਵਿੱਚ ਪੈਸੇ ਪਾਉਣੇ, ਵਿੱਤੀ ਸਹਾਇਤਾ ਦਿੱਤੀ ਗਈ ਹੈ।

*1.54 ਵਜੇ ਬਾ.ਦੁ: (*ਇਸ ਸਮੇਂ ਮਾਣਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ**: ਸੋ, ਇੱਕ ਇਹੋ ਜਿਹੀ ਸਕੀਮ ਹੈ ਜਿਹੜੀ ਪੂਰੇ ਭਾਰਤ ਵਿੱਚ ਕਿਸੇ ਨੇ ਨਹੀਂ ਸੁਣੀ ਸੀ। 97% ਔਰਤਾਂ ਨੂੰ ਵਿੱਤੀ ਸਹਾਇਤਾ, ਇਸ ਵਿੱਚ ਲੱਖਾਂ ਮਹਿਲਾਵਾਂ ਅਜਿਹੀਆਂ ਹੋਣਗੀਆਂ ਜਿਨ੍ਹਾਂ ਨੇ ਸਾਰੀ ਉਮਰ ਘਰਦਿਆਂ ਤੋਂ ਚੋਰੀ ਪੈਸੇ ਰੱਖ ਰੱਖ ਕੇ, ਕਮੇਟੀਆਂ ਪਾ ਪਾ ਕੇ ਆਪਣੀਆਂ ਧੀਆਂ ਨੂੰ ਪੜ੍ਹਾਇਆ ਹੋਵੇਗਾ। ਇਨ੍ਹਾਂ ਵਿੱਚ ਲੱਖਾਂ ਮਹਿਲਾਵਾਂ ਉਹੋ ਜਿਹੀਆਂ ਹੋਣਗੀਆਂ ਜਿਨ੍ਹਾਂ ਨੂੰ ਸਾਰੀ ਉਮਰ ਆਪਣੀਆਂ ਧੀਆਂ ਨੂੰ ਦੇਣ ਲਈ ਸ਼ਾਇਦ ਆਪਣੇ ਕੋਲ ਕੋਈ ਪੈਸਾ ਨਾ ਮਿਲਿਆ ਹੋਵੇ।

**1350/Sukhpiar Singh/Shubham jain**

**1355/Manika Rani**

ਮੈਂ ਸਦਨ ਵਿੱਚ ਇਹ ਵੀ ਦੱਸਣਾ ਚਾਹਾਂਗੀ ਕਿ ਇਹੋ-ਜਿਹੀਆਂ ਮਾਵਾਂ ਵੀ ਹਨ, ਜਿਨ੍ਹਾਂ ਨੇ ਆਪਣੀਆਂ ਨਵਜੰਮੀਆਂ ਬੱਚੀਆਂ-ਧੀਆਂ ਨੂੰ ਕਦੇ ਝਾੜੀਆਂ ਓਹਲੇ ਅਤੇ ਕਦੇ ਪਘੂੰੜਿਆਂ ਵਿੱਚ ਸੁੱਟਿਆ ਹੈ। ਸੋ, ਇਸ ਪਿੱਛੇ ਬਹੁਤ ਵੱਡੇ ਕਾਰਨ ਹਨ ਅਤੇ ਔਰਤ ਦੀ ਆਜ਼ਾਦੀ ਉੱਤੇ ਬਹੁਤ ਵੱਡੀ ਪਾਬੰਦੀ ਹੈ। ਸੋ, ਕੁਝ ਡਾਟਾ ਮੈਂ ਸਦਨ ਵਿੱਚ ਦੱਸਣਾ ਚਾਹਾਂਗੀ ਕਿ ਸਾਡੇ ਕੋਲ ਚਿਲਡਰਨ ਹੋਮਜ਼, ਜਿਸ ਵਿੱਚ ਅਨਾਥ ਬੱਚਿਆਂ ਨੂੰ ਰੱਖਿਆ ਜਾਂਦਾ ਹੈ, ਉਸ ਵਿੱਚ ਟੋਟਲ 215 ਸਰਕਾਰੀ ਬੱਚੇ ਹਨ, ਜਿਸ ਵਿੱਚ ਮੁੰਡੇ 58 ਤੇ ਕੁੜੀਆਂ 157 ਹਨ। ਸੋ, ਇੱਥੇ ਕੀ ਪਤਾ ਲੱਗਦਾ ਹੈ। ਇੱਥੋਂ ਪਤਾ ਲੱਗਦਾ ਹੈ ਕਿ ਕੁੜੀਆ ਨੂੰ ਸਦਾ ਹੀ ਦਰ-ਕਿਨਾਰ ਕੀਤਾ ਜਾਂਦਾ ਰਿਹਾ ਹੈ। ਜੇਕਰ ਦੂਜੇ ਪਾਸੇ ਓਜ਼ਰਬੇਸ਼ਨ ਹੋਮਜ਼ ਨੂੰ ਦੇਖੀਏ, ਜਿਨ੍ਹਾਂ ਵਿੱਚ ਉਹ ਬੱਚੇ ਆਉਂਦੇ ਹਨ, ਜੋ ਕਿਸੇ ਨਾ ਕਿਸੇ ਗੁਨਾਹ ਵਿੱਚ ਸ਼ਾਮਿਲ ਹੋ ਜਾਂਦੇ ਹਨ, ਉਸ ਵਿੱਚ ਮੁੰਡੇ 495 ਅਤੇ ਕੁੜੀਆਂ 05 ਆਉਂਦੀਆਂ ਹਨ। ਸੋ, ਇਹ ਦੇਖੋ ਕਿ ਜਿਹੜੀ ਧੀ, ਜਿਹੜੀ ਔਰਤ ਪੂਰੀ ਜ਼ਿੰਦਗੀ ਦੂਜਿਆਂ ਨੂੰ ਸਮਰਪਿਤ ਕਰਕੇ ਸਮਾਜ ਨੂੰ ਇੱਕ ਵਧੀਆ ਸੇਧ ਦਿੰਦੀ ਰਹੀ, ਉਸ ਦਾ ਕਦੇ ਘਰਾਂ ਦੇ ਬਾਹਰ ਲੱਗੀਆਂ ਤਖਤੀਆਂ ਉੱਤੇ ਨਾਂ ਨਹੀਂ ਆਇਆ। ਸੋ, ਇਹੋ-ਜਿਹੀਆਂ ਔਰਤਾਂ ਨੂੰ ਵੀ ਮਾਂਵਾਂ-ਧੀਆਂ ਸਤਿਕਾਰ ਯੋਜਨਾ ਵਿੱਚ ਕਵਰ ਕੀਤਾ ਗਿਆ ਹੈ। ਇਸ ਪਿੱਛੇ ਇੱਕੋ-ਇੱਕ ਮਕਸਦ ਸੀ ਕਿ ਅਸੀਂ ਆਪਣੀਆਂ ਧੀਆਂ-ਭੈਣਾਂ ਨੂੰ ਇਹ ਪਹਿਚਾਣ ਦੇਈਏ । ਸਰ, ਹਜ਼ਾਰ-ਪੰਦਰ੍ਹਾਂ ਸੌ ਦੀ ਗੱਲ ਨਹੀਂ ਹੈ, ਉਸ ਵਿੱਚ ਉਨ੍ਹਾਂ ਦਾ ਆਤਮ-ਵਿਸ਼ਵਾਸ ਵਧਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਵੱਖ-ਵੱਖ ਵਿਭਾਗਾਂ ਵਿੱਚ ਕੀਤੇ ਗਏ ਉਪਰਾਲੇ ਮਾਣਯੋਗ ਵਿਧਾਇਕਾ ਡਾਕਟਰ ਅਮਨਦੀਪ ਕੌਰ ਅਰੋੜਾ ਜੀ ਨੇ ਬੜੀ ਡਿਟੇਲ ਵਿੱਚ ਦੱਸੇ ਹਨ। ਮੈਂ ਸਿਰਫ ਇਹੀ ਕਹਾਂਗਾ ਕਿ ਸਰਦਾਰ ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਜੀ ਨੇ ਜੋ ਕੀਤਾ ਹੈ, ਉਹ ਅੱਜ ਤੱਕ ਪੂਰੇ ਭਾਰਤ ਵਿੱਚ ਨਹੀਂ ਹੋਇਆ ਹੈ। ਹਾਲਾਂਕਿ ਪਿਛਲੇ 12 ਸਾਲਾਂ ਤੋਂ ਉੱਤੇ ਕੇਂਦਰ ਵਿੱਚ ਸੱਤਾ ਵਿੱਚ ਬੈਠੇ ਹਨ, ਜਿੱਥੇ ਵਿੱਤ ਮੰਤਰੀ ਵੀ ਇੱਕ ਔਰਤ ਹੈ। ਕਦੇ ਉਨ੍ਹਾਂ ਨੇ ਇਹੋ-ਜਿਹੀ ਸਕੀਮ ਨਹੀਂ ਲੈ ਕੇ ਆਉਂਦੀ। ਜੇ ਲੈ ਕੇ ਆਏ ਹੋਣਗੇ, ਜੇਕਰ ਗੱਲਾਂ ਕੀਤੀਆਂ ਹੋਣਗੀਆਂ ਤਾਂ ਇਹ ਜ਼ਰੂਰ ਕੀਤੀਆਂ ਹੋਣਗੀਆਂ ਕਿ ਥਾਲੀਆਂ, ਚਮਚੇ ਖੜਕਾ ਲਿਉ। ਛੱਤਾਂ ਤੇ ਖੜ੍ਹੇ ਹੋ ਕੇ ਗਲਾਸੀਆਂ ਵਜਾ ਲਿਉ। ਸੋ, ਉਠ ਗਰੀਬਾ ਭੰਗੜਾ ਪਾ, ਭੁੱਖਾ ਆਪਣਾ ਢਿੱਡ ਬਚਾ। ਇਹ ਸਾਰਾ ਕੁਝ ਭਾਰਤ ਵਿੱਚ ਹੋ ਰਿਹਾ ਹੈ ਅਤੇ ਪੰਜਾਬ ਇੱਕ ਇਹੋ-ਜਿਹੀ ਸਟੇਟ ਹੈ, ਜਿੱਥੇ ਹਰ ਵਰਗ ਨੂੰ ਅੱਗੇ ਲਿਆਂਦਾ ਜਾਂਦਾ ਹੈ। ਭਾਵੇਂ ਅੱਜ ਵੀ ਅਸੀਂ ਔਰਤ ਨੂੰ ਪਿੱਛੇ ਰਹਿ ਕੇ ਹੀ ਸੋਚਦੇ ਹਾਂ ਪਰ ਔਰਤ ਨੂੰ ਅੱਗੇ ਲੈ ਕੇ ਆਉਣ ਲਈ ਮੈਂ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਕੀਤੇ ਗਏ ਕੰਮਾਂ ਦੀ ਸ਼ਲਾਘਾ ਕਰਦੀ ਹਾਂ। ਮਾਣਯੋਗ ਮੈਂਬਰ ਸਾਹਿਬ, ਮੈਡਮ ਡਾਕਟਰ ਅਮਨਦੀਪ ਕੌਰ ਜੀ, ਜੋ ਇਹ ਮਤਾ ਸਦਨ ਵਿੱਚ ਲੈ ਕੇ ਆਏ ਹਨ, ਮੈਂ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕਰਦੀ ਹਾਂ।

**ਮਾਣਯੋਗ ਡਿਪਟੀ ਸਪੀਕਰ**: ਧੰਨਵਾਦ ਜੀ। ਮਾਣਯੋਗ ਮੈਂਬਰ, ਸ੍ਰੀਮਤੀ ਇੰਦਰਜੀਤ ਕੌਰ ਮਾਨ ਜੀ। ਤੁਹਾਡੇ ਕੋਲ ਪੰਜ ਮਿੰਟ ਹਨ ਜੀ।

**ਸ੍ਰੀਮਤੀ ਇੰਦਰਜੀਤ ਕੌਰ ਮਾਨ** : ਧੰਨਵਾਦ ਜੀ। ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ।

**ਸ੍ਰੀ ਅਵਤਾਰ ਸਿੰਘ ਜੂਨੀਅਰ (ਬੈਠੇ-ਬੈਠੇ)**: ਮਤੇ ਦੀ ਅਸੀਂ ਹਮਾਇਤ ਕਰਦੇ ਹਾਂ। ਹੁਣ ਤੁਸੀਂ ਬਿਲ ਲੈ ਕੇ ਆਓ, ਅਸੀਂ ਉਸ ਤੇ ਡਿਸਕਸ਼ਨ ਕਰਨੀ ਹੈ।

**ਮਾਣਯੋਗ ਡਿਪਟੀ ਸਪੀਕਰ**: ਇੱਕ ਮਿੰਟ, ਮੈਡਮ। ਇੱਕ ਮਿੰਟ ਜੀ। ਕੀ ਤੁਸੀਂ ਇਸ ਮਤੇ ਤੇ ਬੋਲਣਾ ਹੈ। ਕੀ ਤੁਸੀਂ ਚਾਹੁੰਦੇ ਹੋ ਕਿ ਇਹ ਨਾਰੀ ਸ਼ਸਕਤੀਕਰਨ ਦੀ ਗੱਲ ਨਾ ਕਰਨ।

**ਸ਼੍ਰੀ ਅਵਤਾਰ ਸਿੰਘ ਜੂਨੀਅਰ (ਬੈਠੇ-ਬੈਠੇ)**: ਅਸੀਂ ਤਾਂ ਮਤੇ ਦੀ ਹਮਾਇਤ ਕਰਦੇ ਹਾਂ।

**ਮਾਣਯੋਗ ਡਿਪਟੀ ਸਪੀਕਰ**: ਫਿਰ ਇਨ੍ਹਾਂ ਨੂੰ ਬੋਲਣ ਦਿਓ। ਤੁਸੀਂ ਰਨਿੰਗ ਕੁਮੈਂਟਰੀ ਨਾ ਕਰੋ। ਜੇਕਰ ਕੋਈ ਮਹਿਲਾਵਾਂ ਬੋਲਣਾ ਚਾਹੁੰਦੀਆਂ ਹਨ ਤਾਂ ਉਨ੍ਹਾਂ ਨੂੰ ਹਾਊਸ ਵਿੱਚ ਬੋਲਣ ਦਿਉ। ਤੁਸੀਂ ਡਿਸਾਈਡ ਨਹੀਂ ਕਰ ਸਕਦੇ ਕਿ ਉਹ ਬੋਲਣਗੀਆਂ ਜਾਂ ਨਹੀਂ ਬੋਲਣਗੀਆਂ। ਚੇਅਰ ਉਨ੍ਹਾਂ ਨੂੰ ਇਜਾਜ਼ਤ ਦੇ ਰਹੀ ਹੈ। ਇੱਦਾਂ ਨਾ ਕਰੋ। ਤੁਸੀਂ ਮਹਿਲਾਵਾਂ ਦੇ ਮਤੇ ਸਬੰਧੀ ਬੋਲਣਾ ਚਾਹੁੰਦੇ ਹੋ। ਕੀ ਤੁਸੀਂ ਬੋਲਣਾ ਚਾਹੁੰਦੇ ਹੋ।

**ਸ਼੍ਰੀ ਅਵਤਾਰ ਸਿੰਘ ਜੂਨੀਅਰ (ਬੈਠੇ-ਬੈਠੇ)**: ਨਾ ਜੀ। ਅਸੀਂ ਹਮਾਇਤ ਕਰਨਾ ਚਾਹੁੰਦੇ ਹਾਂ।

**ਮਾਣਯੋਗ ਡਿਪਟੀ ਸਪੀਕਰ**: ਫਿਰ ਮੈਂਬਰ ਸਾਹਿਬ ਨੂੰ ਬੋਲਣ ਦਿਉ। ਹਾਂ ਜੀ, ਇੰਦਰਜੀਤ ਕੌਰ ਜੀ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ**: ਧੰਨਵਾਦ ਜੀ। ਸਰ, ਮੇਰਾ ਡੇਢ ਮਿੰਟ ਨਿਕਲ ਗਿਆ ਹੈ, ਉਹ ਤੁਸੀਂ ਐਡਵਾਂਸ ਵਿੱਚ ਕਰ ਦਿਉ।

**ਮਾਣਯੋਗ ਡਿਪਟੀ ਸਪੀਕਰ**: ਜੀ। ਤੁਹਾਨੂੰ ਦੋ ਮਿੰਟ ਦੁਬਾਰਾ ਦੇ ਦਿੰਦੇ ਹਾਂ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ (ਨਕੋਦਰ)** : ਧੰਨਵਾਦ ਜੀ। ਜਿਹੜਾ ਮਾਣਯੋਗ ਵਿਧਾਇਕਾ ਡਾਕਟਰ ਅਮਨਦੀਪ ਕੌਰ ਅਰੋੜਾ ਜੀ ਵੱਲੋਂ ਇੱਕ ਸੈਂਸਟਿਵ ਇਸ਼ੂ ਅਤੇ ਪੰਜਾਬ ਦੀਆਂ ਮਹਿਲਾਵਾਂ ਲਈ ਮਤਾ ਸਦਨ ਵਿੱਚ ਲੈ ਕੇ ਆਉਂਦਾ ਹੈ ਔਰ ਨਾਲ ਦੀ ਨਾਲ ਪੰਜਾਬ ਸਰਕਾਰ ਵੱਲੋਂ ਮਹਿਲਾਵਾਂ ਨੂੰ ਸ਼ਸਕਤ ਕਰਨ ਵਾਸਤੇ ਹਰ ਫੀਲਡ ਵਿੱਚ ਕੀਤੇ ਜਾਂਦੇ ਉਪਰਾਲਿਆਂ ਦਾ ਵੇਰਵਾ ਦੇਵਾਂਗੇ। ਮੈਂ ਤੁਹਾਡੇ ਧਿਆਨ ਵਿੱਚ ਇੱਕ ਗੱਲ ਲਿਆਉਣੀ ਚਾਹੁੰਦੀ ਹਾਂ ਕਿ ਮੈਂ ਪਿਛਲੇ 24 ਸਾਲ ਤੋਂ ਸਿਆਸਤ ਵਿੱਚ ਹਾਂ। ਵੱਖ-ਵੱਖ ਅਹੁਦੇ, ਬਲਾਕ ਸੰਮਤੀ ਦੇ ਮੈਂਬਰ, ਲੰਬਾ ਸਮਾਂ ਸਰਪੰਚ ਅਤੇ ਉਸ ਤੋਂ ਬਾਅਦ ਅਕਾਲੀ ਦਲ ਵਿੱਚ ਇਸਤਰੀ ਵਿੰਗ ਵਿੱਚ ਜੁਆਇੰਟ ਸੈਕੇਟਰੀ ਲੰਮਾ ਸਮਾਂ ਰਹਿ ਕੇ ਕੰਮ ਕੀਤਾ ਹੈ। ਮੈਂ ਦੱਸਣਾ ਚਾਹਾਂਗੀ ਕਿ ਉਸ ਸਮੇਂ ਵਿੱਚ ਅਤੇ ਅੱਜ ਦੇ ਸਮੇਂ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ। ਉਸ ਸਮੇਂ ਜ਼ੀਰੋ ਭੂਮਿਕਾ ਔਰਤ ਦੀ, ਜ਼ੀਰੋ ਕੰਮ ਔਰਤਾਂ ਵਾਸਤੇ ਅਤੇ ਜ਼ੀਰੋ ਔਰਤਾਂ ਸਿਆਸਤ ਵਿੱਚ ਸਰਗਰਮ ਹੁੰਦੀਆਂ ਸਨ। ਡਿਪਟੀ ਸਪੀਕਰ ਸਾਹਿਬ, ਮੈਂ ਅੱਜ ਦੇ ਸਮੇਂ ਦੀ ਗੱਲ ਕਰਨੀ ਚਾਹਾਂਗੀ, ਜਿਸ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਾਲ 2022 ਵਿੱਚ 11 ਔਰਤਾਂ ਨੂੰ ਟਿਕਟਾਂ ਦਿੱਤੀਆਂ। ਇਹ ਆਮ ਆਦਮੀ ਪਾਰਟੀ ਦੀ ideology ਦਾ ਹਿੱਸਾ ਹੈ, ਜਿਨ੍ਹਾਂ ਨੇ ਔਰਤਾਂ ਨੂੰ ਹਰ ਫੀਲਡ ਵਿੱਚ ਸ਼ਸਕਤ ਕੀਤਾ ਹੈ।

**1355/Manika Rani/Shubham jain**

**1400/Gurpreet kaur**

ਆਮ ਆਦਮੀ ਪਾਰਟੀ ਦੀ ਵਿਚਾਰਧਾਰਾ ਦਾ ਹਿੱਸਾ ਰਿਹਾ ਹੈ ਕਿ ਔਰਤਾਂ ਨੂੰ ਸ਼ੁਰੂ ਤੋਂ ਹੀ ਉਨਤ ਕਰਨਾ, ਸਸ਼ਕਤ ਕਰਨਾ, ਫੀਲਡ ਦੇ ਵਿਚ ਸਰਗਰਮੀ ਦੇ ਨਾਲ ਅੱਗੇ ਲੈ ਕੇ ਆਉਣਾ ਹੈ। ਜੇਕਰ ਉਨ੍ਹਾਂ 11 ਔਰਤਾਂ ਵਿਚ ਭਰੋਸਾ ਪ੍ਰਗਟਾਇਆ ਤਾਂ 11 ਦੀਆਂ 11 ਔਰਤਾਂ ਵਿਧਾਨ ਸਭਾ ਵਿਚ ਜਿੱਤ ਕੇ ਆਈਆਂ। ਤੁਸੀਂ ਸਾਹਮਣੇ ਆਪੋਜੀਸ਼ਨ ਵੱਲ ਵੇਖ ਲਓ, ਇਨ੍ਹਾਂ ਸਾਰੀਆਂ ਸਿਆਸੀ ਪਾਰਟੀਆਂ ਨੇ ਰਲ ਕੇ ਵੀ 11 ਔਰਤਾਂ ਨੂੰ ਟਿਕਟਾਂ ਨਹੀਂ ਦਿੱਤੀਆਂ। ਇਹ ਇਨ੍ਹਾਂ ਦਾ ਔਰਤਾਂ ਦੇ ਪ੍ਰਤੀ ਚਿਹਰਾ ਨੰਗਾ ਹੁੰਦਾ ਹੈ। ਉਸ ਤੋਂ ਅੱਗੇ ਜਾ ਕੇ ਮਾਨ ਸਰਕਾਰ ਨੇ ਸਟੇਟ ਤੋਂ ਲੈ ਕੇ ਡਿਵੀਜਨ, ਜ਼ਿਲ੍ਹਾ, ਬਲਾਕ, ਹਲਕਾ ਅਤੇ ਹਲਕੇ ਤੋਂ ਵੀ ਅੱਗੇ ਪਿੰਡ ਪੱਧਰ ਤੋਂ ਲੈ ਕੇ ਵਾਰਡ ਪੱਧਰ ਤੱਕ ਅਤੇ ਉਸ ਤੋਂ ਵੀ ਹੇਠਾਂ ਗਲੀਆਂ ਤੱਕ ਔਰਤਾਂ ਨੂੰ ਇਸ ਤਰੀਕੇ ਨਾਲ ਸਰਗਰਮ ਕੀਤਾ ਕਿ ਵਿਰੋਧੀਆਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕੀ ਪਈ ਹੈ ਕਿ ਇਹ ਕੀ ਹੋ ਗਿਆ। ਪੰਜਾਬ ਸਰਕਾਰ ਨੇ ਪੰਜਾਬ ਦੀ ਸਾਰੀ ਰਾਜਨੀਤੀ ਪੰਜਾਬ ਦੀਆਂ ਔਰਤਾਂ ਦੇ ਦੁਆਲੇ ਘੁਮਾ ਦਿੱਤੀ ਹੈ ਕਿ ਜੇਕਰ ਔਰਤਾਂ ਸਸ਼ਕਤ ਹੋਣਗੀਆਂ ਤੇ ਇਨ੍ਹਾਂ ਵਿਚ ਆਤਮ ਵਿਸ਼ਵਾਸ ਆ ਰਿਹਾ ਹੈ, ਇਨ੍ਹਾਂ ਵਿਚ ਪੰਜਾਬ ਪ੍ਰਤੀ ਸੰਵੇਦਨਸ਼ੀਲਤਾ ਆ ਰਹੀ ਹੈ ਅਤੇ ਇਹ ਆਉਣ ਵਾਲੇ ਸਮੇਂ ਵਿਚ ਪੰਜਾਬ ਦੀ ਰਾਜਨੀਤੀ ਦੀ ਹਿੱਸੇਦਾਰ ਹੋਣਗੀਆਂ। ਮਾਨ ਸਰਕਾਰ ਨੇ ਇਸ ਤੋਂ ਵੀ ਅੱਗੇ ਜਾ ਕੇ ਪੰਜਾਬ ਦੀਆਂ ਔਰਤਾਂ ਨੂੰ ਮਾਨਸਿਕ ਤੌਰ ਤੇ ਮਜ਼ਬੂਤ ਕਰਨ, ਕਾਨਫੀਡੈਂਸ ਉੱਚਾ ਕਰਨ ਦੇ ਨਾਲ ਨਾਲ ਸੰਵੇਦਨਸ਼ੀਲਤਾ ਦੀ ਇਕ ਐਸੀ ਤਸਵੀਰ ਪੇਸ਼ ਕੀਤੀ ਕਿ 8 ਮਾਰਚ, ਔਰਤਾਂ ਦਾ ਕੋਮਾਂਤਰੀ ਦਿਵਸ ਮੌਕੇ ਪੰਜਾਬ ਦੇ ਇਤਿਹਾਸ ਵਿਚ ਪਹਿਲੀ ਵਾਰ ਇਸ ਸਦਨ ਅੰਦਰ ਮਨਾਇਆ। ਕੀ ਕਦੇ ਦੇਸ਼ ਜਾਂ ਦੁਨੀਆਂ ਦੀ ਕਿਸੇ ਪਾਰਲੀਮੈਂਟ ਵਿਚ ਅਜਿਹਾ ਔਰਤਾਂ ਦਾ ਕੋਮਾਂਤਰੀ ਦਿਵਸ ਮਨਾਇਆ ਗਿਆ?

ਪੰਜਾਬ ਸਰਕਾਰ ਵਿਚ ਵੱਡੀ ਪੱਧਰ ਤੇ ਆਈ.ਏ.ਐਸ., ਆਈ.ਪੀ.ਐਸ. ਅਫ਼ਸਰ ਮਹਿਲਾਵਾਂ ਨੇ, ਜੋ ਬੜੀ ਕਾਮਯਾਬੀ ਨਾਲ ਆਪਣਾ ਕੰਮ ਕਰ ਰਹੀਆਂ ਹਨ। ਉਹ ਸਾਡੀਆਂ ਬੱਚੀਆਂ ਵਾਸਤੇ ਰੋਲ ਮਾਡਲ ਸਾਬਤ ਹੋ ਰਹੀਆਂ ਹਨ। ਉਨ੍ਹਾਂ ਨੂੰ ਵੇਖ ਕੇ ਉਨ੍ਹਾਂ ਦਾ ਆਤਮ ਵਿਸ਼ਵਾਸ ਵੱਧਦਾ ਹੈ। ਸਾਡੀਆਂ 68 ਹਜ਼ਾਰ ਸਰਕਾਰੀ ਨੌਕਰੀਆਂ ਵਿਚ ਔਰਤਾਂ ਦੀ ਭੂਮਿਕਾ ਅੱਧੇ ਤੋਂ ਵੀ ਵੱਧ ਹੈ। ਜੇਕਰ ਮੈਂ ਸਿਰਫ਼ ਜ਼ਿਲ੍ਹਾ ਜਲੰਧਰ ਦੀ ਗੱਲ ਕਰਾਂ, ਹਾਲਾਂਕਿ ਜਲੰਧਰ ਨੂੰ ਨੌਕਰੀਆਂ ਵਿਚ ਸਭ ਤੋਂ ਪਿੱਛੇ ਗਿਣਿਆ ਜਾਂਦਾ ਹੈ ਕਿਉਂਕਿ ਐਨ.ਆਰ.ਆਈ. ਬੈਲਟ ਹੈ, ਬਹੁਤ ਬੱਚੇ ਬਾਹਰ ਚਲੇ ਜਾਂਦੇ ਹਨ। ਸਿਰਫ਼ ਟੀਚਰ ਲੈਵਲ ਦੀਆਂ ਨੌਕਰੀਆਂ ਵਿਚ 99 ਨੌਕਰੀਆਂ ਇਕੱਲੇ ਸਾਡੇ ਜਲੰਧਰ ਦੀਆਂ ਆਈਆਂ ਹਨ। ਜਿਹੜਾ ਸਾਡੀ ਐਜੂਕੇਸ਼ਨ ਦਾ ਲੈਵਲ ਸਾਡੇ ਮਾਣਯੋਗ ਸਿੱਖਿਆ ਮੰਤਰੀ ਜੀ ਨੇ ਪੂਰੀ ਮਿਹਨਤ ਨਾਲ ਪੰਜਾਬ ਵਿਚ ਸਰਕਾਰੀ ਸਕੂਲਾਂ ਕਾਲਜਾਂ ਦਾ ਮਾਹੌਲ ਸਿਰਜਿਆ ਹੈ। ਉਸ ਕਾਰਨ ਪਿਛਲੇ ਸਮੇਂ ਵਿਚ ਨੀਟ ਦੇ ਇਮਤਿਹਾਨ ਵਿਚ ਸਾਡੇ 850 ਵਿਦਿਆਰਥੀਆਂ ਨੇ ਰਿਜ਼ਲਟ ਪਾਸ ਕੀਤਾ ਹੈ। ਜਲੰਧਰ ਦੇ 99 ਬੱਚਿਆਂ ਨੇ ਇਹ ਟੈਸਟ ਪਾਸ ਕੀਤਾ ਹੈ। ਮੈਨੂੰ ਮਾਣ ਮਹਿਸੂਸ ਹੁੰਦਾ ਹੈ ਕਿ ਮੇਰੇ ਹਲਕੇ ਨਕੋਦਰ ਦੀ ਇਕ ਬੱਚੀ ਮੋਨਿਕਾ ਨੇ ਵੀ ਇਹ ਟੈਸਟ ਪਾਸ ਕੀਤਾ ਹੈ।

ਇਸ ਤੋਂ ਬਾਅਦ ਮਾਂਵਾਂ ਧੀਆਂ ਸਤਿਕਾਰ ਯੋਜਨਾ ਹੈ। ਇਸ ਤਹਿਤ ਹੁਣ ਤੱਕ 70 ਲੱਖ ਦੇ ਕਰੀਬ ਔਰਤਾਂ ਦੇ ਖਾਤਿਆਂ ਵਿਚ ਪੈਸੇ ਆਏ ਹਨ। ਇਨ੍ਹਾਂ ਪੈਸਿਆਂ ਨੂੰ ਉਨ੍ਹਾਂ ਔਰਤਾਂ ਤੱਕ ਪਹੁੰਚਾਣ ਵਾਸਤੇ ਹਰ ਗਲੀ ਵਿਚ ਸਖੀ ਦੀ ਭੂਮਿਕਾ ਨਿਭਾਉਣ ਵਾਲੀ ਸਾਡੀ ਸਖੀ ਦੀ ਸਰਗਰਮ ਔਰਤ ਜਿਨ੍ਹਾਂ ਨੇ ਇਕੱਲੀ ਇਕੱਲੀ ਔਰਤ ਨਾਲ ਜੋੜਿਆ ਹੈ। ਜਿਵੇਂ ਕੋਟਲ ਸਾਹਿਬ ਉਲਾਂਭਾ ਦਿੰਦੇ ਸੀ, ਇਹ ਉਲਾਂਭਾ ਬਿਲਕੁਲ ਬੇਬੁਨਿਆਦ ਹੈ ਕਿਉਂਕਿ ਇਸ ਦਾ ਕੋਈ ਸਿਰ ਪੈਰ ਨਹੀਂ ਹੈ।

ਇਸ ਤੋਂ ਅੱਗੇ ਆਮ ਆਦਮੀ ਕਲੀਨਿਕ ਦੀ ਗੱਲ ਹੈ। ਮੈਂ ਸਿਰਫ਼ ਔਰਤਾਂ ਦੀਆਂ ਭੂਮਿਕਾ ਦੀ ਗੱਲ ਕਰਦੀ ਹਾਂ, ਸਾਡੀਆਂ ਔਰਤਾਂ ਦੀ ਸਾਡੀਆਂ ਸਕੀਮਾਂ ਨਾਲ ਜੁੜਨ ਦੀ ਗੱਲ ਕਰਦੀ ਹਾਂ। ਆਮ ਆਦਮੀ ਕਲੀਨਿਕ ਜਿੱਥੇ ਵੱਡੇ ਪੱਧਰ ਤੇ ਖੁਲੇ ਹਨ, ਉਨ੍ਹਾਂ ਕਲੀਨਿਕਾਂ ਵਿਚ ਵੱਡੇ ਪੱਧਰ ਤੇ ਵਿਜ਼ਟ ਵੀ ਔਰਤਾਂ ਦਾ ਹੀ ਹੈ। ਘਰਾਂ ਦੇ ਨੇੜੇ ਹੋਣ ਕਰਕੇ ਉਨ੍ਹਾਂ ਨੇ ਆਪਣੀ ਸਿਹਤ ਵਾਸਤੇ ਇਸ ਨੂੰ ਚੁਣਿਆ। ਇਕੱਲੇ ਜ਼ਿਲ੍ਹੇ ਜਲੰਧਰ ਵਿੱਚ ਹੁਣ ਤੱਕ ਤਕਰੀਬਨ 25 ਲੱਖ ਔਰਤਾਂ ਨੇ ਮੁਹੱਲਾ ਕਲੀਨਿਕ ਵਿੱਚ ਵਿਜ਼ਿਟ ਕੀਤਾ। ਕੁਝ ਮਹੀਨੇ ਪਹਿਲਾਂ ਸ਼ੁਰੂ ਕੀਤੀ ਗਈ ਗਰਭਵਤੀ ਯੋਜਨਾ ਤਹਿਤ ਗਰਭਵਤੀ ਔਰਤਾਂ ਨੂੰ ਉਨ੍ਹਾਂ ਦੀਆਂ ਸਕੈਨਿੰਗਜ਼, ਇਲਾਜ ਅਤੇ ਟੀਕਾਕਰਣ ਕੀਤਾ ਜਾਂਦਾ ਹੈ ਤਾਂ ਜੇਕਰ ਮੈਂ ਇਕੱਲੇ ਜਲੰਧਰ ਜ਼ਿਲ੍ਹੇ ਦੀ ਗੱਲ ਕਰਾਂ ਤਾਂ 10 ਹਜਾਰ ਤੋਂ ਵੱਧ ਔਰਤਾਂ ਨੇ ਆਪਣਾ ਇਲਾਜ ਅਤੇ ਆਪਣਾ ਭਰੋਸਾ ਆਮ ਆਦਮੀ ਕਲੀਨਿਕ ਲਈ ਪ੍ਰਗਟਾਇਆ। ਇਸ ਤੋਂ ਅੱਗੇ ਜਿਹੜੀ 10 ਲੱਖ ਦੀ ਸਿਹਤ ਬੀਮਾ ਯੋਜਨਾ ਹੈ, ਉਸ ਵਿੱਚ ਵੀ ਸਾਡੀਆਂ ਔਰਤਾਂ ਨੇ ਵੱਧ ਤੋਂ ਵੱਧ ਭਾਗੀਦਾਰੀ ਕਰਕੇ ਉਸ ਨੂੰ ਆਪਣੇ ਜੀਵਨ ਵਿੱਚ ਲਿਆਂਦਾ। ਚਾਹੇ ਔਰਤ ਦੇ ਘਰ ਵਿੱਚ 10 ਹਜਾਰ ਰੁਪਿਆ ਆਵੇ, ਚਾਹੇ ਔਰਤ ਦੇ ਘਰ ਵਿੱਚ 01 ਲੱਖ ਰੁਪਿਆ ਆਵੇ ਜਾਂ 10 ਲੱਖ ਰੁਪਿਆ ਆਵੇ, ਘਰ ਦਾ ਸਾਰਾ ਬਜਟ ਔਰਤ ਦੇ ਸਿਰ ਤੇ ਹੁੰਦਾ ਹੈ।

**1400/Gurpreet kaur/Abhishek gautam**

**1405/Kuldeep kaur**

ਸਾਨੂੰ ਪਤਾ ਹੀ ਨਹੀਂ ਲਗਦਾ ਕਿ ਇਨ੍ਹਾਂ ਫਿਕਰਾਂ ਵਿੱਚ ਕਦੋਂ ਉਸ ਦੇ ਵਾਲ ਚਿੱਟੇ ਹੋ ਜਾਂਦੇ ਹਨ ਅਤੇ ਕਦੋਂ ਉਸ ਦੇ ਚਿਹਰੇ ਦੀ ਰੰਗਤ ਚਲੀ ਜਾਂਦੀ ਹੈ। ਸਾਨੂੰ ਪਤਾ ਹੀ ਨਹੀਂ ਲਗਦਾ ਕਿ ਕਦੋਂ ਉਹ ਘਰ ਵਿੱਚ ਇਸ ਬਜਟ ਨੂੰ ਨਿਭਾਉਂਦਿਆਂ ਹੋਇਆਂ ਉਹ ਆਪਣੀ ਜ਼ਿੰਦਗੀ ਦੇ ਆਖਰੀ ਪੜਾਅ ਵਿੱਚ ਚਲੀ ਜਾਂਦੀ ਹੈ। ਸੋ, ਇਨ੍ਹਾਂ ਸਾਰੀਆਂ ਅਲਾਮਤਾਂ ਤੋਂ ਉਸ ਨੂੰ ਰਾਹਤ ਮਿਲੀ ਹੈ। ਮੈਂ ਇੱਕ ਹੋਰ ਜ਼ਰੂਰੀ ਗੱਲ ਕਰਨਾ ਚਾਹੁੰਦੀ ਹਾਂ ਕਿ ਸਾਡੇ ਐਮ.ਐਲ.ਏ. ਸਾਹਿਬ ਨੇ ਔਰਤਾਂ ਨੂੰ ਮਿਲਣ ਵਾਲੀਆਂ ਸਾਰੀਆਂ ਸਹੂਲਤਾਂ ਬੜੀ ਸ਼ਿੱਦਤ ਨਾਲ ਸਦਨ ਵਿੱਚ ਰੱਖੀਆਂ ਹਨ। ਮੈਂ ਇੱਕ ਗੱਲ ਕਰਨਾ ਚਾਹਾਂਗੀ ਕਿ ਸਾਡੇ ਗੁਰੂ ਨਾਨਕ ਦੇਵ ਮਹਾਰਾਜ ਜੀ ਨੇ ਔਰਤਾਂ ਦੇ ਸਨਮਾਨ ਵਿੱਚ ਉਚਾਰਿਆ ਹੈ ਕਿ ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ।। ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਕਦਮਾਂ ਉੱਤੇ ਚਲਦੇ ਹੋਏ, ਉਨ੍ਹਾਂ ਦੇ ਪੂਰਨਿਆਂ ਉੱਤੇ ਚਲਦੇ ਹੋਏ ਸਰਕਾਰ ਔਰਤਾਂ ਦੀ ਰਾਖੀ ਕਰ ਰਹੀ ਹੈ। ਇਸ ਤਹਿਤ ਇਕੱਲੀਆਂ ਪੰਜਾਬ ਦੀਆਂ ਔਰਤਾਂ ਨਹੀਂ ਆਉਂਦੀਆਂ ਬਲਕਿ ਪੂਰੀ ਦੁਨੀਆ ਦੀਆਂ ਔਰਤਾਂ ਆਉਂਦੀਆਂ ਹਨ, ਜਿਸ ਵਿੱਚ ਮਨੀਪੁਰ ਵੀ ਆਉਂਦਾ ਹੈ। ਮੈਂ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਇਹ ਕਹਿਣਾ ਚਾਹੁੰਦੀ ਹਾਂ ਕਿ ਅਗਲੀ ਵਾਰ ਜਦੋਂ ਪੰਜਾਬ ਵਿੱਚ ਕਦਮ ਰੱਖੋਗੇ ਤਾਂ ਸਾਡੇ ਸਵਾਲਾਂ ਦੇ ਜਵਾਬ ਲੈ ਕੇ ਆਇਓ ਕਿ ਜਦੋਂ ਮਨੀਪੁਰ ਵਿੱਚ ਔਰਤਾਂ ਨੂੰ ਨਿਰਵਸਤਰ ਘੁਮਾਇਆ ਜਾ ਰਿਹਾ ਸੀ ਉਦੋਂ ਤੁਸੀਂ ਚੁੱਪ ਕਿਉਂ ਰਹੇ? ਉਸ ਸਮੇਂ ਤੁਸੀਂ ਔਰਤਾਂ ਵਾਸਤੇ ਕਿਉਂ ਨਹੀਂ ਖੜ੍ਹੇ? ਜਦੋਂ ਨਿਰਵਸਤਰ ਘੁੰਮਾਈਆਂ ਜਾ ਰਹੀਆਂ ਔਰਤਾਂ ਨੂੰ ਮਰਦਾਂ ਨੇ ਜਿਸਮਾਨੀ ਛੂਹਣ ਦੀ ਕੋਸ਼ਿਸ਼ ਕੀਤੀ ਤਾਂ ਉਦੋਂ ਤੁਹਾਡਾ 56 ਇੰਚ ਦਾ ਸੀਨਾ ਫਟ ਕਿਉਂ ਨਹੀਂ ਗਿਆ? ਇਨ੍ਹਾਂ ਸਵਾਲਾਂ ਦੇ ਜਵਾਬ ਇੱਥੇ ਲੈ ਕੇ ਆਇਓ। ਅੱਜ ਤੱਕ ਤੁਸੀਂ ਮਨੀਪੁਰ ਦੇ ਮੁੱਦੇ ਉੱਤੇ ਨਹੀਂ ਬੋਲੇ, ਅੱਜ ਤੱਕ ਇਸ ਗੱਲ ਦਾ ਜਵਾਬ ਨਹੀਂ ਦਿੱਤਾ। ਇਸ ਗੱਲ ਦਾ ਜਵਾਬ ਲੈ ਕੇ ਪੰਜਾਬ ਵਿੱਚ ਆਇਓ ਔਰ ਮੈਂ ਨਹੁੰ ਮਾਸ ਦੇ ਰਿਸ਼ਤੇ ਵਾਲਿਆਂ ਨੂੰ ਵੀ ਤਾੜਨਾ ਕਰਨਾ ਚਾਹੁੰਦੀ ਹਾਂ ਕਿ ਇਹ ਪੰਜਾਬ ਹੈ। ਇੱਥੇ ਮੂੰਹ ਦੇ ਵਿੱਚ ਗੁਰਬਾਣੀ ਅਤੇ ਕੱਛ ਵਿੱਚ ਮਨੁ-ਸਮ੍ਰਿਤੀ ਨਹੀਂ ਚੱਲਣੀ। ਇਹ ਤੁਹਾਡੀ ਜਿਹੜੀ ਸੋਚ ਤੁਸੀਂ ਸਾਡੇ ਤੇ ਲੱਦਣ ਦੀ ਕੋਸ਼ਿਸ਼ ਕਰਦੇ ਹੋ, ਇਸ ਤੋਂ ਬਾਜ ਆ ਜਾਵੋ। ਇਹ ਪੰਜਾਬ ਹੈ ਔਰ ਪੰਜਾਬ ਗੁਰੂ ਨਾਨਕ ਦੇਵ ਜੀ ਦੀ ਧਰਤੀ ਹੈ। ਇਹ ਧਰਤੀ ਸਾਰਿਆਂ ਦੀ

ਰਾਖੀ ਕਰਨ ਵਾਲੀ ਅਤੇ ਸਾਰਿਆਂ ਨੂੰ ਸਸ਼ਕਤ ਕਰਨ ਵਾਲੀ ਹੈ। ਮੈਂ ਮਾਣਯੋਗ ਸੀ.ਐਮ. ਸਾਹਿਬ ਦਾ ਬਹੁਤ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਔਰਤਾਂ ਨੂੰ ਸਸ਼ਕਤ ਕਰਨ ਵਾਸਤੇ ਸੈਂਕੜੇ ਸਹੂਲਤਾਂ ਦਿੱਤੀਆਂ ਹਨ। ਮੈਂ ਮੈਡਮ ਅਮਨਦੀਪ ਕੌਰ ਅਰੋੜਾ ਜੀ ਦਾ ਵੀ ਧੰਨਵਾਦ ਕਰਦੀ ਹਾਂ ਕਿ ਜਿਨ੍ਹਾਂ ਨੇ ਔਰਤਾਂ ਦੇ ਸਸ਼ਕਤੀਕਰਨ ਵਾਸਤੇ ਇਹ ਮੁੱਦਾ ਵਿਧਾਨ ਸਭਾ ਵਿੱਚ ਵੀ ਲਿਆਂਦਾ ਹੈ। ਧੰਨਵਾਦ ਜੀ।

**ਸ਼੍ਰੀਮਤੀ ਜੀਵਨ ਜੋਤ ਕੌਰ (ਅੰਮ੍ਰਿਤਸਰ ਪੂਰਬੀ):** ਧੰਨਵਾਦ, ਡਿਪਟੀ ਸਪੀਕਰ ਸਾਹਿਬ। ਸਭ ਤੋਂ ਪਹਿਲਾਂ ਮੈਂ ਆਪਣੇ ਕੁਲੀਗ ਡਾਕਟਰ ਅਮਨਦੀਪ ਕੌਰ ਅਰੋੜਾ ਜੀ ਦਾ ਧੰਨਵਾਦ ਕਰਨਾ ਚਾਹੁੰਦੀ ਹਾਂ ਜਿਹੜੇ ਅੱਜ ਇਸ ਪਵਿੱਤਰ ਸਦਨ ਵਿੱਚ ਇਹ ਧੰਨਵਾਦ ਮਤਾ ਲੈ ਕੇ ਆਏ ਹਨ। ਮੈਂ ਇਸ ਮਤੇ ਨੂੰ ਸਪੋਰਟ ਕਰਨ ਲਈ ਖੜ੍ਹੀ ਹੋਈ ਹਾਂ। ਡਿਪਟੀ ਸਪੀਕਰ ਸਾਹਿਬ, ਸਾਡੇ ਸਮਾਜ ਦਾ ਤਾਣਾ-ਬਾਣਾ ਅਜਿਹਾ ਰਿਹਾ ਹੈ ਕਿ ਔਰਤ ਨੂੰ ਬਹੁਤ ਸਾਰੇ ਰਿਸ਼ਤੇ ਨਿਭਾਉਣੇ ਪੈਂਦੇ ਹਨ ਕਿਉਂਕਿ ਆਪਣੇ ਸਮਾਜ ਦਾ patriarchal system ਹੈ। ਸਾਡੀ ਬਣਤਰ ਇਸ ਤਰ੍ਹਾਂ ਦੀ ਹੈ ਕਿ ਔਰਤ ਨੂੰ ਬਹੁਤ ਸਾਰੇ ਰਿਸ਼ਤੇ ਨਿਭਾਉਣੇ ਪੈਂਦੇ ਹਨ ਔਰ ਪਰਿਵਾਰਾਂ ਨੂੰ ਇਕੱਠੇ ਰੱਖਣ ਲਈ ਅਤੇ ਸਾਰੇ ਪਰਿਵਾਰ ਨੂੰ ਇੱਕ ਮਾਲਾ ਵਿੱਚ ਪਰੋਅ ਕੇ ਰੱਖਣ ਲਈ ਉਸ ਨੂੰ ਜ਼ਿੰਦਗੀ ਵਿੱਚ ਬਹੁਤ ਸਾਰੇ sacrifices and compromises ਕਰਨੇ ਪੈਂਦੇ ਹਨ। ਐਮ.ਐਲ.ਏ. ਬਣਨ ਤੋਂ ਪਹਿਲਾਂ ਮੇਰੀ ਵੀ ਵਰਕਿੰਗ ਐਨ.ਜੀ.ਓਜ਼ ਕਰਕੇ ਛੋਟੀਆਂ ਬੱਚੀਆਂ ਤੋਂ ਲੈ ਕੇ ਬਜ਼ੁਰਗ ਮਾਤਾਵਾਂ ਤੱਕ ਬਜ਼ੁਰਗ ਮਾਤਾਵਾਂ ਤੱਕ ਰਹੀ ਹੈ। ਮੈਂ ਆਪਣੇ ਅੱਖੀਂ ਦੇਖਿਆ ਹੈ ਕਿ ਕਿਸ ਤਰ੍ਹਾਂ ਔਰਤ ਆਪਣਾ ਢਿੱਡ ਕੱਟ ਕੇ ਆਪਣੇ ਤੇ ਕਿਰਸ ਕਰਕੇ ਆਪਣਾ ਪਰਿਵਾਰ ਅਤੇ ਆਪਣੇ ਬੱਚੇ ਪਾਲਦੀ ਹੈ। ਉਹ ਆਪਣੇ ਲਈ ਦਵਾਈ ਨਹੀਂ ਲੈ ਕੇ ਆਵੇਗੀ ਕਿ ਘਰ ਦਾ ਕੋਈ ਹੋਰ ਖਰਚਾ ਹੋ ਜਾਵੇਗਾ। ਇੱਥੋਂ ਤੱਕ ਕਿ ਜਿਵੇਂ ਮੈਡਮ ਨੇ ਸੈਨੇਟਰੀ ਪੈਡਜ਼ ਵੰਡਣ ਦੀ ਗੱਲ ਕੀਤੀ ਸੀ ਤਾਂ ਮੈਂ ਦੇਖਿਆ ਹੋਇਆ ਹੈ ਕਿ ਮਹੀਨੇ ਦੇ ਉਨ੍ਹਾਂ ਪੰਜ ਦਿਨਾਂ ਵਿੱਚ ਔਰਤਾਂ ਕੋਲ ਸੈਨੇਟਰੀ ਪੈਡਜ਼ ਲੈਣ ਦੇ ਪੈਸੇ ਵੀ ਨਹੀਂ ਹੁੰਦੇ ਸਨ। ਸੋ, ਔਰਤ ਨੂੰ ਆਪਣੇ ਪਰਿਵਾਰ ਨੂੰ ਇਕੱਠਾ ਰੱਖਣ ਲਈ ਇਹੋ ਜਿਹੀ ਘਾਲਣਾ ਘਾਲਣੀ ਪੈਂਦੀ ਹੈ। ਇਹੋ ਜਿਹੇ ਸਮੇਂ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ, ਜਿਸ ਨੇ ਇੱਕ ਔਰਤ ਦਾ ਦੁੱਖ ਸਮਝਿਆ ਔਰ ਉਸ ਦੇ ਦਰਦ ਨੂੰ ਮਹਿਸੂਸ ਕੀਤਾ ਹੈ। ਮੈਨੂੰ ਇਸ ਗੱਲ ਦਾ ਮਾਣ ਹੈ ਕਿ ਮੈਂ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਹਿੱਸਾ ਹਾਂ ਕਿਉਂਕਿ ਸਾਡੀ ਸਰਕਾਰ ਨੇ ਆਪਣੇ ਗਵਰਨੈਂਸ ਮਾਡਲ ਦਾ core ਹੀ ਔਰਤ ਨੂੰ ਰੱਖਿਆ ਹੈ। ਇਹ ਬਹੁਤ ਵੱਡੀ ਗੱਲ ਹੈ ਕਿ ਸਾਡੀ ਸਰਕਾਰ ਨੇ ਆਪਣੇ ਗਵਰਨੈਂਸ ਮਾਡਲ ਦਾ ਧੁਰਾ ਹੀ ਔਰਤ ਨੂੰ ਰੱਖਿਆ ਹੈ। ਅੱਜ ਅਸੀਂ exclusively women centric schemes ਦੀ ਗੱਲ ਕਰ ਰਹੇ ਹਾਂ ਪਰ ਸਿੱਧੇ ਜਾਂ ਅਸਿੱਧੇ ਤੌਰ ਤੇ ਜਿੰਨੀਆਂ ਵੀ ਸਕੀਮਜ਼ ਲਾਗੂ ਕੀਤੀਆਂ ਗਈਆਂ ਹਨ, ਉਸ ਦਾ ਅਲਟੀਮੇਟਲੀ ਨਤੀਜਾ ਇਹ ਹੈ ਕਿ ਅੱਜ ਔਰਤਾਂ ਆਪਣੇ ਆਪ ਵਿੱਚ ਇਹ ਮਹਿਸੂਸ ਕਰਦੀਆਂ ਹਨ ਕਿ ਸਾਡੇ ਪਰਿਵਾਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਨਾਲ ਖੁਸ਼ਹਾਲ ਹੋਏ ਹਨ ਕਿਉਂਕਿ ਜੇ ਬਿਜਲੀ ਦੇ ਬਿਲ ਅੱਜ ਫ੍ਰੀ ਆ ਰਹੇ ਹਨ ਤਾਂ ਉਹ ਪੈਸਾ ਔਰਤ ਦੀ ਇੱਕ ਬੱਚਤ ਹੈ। ਜੇ ਬੱਚੇ ਸਰਕਾਰੀ ਸਕੂਲਾਂ ਵਿੱਚ ਚੰਗੀ ਅਤੇ ਮਿਆਰੀ ਸਿੱਖਿਆ ਫ੍ਰੀ ਲੈ ਰਹੇ ਹਨ ਤਾਂ ਉਹ ਵੀ ਔਰਤ ਦੀ ਇੱਕ ਬੱਚਤ ਹੈ ਕਿਉਂਕਿ ਫੀਸਾਂ ਭਰਨੀਆਂ ਬਹੁਤ ਔਖੀਆਂ ਹੁੰਦੀਆਂ ਹਨ। ਅਗਰ ਇਨ੍ਹਾਂ ਦੇ ਇਲਾਜ ਅੱਜ ਮੁਹੱਲਾ ਕਲੀਨਿਕਾਂ ਵਿੱਚ ਫ੍ਰੀ ਹੋ ਰਹੇ ਹਨ, ਬਜ਼ੁਰਗਾਂ ਦੇ ਇਲਾਜ ਹੋ ਰਹੇ ਹਨ ਤਾਂ ਉਹ ਵੀ ਇੱਕ ਵੱਡੀ ਬੱਚਤ ਹੈ।

**1405/Kuldeep kaur/Abhishek gautam**

**1410/Pawan sharma**

ਸੋ, ਇਹੋ ਜਿਹੇ ਵਿੱਚ ਮੈਨੂੰ ਲੱਗਦਾ ਹੈ ਕਿ ਇਹ ਪਹਿਲੀ ਸਰਕਾਰ ਹੈ, ਜਿਸ ਨੇ ਔਰਤਾਂ ਦਾ ਦੁੱਖ ਸਮਝਿਆ ਹੈ ਔਰ ਇਹ ਗੱਲ ਅੱਜ ਪੰਜਾਬ ਦੀ ਹਰ ਔਰਤ, ਬੱਚੀ, ਮਾਂ ਦੇ ਮੁਖ ਤੇ ਹੈ ਕਿ ਇਹ ਸਿਰਫ਼ ਭਗਵੰਤ ਮਾਨ ਹੈ, ਜਿਸ ਨੇ ਸਾਡੇ ਬਾਰੇ ਸੋਚਿਆ ਹੈ।(ਥੰਪਿੰਗ) ਸੋ, ਸਪੀਕਰ ਸਾਹਿਬ, ਅੱਗੇ ਜਿਹੜੀਆਂ ਪਹਿਲਾਂ ਸਰਕਾਰਾਂ ਹੁੰਦੀਆਂ ਸਨ, ਉਨ੍ਹਾਂ ਦੀਆਂ ਜਿਹੜੀਆਂ women empowerment ਸੀ, ਉਹ ਸਪੀਚਾਂ ਅਤੇ ਸੈਮੀਨਾਰ ਤੱਕ ਸੀ, ਇਹ ਪਹਿਲੀ ਸਰਕਾਰ ਆਈ ਹੈ ਜਿਸ ਨੇ ਉਸ ਨੂੰ ਐਗਜ਼ੀਕਿਊਟ ਕੀਤਾ, ਅਸੀਂ ਇਸ ਨੂੰ ਪਾਲਿਸੀਜ਼ ਵਿੱਚ ਲੈ ਕੇ ਆਏ। ਸੋ, ਸਾਡੀ ਸਭ ਤੋਂ ਜਿਹੜੀ ਕਹਿੰਦੇ ਹਨ ਕਿ ਇਤਿਹਾਸਕ ਸਕੀਮ ਸੀ, ਸਰਕਾਰ ਨੇ ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ ਰਾਹੀਂ ਮਹਿਲਾਵਾਂ ਨੂੰ ਸਿੱਧੀ ਆਰਥਿਕ ਸਹਾਇਤਾ ਪ੍ਰਦਾਨ ਕਰਨ ਵੱਲ ਇੱਕ ਇਤਿਹਾਸਕ ਕਦਮ ਚੁੱਕਿਆ ਹੈ ਕਿਉਂਕਿ ਅਸੀਂ ਇਹ ਮਹਿਸੂਸ ਕੀਤਾ ਕਿ domestic violence ਦਾ ਸਭ ਤੋਂ ਵੱਡਾ ਕਾਰਨ ਹੈ lack of financial independence. ਸੋ, ਇਹ ਜਿਹੜੀ ਸਾਡੀ ਸਕੀਮ ਹੈ, ਇਸ ਦੇ ਤਹਿਤ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਮਹਿਲਾਵਾਂ ਨੂੰ 1500 ਰੁਪਏ ਮਹੀਨਾ ਅਤੇ ਜਨਰਲ ਕੈਟਾਗਰੀ ਨਾਲ ਸਬੰਧਿਤ ਮਹਿਲਾਵਾਂ ਨੂੰ 1000 ਰੁਪਏ ਮਹੀਨਾ ਦਿੱਤਾ ਜਾ ਰਿਹਾ ਹੈ। ਇੱਥੇ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦੀ ਹਾਂ ਕਿ on an average, ਜੇਕਰ ਅਸੀਂ ਦੇਖੀਏ ਤਾਂ ਇੱਕ ਪਰਿਵਾਰ ਵਿੱਚ 18 ਸਾਲ ਤੋਂ ਉੱਪਰ ਦੀਆਂ ਤਿੰਨ ਮਹਿਲਾਵਾਂ ਹੁੰਦੀਆਂ ਹਨ ਔਰ ਸਾਡੇ ਕੋਲ ਬਹੁਤ ਸਾਰੀਆਂ ਔਰਤਾਂ ਆ ਕੇ ਦੱਸਦੀਆਂ ਹਨ ਕਿ ਸਾਡੇ ਜਨਰਲ ਕੈਟਾਗਰੀਆਂ ਵਾਲੇ ਪਰਿਵਾਰ ਵਿੱਚ ਤਿੰਨ ਭੈਣਾਂ ਹੋਣ ਕਰਕੇ 9000 ਰੁਪਏ ਮਹੀਨਾ ਆ ਗਿਆ ਔਰ ਜਿਹੜੀਆਂ ਐਸ.ਸੀ. ਪਰਿਵਾਰ ਦੀਆਂ ਭੈਣਾਂ ਹਨ, ਉਨ੍ਹਾਂ ਦੇ ਪਰਿਵਾਰ ਵਿੱਚ ਤਿੰਨ ਤਿੰਨ ਮਹੀਨੇ ਦੇ ਪੈਸੇ ਪੈਣ ਦੇ ਨਾਲ 13500 ਰੁਪਏ ਦੀ ਮਾਲੀ ਮਦਦ, ਇੱਕ ਬਹੁਤ ਵੱਡੀ ਮਦਦ ਹੈ, ਰਾਸ਼ੀ ਆ ਗਈ ਹੈ। ਮੈਂ ਇੱਥੇ ਦੱਸਣਾ ਚਾਹੁੰਦੀ ਹਾਂ ਕਿ 6 ਅਗਸਤ, 2026 ਤੱਕ ਇਸ ਯੋਜਨਾ ਅਧੀਨ 74 ਲੱਖ 59 ਹਜ਼ਾਰ 238 ਮਹਿਲਾਵਾਂ ਰਜਿਸਟਰਡ ਹੋ ਚੁੱਕੀਆਂ ਹਨ। 01 ਅਗਸਤ, 2026 ਤੱਕ 65 ਲੱਖ 62 ਹਜ਼ਾਰ 526 ਬੈਨੀਫਿਸ਼ਰੀਜ਼ ਨੂੰ ਇਹ ਵਿੱਤੀ ਸਹਾਇਤਾ ਵੰਡੀ ਜਾ ਚੁੱਕੀ ਹੈ। ਸਪੀਕਰ ਸਾਹਿਬ, ਇਹ ਸਿਰਫ ਪੈਸਾ ਨਹੀਂ ਹੈ, ਇਹ financial independence, respect and dignity ਹੈ। ਇਹ ਹਰ ਉਸ ਮਾਂ ਦਾ ਸਨਮਾਨ ਹੈ, ਜੋ ਦਿਨ ਰਾਤ ਬਿਨਾਂ ਕਿਸੇ ਰਿਟਰਨ ਦੇ ਘਰ ਦਾ ਕੰਮ ਕਰਦੀ ਹੈ। ਉਸ ਤੋਂ ਬਾਅਦ ਸਾਡੀ ਇੱਕ ਹੋਰ ਸਕੀਮ ਹੈ, ਜਿਸ ਦੇ ਨਾਲ ਮਹਿਲਾ ਸਸ਼ਕਤੀਕਰਨ ਦੀ ਸ਼ੁਰੂਆਤ ਹੋਰ ਮਜ਼ਬੂਤ ਹੋਈ, ਉਹ ਮਾਵਾਂ ਅਤੇ ਧੀਆਂ ਦੀ ਸਹਾਇਤਾ ਹੈ, ਜਿਸ ਦੇ ਨਾਲ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਗਰੀਬ ਹੋਣ ਦੇ ਕਾਰਨ ਕੋਈ ਵੀ ਗਰੀਬ ਮਹਿਲਾ ਆਪਣੀ ਸਿਹਤ ਦੇ ਨਾਲ ਕੰਪਰੋਮਾਈਜ਼ ਨਾ ਕਰੇ। ਸੋ, ਮਾਤਰਤਾ ਸਹਾਇਤਾ ਪ੍ਰੋਗਰਾਮ ਤਹਿਤ ਵਿੱਤੀ ਸਾਲ 2026-27 ਦੌਰਾਨ 4056 ਗਰਭਵਤੀ ਦੇ ਨਾਲ ਨਾਲ ਹੋਰ ਦੁੱਧ ਪਿਲਾਉਣ ਵਾਲੀ ਮਹਿਲਾਵਾਂ ਨੂੰ 1.70 ਕਰੋੜ ਰੁਪਏ ਦੀ ਰਕਮ ਟਰਾਂਸਫ਼ਰ ਕੀਤੀ ਗਈ ਹੈ। ਇਹ ਇੱਕ ਬਹੁਤ ਵੱਡੀ ਸਹਾਇਤਾ ਹੈ। ਸਪੀਕਰ ਸਾਹਿਬ, ਪਹਿਲੇ ਬੱਚੇ ਦੇ ਜਨਮ ਤੇ ਜਿੱਥੇ 5000 ਰੁਪਏ ਹੈ, ਉੱਥੇ ਦੂਸਰੇ ਬੱਚੇ ਦੇ ਜਨਮ ਤੇ, ਜੇਕਰ ਬੱਚੀ ਹੁੰਦੀ ਹੈ, ਤਾਂ 6000 ਰੁਪਏ ਦਿੱਤੇ ਜਾਂਦੇ ਹਨ। ਸੋ, ਮੈਂ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਨਾ ਚਾਹੁੰਦੀ ਹਾਂ ਜਿਨ੍ਹਾਂ ਨੇ ਇਹ ਸੋਚ ਰੱਖੀ ਕਿ ਅਗਰ ਸੂਬਾ ਖ਼ੁਸ਼ਹਾਲ ਬਣਾਉਣਾ ਹੈ ਤਾਂ ਇਹ ਬਹੁਤ ਜ਼ਰੂਰੀ ਹੈ ਕਿ ਪਹਿਲਾਂ ਇੱਕ ਔਰਤ ਨੂੰ ਖ਼ੁਸ਼ਹਾਲ ਬਣਾਇਆ ਜਾਵੇ, ਖ਼ੁਸ਼ ਰੱਖਿਆ ਜਾਵੇ ਤਾਂ ਕਿ ਪਰਿਵਾਰ ਖੁਸ਼ ਹੋਣ। ਜੇਕਰ ਪਰਿਵਾਰ ਖ਼ੁਸ਼ਹਾਲ ਹੋਣਗੇ ਤਾਂ ਸੂਬਾ ਖ਼ੁਸ਼ਹਾਲ ਹੋਵੇਗਾ। ਸੋ, ਮੈਂ ਇੱਕ ਵਾਰ ਮੈਡਮ ਅਮਨਦੀਪ ਕੌਰ ਜੀ ਦਾ ਧੰਨਵਾਦ ਕਰਨਾ ਚਾਹੁੰਦੀ ਹਾਂ ਜਿਹੜੇ ਇਹ ਮਤਾ ਲੈ ਕੇ ਆਏ ਹਨ। ਮੈਂ ਮਾਣਯੋਗ ਮੁੱਖ ਮੰਤਰੀ ਸਾਹਿਬ ਅਤੇ ਉਨ੍ਹਾਂ ਦੀ ਯੋਗ ਕੈਬਨਿਟ ਟੀਮ ਦਾ ਵੀ ਮੈਂ ਧੰਨਵਾਦ ਕਰਨਾ ਚਾਹੁੰਦੀ ਹਾਂ। ਥੈਂਕ ਯੂ ਸਪੀਕਰ ਸਾਹਿਬ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ੍ਰੀਮਤੀ ਅਰੁਨਾ ਚੌਧਰੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਡਿਪਟੀ ਸਪੀਕਰ**: ਮੈਂਬਰ ਸਾਹਿਬ, ਤੁਸੀਂ ਮਤੇ ਤੇ ਬੋਲਣਾ ਚਾਹੁੰਦੇ ਹੋ?

**ਸ੍ਰੀਮਤੀ ਅਰੁਨਾ ਚੌਧਰੀ**: ਹਾਂ ਜੀ।

**ਮਾਣਯੋਗ ਡਿਪਟੀ ਸਪੀਕਰ**: ਠੀਕ ਹੈ, ਤੁਹਾਨੂੰ ਸਮਾਂ ਦਿੰਦੇ ਹਾਂ। ਸ੍ਰੀਮਤੀ ਨਰਿੰਦਰ ਕੌਰ ਭਰਾਜ ਜੀ।

**ਸ੍ਰੀਮਤੀ ਨਰਿੰਦਰ ਕੌਰ ਭਰਾਜ (ਸੰਗਰੂਰ)**: ਬਹੁਤ-ਬਹੁਤ ਧੰਨਵਾਦ ਸਪੀਕਰ ਸਾਹਿਬ। ਮੇਰੇ ਸਾਥੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਜੀ ਵੱਲੋਂ ਲਿਆਂਦੇ ਗਏ ਮਤੇ ਦੇ ਹੱਕ ਵਿੱਚ ਬੋਲਣਾ ਚਾਹੁੰਦੀ ਹਾਂ। ਸੋ, ਮੈਂ ਉਨ੍ਹਾਂ ਦਾ ਸਮਰਥਨ ਕਰਦੀ ਹਾਂ। ਮਾਨ ਸਰਕਾਰ, ਜਿਨ੍ਹਾਂ ਨੇ ਹਰ ਵਰਗ ਲਈ ਕੰਮ ਕੀਤਾ ਹੈ, ਉੱਥੇ ਹੀ ਸਾਡੀਆਂ ਸਮਾਜ ਦੀਆਂ ਔਰਤਾਂ, ਛੋਟੀ ਬੱਚੀ ਦੇ ਜਨਮ ਤੋਂ ਲੈ ਕੇ ਉਚੇਰੀ ਸਿੱਖਿਆ ਲੈ ਰਹੀ ਸਾਡੀ ਧੀ ਜਾਂ ਕੋਈ ਕੰਮ ਕਰ ਰਹੀ ਹੈ, ਆਤਮ ਨਿਰਭਰ ਹੈ ਜਾਂ ਕੋਈ ਬਜ਼ੁਰਗ ਔਰਤ ਹੈ, ਹਰ ਇੱਕ ਨੂੰ ਸਤਿਕਾਰ ਦਿੱਤਾ ਹੈ।

**1410/Pawan sharma/BS khokhar**

**1415/Beant kaur**

ਮੇਰੇ ਤੋਂ ਪਹਿਲਾਂ ਸਾਡੇ ਸਾਥੀ ਵਿਧਾਇਕਾਂ ਨੇ ਵੀ ਦੱਸਿਆ ਹੈ ਅਤੇ ਮੈਂ ਮਾਣਯੋਗ ਮੁੱਖ ਮੰਤਰੀ ਸਾਹਿਬ ਦਾ ਅਤੇ ਸਾਡੀ ਭੈਣ ਡਾਕਟਰ ਬਲਜੀਤ ਕੌਰ ਜੀ ਦਾ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਵਰਕਿੰਗ ਵਿਮੈਨ ਨੂੰ 5 ਹੋਸਟਲ ਬਣਾ ਕੇ ਦਿੱਤੇ ਹਨ। ਡਿਪਟੀ ਸਪੀਕਰ ਸਾਹਿਬ, ਕੋਈ ਵੀ ਔਰਤ ਜਦੋਂ ਘਰੋਂ ਬਾਹਰ ਰੁਜ਼ਗਾਰ ਲਈ ਜਾਂ ਕਿਸੇ ਹੋਰ ਕੰਮ ਲਈ ਜਾਂਦੀ ਹੈ ਤਾਂ ਜਿੰਨਾ ਚਿਰ ਉਹ ਆਪਣੇ ਆਪ ਨੂੰ ਉੱਥੇ ਸੁਰੱਖਿਅਤ ਮਹਿਸੂਸ ਨਹੀਂ ਕਰਦੀ, ਉਨਾ ਚਿਰ ਉਹ ਵਿਸ਼ਵਾਸ ਨਾਲ ਉਸ ਜਗ੍ਹਾ ਤੇ ਕੰਮ ਨਹੀਂ ਕਰ ਸਕਦੀ। ਸੋ, ਮੈਂ ਸਮਝਦੀ ਹਾਂ ਕਿ ਇਸ ਨਾਲ ਉਨ੍ਹਾਂ ਨੂੰ ਬਹੁਤ ਵੱਡੀ ਆਰਥਿਕ ਸੁਰੱਖਿਆ ਅਤੇ ਵਿਸ਼ਵਾਸ ਮਾਨ ਸਰਕਾਰ ਨੇ ਮੁਹੱਈਆ ਕਰਵਾਇਆ ਹੈ।

ਇਸ ਦੇ ਨਾਲ ਹੀ ਮੈਂ ਗੱਲ ਕਰਾਂਗੀ ਕਿ ਵਨ ਸਟਾਪ ਸੈਂਟਰ ਸਥਾਪਿਤ ਕੀਤੇ ਗਏ ਹਨ। ਜਿਨ੍ਹਾਂ ਰਾਹੀਂ ਡਾਕਟਰੀ ਸਹਾਇਤਾ, ਲੀਗਲ ਏਡ, ਪੁਲਿਸ ਮਦਦ, ਖਾਣੇ ਦਾ ਪ੍ਰਬੰਧ ਆਦਿ ਕੀਤਾ ਗਿਆ ਹੈ ਅਤੇ ਇਨ੍ਹਾਂ ਸੈਂਟਰਾਂ ਤੋਂ 5060 ਮਹਿਲਾਵਾਂ ਨੇ ਲਾਭ ਲਿਆ ਹੈ। ਸਾਡੇ ਮੰਤਰੀ ਸਰਦਾਰ ਤਰੁਨਪ੍ਰੀਤ ਸਿੰਘ ਸੌਂਦ ਜੀ ਨੇ ਪੰਜਾਬ ਸਟੇਟ ਰੂਰਲ ਲਾਈਵਲੀਹੁੱਡ ਮਿਸ਼ਨ ਦਾ ਜ਼ਿਕਰ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਸੰਗਰੂਰ ਦੀ ਗੱਲ ਕਰਾਂਗੀ। ਜ਼ਿਲ੍ਹਾ ਸੰਗਰੂਰ ਵਿੱਚ 4000 ਐਕਟਿਵ ਸੈਲਫ ਹੈਲਪ ਗਰੁੱਪਸ ਨੂੰ 'ਪਹਿਲ' ਦਾ ਨਾਮ ਦਿੱਤਾ ਗਿਆ ਹੈ ਅਤੇ ਹਰ ਗਰੁੱਪ ਨੂੰ ਤਕਰੀਬਨ 30,000 ਰੁਪਿਆ ਰੁਜ਼ਗਾਰ ਸ਼ੁਰੂ ਕਰਨ ਲਈ ਦਿੱਤਾ ਜਾਂਦਾ ਹੈ, ਜਿਨ੍ਹਾਂ ਰਾਹੀਂ ਔਰਤਾਂ ਆਤਮ ਨਿਰਭਰ ਹੋ ਰਹੀਆਂ ਹਨ। ਉਦਾਹਰਣ ਦੇ ਤੌਰ ਤੇ ਬੀਬੀ ਭਾਨੀ ਸੈਲਫ ਹੈਲਪ ਗਰੁੱਪ ਮਾਂਡਵੀ ਨੇ ਕੱਚੀ ਘਾਣੀ ਕੋਲਡ ਪ੍ਰੈਸ ਆਇਲ ਸਥਾਪਿਤ ਕੀਤਾ ਸੀ, ਜਿਸ ਵਾਸਤੇ ਉਹ ਖੁਦ ਪੈਕਿੰਗ, ਮਾਰਕੀਟਿੰਗ ਕਰਦੀਆਂ ਹਨ। ਇਸੇ ਪ੍ਰਕਾਰ ਮੇਰੇ ਹਲਕੇ ਦਾ ਪਿੰਡ ਗੰਗਾ ਸਿੰਘ ਵਾਲਾ ਵਿਖੇ ਹਲਦੀ ਪ੍ਰੋਡਿਊਸਰ ਗਰੁੱਪ ਖੁਦ ਹਲਦੀ ਦੀ ਪ੍ਰੋਡਿਊਸ, ਪੈਕਿੰਗ ਅਤੇ ਮਾਰਕੀਟਿੰਗ ਕਰਦੀਆਂ ਹਨ। ਇਨ੍ਹਾਂ ਗਰੁੱਪਾਂ ਨੂੰ ਪ੍ਰੋਡਕਸ਼ਨ ਤੋਂ ਬਾਅਦ ਮਾਰਕੀਟ ਚਾਹੀਦੀ ਹੁੰਦੀ ਹੈ, ਮੰਡੀ ਚਾਹੀਦੀ ਹੁੰਦੀ ਹੈ। ਮੈਂ

ਦੱਸਣਾ ਚਾਹੁੰਦੀ ਹਾਂ ਕਿ ਸੰਗਰੂਰ ਵਿੱਚ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਸਿਟੀ ਪਾਰਕ ਦੇ ਸਾਮ੍ਹਣੇ ਹਰ ਐਤਵਾਰ 'ਪਹਿਲ' ਮੰਡੀ ਲਗਾਈ ਜਾਂਦੀ ਹੈ। ਜਿੱਥੇ ਸਾਡੇ ਜ਼ਿਲ੍ਹੇ ਦੀਆਂ ਹੋਣਹਾਰ ਆਤਮ ਨਿਰਭਰ ਬੀਬੀਆਂ ਰਸੋਈ ਦੇ ਪ੍ਰੋਡਕਟਸ ਤੋਂ ਲੈ ਕੇ ਸੈਨੇਟਰੀ ਦੇ ਪ੍ਰੋਡਕਟ ਬਣਾ ਕੇ ਮੰਡੀ ਵਿੱਚ ਲਿਆਂਦੀਆਂ ਹਨ। ਇਸ ਪ੍ਰਕਾਰ 15-30 ਐਕਟਿਵ ਸੈਲਫ ਹੈਲਪ ਗਰੁੱਪ ਆਪਣੇ ਪ੍ਰੋਡਕਟ ਉਸ ਮੰਡੀ ਵਿੱਚ ਸੇਲ ਕਰਦੇ ਹਨ। ਉਨ੍ਹਾਂ ਔਰਤਾਂ ਨੂੰ ਇਸ ਪ੍ਰਕਾਰ ਇਕ ਪਲੇਟਫਾਰਮ ਮਿਲਿਆ ਹੈ, ਜਿਸ ਰਾਹੀਂ ਉਹ ਆਪਣੀ ਆਮਦਨ-ਬੱਚਤ ਨੂੰ ਇਕੱਠਾ ਕਰ ਸਕਦੀਆਂ ਹਨ। ਇਸ ਦੇ ਨਾਲ ਹੀ ਮੈਂ ਗੱਲ ਕਰਾਂਗੀ ਕਿ ਉੱਥੇ ਬਾਬਾ ਬੰਦਾ ਸਿੰਘ ਬਹਾਦਰ ਲਾਇਬ੍ਰੇਰੀ ਹੈ, ਕਿਸੇ ਨੇ ਕੰਟੀਨ ਸਥਾਪਿਤ ਕੀਤੀ ਹੈ, ਕਿਸੇ ਨੇ ਹੋਰ ਪ੍ਰਬੰਧ ਕੀਤੇ ਹਨ, ਇਸ ਨਾਲ ਜਿੱਥੇ ਔਰਤਾਂ ਨੂੰ ਆਤਮ ਨਿਰਭਰ ਹੋਣ ਦਾ ਮੌਕਾ ਮਿਲ ਰਿਹਾ ਹੈ ਤਾਂ ਕਿ ਉਹ ਆਪਣੇ ਰੁਜ਼ਗਾਰ ਨੂੰ ਸਥਾਪਿਤ ਕਰਨ, ਉੱਥੇ ਹੀ ਉਨ੍ਹਾਂ ਨੂੰ ਸਰਕਾਰ ਦੀ ਸਹਾਇਤਾ ਨਾਲ ਪਲੇਟਫਾਰਮ ਮਿਲ ਰਿਹਾ ਹੈ। ਇਸ ਵਾਸਤੇ ਮੈਂ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਦੀ ਹਾਂ।

ਇਸੇ ਪ੍ਰਕਾਰ ਸਰਕਾਰ ਦੀ ਸਭ ਤੋਂ ਵੱਡੀ ਗਰੰਟੀ, ਸਭ ਤੋਂ ਵੱਡਾ ਵਾਅਦਾ ਜਿਹੜਾ ਔਰਤਾਂ ਨਾਲ ਕੀਤਾ ਗਿਆ ਸੀ, ਉਹ ਹੈ, ਮਾਵਾਂ-ਧੀਆਂ ਸਤਿਕਾਰ ਯੋਜਨਾ। ਸਰ, ਮੇਰੇ ਯਾਦ ਹੈ ਕਿ ਜਦੋਂ ਮੈਂ ਇਲੈਕਸ਼ਨ ਲੜ ਰਹੀ ਸੀ, ਮੈਂ ਆਪਣੇ ਹਲਕੇ ਵਿੱਚ ਆਪਣੀ ਉਦਾਹਰਣ ਦੇ ਕੇ ਆਪਣੀਆਂ ਭੈਣਾਂ ਨਾਲ ਵਾਅਦਾ ਕੀਤਾ ਸੀ। ਸਰ, ਮੇਰਾ ਜਨਮ ਸਾਲ 1994 ਦਾ ਹੈ ਅਤੇ ਸਾਲ 2012-21 ਤੱਕ ਆਪਣੀ ਹਾਇਰ ਐਜੂਕੇਸ਼ਨ ਪ੍ਰਾਪਤ ਕੀਤੀ ਹੈ। ਮੈਂ ਇਕ ਬਹੁਤ ਹੀ ਛੋਟੇ ਜਿਹੇ ਕਿਸਾਨ ਦੀ ਧੀ ਹਾਂ ਅਤੇ ਉਹ ਵੀ ਅਜਿਹੀ ਧੀ, ਜਿਹੜੀ ਘਰ ਵਿੱਚ ਕਮਾਉਣ ਵਾਲੀ ਇਕੱਲੀ ਸੀ। ਮੈਂ ਜਦੋਂ ਸਾਲ 2010 ਵਿੱਚ ਦਸਵੀਂ ਜਮਾਤ ਵਿੱਚ ਪੜ੍ਹਦੀ ਸੀ, ਉਸ ਵੇਲੇ ਘਰ ਦੀ ਕਬੀਲਦਾਰੀ ਸਾਂਭੀ, ਆਪਣਾ ਘਰ ਆਪ ਚਲਾਇਆ। ਉਸ ਦੌਰਾਨ ਮੈਂ ਆਪਣੀ ਹਾਇਰ ਐਜੂਕੇਸ਼ਨ ਲਈ ਚੰਨੋ ਤੋਂ ਪਟਿਆਲਾ ਜਾਂਦੀ ਸੀ। ਚੰਨੋ ਬਸਾਂ ਦੇ ਸਟਾਪੇਜ਼ ਦਾ ਲਾਸਟ ਪੁਆਇੰਟ ਸੀ, ਉਸ ਅੱਗੇ ਕੋਈ ਸਟਾਪ ਨਹੀਂ ਸੀ। ਪਿੱਛੋਂ ਸੰਗਰੂਰ ਵਾਲੇ ਪਾਸਿਓਂ ਬਸਾਂ ਭਰੀਆਂ ਹੋਈਆਂ ਆਉਂਦੀਆਂ ਸਨ। ਮੇਰੇ ਵਰਗੀਆਂ ਕੁੜੀਆਂ, ਜਿਹੜੀਆਂ ਹਰ ਰੋਜ਼ ਟਰੈਵਲ ਕਰਕੇ ਪੜ੍ਹਨ ਜਾਂਦੀਆਂ ਹਨ, ਸਰਕਾਰੀ ਬਸਾਂ ਦਾ ਪਾਸ ਬਣਵਾਉਂਦੇ ਹਾਂ,

**1420/Karamjit kaur**

ਉਨ੍ਹਾਂ ਵਿੱਚ ਭੀੜ ਹੁੰਦੀ ਸੀ, ਲਾਸਟ ਸਟੌਪ ਹੋਣ ਕਰਕੇ ਸਾਨੂੰ ਸੀਟ ਤੇ ਜਗ੍ਹਾ ਨਹੀਂ ਮਿਲਦੀ ਹੁੰਦੀ ਸੀ। ਸਾਡੀ ਮਜਬੂਰੀ ਸੀ ਜਿਸ ਕਰਕੇ ਹਮੇਸ਼ਾ ਪਹਿਲੇ ਇੱਕ-ਦੋ ਲੈਕਚਰ ਸ਼ਾਰਟ ਚੱਲਦੇ ਹੁੰਦੇ ਸੀ। ਪਰ ਸਾਡੀ ਮਜਬੂਰੀ ਇਹ ਸੀ ਕਿ ਅਸੀਂ ਪੈਸੇ ਲਗਾ ਕੇ ਪ੍ਰਾਈਵੇਟ ਬੱਸ ਵਿੱਚ ਨਹੀਂ ਜਾ ਸਕਦੇ ਸੀ। ਮੈਂ ਇਸ ਸਕੀਮ ਤੇ ਸ਼ੁਰੂ ਹੋਣ ਮੌਕੇ ਕਿਹਾ ਸੀ ਕਿ ਜੇ ਕਿਤੇ ਪੰਜਾਬ ਵਿੱਚ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਉਸ ਸਮੇਂ ਪਹਿਲਾਂ ਹੁੰਦੀ ਤਾਂ ਸਰ ਮੇਰੇ ਪਹਿਲੇ ਦੋ ਲੈਕਚਰ ਕਦੇ ਵੀ ਸ਼ਾਰਟ ਨਹੀਂ ਹੋਣੇ ਸੀ। ਮੈਂ ਇਸ ਸਕੀਮ ਤੋਂ ਮਿਲਣ ਵਾਲੇ 1500 ਜਾਂ 1000 ਰੁਪਏ ਵਿੱਚੋਂ, ਚਾਹੇ ਮੈਂ ਆਪਣੀ ਮਾਂ ਦਾ ਪੈਸਾ ਵੀ ਨਾਲ ਲਗਾ ਕੇ, ਮੈਂ ਪ੍ਰਾਈਵੇਟ ਬੱਸ ਵਿੱਚ ਸਫ਼ਰ ਕਰਕੇ ਆਪਣੇ ਕਾਲਜ ਵਿੱਚ ਟਾਈਮ ਸਿਰ ਪਹੁੰਚ ਸਕਦੀ ਸੀ। ਸਰ, ਮੈਂ ਆਪਣੀ ਇਹ ਕਹਾਣੀ ਇਸ ਲਈ ਦੱਸ ਰਹੀ ਹਾਂ ਕਿ ਅੱਜ ਵੀ ਸਾਡੀਆਂ ਮਾਵਾਂ-ਧੀਆਂ ਸਤਿਕਾਰ ਯੋਜਨਾ ਦੇ ਨਾਲ ਕਿੰਨੀਆਂ ਹੀ ਸਾਡੀਆਂ ਧੀਆਂ ਪੜ੍ਹ ਰਹੀਆਂ ਹਨ। ਅੱਜ ਇਸ ਸਕੀਮ ਤੋਂ ਉਨ੍ਹਾਂ ਨੂੰ ਬਹੁਤ ਵੱਡੀ ਮਦਦ ਮਿਲ ਰਹੀ ਹੈ।

ਸਰ, ਜੇ ਮੈਂ ਸਾਡੀਆਂ ਐਸ.ਸੀ. ਔਰਤਾਂ ਦੀ ਗੱਲ ਕਰਾਂ। ਮੇਰੇ ਹਲਕੇ ਦਾ ਪਿੰਡ ਬਖਤੜੀ ਹੈ, ਮੈਂ ਉਸ ਪਿੰਡ ਵਿੱਚ ਜਾ ਕੇ ਆਈ ਹਾਂ। ਮੇਰੇ ਕੋਲ ਵੀਡੀਉ ਵੀ ਹੈ। ਸਰ, ਮੈਨੂੰ ਇੱਕ ਬੀਬੀ ਉੱਥੇ ਮਿਲਦੀ ਹੈ। ਉਸ ਦੀ ਉਮਰ ਤਕਰੀਬਨ 58-60 ਸਾਲ ਦੀ ਹੋਣੀ ਹੈ। ਮੈਨੂੰ ਉਹ ਬੀਬੀ ਕਹਿੰਦੀ, 'ਪੁੱਤ ਤੈਨੂੰ ਯਾਦ ਹੈ, ਜਦੋਂ ਤੂੰ ਵੋਟਾਂ ਵੇਲੇ ਆਈ ਸੀ, ਮੈਂ ਤੈਨੂੰ ਕਿਹਾ ਸੀ ਕਿ ਮੈਂ ਉਦੋਂ 13-14 ਸਾਲ ਦੀ ਸੀ, ਜਦੋਂ ਤੋਂ ਮੇਰੇ ਸਿਰ ਦੇ ਉੱਤੇ ਗੋਹੇ ਦਾ ਬੱਠਲ ਟਿਕਿਆ ਹੋਇਆ ਹੈ, ਮੈਂ ਉਦੋਂ ਕਿਹਾ ਸੀ ਕਿ ਪੁੱਤ ਮੇਰੇ ਸਿਰ ਤੋਂ ਇਸ ਬੱਠਲ ਨੂੰ ਹਟਵਾ ਦਿਓ, ਇਸ ਨੂੰ ਚੁਕਵਾ ਦਿਓ।' ਮੈਂ ਉਸ ਨੂੰ ਪੁੱਛਿਆ ਕਿ ਹੁਣ ਕਿਵੇਂ ਹੋ, ਤਾਂ ਉਸ ਬੀਬੀ ਨੇ ਜਿੰਨੀਆਂ ਅਸੀਸਾਂ ਸਰਦਾਰ ਭਗਵੰਤ ਸਿੰਘ ਮਾਨ ਨੂੰ ਅਤੇ ਉਨ੍ਹਾਂ ਦੀ ਸਰਕਾਰ ਨੂੰ, ਮੈਂ ਉਨ੍ਹਾਂ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕਰ ਸਕਦੀ। ਉਹ ਬੀਬੀ ਕਹਿੰਦੀ, 'ਅੱਜ ਮੇਰੇ ਸਿਰ ਦੇ ਉੱਤੋਂ ਜਿਹੜਾ ਬੱਠਲ ਸੀ, ਉਹ ਲੱਥ ਗਿਆ ਹੈ ਕਿਉਂਕਿ ਮੇਰੇ ਘਰ ਦੇ ਵਿੱਚ ਸਾਢੇ 13 ਹਜ਼ਾਰ ਰੁਪਿਆ ਸਾਨੂੰ ਔਰਤਾਂ ਨੂੰ ਮਿਲਿਆ ਹੈ ਅਤੇ ਅਸੀਂ ਸੱਸ-ਨੂੰਹ ਤੇ ਮੇਰੀ ਪੋਤੀ ਰਲ਼ ਕੇ ਆਪਣੇ ਘਰ ਦਾ ਗੁਜ਼ਾਰਾ, ਆਪਣੇ ਚੁੱਲ੍ਹੇ ਦਾ ਖਰਚਾ ਉਠਾ ਰਹੀਆਂ ਹਨ। ' (ਥੰਪਿੰਗ)। ਸਰ, ਇਸ ਨਾਲ ਉਹ ਗਰੀਬ ਲੋਕ ਮਹਿਲਾਂ ਵਾਲੇ ਨਹੀਂ ਹੋ ਜਾਣਗੇ, ਜਿਵੇਂ ਸਾਡੀ ਵਿਰੋਧੀ ਕਹਿੰਦੇ ਸੀ ਕਿ ਹਜ਼ਾਰ ਰੁਪਿਆ ਮਹਿਜ 10 ਡਾਲਰ ਹੈ। ਸਰ, ਅੱਜ ਦੀ ਤ੍ਰਾਸਦੀ ਹੈ ਕਿ ਅੱਜ ਵੀ ਪਿੰਡਾਂ ਦੇ ਵਿੱਚ 70 ਪਰਸੈਂਟ ਜੋ ਔਰਤਾਂ ਹਨ, ਉਹ 1000-1500 ਤੇ 2000 ਰੁਪਏ ਦੇ ਛੋਟੇ ਛੋਟੇ ਉਧਾਰ-ਸੁਧਾਰ ਆਪਣੀਆਂ ਗੁਆਂਢਣਾਂ ਨਾਲ ਕਰਕੇ ਆਪਣੇ ਘਰ ਦੀ ਚੁੱਲ੍ਹੇ ਦੀ ਕਬੀਲਦਾਰੀ ਨੂੰ ਚਲਾਉਂਦੀਆਂ ਹਨ। ਮੈਂ ਸਮਝਦੀ ਹਾਂ ਕਿ ਉਨ੍ਹਾਂ ਔਰਤਾਂ ਨੂੰ ਇਸ ਸਕੀਮ ਨਾਲ ਬਹੁਤ ਵੱਡਾ ਵਿੱਤੀ ਲਾਭ ਮਿਲਿਆ ਹੈ ਅਤੇ ਉਹ ਆਤਮ ਨਿਰਭਰ ਹੋ ਰਹੀਆਂ ਹਨ। ਉਨ੍ਹਾਂ ਔਰਤਾਂ ਦਾ ਸਨਮਾਨ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਕੀਤਾ ਹੈ, ਜਿਹੜਾ ਕਿ ਅੱਜ ਤੱਕ ਉਨ੍ਹਾਂ ਨੂੰ ਨਹੀਂ ਮਿਲਿਆ ਸੀ। ਸਰ, ਅਜੇ ਤਾਂ ਸ਼ੁਰੂਆਤ ਹੈ, ਅੱਜ ਇਸ ਵਿਧਾਨ ਸਭਾ ਦੇ ਵਿੱਚ 13 ਬੀਬੀਆਂ ਚੁਣ ਕੇ ਆਈਆਂ ਹਨ। ਤੁਸੀਂ ਆਉਣ ਵਾਲੇ ਸਮੇਂ ਵਿੱਚ ਦੇਖਿਓ ਕਿ ਜਿੰਨਾ ਵੱਡਾ ਸਤਿਕਾਰ ਸਾਡੀਆਂ ਔਰਤਾਂ ਦਾ ਮਾਨ ਸਰਕਾਰ ਦੇ ਵਿੱਚ ਹੋ ਰਿਹਾ ਹੈ, ਆਉਣ ਵਾਲੇ ਸਮੇਂ ਵਿੱਚ ਇਹ ਗਿਣਤੀ ਕਈ ਗੁਣਾਂ ਵਧੇਗੀ। ਸਰ, ਮੇਰੀ ਗੱਲ ਯਾਦ ਰੱਖਿਓ, ਆਉਣ ਵਾਲੇ ਸਮੇਂ ਵਿੱਚ ਔਰਤਾਂ ਦੀ ਭਾਗੀਦਾਰੀ ਵਧੇਗੀ। ਬਹੁਤ ਬਹੁਤ ਧੰਨਵਾਦ, ਸਰ। Thank you so much, Sir. (ਥੰਪਿੰਗ)

---

## WELCOME ANNOUNCEMENT BY THE HON'BLE DEPUTY SPEAKER

**ਮਾਣਯੋਗ ਡਿਪਟੀ ਸਪੀਕਰ:** ਮੈਂ ਸਮਝਦਾ ਹਾਂ ਕਿ ਅਸੀਂ ਬੜੇ ਵਡਭਾਗੇ ਹਾਂ ਕਿ ਸ੍ਰੀ ਗੁਰੂ ਰਵੀਦਾਸ ਮਹਾਰਾਜ ਜੀ ਦਾ 650 ਸਾਲਾ ਪ੍ਰਕਾਸ਼ ਦਿਵਸ ਸਾਡੇ ਜੀਵਨ ਕਾਲ ਵਿੱਚ ਆ ਰਿਹਾ ਹੈ। ਗੁਰੂ ਸਾਹਿਬ ਦਾ ਜਿਹੜਾ ਜੀਵਨ ਕਾਲ ਹੈ, ਉਸ ਵਿੱਚੋਂ ਉਨ੍ਹਾਂ ਨੇ ਲੰਬਾ ਸਮਾਂ ਹਲਕਾ ਗੜ੍ਹਸ਼ੰਕਰ ਦੇ ਖੁਰਾਲਗੜ੍ਹ ਸਾਹਿਬ ਵਿਖੇ ਤਪ ਕਰਕੇ ਤੇ ਸੰਗਤਾਂ ਦਾ ਉਧਾਰ ਕਰਕੇ ਪੂਰਾ ਕੀਤਾ। ਅਸੀਂ ਵਡਭਾਗੇ ਹਾਂ ਕਿ ਅੱਜ ਚਰਨਛੋਹ ਗੰਗਾ ਤੋਂ ਸਾਡੇ ਮੁੱਖ ਸੇਵਾਦਾਰ ਸੰਤ ਸੁਰਿੰਦਰ ਦਾਸ ਜੀ, ਸ੍ਰੀ ਚਰਨਛੋਹ ਗੰਗਾ ਗੁਰਦੁਆਰਾ, ਖੁਰਾਲਗੜ੍ਹ ਸਾਹਿਬ, ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ, ਹਾਊਸ ਦੇ ਵਿੱਚ ਸਾਡੇ ਵਿਚਕਾਰ ਬਿਰਾਜਮਾਨ ਹਨ, ਆਓ, ਆਪਾਂ ਉਨ੍ਹਾਂ ਦਾ ਸਵਾਗਤ ਕਰੀਏ। (ਥੰਪਿੰਗ)

---

## OFFICIAL RESOLUTION REGARDING THE MEASURES UNDERTAKEN FOR WOMEN EMPOWERMENT AND WELFARE BY THE GOVERNMENT
**(Resumption)**

**ਮਾਣਯੋਗ ਡਿਪਟੀ ਸਪੀਕਰ** : ਅਗਲੇ ਮੈਂਬਰ ਬੀਬੀ ਅਰੁਨਾ ਚੌਧਰੀ ਜੀ ਹਨ।

**ਸ਼੍ਰੀਮਤੀ ਅਰੁਨਾ ਚੌਧਰੀ (ਦੀਨਾ ਨਗਰ, ਐਸ.ਸੀ.):** ਧੰਨਵਾਦ ਡਿਪਟੀ ਸਪੀਕਰ ਸਾਹਿਬ। ਤੁਹਾਡਾ ਧੰਨਵਾਦ ਜੀ ਕਿ ਮੈਨੂੰ ਇਸ ਮਤੇ ਤੇ ਬੋਲਣ ਦਾ ਸਮਾਂ ਦਿੱਤਾ ਹੈ। ਸਰ, ਜੇ ਇਸ ਬਾਰੇ ਪਹਿਲਾਂ ਹੀ ਦੱਸਿਆ ਹੁੰਦਾ ਤਾਂ ਹੋਰ ਵੀ ਵਧੀਆ ਹੁੰਦਾ ਕਿਉਂਕਿ ਇਹ ਮਤਾ ਅੱਜ ਦੀ ਕਾਰਜਸੂਚੀ ਵਿੱਚ ਸ਼ਾਮਲ ਨਹੀਂ ਸੀ।

**ਮਾਣਯੋਗ ਡਿਪਟੀ ਸਪੀਕਰ:** ਤੁਹਾਡੀ ਤਾਂ ਵੈਸੇ ਹੀ ਤਿਆਰੀ ਰਹਿੰਦੀ ਹੈ, ਤੁਸੀਂ ਤਾਂ ਬੜੇ ਪੁਰਾਣੇ ਮੈਂਬਰ ਹੋ।

**ਸ਼੍ਰੀਮਤੀ ਅਰੁਨਾ ਚੌਧਰੀ:** ਸਰ, ਹਰ ਸਰਕਾਰ ਆਪਣੇ ਵੇਲੇ ਚੰਗਾ ਕੰਮ ਕਰਨਾ ਚਾਹੁੰਦੀ ਹੈ। ਖਾਸ ਤੌਰ ਤੇ ਜਿਹੜੇ ਸਾਡੇ ਸਮਾਜ ਦਾ ਇੱਕ ਖਾਸ ਹਿੱਸਾ ਹਨ, ਉਹ ਹਨ ਬਜ਼ੁਰਗ ਲੋਕ, ਸਾਡੀਆਂ ਵਿਧਵਾ ਭੈਣਾਂ, ਯਤੀਮ ਬੱਚੇ ਅਤੇ ਸਪੈਸ਼ਲੀ ਏਬਲਡ ਬੱਚੇ, ਜਿਨ੍ਹਾਂ ਨੂੰ ਕਿ ਸਾਡੀ ਸਰਕਾਰ ਵੇਲੇ ਜਦੋਂ ਅਸੀਂ ਸਾਲ 2017 ਵਿੱਚ ਸੱਤਾ ਵਿੱਚ ਆਏ ਸੀ ਤਾਂ ਉਨ੍ਹਾਂ ਨੂੰ 500 ਰੁਪਿਆ ਪ੍ਰਤੀ ਮਹੀਨਾ ਬੁਢਾਪਾ ਪੈਨਸ਼ਨ ਮਿਲਦੀ ਸੀ। ਉਸ ਤੋਂ ਬਾਅਦ ਅਸੀਂ ਇਸ ਨੂੰ ਵਧਾ ਕੇ 1500 ਰੁਪਿਆ ਪ੍ਰਤੀ ਮਹੀਨਾ ਕਰਕੇ ਦਿੱਤੀ, ਜੋ ਸਾਡਾ ਚੁਣਾਵੀਂ ਮੈਨੀਫੈਸਟੋ ਵਿੱਚ ਇੱਕ ਵਾਅਦਾ ਸੀ। ਇਸੇ ਤਰ੍ਹਾਂ ਤੁਹਾਡਾ ਵੀ ਇੱਕ ਵਾਅਦਾ ਹੈ ਕਿ ਤੁਸੀਂ 1500 ਰੁਪਏ ਤੋਂ ਵਧਾ ਕੇ ਇਸ ਨੂੰ 2500 ਰੁਪਿਆ ਪ੍ਰਤੀ ਮਹੀਨਾ ਕਰੋਗੇ। ਸਾਨੂੰ ਉਡੀਕ ਹੈ ਕਿ ਤੁਸੀਂ ਕਦੋਂ ਇਹ ਵਾਧਾ ਸ਼ੁਰੂ ਕਰੋਗੇ। ਮੈਂ ਚਾਹੁੰਦੀ ਹਾਂ ਕਿ ਉਹ ਵੀ ਜੇ ਜਲਦੀ ਸ਼ੁਰੂ ਕਰ ਦਿੱਤਾ ਜਾਵੇ ਤਾਂ ਬੜਾ ਵਧੀਆ ਹੋਵੇਗਾ।

ਮੈਂ ਦੱਸਣਾ ਚਾਹੁੰਦੀ ਹਾਂ ਕਿ ਜਿਹੜਾ ਇਹ ਸੋਸ਼ਲ ਸਕਿਉਰਿਟੀ ਡਿਪਾਰਟਮੈਂਟ ਹੈ, ਇਹ ਪੋਰਟਫੋਲੀਓ ਮੇਰੇ ਕੋਲ ਵੀ ਰਿਹਾ ਹੈ। ਇਹ ਇੱਕ ਬਹੁਤ ਹੀ ਸੈਂਸੇਟਿਵ ਜਿਹਾ ਡਿਪਾਰਟਮੈਂਟ ਹੈ, ਜਿਹੜਾ ਕਿ ਇੱਕ ਰੈਵੇਨਿਊ ਜੈਨਰੇਟਿੰਗ ਡਿਪਾਰਟਮੈਂਟ ਨਹੀਂ ਹੈ। ਇਸ ਦਾ ਕੰਮ ਸਮਾਜ ਦੀ ਸੇਵਾ ਕਰਨ ਵਿੱਚ ਯੋਗਦਾਨ ਪਾਉਣ ਦਾ ਹੈ। ਸਮਾਜ ਵਿੱਚ ਜਿਹੜੇ ਪਿਛੜੇ ਲੋਕ ਹਨ, ਜਿਨ੍ਹਾਂ ਨੂੰ ਸਹੀ ਮਾਅਨਿਆਂ ਵਿੱਚ ਸਹਾਇਤਾ ਤੇ ਮਦਦ ਦੀ ਲੋੜ ਹੈ, ਉਨ੍ਹਾਂ ਵਾਸਤੇ ਇਹ ਮਹਿਕਮਾ ਬਣਿਆ ਹੈ।

**1425/harpreet singh**

ਮੈਂ ਇਹ ਵੀ ਦੱਸਣਾ ਚਾਹੁੰਦੀ ਹਾਂ ਕਿ ਸਾਡੇ ਵੇਲੇ 33 ਫੀਸਦੀ ਨੌਕਰੀਆਂ ਵਿਚ ਔਰਤਾਂ ਵਾਸਤੇ ਰਿਜ਼ਰਵੇਸ਼ਨ ਰੱਖੀ ਗਈ ਸੀ ਅਤੇ 50 ਫੀਸਦੀ ਮਿਉਂਸੀਪਲ ਕਮੇਟੀਆਂ ਅਤੇ ਪੰਚਾਇਤਾਂ ਵਿਚ ਕੀਤੀ ਗਈ ਸੀ, ਜਿਸ ਨਾਲ ਅੱਧੀਆਂ ਸਰਪੰਚ ਅਤੇ ਅੱਧੀਆਂ ਐਮ.ਸੀ. ਸਾਡੀਆਂ ਭੈਣਾਂ ਬਣੀਆਂ ਹੋਈਆਂ ਹਨ। ਇਸ ਤੋਂ ਇਲਾਵਾ ਸਾਡੇ ਵੇਲੇ ਸ਼ਗਨ ਸਕੀਮ, ਜਿਹੜੀ ਕਿ ਗਰੀਬ ਲੜਕੀਆਂ ਦੇ ਵਿਆਹ ਵਾਸਤੇ ਸੀ, ਨੂੰ ਅਸੀਂ 31 ਹਜ਼ਾਰ ਤੋਂ ਵਧਾ ਕੇ 51 ਹਜ਼ਾਰ ਰੁਪਏ ਕਰ ਦਿੱਤਾ ਸੀ। ਉਸ ਵਿਚ ਵਿਚ ਤੁਹਾਡੀ ਸਰਕਾਰ ਨੇ ਕੋਈ ਵਾਧਾ ਨਹੀਂ ਕੀਤਾ। ਆਂਗਨਵਾੜੀ ਅਤੇ ਆਸ਼ਾ ਵਰਕਰਾਂ ਦੇ ਭੱਤੇ ਵਿਚ ਵੀ ਅਸੀਂ ਵਾਧਾ ਕੀਤਾ ਸੀ। ਇੱਥੇ ਜ਼ਿਕਰ ਹੋਇਆ 68 ਹਜ਼ਾਰ ਸਰਕਾਰੀ ਨੌਕਰੀਆਂ ਦਾ। ਇਥੇ ਰੋਜ਼ ਹੀ ਇਹ ਗੱਲ ਉਭਰ ਕੇ ਆਉਂਦੀ ਹੈ। ਮੈਂ ਸਵਾਲ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੌਕਰੀਆਂ ਵਿਚ ਕਿੰਨੇ ਫੀਸਦੀ ਨੌਕਰੀਆਂ

ਔਰਤਾਂ ਨੂੰ ਦਿੱਤੀਆਂ ਗਈਆਂ ਹਨ। ਜੇਕਰ ਇਹ ਡਾਟਾ ਸਾਨੂੰ ਮਿਲ ਜਾਵੇ ਤਾਂ ਬਹੁਤ ਵਧੀਆ ਹੋਵੇਗਾ। ਔਰਤਾਂ ਨੂੰ ਜ਼ਰੂਰ ਆਪਣੇ ਪੈਰਾਂ ਤੇ ਖੜੇ ਹੋਣ ਦਾ ਹੱਕ ਹੈ ਖਾਸ ਤੌਰ ਤੇ ਸਾਡੇ ਬਾਰਡਰ ਏਰੀਆ ਵਿਚ ਤਾਂ ਇਹ ਬਹੁਤ ਜ਼ਰੂਰੀ ਹੈ ਕਿ ਔਰਤਾਂ ਆਪਣੇ ਪੈਰਾਂ ਤੇ ਖੜੀਆਂ ਹੋਣ। ਸੈਲਫ ਹੈਲਪ ਗਰੁੱਪ ਪੰਜਾਬ ਸਰਕਾਰ ਦੇ ਹਨ ਜਾਂ ਇਹ ਭਾਰਤ ਸਰਕਾਰ ਦੇ ਫੰਡਜ਼ ਨਾਲ ਚੱਲ ਰਹੇ ਹਨ ਕਿਉਂਕਿ ਇੱਥੇ ਇਕ ਮੈਂਬਰ ਸਾਹਿਬਾ ਵੱਲੋਂ ਇਸ ਸਕੀਮ ਦਾ ਨਾਂਅ ਲਿਆ ਗਿਆ ਹੈ। ਇਹ 60:40 ਦੀ ਸਕੀਮ ਹੈ, ਜਿਸ ਵਿਚ 60 ਫੀਸਦੀ ਹਿੱਸਾ ਕੇਂਦਰ ਦਾ ਅਤੇ 40 ਫੀਸਦੀ ਹਿੱਸਾ ਪੰਜਾਬ ਸਰਕਾਰ ਦਾ ਹੈ। ਸੋ, ਇਹ ਕਲੈਰੀਫਿਕੇਸ਼ਨ ਦਿੱਤੀ ਜਾਵੇ ਕਿ ਕੀ ਇਹ 60:40 ਵਾਲੀ ਸਕੀਮ ਹੈ ਜਾਂ 100 ਫੀਸਦੀ ਪੰਜਾਬ ਸਰਕਾਰ ਦੀ ਸਕੀਮ ਹੈ। ਇਸ ਤੋਂ ਇਲਾਵਾ ਮੁਫ਼ਤ ਬੱਸ ਸੇਵਾ ਸਕੀਮ ਸਾਡੇ ਵੱਲੋਂ ਸ਼ੁਰੂ ਕੀਤੀ ਗਈ ਸੀ, ਜਿਸ ਨੂੰ ਤੁਸੀਂ ਕੰਟੀਨਿਊ ਕੀਤਾ ਹੈ।

ਮਾਵਾਂ ਧੀਆਂ ਸਤਿਕਾਰ ਯੋਜਨਾ ਤੁਸੀਂ ਬਹੁਤ ਵਧੀਆ ਲੈ ਕੇ ਆਏ ਹੋ। ਬੇਸ਼ੱਕ ਤੁਸੀਂ ਆਪਣਾ ਵਾਅਦਾ ਬਹੁਤ ਦੇਰੀ ਨਾਲ ਪੂਰਾ ਕੀਤਾ ਹੈ ਪਰ ਦੇਰ ਆਏ ਦਰੁਸਤ ਆਏ। ਹਰ ਘਰ ਵਿਚ ਜਦੋਂ ਪੈਸੇ ਜਾਣਗੇ ਤਾਂ ਉਨ੍ਹਾਂ ਨੂੰ ਬੜਾ ਚੰਗਾ ਆਰਥਿਕ ਸਸ਼ਕਤੀਕਰਨ ਮਿਲੇਗਾ ਲੇਕਿਨ ਕੀ ਇਹ ਸਕੀਮ ਸਿਰਫ਼ 3 ਮਹੀਨੇ ਵਾਸਤੇ ਹੈ, 6 ਮਹੀਨੇ ਵਾਸਤੇ ਹੈ ਜਾਂ ਹਮੇਸ਼ਾਂ ਚੱਲਣ ਵਾਲੀ ਸਕੀਮ ਹੈ। ਇਸ ਬਾਰੇ ਤੁਸੀਂ ਕੋਈ ਕਲੈਰਿਟੀ ਨਹੀਂ ਕੀਤੀ ਕਿਉਂਕਿ ਜਿਹੜੀ ਅਸੀਂ 1500 ਰੁਪਏ ਪੈਨਸ਼ਨ ਅਸੀਂ ਦੇ ਰਹੇ ਸੀ, ਉਹ ਤੁਸੀਂ ਕੰਟੀਨਿਊ ਰੱਖੀ ਹੈ। ਬੱਸ ਸਰਵਿਸ ਜਿਹੜੀ ਅਸੀਂ ਮਹਿਲਾਵਾਂ ਵਾਸਤੇ ਸ਼ੁਰੂ ਕੀਤੀ ਸੀ, ਉਹ ਵੀ ਤੁਸੀਂ ਜਾਰੀ ਰੱਖੀ ਹੈ। ਬੜੀ ਚੰਗੀ ਗੱਲ ਹੈ। ਜਿਹੜੀਆਂ ਚੰਗੀਆਂ ਸਕੀਮਾਂ ਹਨ, ਉਨ੍ਹਾਂ ਨੂੰ ਜ਼ਰੂਰ ਕੰਟੀਨਿਊ ਰੱਖਣਾ ਚਾਹੀਦਾ ਹੈ। ਸੋ, ਮੈਂ ਇਹ ਗੱਲ ਕਹਾਂਗੀ ਕਿ ਤੁਸੀਂ ਮਾਂਵਾ ਧੀਆਂ ਪੰਜਾਬ ਵਿਚ ਵੰਡ ਦਿੱਤੀਆਂ ਹਨ। ਜਿਨ੍ਹਾਂ ਨੂੰ ਇਹ ਪੈਸੇ ਮਿਲ ਰਹੇ ਹਨ, ਬੜੀ ਚੰਗੀ ਗੱਲ ਹੈ ਪਰ ਸਾਡੇ ਏਰੀਏ ਵਿਚ ਵਿਤਕਰਾ ਕੀਤਾ ਗਿਆ, ਸਾਨੂੰ ਫਾਰਮ ਵੀ ਨਹੀਂ ਦਿੱਤੇ ਗਏ। ਤੁਸੀਂ ਆਪਣੇ ਵਰਕਰਜ਼ ਨੂੰ ਫਾਰਮ ਦਿੱਤੇ ਹਨ। ਤੁਸੀਂ ਸਖੀ ਵਾਲਾ ਕਨਸੈਪਟ ਨਵਾਂ ਲੈ ਕੇ ਆਏ ਸੀ ਕਿ ਸਖੀਆਂ ਘਰ ਘਰ ਜਾਣਗੀਆਂ। ਸੋ, ਪੰਜਾਬ ਦੀਆਂ ਮਾਵਾਂ ਧੀਆਂ ਵਿਚ ਵੰਡੀਆਂ ਨਾ ਪਾਈਏ।

**ਮਾਣਯੋਗ ਡਿਪਟੀ ਸਪੀਕਰ**: ਧੰਨਵਾਦ ਜੀ।ਸ੍ਰੀ ਅਮਨ ਅਰੋੜਾ ਜੀ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ (ਸ੍ਰੀ ਅਮਨ ਅਰੋੜਾ)**: ਮੈਂ ਮੈਂਬਰ ਸਾਹਿਬਾ ਦੀਆਂ ਸਾਰੀਆਂ ਗੱਲਾਂ ਨਾਲ ਸਹਿਮਤ ਹਾਂ ਪਰ ਇਸ ਗੱਲ ਨਾਲ ਸਹਿਮਤ ਨਹੀਂ ਕਿ ਕੋਈ ਵਿਤਕਰਾ ਹੋਇਆ ਹੈ।

**ਮਾਣਯੋਗ ਡਿਪਟੀ ਸਪੀਕਰ**: ਮੰਤਰੀ ਜੀ, ਚੇਅਰ ਨੂੰ ਅਡਰੈਸ ਕਰੋ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ**: ਮਾਣਯੋਗ ਡਿਪਟੀ ਸਪੀਕਰ ਸਾਹਿਬ, ਤੁਸੀਂ ਕਿਸੇ ਵੀ ਆਂਗਨਵਾੜੀ ਸੈਂਟਰ ਵਿਚ ਭੇਜ ਦਿਓ, ਕਿਸੇ ਸੇਵਾ ਕੇਂਦਰ ਵਿਚ ਭੇਜ ਦਿਓ। ਬਕਾਇਦਾ ਕੈਂਪ ਲੱਗ ਰਹੇ ਹਨ। 100 ਫੀਸਦੀ ਰਜਿਸਟਰੇਸ਼ਨ ਹੋ ਰਹੀ ਹੈ। ਇਕ ਨਵੇਂ ਪੈਸੇ ਦਾ ਕੋਈ ਵਿਤਕਰਾ ਨਹੀਂ ਹੈ। ਤੁਸੀਂ ਇਕ ਕੰਮ ਕਰੋ, ਜੇਕਰ ਤੁਹਾਨੂੰ ਕੋਈ ਡਾਊਟ ਹੈ ਤਾਂ ਤੁਸੀਂ ਦੱਸੋ, ਅਸੀਂ ਤੁਹਾਡੇ ਹਲਕੇ ਵਿਚ ਸਪੈਸ਼ਲ ਕੈਂਪ ਲਾਵਾਂਗੇ। No issues al all.

**ਮਾਣਯੋਗ ਡਿਪਟੀ ਸਪੀਕਰ**: ਮੰਤਰੀ ਜੀ, ਚੇਅਰ ਨੂੰ ਅਡਰੈਸ ਕਰੋ। ਮੈਂਬਰ ਸਾਹਿਬ ਨੇ ਇਕ ਕਲੈਰੀਫਿਕੇਸ਼ਨ ਹੋਰ ਮੰਗੀ ਹੈ ਕਿ ਕੀ ਮਾਂਵਾ ਧੀਆਂ ਸਕੀਮ ਇਕ ਮਹੀਨੇ ਲਈ ਹੈ, ਤਿੰਨ ਮਹੀਨੇ ਲਈ ਹੈ ਜਾਂ ਪੰਜ ਸਾਲ ਲਈ ਹੈ? ਉਹ ਵੀ ਦੱਸੋ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ**: ਜਿਸ ਦਿਨ ਸਾਡੀ ਨਵੀਂ ਸਰਕਾਰ ਬਣ ਜਾਂਦੀ ਹੈ, ਜਿਹੜੀ ਕਿ ਸਰਦਾਰ ਭਗਵੰਤ ਮਾਨ ਜੀ ਦੀ ਅਗਵਾਈ ਵਿਚ ਤੈਅ ਹੈ, ਇਹ ਸਕੀਮ ਇਸੇ ਤਰ੍ਹਾਂ ਕੰਟੀਨਿਊ ਰਹੇਗੀ। (ਥੰਪਿੰਗ)

**ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਜਗਰਾਓਂ, ਐਸ.ਸੀ.)**: ਮਾਣਯੋਗ ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਮਹਿਲਾ ਸਸ਼ਕਤੀਕਰਨ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਆਪਣੀ ਭੈਣ ਅਰੁਨਾ ਜੀ ਅਤੇ ਮੇਰੇ ਵੀਰ ਕੋਟਲੀ ਜੀ ਨੂੰ ਇਹ ਗੱਲ ਜ਼ਰੂਰ ਕਹਿਣਾ ਚਾਹੁੰਦੀ ਹਾਂ ਕਿ ਇਹ ਮਾਵਾਂ ਧੀਆਂ ਸਤਿਕਾਰ ਯੋਜਨਾ ਵਿਚ ਆਮ ਆਦਮੀ ਪਾਰਟੀ ਜਾਂ ਕਾਂਗਰਸ ਪਾਰਟੀ ਦੀਆਂ ਔਰਤਾਂ ਦੀ ਗੱਲ ਨਹੀਂ ਹੋ ਰਹੀ। ਮੇਰੇ ਵੀਰ ਕੋਟਲੀ ਜੀ ਦੇ ਏਰੀਏ ਵਿਚ 55 ਹਜ਼ਾਰ 836 ਲਾਭਪਾਤਰੀਆਂ ਨੇ ਫਾਰਮ ਭਰੇ ਹਨ।

**1430/amandeep kaur**

ਜੇ ਤੁਹਾਨੂੰ ਲੱਗਦਾ ਕਿ ਕਿਤੇ ਵੀ ਕੋਈ ਵਿਤਕਰਾ ਹੋ ਰਿਹਾ ਹੈ ਤਾਂ ਮੈਂ ਦੱਸ ਦਿਆਂ ਕਿ ਇਸ ਦੇ ਵਿੱਚ ਤਾਂ ਮੁੱਖ ਮੰਤਰੀ ਸਾਹਿਬ ਦੇ ਸਖਤ ਨਿਰਦੇਸ਼ ਹਨ ਕਿ ਪੰਜਾਬ ਦੀ ਹਰ ਔਰਤ ਮੇਰੀ ਭੈਣ ਹੈ ਜਾਂ ਮੇਰੀ ਮਾਂ ਹੈ ਜਾਂ ਸਾਡੀ ਧੀ ਹੈ, ਇਸ ਦਾ ਪੈਸਾ ਘਰ ਘਰ ਤੱਕ ਪਹੁੰਚਣਾ ਚਾਹੀਦਾ ਹੈ। ਇਸ ਦਾ ਕੋਈ ਪੁਲੀਟੀਕਲ ਮੋਟਿਵ ਨਹੀਂ ਹੈ। ਸਰਕਾਰਾਂ ਦੇ economic development ਦੇ ਦੋ ਤਰ੍ਹਾਂ ਦੇ ਮਕਸਦ ਹੁੰਦੇ ਹਨ। ਇੱਕ ਤਾਂ ਕੇਂਦਰ ਸਰਕਾਰ ਜਿਹੜੇ ਹਿਸਾਬ ਨਾਲ ਕਰ ਰਹੀ ਹੈ ਅਤੇ ਇੱਕ ਸਾਡੇ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਜੋ ਕੀਤਾ ਹੈ। ਕੇਂਦਰ ਸਰਕਾਰ ਕਰਦੀ ਹੈ top-down approach ਵਾਲਾ ਕੰਮ, ਇਸ ਦੇ ਵਿੱਚ ਇਸ ਤਰ੍ਹਾਂ ਹੁੰਦਾ ਹੈ ਕਿ 10-12 ਅਮੀਰ ਘਰਾਣੇ ਚੁੱਕੇ ਜਾਂਦੇ ਹਨ, ਉਨ੍ਹਾਂ ਦਾ ਲੱਖਾਂ ਕਰੋੜਾਂ ਰੁਪਏ ਦਾ ਕਰਜ਼ਾ ਮੁਆਫ ਕਰ ਦਿੱਤਾ ਜਾਂਦਾ ਹੈ, ਇਹ 10-12 ਜਾਂ 15 ਅਮੀਰ ਘਰਾਣੇ ਜੇ ਚਾਹੁੰਣ ਤਾਂ ਆਪਣਾ ਪੈਸਾ ਆਪਣੇ ਖਜ਼ਾਨਿਆਂ ਵਿੱਚ ਦੱਬ ਲੈਣ ਜਾਂ ਆਪਣੀ ਜਗ੍ਹਾ ਤੇ ਦੱਬ ਲੈਣ। ਜਿਹੜੇ ਨੀਚੇ ਵਾਲੇ ਲੋਕ ਹਨ, ਜਿਹੜੇ ਸਾਡੇ ਵਿਹੜਿਆਂ ਦੇ ਲੋਕ, ਗਰੀਬ ਪਰਿਵਾਰਾਂ ਦੇ ਲੋਕ ਹਨ ਉਨ੍ਹਾਂ ਤੱਕ ਉਹ ਪੈਸਾ ਪਹੁੰਚਾਉਣ ਜਾਂ ਨਾ ਪਹੁੰਚਾਉਣ ਇਹ ਉਨ੍ਹਾਂ ਦੀ ਇੱਛਾ ਹੁੰਦੀ ਹੈ। ਇਸੇ ਕਰਕੇ ਪੰਜਾਬ ਦੇ ਵਿੱਚ ਇੰਡੀਆ ਦੇ ਵਿੱਚ ਗਰੀਬ ਅਮੀਰ ਵਿੱਚ ਵੱਡਾ ਪਾੜਾ ਹੈ। ਸਾਡੇ ਸਰਦਾਰ ਭਗਵੰਤ ਸਿੰਘ ਮਾਨ ਜੀ ਇੱਕ ਆਮ ਘਰ ਦਾ ਬੱਚਾ ਸੀ। ਉਨ੍ਹਾਂ ਦੇ mother house wife ਸੀ। ਜਦੋਂ ਇੱਕ ਘਰ ਦੇ ਵਿੱਚ ਇੱਕ ਜਣਾ ਕਮਾਊ ਹੁੰਦਾ ਹੈ, ਦੋ ਬੱਚੇ ਪੜ੍ਹਨ ਵਾਲੇ ਹੁੰਦੇ ਹਨ ਤਾਂ ਉਹ ਲੇਡੀਜ਼ ਵੀ ਤੰਗੀਆਂ ਤੁਰਸ਼ੀਆਂ ਵਾਲੀਆਂ ਹੁੰਦੀਆਂ ਹਨ, ਘਰ ਦਾ ਬਜਟ ਮੇਨਟੇਨ ਕਰਦੀਆਂ ਹਨ, ਘਾਟਾਂ ਆਪ ਰੱਖ ਲੈਂਦੀਆਂ ਹੈ। ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਦੂਜੀ ਐਪਰੋਚ ਦਾ ਸਾਥ ਦਿੱਤਾ। ਦੂਸਰੀ ਐਪਰੋਚ ਹੁੰਦੀ ਹੈ bottom-up approach. ਇਸ ਐਪਰੋਚ ਨਾਲ ਨੀਚੇ ਵੱਲ ਪੈਸਾ ਸੁੱਟਿਆ ਜਾਂਦਾ ਹੈ। ਜਿਵੇਂ ਆਪਾਂ ਕੋਈ ਬੂਟਾ ਲਗਾਉਂਦੇ ਹਾਂ, ਉਸ ਦੀ ਪਹਿਲਾਂ ਜੜ੍ਹ ਨੂੰ ਮਜ਼ਬੂਤ ਕਰਦੇ ਹਾਂ ਫਿਰ ਉਹ ਫਲ ਦੇਣ ਲੱਗਦਾ ਹੈ। ਜਦੋਂ ਅਸੀਂ ਮਹਿਲਾਵਾਂ ਲਈ ਹਜ਼ਾਰ ਪੰਦਰਾ ਸੋ ਵਾਲੀ ਸਕੀਮ ਕੱਢੀ, ਇਹ ਮੁੱਖ ਮੰਤਰੀ ਸਾਹਿਬ ਦੀ ਦੂਰ-ਅੰਦੇਸ਼ੀ ਸੀ, ਸਾਡੇ ਹਰਪਾਲ ਸਿੰਘ ਚੀਮਾ ਜੀ ਵਿੱਤ ਮੰਤਰੀ ਸਨ। ਕੈਬਨਿਟ ਮੀਟਿੰਗ ਵਿੱਚ ਇਹ ਦੂਰ-ਅੰਦੇਸ਼ੀ ਹੋਈ। ਮਾਰਕਿਟ ਦੇ ਵਿੱਚ ਜੀ.ਡੀ.ਪੀ. ਤਾਂ ਹੀ ਵਧੇਗੀ ਜੇ ਔਰਤ ਬਾਜ਼ਾਰ ਵਿੱਚ ਆਇਗੀ ਵਪਾਰੀ ਸੌਖਾ ਹੋਵੇਗਾ। ਇਹ ਇੱਕ ਸਿੰਪਲ ਜਿਹਾ ਕੰਮ ਹੈ circular flow of

income, ਇੱਕ ਇਕਨਾਮਿਕਸ ਦਾ ਸਿੰਪਲ ਫੰਡਾ ਹੈ ਕਿ ਜਦੋਂ ਵੀ production to industry, industry to household ਪੈਸਾ ਆਏਗਾ। Household ਨੇ ਫਿਰ ਇਹ ਪੈਸਾ revert back ਕਰਨਾ ਹੈ। ਉਹੀ ਸਕੀਮ ਸਾਡੇ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਲਿਆਂਦੀ ਕਿਉਂਕਿ ਸਾਡੀਆਂ 50-60% ਭੈਣਾਂ ਅਜਿਹੀਆਂ ਹਨ ਜਿਹੜੀਆਂ ਘਰਾਂ ਵਿੱਚ ਬੈਠੀਆਂ ਹਨ। ਉਨ੍ਹਾਂ ਕੋਲ ਪੈਸਾ ਨਾ ਹੋਣ ਕਰਕੇ ਉਨ੍ਹਾਂ ਨੇ ਆਪਣੇ ਸ਼ੌਂਕ ਮਾਰ ਲਏ। ਉਨ੍ਹਾਂ ਦੇ ਸ਼ੌਂਕ ਬਹੁਤ ਵੱਡੇ ਨਹੀਂ ਹੁੰਦੇ, ਇੱਕ 50-100 ਰੁਪਏ ਦੀ ਲਿਪਸਟਿਕ ਵੀ ਉਸ ਦਾ ਸ਼ੌਂਕ ਹੈ, ਇੱਕ ਛੋਟੀ ਜਿਹੀ ਕੰਘੀ ਵੀ ਉਨ੍ਹਾਂ ਦਾ ਸ਼ੌਂਕ ਹੈ। ਉਨ੍ਹਾਂ ਦੇ ਸ਼ੌਂਕ ਵੀ ਛੋਟੇ ਹਨ, ਉਨ੍ਹਾਂ ਦੀ ਜ਼ਰੂਰਤ ਵੀ ਛੋਟੀ ਹੈ। ਸਪੀਕਰ ਸਾਹਿਬ, ਉਨ੍ਹਾਂ ਮਹਿਲਾਵਾਂ ਨੂੰ ਹਜ਼ਾਰ ਰੁਪਿਆ ਦੇਵਾਂਗੇ। ਸਾਰੇ ਮੇਰੇ ਭਰਾ ਵੀ ਮੇਰੀ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਦਾਦੀ ਜਾਂ ਨਾਨੀ ਜੇ ਆਪਣੀ ਜੇਬ ਵਿੱਚੋਂ ਕੱਢ ਕੇ 10 ਰੁਪਏ ਵੀ ਦੇ ਦੇਵੇ ਤਾਂ ਉਹ 10 ਰੁਪਏ ਪਰਸ ਵਿੱਚ ਸਾਂਭਣ ਨੂੰ ਜੀ ਕਰਦਾ ਹੈ ਕਿ ਉਸ ਦਾ ਅਸ਼ੀਰਵਾਦ ਹੈ। ਜੇ ਉਹੀ ਨਾਨੀ ਆਪਣੇ ਪੁੱਤ ਤੋਂ 50 ਰੁਪਏ ਲੈ ਕੇ ਆਪਣੇ ਦੋਤੇ ਨੂੰ ਦੇਣ ਲੱਗੇ ਤਾਂ ਉਹੀ ਮਾਮੀ ਮੂੰਹ ਵੱਟ ਲੈਂਦੀ ਹੈ ਕਿ ਕੀ ਲੋੜ ਹੈ, ਅਸੀਂ ਵੀ ਤਾਂ ਦੇ ਹੀ ਰਹੇ ਹਾਂ। ਉਹ ਵਿਚਾਰੀ ਔਰਤ ਬੇਸ਼ੱਕ ਉਹ ਪੈਸਾ ਸਾਨੂੰ ਦਾਦੀ ਹੀ ਦਿੰਦੀ ਹੈ ਜਾਂ ਨਾਨੀ ਹੀ ਦਿੰਦੀ ਹੈ, ਉਹ ਮਸੋਸੀ ਜਿਹੀ ਰਹਿ ਜਾਂਦੀ ਹੈ ਸੋਚਦੀ ਹੈ ਕਿ ਕਾਸ਼ ਮੇਰੇ ਕੋਲ ਕੁਝ ਹੋਵੇ। ਇਹ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਦੂਰਅੰਦੇਸ਼ੀ ਹੈ ਕਿ ਸਾਡੇ ਸਿਹਤ ਸੇਵਕ ਗਰੁੱਪ ਅਤੇ ਕਮਿਊਨਿਟੀ ਹੈਲਥ ਉਦਯੋਗਪਤੀ ਪੰਜਾਬ ਸਰਕਾਰ ਦੀ ਇੱਕ ਬਹੁਤ ਹੀ ਸ਼ਲਾਘਾਯੋਗ ਪਹਿਲ ਹੈ। ਅੱਜ ਮੈਂ ਪੰਜਾਬ ਸਰਕਾਰ ਵੱਲੋਂ ਮਹਿਲਾ ਸ਼ਸ਼ਤ੍ਰੀਕਰਨ, ਸਵੈ-ਰੁਜ਼ਗਾਰ, ਐਸ.ਐਚ.ਜੀ ਤੇ ਲੋਕਾਂ ਦੀ ਸਿਹਤ ਦੇ ਖੇਤਰ ਵਿੱਚ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕਰਦੀ ਹਾਂ ਤੇ ਨਾਲ ਹੀ ਮੈਡਮ ਅਮਨਦੀਪ ਕੌਰ ਜੀ ਵੱਲੋਂ ਜਿਹੜਾ ਮਤਾ ਲਿਆਂਦਾ ਗਿਆ ਹੈ ਉਸ ਦੀ ਪ੍ਰੋੜਤਾ ਕਰਦੀ ਹਾਂ।

**1430/amandeep kaur/Monika sharma**

**1435/Tarlochan Singh**

ਪੰਜਾਬ ਸਰਕਾਰ ਦੀ ਕੋਸ਼ਿਸ਼ ਹੈ ਕਿ ਸਾਡੀਆਂ ਪੇਂਡੂ ਮਹਿਲਾਵਾਂ ਸਿਰਫ ਪਰਿਵਾਰ ਦੀ ਜ਼ਿੰਮੇਵਾਰੀ ਨਿਭਾਉਣ ਵਾਲੀਆਂ ਨਾ ਰਹਿਣ ਸਗੋਂ ਆਪਣੀ ਆਮਦਨ ਪੈਦਾ ਕਰਨ ਵਾਲੀ ਅਤੇ ਆਪਣੇ ਪੈਰਾਂ ਤੇ ਖੜ੍ਹੀਆਂ ਹੋ ਕੇ ਉਦਯੋਗਪਤੀ ਬਣਨ। ਡਿਪਟੀ ਸਪੀਕਰ ਸਾਹਿਬ, ਇਹ ਜ਼ਰੂਰੀ ਨਹੀਂ ਕਿ ਆਪਣੇ ਪੜ੍ਹਦੇ ਪੜ੍ਹਦੇ ਹਰ ਬੰਦਾ ਸਰਕਾਰੀ ਨੌਕਰੀ ਜਾਂ ਚੰਗੇ ਅਹੁਦੇ ਤੇ ਪਹੁੰਚ ਜਾਏ ਪਰ ਜ਼ਿੰਦਗੀ ਵਿੱਚ ਉਸ ਨੇ ਰੋਟੀ ਤਾਂ ਖਾਣੀ ਹੀ ਹੈ। ਉਹ ਰੋਟੀ ਖਾਣ ਲਈ, ਥੋੜ੍ਹੀ ਇਨਕਮ ਕਮਾਉਣ ਲੱਗ ਗਏ, ਥੋੜ੍ਹੀ ਥੋੜ੍ਹੀ ਇਨਕਮ ਕਰਦੇ ਵੱਡੇ ਹੋ ਗਏ ਤਾਂ ਮੈਨੂੰ ਲੱਗਦਾ ਹੈ ਕਿ ਉਹ ਆਪਣੀ ਜ਼ਿੰਦਗੀ ਸੌਖੀ ਕੱਢ ਲੈਣਗੇ ਨਹੀਂ ਤਾਂ ਐਸੀਆਂ ਤੰਗੀਆਂ ਤੁਰਸ਼ੀਆਂ ਹਨ ਕਿ ਬੰਦੇ ਨੂੰ ਅੰਦਰੇ ਅੰਦਰ ਖਾ ਜਾਂਦੀਆਂ ਹਨ।

**ਮਾਣਯੋਗ ਡਿਪਟੀ ਸਪੀਕਰ** : ਕਨਕਲੂਡ ਕਰੋ ਜੀ।

**ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ** : ਥੋੜ੍ਹਾ ਜਿਹਾ ਟਾਈਮ ਦੇ ਦਿਉ ਜੀ। ਪੰਜਾਬ ਵਿੱਚ ਐਸ.ਐਚ.ਜੀ. ਨੈੱਟਵਰਕ ਇਸ ਬਦਲਾਅ ਦੀ ਵੱਡੀ ਤਾਕਤ ਬਣਿਆ ਹੈ। 31 ਜਨਵਰੀ, 2025 ਦੇ ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਵਿੱਚ 52118 ਸੈਲਫ ਹੈਲਪ ਗਰੁੱਪਾਂ ਨਾਲ 5,43,246 ਪੇਂਡੂ ਪਰਿਵਾਰ ਜੁੜੇ। ਇਹ ਅੰਕੜਾ ਆਪਣੇ ਆਪ ਵਿੱਚ ਦੱਸਦਾ ਹੈ ਕਿ ਅਸਲ ਵਿੱਚ ਮਹਿਲਾਵਾਂ ਨੂੰ ਬੱਚਤ, ਲਾਈਵਲੀਹੁੱਡ, ਫਾਈਨਾਂਸ਼ੀਅਲ ਇਨਕਲੂਜ਼ਨ ਅਤੇ ਸੈਲਫ ਇੰਪਲਾਇਮੈਂਟ ਨਾਲ ਜੋੜਨ ਦਾ ਵੱਡੇ ਪੱਧਰ ਤੇ ਕੰਮ ਹੋ ਰਿਹਾ ਹੈ। ਪੰਜਾਬ ਸਰਕਾਰ ਦਾ ਪੰਜਾਬ ਸਟੇਟ ਰੂਰਲ ਲਾਈਵਲੀਹੁੱਡ

ਮਿਸ਼ਨ ਵੀ ਪੇਂਡੂ ਪਰਿਵਾਰਾਂ ਨੂੰ ਸਸਟੇਨੇਬਲ, ਸੈਲਫ ਇੰਪਲਾਇਮੈਂਟ ਤੇ ਸਕਿੱਲਡ ਇੰਪਲਾਇਮੈਂਟ ਦੇਣ ਦੇ ਮੌਕੇ ਪ੍ਰਦਾਨ ਕਰਦਾ ਹੈ। ਸਰਕਾਰ ਦੀ ਉਸ ਸੋਚ ਨੂੰ ਦਰਸਾਉਂਦਾ ਹੈ ਕਿ ਮਹਿਲਾ ਨੂੰ ਸਿਰਫ ਸਹਾਇਤਾ ਨਹੀਂ ਸਗੋਂ ਆਪਣੀ ਕਮਾਈ, ਆਪਣੀ ਪਛਾਣ ਦੇਣ ਤੇ ਜ਼ੋਰ ਦੇਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਇੱਕ ਔਰਤ ਦਾ ਪੰਜੀ ਪੰਜੀ ਜੋੜ ਕੇ ਆਪਣੇ ਪਰਿਵਾਰ ਨੂੰ ਪਾਲਣਾ, ਆਪਣੇ ਬੱਚੇ ਨੂੰ ਇਨਕਰੇਜ ਕਰਨਾ ਹੋਵੇ ਤਾਂ ਇੱਕ ਗੱਲ ਜ਼ਰੂਰ ਕਹਿੰਦੀ ਹੈ ਕਿ ਜੇ ਤੂੰ ਇਸ ਵਾਰ ਫਸਟ ਆ ਗਿਆ ਤਾਂ ਤੇਰੇ ਨਾਂ ਤੇ ਟੀ.ਵੀ. ਲੈ ਲਵਾਂਗੇ, ਇਸ ਵਾਰ ਫਸਟ ਆ ਗਿਆ ਤਾਂ ਤੇਰੇ ਨਾਂ ਤੇ ਫਰਿੱਜ ਲੈ ਲਵਾਂਗੇ। ਇਹ ਵੀ ਘਰ ਵਿੱਚ ਕੁਝ ਜੋੜਨ ਦਾ ਇੱਕ ਸਾਧਨ ਹੀ ਹੁੰਦਾ ਹੈ। ਸਿਹਤ ਦੇ ਖੇਤਰ ਵਿੱਚ ਬਹੁਤ ਵੱਡੀ ਪਹੁੰਚ ਕੀਤੀ ਹੈ। ਡਿਪਟੀ ਸਪੀਕਰ ਸਾਹਿਬ, ਕਮਿਊਨਿਟੀ ਲੈਵਲ ਹੈਲਥ ਵਰਕਰ ਤੇ ਮਹਿਲਾ ਵਰਕ ਫੋਰਸ ਦੀ ਪਿੰਡਾਂ ਵਿੱਚ, ਹੈਲਥ ਅਵੇਅਰਨੈੱਸ, ਨਿਊਟ੍ਰੀਸ਼ਨ, Maternal Child Care and Preventional Health Care ਨੂੰ ਲੋਕਾਂ ਦੇ ਨੇੜੇ ਲਿਆਉਣ ਦੀ ਕੋਸ਼ਿਸ਼ ਕੀਤੀ ਹੈ। During Pregnancy ਜਾਂ ਕਿਸੇ ਤਰ੍ਹਾਂ ਦੇ ਕਾਰਨਾਂ ਕਰਕੇ ਕੋਈ ਔਰਤ ਆਪਣੇ ਪਰਿਵਾਰ ਵਿੱਚ ਵੱਡੀ ਔਰਤ ਨਾਲ ਗੱਲ ਨਹੀਂ ਕਰਨਾ ਚਾਹੁੰਦੀਆਂ ਪਰ ਇਨ੍ਹਾਂ ਨਾਲ ਗੱਲ ਕਰਦੀਆਂ ਹਨ ਤਾਂ ਕਿ ਬੱਚਾ ਸੁਰੱਖਿਅਤ ਹੋ ਸਕੇ ਅਤੇ ਸਮਾਜ ਨੂੰ ਇੱਕ ਵਧੀਆ ਤਰੀਕੇ ਨਾਲ ਵਧਾ ਸਕਣ। ਅੱਜ ਸਿਹਤ ਸੇਵਿਕਾ ਵਰਗੀ ਭੂਮਿਕਾ ਨੂੰ ਮਹਿਲਾ ਸਸ਼ਕਤੀਕਰਨ ਨਾਲ ਜੋੜ ਕੇ ਦੇਖਿਆ ਜਾ ਸਕਦਾ ਹੈ। ਜਿੱਥੇ ਮਹਿਲਾ ਆਪਣੇ ਸਮਾਜ ਦੀ ਸਿਹਤ ਜਾਗਰੂਕਤਾ ਵਿੱਚ ਵੀ ਯੋਗਦਾਨ ਪਾਉਂਦੀ ਹੈ, ਉਥੇ ਲਾਈਵਲੀਹੁੱਡ ਈਕੋ ਸਿਸਟਮ ਦਾ ਵੀ ਹਿੱਸਾ ਬਣਦੀ ਹੈ। ਅੱਜ ਪੰਜਾਬ ਦੀ ਮਹਿਲਾ ਐਂਟਰਪ੍ਰਿਨਿਉਰ ਦੀ ਬਦਲਦੀ ਤਸਵੀਰ ਹੈ, ਜਿਸ ਦਾ ਸਿਹਤ ਸਿਰਫ ਤੇ ਸਿਰਫ ਸਰਦਾਰ ਭਗਵੰਤ ਸਿੰਘ ਮਾਨ ਜੀ ਨੂੰ ਜਾਂਦਾ ਹੈ। ਅੱਜ ਸਭ ਤੋਂ ਵੱਡੀ ਗੱਲ ਹੈ, ਇੱਕੋ ਹਲਕੇ ਦੀ ਗੱਲ ਕਰਦੀ ਹਾਂ, ਜਿਵੇਂ ਮੰਤਰੀ ਸਾਹਿਬ ਨੇ ਦੱਸਿਆ ਹੈ ਕਿ 70 ਮਹਿਲਾਵਾਂ ਨੂੰ ਸਿਖਲਾਈ ਦਿੱਤੀ ਤੇ 65 ਨੂੰ ਸਿਹਤ ਸਰਟੀਫਿਕੇਟ। 2021 ਘਰਾਂ ਤੱਕ ਪਹੁੰਚ ਕੀਤੀ ਹੈ ਤੇ ਘਰ ਘਰ ਦੇ ਦੌਰੇ ਕੀਤੇ ਹਨ। ਔਰਤਾਂ ਦੀਆਂ ਕਈ ਪ੍ਰਾਬਲਮਜ਼ ਐਸੀਆਂ ਹੁੰਦੀਆਂ ਹਨ ਜਿਹੜੀਆਂ ਔਰਤ ਔਰਤ ਨਾਲ ਹੀ ਡਿਸਕਸ ਕਰ ਸਕਦੀ ਹੈ, ਉਹ ਹਰ ਕਿਤੇ ਨਹੀਂ ਜਾ ਸਕਦੀ। ਡਿਪਟੀ ਸਪੀਕਰ ਸਾਹਿਬ, ਸਭ ਤੋਂ ਵੱਡੀ ਗੱਲ ਇਹ ਹੈ ਕਿ ਪੰਜਾਬ ਦੀਆਂ ਪੇਂਡੂ ਮਹਿਲਾਵਾਂ ਸਿਰਫ ਕਰਮਚਾਰੀ ਹੀ ਨਹੀਂ ਬਣ ਰਹੀਆਂ ਸਗੋਂ ਉਦਯੋਗਪਤੀ ਬਣ ਰਹੀਆਂ ਹਨ। ਅੱਜ ਪੀ.ਐਸ.ਆਰ.ਐਲ.ਐਮ. ਵੇਰਕਾ ਪਹਿਲਕਦਮੀ ਤਹਿਤ ਪੰਜਾਬ ਭਰ ਵਿੱਚ 71 ਚਲਿਤ ਵੇਰਕਾ ਰਿਟੇਲ ਪੁਆਇੰਟ ਸਥਾਪਤ ਕੀਤੇ ਗਏ ਹਨ। ਇਹ ਮਹਿਲਾਵਾਂ ਕਾਰੋਬਾਰ ਚਲਾ ਰਹੀਆਂ ਹਨ ਅਤੇ ਗਾਹਕਾਂ ਨਾਲ ਆਪਣੇ ਪਰਿਵਾਰਕ ਸਬੰਧ ਕਾਇਮ ਕਰ ਰਹੀਆਂ ਹਨ, ਵਿੱਤੀ ਫੈਸਲੇ ਲੈ ਰਹੀਆਂ ਹਨ, ਪਰਿਵਾਰ ਦੀ ਆਮਦਨ ਵਿੱਚ ਯੋਗਦਾਨ ਪਾ ਰਹੀਆਂ ਹਨ। ਇਸ ਪਹਿਲਕਦਮੀ ਨੇ ਟਿਕਾਊ ਰੋਜ਼ਗਾਰ ਦੇ ਮੌਕੇ ਪੈਦਾ ਕੀਤੇ ਹਨ ਅਤੇ ਸਥਾਨਕ ਤੇ ਆਰਥਿਕ ਤੌਰ ਤੇ ਮਹਿਲਾਵਾਂ ਦੀ ਭਾਗੀਦਾਰੀ ਨੂੰ ਮਜ਼ਬੂਤ ਕੀਤਾ ਹੈ।

**ਮਾਣਯੋਗ ਡਿਪਟੀ ਸਪੀਕਰ** : ਧੰਨਵਾਦ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ** : ਬੱਸ ਸਰ, ਖਤਮ ਕਰਨ ਲੱਗੀ ਹਾਂ। ਸਰਕਾਰ ਪੇਂਡੂ ਖੇਤਰ ਲਈ ਇੱਕ ਨਵਾਂ ਮਾਡਲ ਤਿਆਰ ਕਰ ਰਹੀ ਹੈ। ਸਰ, ਜਿਹੜੀ ਤੀਰਥ ਬੱਸ ਯਾਤਰਾ ਹੈ, ਇਹ ਫਰੀ ਹੈ, ਦਵਾਈ ਫਰੀ ਹੈ, ਇਹ ਇੱਕ ਔਰਤ ਦਾ ਇੰਟਰਨਲ ਮਨੋਬਲ ਉੱਚਾ ਚੁੱਕਣ ਦੀ ਤਾਕਤ ਹੈ, ਜਿਹੜੀ ਕਿ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਕੀਤੀ ਹੈ।

**ਮਾਣਯੋਗ ਡਿਪਟੀ ਸਪੀਕਰ** : ਧੰਨਵਾਦ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ** : ਮੈਂ ਅੰਤ ਵਿੱਚ ਸੁਨੀਤਾ ਕੇਜਰੀਵਾਲ ਜੀ ਦਾ, ਡਾਕਟਰ ਗੁਰਪ੍ਰੀਤ ਕੌਰ ਜੀ ਦਾ ਅਤੇ ਗਾਇਤਰੀ ਮੈਡਮ ਦਾ ਧੰਨਵਾਦ ਕਰਨਾ ਚਾਹੁੰਦੀ ਹਾਂ ਜਿਨ੍ਹਾਂ ਨੇ ਇਨ੍ਹਾਂ ਸਾਰੀਆਂ ਸਕੀਮਾਂ ਵਿੱਚ ਇਕੱਠੇ ਹੋ ਕੇ ਇੱਕ ਪੁਆਇੰਟ ਲਿਆਂਦਾ। ਮੈਂ ਧੰਨਵਾਦ ਕਰਨਾ ਚਾਹੁੰਦੀ ਹਾਂ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਜਿਨ੍ਹਾਂ ਨੇ ਔਰਤਾਂ ਨੂੰ ਸੱਚਮੁੱਚ ਵਿੱਚ ਆਪਣੀਆਂ ਧੀਆਂ, ਭੈਣਾ ਅਤੇ ਮਾਤਾਵਾਂ ਸਮਝਿਆ ਹੈ ਤਾਂ ਕਿ ਉਹ ਹੋਰ ਸਸ਼ਕਤ ਹੋ ਸਕਣ, ਵਧੀਆ ਤਰੀਕੇ ਨਾਲ ਕੰਮ ਕਰ ਸਕਣ। ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ।

**ਮਾਣਯੋਗ ਡਿਪਟੀ ਸਪੀਕਰ** : ਪ੍ਰਸ਼ਨ ਹੈ

> ਕਿ ਇਹ ਸਦਨ ਪੰਜਾਬ ਦੀਆਂ ਮਹਿਲਾਵਾਂ ਦੇ ਸਸ਼ਕਤੀਕਰਨ, ਸਨਮਾਨ, ਸੁਰੱਖਿਆ, ਆਵਾਜਾਈ ਦੀ ਸਹੂਲਤ ਅਤੇ ਆਰਥਿਕ ਆਤਮਨਿਰਭਰਤਾ ਲਈ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਅਤੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਚੁੱਕੇ ਗਏ ਬੇਮਿਸਾਲ ਕਦਮਾਂ ਲਈ ਧੰਨਵਾਦ ਕਰਦਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ। (ਥੰਪਿੰਗ)***

**1435/Tarlochan Singh/Monika sharma**

**1440/mehak**

## LEGISLATIVE BUSINESS

### 1. THE PUNJAB COMMON INFRASTRUCTURE (REGULATION AND MAINTENANCE) AMENDMENT BILL, 2026

**ਮਾਣਯੋਗ ਡਿਪਟੀ ਸਪੀਕਰ**: ਉਦਯੋਗ ਮੰਤਰੀ, ਸ੍ਰੀ ਅਮਨ ਅਰੋੜਾ ਜੀ, ਪ੍ਰਸਤਾਵ ਪੇਸ਼ ਕਰਨ।

**ਉਦਯੋਗ ਤੇ ਵਣਜ ਮੰਤਰੀ (ਸ੍ਰੀ ਅਮਨ ਅਰੋੜਾ)**: ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

> ਕਿ ਪੰਜਾਬ ਕਾਮਨ ਇਨਫਰਾਸਟ੍ਰਕਚਰ (ਰੈਗੂਲੇਸ਼ਨ ਐਂਡ ਮੇਨਟੇਨੈਂਸ) ਸੋਧ ਬਿਲ, 2026 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਡਿਪਟੀ ਸਪੀਕਰ**: ਪ੍ਰਸਤਾਵ ਕੀਤਾ-

> ਕਿ ਪੰਜਾਬ ਕਾਮਨ ਇਨਫਰਾਸਟ੍ਰਕਚਰ (ਰੈਗੂਲੇਸ਼ਨ ਐਂਡ ਮੇਨਟੇਨੈਂਸ) ਸੋਧ ਬਿਲ, 2026 ਤੇ ਤੁਰੰਤ ਵਿਚਾਰ ਕੀਤਾ ਜਾਵੇ।
>
> ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ)

**ਮਾਣਯੋਗ ਡਿਪਟੀ ਸਪੀਕਰ**: ਮੰਤਰੀ ਜੀ, ਕੀ ਕੋਈ ਬਹਿਸ ਦੀ ਗੱਲ ਹੈ? ਕੀ ਤੁਸੀਂ ਇਸ ਬਿਲ ਤੇ ਕੁਝ ਬੋਲਣਾ ਚਾਹੁੰਦੇ ਹੋ?

**ਉਦਯੋਗ ਤੇ ਵਣਜ ਮੰਤਰੀ (ਸ੍ਰੀ ਅਮਨ ਅਰੋੜਾ)**: ਮੇਰੇ ਵੱਲੋਂ ਤਿਆਰੀ ਹੈ ਜੀ, ਜਦੋਂ ਕੋਈ ਸਵਾਲ ਹੀ ਨਹੀਂ ਆਇਆ ਹੈ ਤਾਂ ਮੈਂ ਕੀ ਬੋਲਣਾ ਹੈ।

**ਮਾਣਯੋਗ ਡਿਪਟੀ ਸਪੀਕਰ**: ਪ੍ਰਸ਼ਨ ਹੈ-

ਕਿ ਪੰਜਾਬ ਕਾਮਨ ਇਨਫਰਾਸਟ੍ਰਕਚਰ (ਰੈਗੂਲੇਸ਼ਨ ਐਂਡ ਮੇਨਟੇਨੈਂਸ) ਸੋਧ ਬਿਲ, 2026 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਡਿਪਟੀ ਸਪੀਕਰ**: ਹੁਣ ਸਦਨ ਬਿਲ ਤੇ ਕਲਾਜ਼ ਵਾਰ ਵਿਚਾਰ ਕਰੇਗਾ। (ਵਿਘਨ) ਹਾਂ ਜੀ, ਮੰਤਰੀ ਸਾਹਿਬ, ਕੀ ਤੁਸੀਂ ਕੁਝ ਬੋਲਣਾ ਚਾਹੁੰਦੇ ਹੋ?

**ਉਦਯੋਗ ਤੇ ਵਣਜ ਮੰਤਰੀ (ਸ੍ਰੀ ਅਮਨ ਅਰੋੜਾ)**: ਨਹੀਂ, ਨਹੀਂ, ਤੁਸੀਂ ਪਹਿਲਾਂ ਬਿਲ ਪਾਸ ਕਰ ਲਓ, ਮੈਂ ਬਾਅਦ ਵਿੱਚ ਬੋਲਾਂਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਣਯੋਗ ਡਿਪਟੀ ਸਪੀਕਰ**: ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਡਿਪਟੀ ਸਪੀਕਰ**: ਕੀ ਸਰਬਸੰਮਤੀ ਹੈ ਜੀ?

**ਸਰਦਾਰ ਪਰਗਟ ਸਿੰਘ ਪੋਆਰ (ਬੈਠੇ ਬੈਠੇ)** : ਨਾ ਜੀ, ਨਾ ਜੀ।

**ਮਾਣਯੋਗ ਡਿਪਟੀ ਸਪੀਕਰ**: ਕੋਈ ਗੱਲ ਨਹੀਂ, ਇਨ੍ਹਾਂ ਦੇ ਮਨ ਦੀਆਂ ਭਾਵਨਾਵਾਂ ਪਤਾ ਲੱਗ ਰਹੀਆਂ ਹਨ।

**ਕਲਾਜ਼ਾਂ 2 ਤੋਂ 18**

**ਮਾਣਯੋਗ ਡਿਪਟੀ ਸਪੀਕਰ**: ਕਿਉਂਜੋ ਕਲਾਜ਼ਾਂ 2 ਤੋਂ 18 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ।

(ਅਵਾਜ਼ਾਂ: ਹਾਂ ਜੀ, ਹਾਂ ਜੀ)

**ਮਾਣਯੋਗ ਡਿਪਟੀ ਸਪੀਕਰ**: ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਤੋਂ 18 ਬਿਲ ਦਾ ਹਿੱਸਾ ਹਨ।

**ਮਾਣਯੋਗ ਡਿਪਟੀ ਸਪੀਕਰ**: ਕੀ ਸਰਬਸੰਮਤੀ ਮੰਨੀਏ ਜੀ, ਹਾਂ ਜਾਂ ਨਾ ਕਲੀਅਰ ਕਰ ਦਿਆ ਕਰੋ ਜੀ। ਪਰਗਟ ਸਿੰਘ ਜੀ, ਇਹ ਬੜੀ ਜ਼ਿੰਮੇਵਾਰੀ ਵਾਲੀ ਗੱਲ ਹੈ। ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਹਾਂ ਜਾਂ ਨਾ ਹੱਥ ਖੜ੍ਹਾ ਕਰਕੇ ਦੱਸ ਸਕਦੇ ਹੋ।

**ਸਰਦਾਰ ਪਰਗਟ ਸਿੰਘ ਪੋਆਰ**: ਨਾ ਜੀ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਣਯੋਗ ਡਿਪਟੀ ਸਪੀਕਰ**: ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਣਯੋਗ ਡਿਪਟੀ ਸਪੀਕਰ**: ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਡਿਪਟੀ ਸਪੀਕਰ**: ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਉਦਯੋਗ ਤੇ ਵਣਜ ਮੰਤਰੀ (ਸ਼੍ਰੀ ਅਮਨ ਅਰੋੜਾ)**: ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਕਾਮਨ ਇਨਫਰਾਸਟ੍ਰਕਚਰ (ਰੈਗੂਲੇਸ਼ਨ ਐਂਡ ਮੇਨਟੇਨੈਂਸ) ਸੋਧ ਬਿਲ, 2026 ਪਾਸ ਕੀਤਾ ਜਾਵੇ।

**ਮਾਣਯੋਗ ਡਿਪਟੀ ਸਪੀਕਰ**: ਪ੍ਰਸਤਾਵ ਕੀਤਾ-

ਕਿ ਪੰਜਾਬ ਕਾਮਨ ਇਨਫਰਾਸਟ੍ਰਕਚਰ (ਰੈਗੂਲੇਸ਼ਨ ਐਂਡ ਮੇਨਟੇਨੈਂਸ) ਸੋਧ ਬਿਲ, 2026 ਪਾਸ ਕੀਤਾ ਜਾਵੇ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਮਨਪ੍ਰੀਤ ਸਿੰਘ ਇਆਲੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਆਗਿਆ ਮੰਗ ਰਹੇ ਸਨ।)

**ਮਾਣਯੋਗ ਡਿਪਟੀ ਸਪੀਕਰ**: ਹੁਣ ਤਾਂ ਸਟੇਜ ਨਿਕਲ ਗਈ ਹੈ, ਹੁਣ ਤਾਂ ਲਾਸਟ ਵਿੱਚ ਆ ਗਏ ਹਾਂ। ਮੈਂ ਵਾਰ ਵਾਰ ਸਾਰੇ ਮੈਂਬਰ ਸਾਹਿਬਾਨ ਨੂੰ ਪੁੱਛਿਆ ਹੈ। ਮੈਂ ਵਾਰ ਵਾਰ ਪੁੱਛਿਆ ਹੈ ਕਿ ਕੀ ਕੋਈ ਬਹਿਸ ਤੇ ਬੋਲਣਾ ਚਾਹੁੰਦਾ ਹੈ। ਹੁਣ ਅਗਲੇ ਬਿਲ ਤੇ ਬੋਲ ਲੈਣਾ।

**ਸਰਦਾਰ ਮਨਪ੍ਰੀਤ ਸਿੰਘ ਇਆਲੀ**: ਸਰ, ਇਸ ਬਿਲ ਤੇ ਤਿਆਰੀ ਹੈ ਜੀ।

**ਮਾਣਯੋਗ ਡਿਪਟੀ ਸਪੀਕਰ**: ਹੁਣ ਤਾਂ ਸਟੇਜ ਨਿਕਲ ਗਈ ਹੈ। ਇਆਲੀ ਸਾਹਿਬ, ਮੈਂ ਸਾਰਿਆਂ ਨੂੰ ਪੁੱਛਿਆ ਹੈ, ਸਾਰੇ ਹਾਊਸ ਨੂੰ ਪੁੱਛਿਆ ਹੈ। ਹੁਣ ਸਟੇਜ ਨਿਕਲ ਗਈ ਹੈ।

**1440/mehak/Shubham jain**

**1445/Sukhpiar Singh**

**ਉਦਯੋਗ ਤੇ ਵਣਜ ਮੰਤਰੀ (ਸ੍ਰੀ ਅਮਨ ਅਰੋੜਾ)**: ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਹੈ ਕਿ ਚਲੋ ਚਾਹੇ ਸਟੇਜ ਨਿਕਲ ਗਈ ਹੈ ਪਰ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਘੱਟੋ ਘੱਟ ਇੱਕ ਮੈਂਬਰ ਨੇ ਤਾਂ ਬਹਿਸ ਤੇ ਡਿਸਕਸ਼ਨ ਕਰਨਾ ਜ਼ਰੂਰੀ ਸਮਝਿਆ। (ਵਿਘਨ) (ਸ਼ੋਰ) ਇੱਕ ਸੈਕਿੰਟ ਜੀ, ਇੱਕ ਮਿੰਟ ਜੀ, Let me complete.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਅਵਤਾਰ ਸਿੰਘ ਜੂਨੀਅਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਮਾਣਯੋਗ ਡਿਪਟੀ ਸਪੀਕਰ**: ਤੁਸੀਂ ਚੇਅਰ ਨੂੰ ਐਡਰੈਸ ਕਰੋ।

**ਉਦਯੋਗ ਤੇ ਵਣਜ ਮੰਤਰੀ (ਸ੍ਰੀ ਅਮਨ ਅਰੋੜਾ)**: ਸਰ, ਇਸ ਤਰ੍ਹਾਂ ਹੈ ਕਿ ਸਵੇਰ ਦਾ ਇਸ ਗੱਲ ਦਾ ਕਾਂਗਰਸ ਦੇ ਸਾਥੀਆਂ ਵੱਲੋਂ ਰੌਲਾ ਪਾਇਆ ਜਾ ਰਿਹਾ ਹੈ ਕਿ 9 ਬਿਲ, 9 ਬਿਲ, 9 ਬਿਲ (ਵਿਘਨ) (ਸ਼ੋਰ)। ਸਰ, ਅੱਜ ਇਹ ਸਰਕੂਲੇਟ 22 ਜੁਲਾਈ ਨੂੰ ਹੋਇਆ ਸੀ ਅਤੇ ਪੇਸ਼ ਹੋਏ ਨੂੰ 8ਵਾਂ ਦਿਨ ਹੈ। 3 ਤਾਰੀਖ ਨੂੰ ਪਹਿਲਾ ਦਿਨ ਸੀ, ਉਸ ਦਿਨ

ਇਹ ਬਿਲ ਪੇਸ਼ ਹੋ ਚੁੱਕਿਆ ਸੀ। ਇਸ ਗੱਲ ਤੇ objection ਹੈ ਕਿ ਹੁਣ ਆਇਆ ਹੈ, ਹੁਣ ਆਇਆ ਹੈ। ਉਹ ਯਾਰ 8 ਦਿਨ ਜਿਹੜੇ ਹੋ ਗਏ ਹਨ, ਉਹੀ ਪੜ੍ਹ ਕੇ ਆ ਜਾਇਆ ਕਰੋ। ਕਿਸੇ ਨੇ ਪੜ੍ਹਿਆ ਹੈ? ਬੋਲੋ? ਕੀ ਕਿਸੇ ਨੇ ਪੜ੍ਹਿਆ ਹੈ? (ਵਿਘਨ) (ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਕੁਲਦੀਪ ਸਿੰਘ ਧਾਲੀਵਾਲ ਆਪਣੀ ਸੀਟ ਤੇ ਬੈਠੇ-ਬੈਠੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਉਦਯੋਗ ਤੇ ਵਣਜ ਮੰਤਰੀ**: ਸਰ, 8 ਦਿਨ ਹੋ ਗਏ ਹਨ। ਓਬਜੈਕਟ ਕਰ ਰਹੇ ਹੋ, ਓਬਜੈਕਟ ਕਰ ਰਹੇ ਹਨ। (ਵਿਘਨ) (ਸ਼ੋਰ)

**ਮਾਣਯੋਗ ਡਿਪਟੀ ਸਪੀਕਰ** : ਮੰਤਰੀ ਜੀ, ਇੱਕ ਮਿੰਟ ਪਹਿਲਾਂ ਬਿਲ ਪਾਸ ਕਰ ਲਈਏ।

**ਮਾਣਯੋਗ ਸਪੀਕਰ** : ਪ੍ਰਸ਼ਨ ਹੈ-

ਕਿ ਪੰਜਾਬ ਕਾਮਨ ਇਨਫਰਾਸਟ੍ਰਕਚਰ (ਰੈਗੂਲੇਸ਼ਨ ਐਂਡ ਮੇਨਟੇਨੈਂਸ) ਸੋਧ ਬਿਲ, 2026 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਡਿਪਟੀ ਸਪੀਕਰ**: ਹਾਂ ਜੀ ਮੰਤਰੀ ਜੀ ਹੁਣ ਬੋਲੋ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ (ਸ੍ਰੀ ਅਮਨ ਅਰੋੜਾ)**: ਜੋ ਇਆਲੀ ਸਾਹਿਬ ਪੁੱਛਣਾ ਚਾਹੁੰਦੇ ਹਨ, ਉਹ ਪੁੱਛੋ ਜੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ)**: ਜੋ ਦਿ ਪੰਜਾਬ ਕਾਮਨ ਇਨਫਰਾਸਟ੍ਰਕਚਰ (ਰੈਗੂਲੇਸ਼ਨ ਐਂਡ ਮੇਨਟੇਨੈਂਸ) ਸੋਧ ਬਿਲ, 2026 ਲਿਆਂਦਾ ਗਿਆ ਹੈ, ਇਸ ਤੇ ਮੈਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ ਕਿਉਂਕਿ ਜਿਹੜੇ ਇੰਡਸਟਰੀਅਲ ਫੋਕਲ ਪੁਆਇੰਟ ਬਣੇ ਹੋਏ ਹਨ, ਉਨ੍ਹਾਂ ਦੀ ਜਿਹੜੀ ਮੇਨਟੇਨੈਂਸ ਹੈ। ਉੱਥੇ ਪੀ.ਐਸ.ਆਈ. ਸੀ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਸੀਟਾਂ ਤੇ ਬੈਠੇ ਬੈਠੇ ਬਿਲ ਪਾਸ ਹੋਣ ਸਬੰਧੀ ਮਾਮਲਾ ਉਠਾ ਰਹੇ ਸਨ।)

**ਸਰਦਾਰ ਮਨਪ੍ਰੀਤ ਸਿੰਘ ਇਆਲੀ**: ਫਿਰ ਕੀ ਹੋ ਗਿਆ ਜੀ? ਸੁਝਾਅ ਹੀ ਦੇਵਾਂਗੇ, ਕੋਈ ਚੰਗੀ ਗੱਲ ਹੀ ਕਰਾਂਗੇ।

**ਮਾਣਯੋਗ ਡਿਪਟੀ ਸਪੀਕਰ**: ਆਪਾਂ ਅੱਗੇ ਕਰ ਲੈਂਦੇ ਹਾਂ, ਅਗਲਾ ਬਿਲ।

---

**2. The Punjab Regulation of Fee of Un-aided Educational Institutions (Amendment) Bill, 2026 (Replacing Ordinance)**

**ਮਾਣਯੋਗ ਡਿਪਟੀ ਸਪੀਕਰ**: ਸਰਦਾਰ ਹਰਜੋਤ ਸਿੰਘ ਬੈਂਸ, ਸਿੱਖਿਆ ਮੰਤਰੀ ਬਿਲ ਪੇਸ਼ ਕਰਨ।

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਦਿ ਪੰਜਾਬ ਰੈਗੂਲੇਸ਼ਨ ਆਫ਼ ਫੀਸ ਆਫ਼ ਅਨ-ਏਡਿਡ ਐਜੂਕੇਸ਼ਨਲ ਇੰਸਟੀਚਿਊਸ਼ਨਜ਼ (ਸੋਧ) ਬਿਲ, 2026 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਡਿਪਟੀ ਸਪੀਕਰ**: ਪ੍ਰਸਤਾਵ ਕੀਤਾ-

ਕਿ ਦਿ ਪੰਜਾਬ ਰੈਗੂਲੇਸ਼ਨ ਆਫ਼ ਫੀਸ ਆਫ਼ ਅਨ-ਏਡਿਡ ਐਜੂਕੇਸ਼ਨਲ ਇੰਸਟੀਚਿਊਸ਼ਨਜ਼ (ਸੋਧ) ਬਿਲ, 2026 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ ਮੰਤਰੀ ਜੀ।

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)** : ਮਾਣਯੋਗ ਡਿਪਟੀ ਸਪੀਕਰ ਸਾਹਿਬ, ਇਹ ਬੜਾ ਹੀ ਮਹੱਤਵਪੂਰਨ ਬਿਲ ਸਾਡੀ ਸਰਕਾਰ ਇਸ ਹਾਊਸ ਵਿੱਚ ਲੈ ਕੇ ਆਈ ਹੈ। ਇਸ ਤੋਂ ਪਹਿਲਾਂ ਇਹ ਬਿਲ ਆਰਡੀਨੈਂਸ ਦੇ ਰੂਪ ਵਿੱਚ ਲਾਗੂ ਕੀਤਾ ਗਿਆ। ਮਾਣਯੋਗ ਮੁੱਖ ਮੰਤਰੀ ਸਾਹਿਬ ਨੇ ਖੁਦ ਇਸ ਬਿਲ ਤੇ ਇੱਕ ਸਖਤ ਸਟੈਂਡ ਲਿਆ। ਇਹ ਇੱਕ ਬਹੁਤ ਮਹੱਤਵਪੂਰਨ ਬਿਲ ਹੈ, ਮਹੱਤਵਪੂਰਨ ਇਸ ਕਰਕੇ ਹੈ ਜੀ ਕਿ ਸਾਡੇ ਜੋ ਸੁਸਾਇਟੀ ਦਾ ਸਿਸਟਮ ਹੋ ਗਿਆ ਹੈ ਕਿ over the years, ਪਿਛਲੀਆਂ ਸਰਕਾਰਾਂ ਨੇ ਸਰਕਾਰੀ ਸਕੂਲਾਂ ਵੱਲ ਦੇਖਿਆ ਨਹੀਂ ਅਤੇ ਇਸ ਕਰਕੇ ਪ੍ਰਾਈਵੇਟ ਸਕੂਲ ਇੱਕ ਮਜਬੂਰੀ ਬਣ ਗਏ, ਸਟੇਟਸ ਸਿੰਬਲ ਬਣ ਗਏ ਅਤੇ ਹਰ ਮਾਤਾ ਪਿਤਾ ਦਾ ਸੁਪਨਾ ਹੁੰਦਾ ਹੈ, ਚਾਹੇ ਉਹ ਰਿਕਸ਼ਾ ਪੂਲਰ ਹੈ, ਚਾਹੇ ਖੇਤ ਮਜ਼ਦੂਰ ਹੈ, ਚਾਹੇ ਕਿਸਾਨ ਹੈ, ਚਾਹੇ ਉਹ ਫੈਕਟਰੀ ਦਾ ਮਾਲਕ ਹੈ। ਹਰ ਮਾਂ ਬਾਪ ਦਾ ਸੁਪਨਾ ਹੈ ਕਿ ਮੇਰਾ ਬੱਚਾ ਆਪਣੇ ਇਲਾਕੇ ਦੇ, ਆਪਣੇ ਸ਼ਹਿਰ ਦੇ ਸਭ ਤੋਂ ਸ਼ਾਨਦਾਰ ਸਕੂਲ ਵਿੱਚ ਪੜ੍ਹੇ, ਉਸ ਸੁਪਨੇ ਲਈ ਉਹ ਕਈ ਵਾਰ ਆਪਣੀਆਂ ਲੋੜਾਂ ਅਤੇ ਆਪਣੀ ਦੋ ਟਾਈਮ ਦੀ ਰੋਟੀ ਵੀ ਛੱਡ ਦਿੰਦਾ ਹੈ ਪਰ ਆਪਣੇ ਬੱਚੇ ਨੂੰ ਵਧੀਆ ਤੋਂ ਵਧੀਆ ਸਕੂਲ ਵਿੱਚ ਪੜ੍ਹਾਉਂਦਾ ਹੈ। ਕੁਝ ਸਿਸਟਮ ਇਸ ਤਰ੍ਹਾਂ ਦਾ ਹੋਇਆ ਕਿ ਸਿੱਖਿਆ ਦਾ ਪ੍ਰਾਇਮਰੀ ਫੋਕਸ ਸਮਾਜ ਦੀ ਸੇਵਾ ਸੀ ਪਰ ਕੁਝ ਸੁਸਾਇਟੀਜ਼, ਟਰੱਸਟ ਅਤੇ ਕੁਝ ਅਦਾਰੇ ਸਿੱਖਿਆ ਨੂੰ ਇੰਡਸਟਰੀ ਬਣਾ ਬੈਠੇ ਹਨ। ਅੱਜ ਜਿਹੜਾ ਇੰਪਾਰਟੈਂਟ ਬਿਲ ਲਿਆਂਦਾ ਹੈ, ਮੈਂ ਇਸ ਦੇ ਕਲਾਜ਼ ਇਸ ਹਾਊਸ ਨੂੰ ਦੱਸਣਾ ਚਾਹਾਂਗਾ ਕਿ ਸਾਡੇ ਸਾਰੇ ਸਾਥੀਆਂ ਅਤੇ ਸਭ ਨੂੰ ਪਤਾ ਲੱਗ ਜਾਣ, ਇਹ ਬੜਾ ਇੰਪਾਰਟੈਂਟ ਬਿਲ ਹੈ। ਸਭ ਤੋਂ ਪਹਿਲਾਂ ਤਾਂ ਇਸ ਵਿੱਚ ਸੈਕਸ਼ਨ 2 ਵਿੱਚ ਡੈਫੀਨੇਸ਼ਨ ਹੈ, ਇਸ ਵਿੱਚ ਨਵਾਂ ਕਲਾਸ FFF ਐਡ ਕੀਤਾ ਗਿਆ ਹੈ, ਜਿਸ ਦਾ ਮਤਲਬ ਹੈ Cumulative Fee Enhancement ਭਾਵ ਇਹ ਹੈ ਕਿ ਇਸ ਐਕਟ ਅਨੁਸਾਰ ਜਦੋਂ ਵਿਧਾਨ ਸਭਾ ਇਹ ਪਾਸ ਕਰ ਦੇਵੇਗੀ, ਪਿਛਲੇ 36 ਮਹੀਨਿਆਂ ਵਿੱਚ ਜਿਹੜੀ compounded fees ਹੈ, ਜਿਵੇਂ ਸਾਲ 2023-24 ਤੋਂ 2026-27 ਤੱਕ ਅਗਰ 15% ਦਾ ਵਾਧਾ ਹੈ ਤਾਂ ਉਸ ਨੂੰ Cumulative Fee Enhancement ਮੰਨਿਆ ਜਾਵੇਗਾ। Cumulative Fee Enhancement ਮਤਲਬ ਪਿਛਲੇ ਤਿੰਨ ਸਾਲ, 3 ਅਕਾਦਮਿਕ ਵਰ੍ਹੇ, ਇਸ ਤੋਂ ਬਾਅਦ ਜਿਹੜਾ ਕਲਾਜ਼ G ਹੈ, ਉਸ ਨੂੰ

substitute ਕਰਕੇ ਫੀਸ ਦੀ ਹੁਣ ਤੱਕ ਜੋ ਮੌਜੂਦਾ ਐਕਟ ਵਿੱਚ ਫੀਸ ਦੀ ਪਰਿਭਾਸ਼ਾ ਸੀ, ਹੁਣ ਫੀਸ ਦੀ ਪਰਿਭਾਸ਼ਾ ਕੀ ਹੋਵੇਗੀ? ਉਸ ਵਿੱਚ ਹਰ ਤਰ੍ਹਾਂ ਦਾ ਪੈਸਾ ਕਿਉਂਕਿ ਬੜਾ ਕੁਝ ਲਗਾ ਦਿੰਦੇ ਸੀ। ਹਰ ਤਰ੍ਹਾਂ ਦੇ ਚਾਰਜਿਜ਼, ਕੀ ਕੁਝ ਆਉਂਦਾ ਹੈ ਜੀ? Tuition, Development, Annual, Activity, Smart Class, Technology, Laboratory, Library, Examination Charges and any other compulsory contribution including indirect collection routed through affiliated entities ਔਰ ਜਿਹੜਾ ਕਿਸੇ ਹੋਰ ਅਦਾਰੇ ਤੋਂ, ਭਾਵ ਕਿਸੇ ਵੀ ਤਰ੍ਹਾਂ ਦਾ, ਅੱਗੇ ਫੀਸ ਦਾ ਕੀ ਮਤਲਬ ਸੀ? Tuition fees and admission fees, ਉਸ ਤੋਂ ਬਾਅਦ smart classes, library, laboratory ਦੇ ਨਾਮ ਉੱਤੇ, ਕਹਿਣ ਦਾ ਭਾਵ ਹੈ ਕਿ ਬਹੁਤ ਸਾਰੇ ਜ਼ਰੀਏ, ਚੋਰ ਮੋਰੀਆਂ ਲੱਭੀਆਂ ਹੋਈਆਂ ਸੀ। ਉਹ ਸਾਰੀਆਂ ਬੰਦ ਕਰ ਦਿੱਤੀਆਂ ਹਨ। ਹਰ ਤਰ੍ਹਾਂ ਦੀ ਫੀਸ ਦੀ ਪਰਿਭਾਸ਼ਾ ਇਸ ਨਵੇਂ ਐਕਟ ਵਿੱਚ ਹੋ ਗਈ ਹੈ।

**1445/Sukhpiar Singh/Shubham jain**

**1450/Manika Rani**

Refundable security, ਜੇਕਰ ਕੋਈ ਇਸ ਤਰ੍ਹਾਂ ਦੀ ਹੈ, ਜੋ ਕੋਈ ਰਿਫੰਡੇਬਲ ਹੈ, ਉਸ ਵਿੱਚ ਵੀ ਲਾਜ਼ਮੀ ਹੈ ਕਿ ਜਿਵੇਂ ਹੀ ਬੱਚਾ ਸਕੂਲ ਛੱਡਦਾ ਹੈ ਤਾਂ ਉਸ ਨੂੰ ਫੀਸ ਦਾ ਪੈਸਾ ਵਾਪਸ ਹੋ ਸਕਦਾ ਹੈ। ਇਸ ਤੋਂ ਇਲਾਵਾ ਨਵਾਂ clause GG ਆਉਂਦਾ ਹੈ, ਇਸ ਵਿੱਚ fee enhancement ਨੂੰ ਇੰਟਰੋਡਿਊਸ ਕੀਤਾ ਗਿਆ ਹੈ। Fee enhancement ਦਾ ਮਤਲਬ ਹੈ ਕਿ ਜਿੰਨੇ ਵੀ ਗੈਰ-ਵਿੱਦਿਅਕ ਅਦਾਰੇ ਹਨ, ਉਨ੍ਹਾਂ ਨੇ ਪਿਛਲੇ ਸਾਲ ਨਾਲੋਂ ਕਿੰਨੀ ਫੀਸ ਵਧਾਈ ਹੈ, ਇਹ ਡਿਫਾਈਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸੈਕਸ਼ਨ ਪੰਜ ਵਿੱਚ ਜਿਹੜੇ ਨਵੇਂ ਸਬ-ਸੈਕਸ਼ਨ ਪਾਏ ਗਏ ਹਨ, ਉਸ ਨੂੰ ਸਬਸੀਚਿਊਟ ਕੀਤਾ ਗਿਆ ਹੈ। ਸੈਕਸ਼ਨ 5 ਦਾ ਸਬ-ਸੈਕਸ਼ਨ 2 ਕਹਿੰਦਾ ਹੈ ਕਿ fee enhancement, ਇਹ fee capping ਕਰਦਾ ਹੈ। ਦੇਸ਼ ਵਿੱਚ ਇਹ ਪਹਿਲੀ ਸਰਕਾਰ ਹੈ, ਜੋ fee capping ਕਰਨ ਜਾ ਰਹੀ ਹੈ। Fee enhancement in any year ਕਿਸੇ ਵੀ ਵਿੱਦਿਅਕ ਵਰ੍ਹੇ ਵਿੱਚ ਕੋਈ ਵੀ ਗੈਰ-ਵਿੱਦਿਅਕ ਅਦਾਰਾ ਪੰਜ ਪ੍ਰਤੀਸ਼ਤ ਤੋਂ ਵੱਧ ਫੀਸ ਨਹੀਂ ਵਧਾ ਸਕਦਾ ਹੈ। ਇਸ ਦੇ ਨਾਲ ਸਬ-ਸੈਕਸ਼ਨ 3 ਵਿੱਚ any enhancement ਕਿਸੇ ਵੀ ਤਰ੍ਹਾਂ ਦਾ ਵਾਧਾ ਉਦੋਂ ਹੀ ਵੈਲਿਡ ਹੈ, ਅਗਰ revised fee structure ਜਿਹੜਾ ਨਵਾਂ ਫੀਸ ਸਟਰੱਕਚਰ ਹੈ, ਉਹ conspicuous place ਲਈ ਬਣਿਆ ਹੈ, ਜਿੱਥੇ ਸਾਰੇ ਉਸ ਸਕੂਲ ਜਾਂ ਵਿੱਦਿਅਕ ਅਦਾਰੇ ਵਿੱਚੋਂ ਪੜ੍ਹ-ਲਿਖ ਸਕਣ। ਜੇਕਰ ਕਿਸੇ ਵਿੱਦਿਅਕ ਅਦਾਰੇ ਵੱਲੋਂ ਫੀਸ ਵਿੱਚ ਵਾਧਾ ਕੀਤਾ ਜਾਂਦਾ ਹੈ ਤਾਂ 90 ਦਿਨ ਪਹਿਲਾਂ ਭਾਵ ਨਵਾਂ ਵਰ੍ਹਾ ਸ਼ੁਰੂ ਹੋਣ ਤੋਂ ਪਹਿਲਾਂ ਦਸੰਬਰ ਮਹੀਨੇ ਵਿੱਚ ਉਨ੍ਹਾਂ ਨੂੰ ਸਕੂਲ ਵਿੱਚ ਨੋਟਿਸ ਲਗਾਉਣਾ ਪਵੇਗਾ ਅਤੇ ਵੈਬਸਾਈਟ ਤੇ ਵੀ ਪਾਉਣਾ ਪੈਣਾ ਹੈ। ਇਸ ਤੋਂ ਬਾਅਦ ਸਬ-ਸੈਕਸ਼ਨ 6 ਆ ਜਾਂਦਾ ਹੈ, ਉਸ ਵਿੱਚ no institution can compel and induce ਇਹ ਇਕੱਲੀ ਫੀਸ ਹੀ ਨਹੀਂ। ਸਰ, ਯੂਨੀਫੋਮਜ਼ ਅਤੇ ਬੁੱਕਸ ਦੇ ਨਾਂ ਤੇ ਵੀ ਬਹੁਤ ਲੁੱਟ ਹੁੰਦੀ ਸੀ ਅਤੇ ਉਸ ਲੁੱਟ ਨੂੰ ਰੋਕਣ ਲਈ ਹੁਣ ਕੋਈ ਵੀ ਵਿੱਦਿਅਕ ਅਦਾਰਾ ਵਰਦੀ ਲਈ ਕੰਪੈਲ ਨਹੀਂ ਕਰ ਸਕਦਾ ਹੈ। ਹੁਣ ਕੋਈ ਵੀ ਅਦਾਰਾ ਮਜ਼ਬੂਰ ਨਹੀਂ ਕਰ ਸਕੇਗਾ ਕਿ ਕਿੱਥੋਂ ਯੂਨੀਫੋਮ ਖਰੀਦਣੀ ਹੈ। ਹੁਣ ਹਰ ਮਾਤਾ-ਪਿਤਾ ਫਰੀ ਹੈ। ਸਕੂਲ ਵਾਲੇ ਸਾਨੂੰ ਡਿਜ਼ਾਇਨ ਦੱਸਣਗੇ। ਹੁਣ ਅਸੀਂ ਰੂਲਾਂ ਵਿੱਚ ਪਾਇਆ ਹੈ ਕਿ ਕੋਈ ਵੀ ਸਕੂਲ/ਅਦਾਰਾ ਯੂਨੀਫੋਮ ਨੂੰ ਤਿੰਨ ਸਾਲ ਤੱਕ ਚੇਂਜ ਨਹੀਂ ਕਰ ਸਕੇਗਾ ਕਿਉਂਕਿ ਜਿਹੜੀ ਯੂਨੀਫੋਮ ਹੈ, ਉਹ ਘੱਟੋ-ਘੱਟ ਤਿੰਨ ਸਾਲ ਲਈ ਤਾਂ ਰਹੇ। ਕੋਈ ਵੀ ਮਾਤਾ-ਪਿਤਾ ਆਪ ਕੱਪੜਾ ਲੈ ਕੇ ਆਪ ਯੂਨੀਫੋਮ stitch ਕਰਵਾ ਸਕਦਾ ਹੈ। ਜਿੱਥੋਂ ਵੀ ਉਨ੍ਹਾਂ ਦੀ ਇੱਛਾ ਹੋਵੇਗੀ, ਉਹ ਸਕੂਲ ਵਰਦੀ ਲੈ ਕੇ ਸਨ। ਇਸ ਤੋਂ ਇਲਾਵਾ ਸਬ-ਸੈਕਸ਼ਨ 7 ਵਿੱਚ ਦੱਸਣਾ ਚਹਾਂਗਾ ਕਿ ਪਹਿਲਾਂ ਕਿਤਾਬਾਂ ਦੇ ਨਾਂ ਤੇ

ਬਹੁਤ ਲੁੱਟ ਹੁੰਦੀ ਸੀ ਪਰੰਤੂ ਹੁਣ ਵਿੱਦਿਅਕ ਅਦਾਰੇ ਵੱਲੋਂ ਜਿਹੜੀਆਂ ਵੀ ਉਹ ਕਿਤਾਬਾਂ ਲਗਾਉਣੀਆਂ ਚਾਹੁੰਦੇ ਹਨ, ਉਨ੍ਹਾਂ ਦੀ ਲਿਸਟ ਮਾਤਾ-ਪਿਤਾ ਨੂੰ ਪ੍ਰੋਵਾਈਡ ਕਰਵਾਏਗਾ ਅਤੇ ਮਾਤਾ-ਪਿਤਾ ਕਿਸੇ ਵੀ ਪਬਲਿਸ਼ਰ/ਵੈਂਡਰ ਜਾਂ ਦੁਕਾਨ ਤੋਂ ਕਿਤਾਬਾਂ ਖਰੀਦ ਸਕਦੇ ਹਨ। ਇਸ ਤੋਂ ਬਾਅਦ ਅਸੀਂ ਇਸ ਬਿਲ ਵਿੱਚ ਦੋ ਨਵੇਂ ਸੈਕਸ਼ਨ 5 ਏ ਅਤੇ ਸੈਕਸ਼ਨ 5 ਬੀ ਲੈ ਕੇ ਆ ਰਹੇ ਹਾਂ। ਸੈਕਸ਼ਨ 5 ਏ ਕਹਿੰਦਾ ਹੈ ਕਿ fee enhancement beyond 5 per cent ਅਗਰ ਕਿਸੇ ਵਿੱਦਿਅਕ ਅਦਾਰੇ ਨੇ ਪੰਜ ਪ੍ਰਤੀਸ਼ਤ ਤੋਂ ਵੱਧ ਫੀਸ ਵਧਾਉਣੀ ਹੈ ਤਾਂ ਜਿਹੜੀ ਡਿਸਟ੍ਰਿਕਟ ਰੈਗੂਲੇਟਰੀ ਬਾਡੀ ਹੈ, ਉਹ ਉਸ ਦਾ ਫੈਸਲਾ ਕਰੇਗੀ। ਇਹ ਰਿਕੁਐਸਟ ਵਿੱਦਿਅਕ ਅਦਾਰੇ ਨੂੰ ਛੇ ਮਹੀਨੇ ਪਹਿਲਾਂ ਦੇਣੀ ਪਵੇਗੀ ਅਤੇ 90 ਦਿਨਾਂ ਦੇ ਅੰਦਰ-ਅੰਦਰ ਰੈਗੂਲੇਟਰੀ ਬਾਡੀ ਡਿਸਾਈਡ ਕਰੇਗੀ। ਰੈਗੂਲੇਟਰੀ ਬਾਡੀ ਡੀ.ਸੀ. ਵੱਲੋਂ ਹੈੱਡ ਕੀਤੀ ਜਾਂਦੀ ਹੈ ਅਤੇ ਉਸ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ, ਜ਼ਿਲ੍ਹਾ ਪ੍ਰਾਇਮਰੀ ਅਫਸਰ ਅਤੇ ਦੋ ਸਮਾਜ ਸੇਵੀ ਮੈਂਬਰ ਹੁੰਦੇ ਹਨ। ਇਸ ਵਿੱਚ ਇਹ ਵੀ ਨਹੀਂ ਹੈ ਕਿ ਇਸ ਵਿੱਚ ਇਨ੍ਹਾਂ ਦੀ ਮਰਜ਼ੀ ਚਲੇਗੀ। ਉਨ੍ਹਾਂ ਨੂੰ ਵੀ ਫੋਰੈਂਸਿਕ ਆਡਿਟ ਕਰਵਾਉਣਾ ਪਵੇਗਾ। ਫੋਰੈਂਸਿਕ ਆਡਿਟ ਵਿੱਚ ਦੇਖਿਆ ਜਾਵੇਗਾ ਕਿ ਕੀ ਕਿਸੇ ਵਿੱਦਿਅਕ ਅਦਾਰੇ ਨੇ ਨਵੀਂ ਬਿਲਡਿੰਗ, ਨਵਾਂ ਇਨਫਰਾਸਟਰੱਕਚਰ ਆਦਿ ਖਰੀਦਿਆ ਹੈ, ਜਿਸ ਕਾਰਨ ਉਨ੍ਹਾਂ ਨੂੰ ਪੰਜ ਪ੍ਰਤੀਸ਼ਤ ਫੀਸ ਵਧਾਉਣੀ ਪਈ, ਇਸ ਨੂੰ ਲਾਜ਼ਮੀ ਕੀਤਾ ਹੈ। ਸੈਕਸ਼ਨ 5 ਬੀ, ਜਿਹੜਾ ਇਸ ਬਿਲ ਵਿੱਚ ਬਹੁਤ ਹੀ ਇੰਪਾਰਟੈਂਟ ਹੈ, cumulative fee enhancement ceiling and refund. If the cumulative fee enhancement ਜੋ ਸੈਕਸ਼ਨ 2 ਵਿੱਚ ਡਿਫਾਈਨ ਹੋਇਆ ਹੈ। ਪਿਛਲੇ 36 ਮਹੀਨਿਆਂ ਵਿੱਚ ਅਗਰ ਉਹ 15 ਪ੍ਰਤੀਸ਼ਤ ਤੋਂ ਵੱਧ ਹੁੰਦਾ ਹੈ ਤਾਂ ਜਿਹੜਾ ਵਾਧੂ ਪੈਸਾ ਹੈ, ਉਹ 30 ਦਿਨਾਂ ਦੇ ਅੰਦਰ-ਅੰਦਰ ਮਾਤਾ-ਪਿਤਾ ਨੂੰ ਰੀਫੰਡ ਕਰਨਾ ਪਵੇਗਾ। ਇਹ ਅਸੀਂ ਬਹੁਤ ਹੀ ਇੰਪਾਰਟੈਂਟ ਕਲਾਜ ਲੈ ਕੇ ਆਏ ਹਾਂ। ਇਸ ਤੋਂ ਇਲਾਵਾ ਸੈਕਸ਼ਨ 8 ਬਦਲ ਦਿੱਤਾ ਗਿਆ ਹੈ। ਜਿਹੜਾ ਨਵਾਂ ਸੈਕਸ਼ਨ 8 ਹੈ, ਰੈਗੂਲੇਟਰੀ ਬਾਡੀ ਨੂੰ ਪਾਵਰ ਦਿੱਤੀ ਗਈ ਹੈ। The regulatory Body may suo motu or on receipt of information order a forensic audit of an institution or its associated body where it is satisfied a controversial has occurred or is occurring in many requisition and relevant records ਡਿਪਟੀ ਸਪੀਕਰ ਸਾਹਿਬ, ਜਿਹੜੀ ਡਿਸਟ੍ਰਿਕਟ ਰੈਗੂਲੇਟਰੀ ਬਾਡੀ ਹੈ, ਉਸ ਨੂੰ ਪਾਵਰ ਦਿੱਤੀ ਗਈ ਹੈ ਕਿ ਜੇਕਰ ਉਨ੍ਹਾਂ ਨੂੰ ਕਿਸੇ ਸਮੇਂ ਸੂ ਮੋਟੋ ਜਾਂ ਕੋਈ ਇਨਫਾਰਮੇਸ਼ਨ ਔਰ ਕੰਪਲੇਂਟ ਮਿਲਦੀ ਹੈ ਤਾਂ ਉਹ ਆਡਿਟ ਕਰਵਾ ਸਕਦੀ ਹੈ। ਇਹ ਇਕੱਲੇ ਸਕੂਲ ਦਾ ਹੀ ਨਹੀਂ, ਜੋ ਉਸ ਦੀ ਮਦਰ ਬਾਡੀ ਹੈ ਜਿਵੇਂ ਕਿਸੇ ਨਾਂ ਤੇ ਕੋਈ ਟਰੱਸਟ ਬਣਾਇਆ ਹੈ ਜਾਂ ਕੋਈ ਸੁਸਾਇਟੀ ਬਣਾਈ ਹੈ, ਉਸ ਦਾ ਆਡਿਟ ਵੀ ਹੋ ਸਕਦਾ ਹੈ। ਇਸ ਦਾ ਫਾਇਦਾ ਹਜ਼ਾਰਾਂ ਪ੍ਰਾਈਵੇਟ ਟੀਚਰਾਂ ਨੂੰ ਵੀ ਮਿਲੇਗਾ। ਬਹੁਤ ਸਾਰੇ ਪ੍ਰਾਈਵੇਟ ਟੀਚਰ ਕੰਪਲੇਂਟ ਕਰਦੇ ਹਨ ਕਿ ਉਨ੍ਹਾਂ ਨੂੰ ਤਨਖਾਹ ਬਹੁਤ ਘੱਟ ਦਿੱਤੀ ਜਾਂਦੀ ਹੈ ਜਦੋਂਕਿ ਖਾਤੇ ਵਿੱਚ ਸੈਲਰੀ ਕੁਝ ਹੋਰ ਸ਼ੋਅ ਕੀਤੀ ਜਾਂਦੀ ਹੈ। ਸੋ, ਇਸ ਨਾਲ ਉਨ੍ਹਾਂ ਨੂੰ ਵੀ ਇੰਪਾਵਰਮੈਂਟ ਮਿਲਦੀ ਹੈ। ਇਸ ਤੋਂ ਇਲਾਵਾ ਸੈਕਸ਼ਨ 14 ਪੈਨੇਲਿਟੀਜ਼ ਆਉਂਦਾ ਹੈ। ਇਸ ਵਿੱਚ ਕਈ ਗੁਣਾ ਵਾਧਾ ਕੀਤਾ ਜਾਂਦਾ ਹੈ।

**1450/Manika Rani/Abhishek gautam**

**1455/Gurpreet kaur**

ਜਦੋਂ ਕੋਈ ਵਿੱਦਿਅਕ ਅਦਾਰਾ ਪਹਿਲੀ ਵਾਰ ਗਲਤੀ ਕਰਦਾ ਹੈ ਤਾਂ ਪ੍ਰਾਇਮਰੀ ਸਕੂਲ ਵਿੱਚ 30 ਹਜਾਰ ਤੋਂ ਵਧਾ ਕੇ 50 ਹਜਾਰ ਕਰ ਦਿੱਤੀ ਗਈ ਹੈ। ਮਿਡਲ ਸਕੂਲ ਵਿੱਚ 50 ਹਜਾਰ ਤੋਂ ਵਧਾ ਕੇ 1 ਲੱਖ ਕਰ ਦਿੱਤੀ ਗਈ ਹੈ। ਸੀਨੀਅਰ ਸੈਕੰਡਰੀ ਸਕੂਲ ਵਿੱਚ 01 ਲੱਖ ਤੋਂ ਵਧਾ ਕੇ 02 ਲੱਖ ਰੁਪਏ ਕਰ ਦਿੱਤੀ ਗਈ ਹੈ। ਦੂਜੀ ਗਲਤੀ ਤੇ

ਪ੍ਰਾਇਮਰੀ ਵਿੱਚ 60 ਹਜਾਰ ਤੋਂ ਵਧਾ ਕੇ 01 ਲੱਖ ਕਰ ਦਿੱਤੀ ਗਈ ਹੈ। ਮਿਡਲ ਵਿੱਚ 01 ਲੱਖ ਤੋਂ 03 ਲੱਖ ਰੁਪਏ ਕਰ ਦਿੱਤੀ ਗਈ ਹੈ। ਸੀਨੀਅਰ ਸੈਕੰਡਰੀ ਸਕੂਲ ਵਿੱਚ 02 ਲੱਖ ਤੋਂ ਵਧਾ ਕੇ 05 ਲੱਖ ਰੁਪਏ ਕਰ ਦਿੱਤੀ ਗਈ ਹੈ। ਜੇਕਰ ਤੀਜੀ ਗਲਤੀ ਕਰਦਾ ਹੈ ਤਾਂ ਜਿਹੜਾ ਬਿਲ ਮਾਨ ਸਾਹਿਬ ਲੈ ਕੇ ਆਏ ਹਨ ਇਸ ਵਿੱਚ ਤੀਜੀ ਗਲਤੀ ਵਿੱਚ ਉਨ੍ਹਾਂ ਨੂੰ ਲਿਖ ਦਿੱਤਾ ਜਾਵੇਗਾ ਅਤੇ ਉਨ੍ਹਾਂ ਦੀ ਐਫੀਲੇਸ਼ਨ ਕੈਂਸਲ ਕਰ ਦਿੱਤੀ ਜਾਵੇਗੀ। ਇਸੇ ਦਾ ਹੀ ਸਬ-ਸੈਕਸ਼ਨ 04 ਕਹਿੰਦਾ ਹੈ ਕਿ ਹਰ ਰੋਜ਼ 10 ਹਜਾਰ ਰੁਪਏ ਦਾ ਜੁਰਮਾਨਾ ਲੱਗੇਗਾ। ਜਿਹੜੀ ਫੀਸ ਰੀਫੰਡ ਕਰਨ ਦਾ ਹੁਕਮ ਹੋਇਆ ਹੈ, ਜਦੋਂ ਡਿਸਟ੍ਰਿਕਟ ਰੈਗੁਲੇਟਰੀ ਬਾਡੀ ਨੂੰ ਪੈਸੇ ਮੋੜੋ ਤਾਂ 30 ਦਿਨ ਤੋਂ ਬਾਅਦ ਹਰ ਇੱਕ ਦਿਨ ਤੇ 10 ਹਜਾਰ ਰੁਪਏ ਦਾ ਜੁਰਮਾਨਾ ਲੱਗੇਗਾ ਜੇਕਰ ਉਹ ਸਮੇਂ ਸਿਰ ਮਾਤਾ ਪਿਤਾ ਨੂੰ ਪੈਸੇ ਨਹੀਂ ਮੋੜਦੇ। ਡਿਪਟੀ ਸਪੀਕਰ ਸਾਹਿਬ, ਜਿਹੜੇ ਇਸ ਦੇ ਵਕੀਲ ਵੀ ਹਨ ਅਤੇ ਇਸ ਦੇ ਲੀਗਲ ਪੱਖ ਸਨ, ਮੈਂ ਜਿਵੇਂ ਇਸ ਦੀ ਸ਼ੁਰੂਆਤ ਕੀਤੀ ਸੀ ਕਿ ਮਾਤਾ ਪਿਤਾ ਚਾਹੇ ਉਹ ਅਫੋਰਡ ਨਾ ਵੀ ਕਰ ਸਕਣ, ਇਸ ਕਰਕੇ ਹੀ ਸਕੂਲ ਆਫ ਐਮੀਨੈਂਸ ਬਣਾਏ ਹਨ। ਜਦੋਂ ਬੱਚੇ ਮਾਣ ਨਾਲ ਕਹਿੰਦੇ ਹਨ ਕਿ ਅਸੀਂ SOE (School of Eminence) ਵਿੱਚ ਪੜ੍ਹਦੇ ਹਾਂ। ਨਹੀਂ ਤਾਂ ਸਰਕਾਰੀ ਸਕੂਲ ਵਿੱਚ ਪੜ੍ਹਨਾ ਤਾਂ ਇੱਕ ਸ਼ਰਾਪ ਬਣ ਚੁੱਕਾ ਸੀ। ਅਸੀਂ ਉਸ ਤੇ ਵੀ ਕੰਮ ਕੀਤਾ ਹੈ। ਅੱਜ ਇਸ ਬਿਲ ਦੇ ਨਾਲ ਲੱਖਾਂ ਮਾਤਾ ਪਿਤਾਵਾਂ ਨੂੰ ਸਕੂਲ ਮਿਲੇਗਾ ਅਤੇ ਜਿਹੜੇ ਹੁਣ ਇਹ ਵਿੱਦਿਅਕ ਅਦਾਰੇ ਹਨ, ਵਾਕਿਆ ਹੀ ਸੇਵਾ ਦਾ ਕੇਂਦਰ ਬਣਨਗੇ। ਹੁਣ ਲੁੱਟ ਦਾ ਕੇਂਦਰ ਖਤਮ ਹੋਵੇਗਾ। ਮੈਂ ਆਪਣੇ ਵੱਲੋਂ ਸਾਰੇ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਇਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ। ਜੋ ਮਾਨ ਸਾਹਿਬ ਬਿਲ ਲੈ ਕੇ ਆਏ ਹਨ, ਇਹ ਆਪਣੇ ਆਪ ਵਿੱਚ ਪੂਰੇ ਦੇਸ਼ ਲਈ ਮਿਸਾਲ ਬਣੇਗੀ। (ਥੰਪਿੰਗ)

**ਮਾਣਯੋਗ ਡਿਪਟੀ ਸਪੀਕਰ**: ਪਰਗਟ ਸਿੰਘ ਜੀ।

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ)**: ਧੰਨਵਾਦ ਡਿਪਟੀ ਸਪੀਕਰ ਸਾਹਿਬ, ਇਸ ਬਿਲ ਦੀ ਜੇਕਰ ਬੈਕਗਰਾਊਂਡ ਦੀ ਗੱਲ ਕਰੀਏ ਤਾਂ ਸਾਲ 2016 ਵਿੱਚ ਇਹ ਬਿਲ ਲਿਆਂਦਾ ਗਿਆ ਸੀ ਅਤੇ ਸਾਲ 2017 ਤੋਂ ਇਸ ਦੀ ਇੰਪਲੀਮੈਂਟੇਸ਼ਨ ਸ਼ੁਰੂ ਹੋਈ ਸੀ। ਸਾਲ 2017 ਵਿੱਚ ਇਸ ਦੀ ਬੇਸੀਕਲੀ 8% ਕੈਪ ਰੱਖੀ ਸੀ ਕਿਉਂਕਿ ਰਾਈਟ ਟੂ ਐਜੁਕੇਸ਼ਨ ਐਕਟ ਅਲਾਓ ਕਰਦਾ ਹੈ ਕਿ 8% ਤੱਕ ਇਸ ਦੀ ਇਨਹਾਂਸਮੈਂਟ ਕੈਪ ਰੱਖੀ ਜਾਵੇ ਅਤੇ ਇਹ ਸੁਪਰੀਮ ਕੋਰਟ ਦੀਆਂ ਗਾਈਡਲਾਈਨਜ਼ ਵੀ ਹਨ। ਮੈਂ ਇਸ ਗੱਲ ਤੇ ਹੈਰਾਨ ਹਾਂ ਕਿ ਇਸ ਤੇ ਸਾਡੇ ਸੀ.ਐਮ. ਸਾਹਿਬ ਨੇ ਪ੍ਰੈਸ ਕਾਨਫਰੰਸਾਂ ਵੀ ਕੀਤੀਆਂ ਕਿ ਕਾਂਗਰਸ ਦੀ ਸਰਕਾਰ ਨੇ 8% ਦੀ ਕੈਪ ਡਰਾਪ ਕਰ ਦਿੱਤੀ ਸੀ। ਮੈਨੂੰ ਕੋਈ ਵੀ ਨੋਟੀਫਿਕੇਸ਼ਨ ਦਿਖਾ ਦਿਓ ਜਿਸ ਤੇ ਇਹ ਡਰਾਪ ਹੋਈ ਹੋਵੇ। ਸਾਲ 2019 ਵਿੱਚ ਇਸ ਦੀ ਇੰਪਲੀਮੈਂਟੇਸ਼ਨ ਇਸ ਕਰਕੇ ਚੇਂਜ ਆਈ ਸੀ ਕਿਉਂਕਿ ਉਸ ਵਿੱਚ ਰੈਗੁਲੇਟਰੀ ਅਥਾਰਿਟੀ ਪਹਿਲਾਂ ਸਟੇਟ ਲੈਵਲ ਤੇ ਸੀ ਅਤੇ ਫਿਰ ਉਸ ਨੂੰ ਡਿਸਟ੍ਰਿਕਟ ਲੈਵਲ ਤੇ ਟ੍ਰਾਂਸਫਰ ਕੀਤਾ ਗਿਆ। ਉਸ ਤੋਂ ਬਾਅਦ ਮੈਨੂੰ ਲੱਗਦਾ ਹੈ ਕਿ ਇਸ ਮੁੱਦੇ ਨੂੰ ਇੱਕ ਪ੍ਰਚਾਰ ਦਾ ਸਾਧਨ ਬਣਾ ਲਿਆ ਕਿ ਫੀਸ ਬੱਚਿਆਂ ਦੇ ਮਾਤਾ ਪਿਤਾ ਤੋਂ ਵੱਧ ਲਈ ਗਈ ਹੈ। ਇਸ ਨੂੰ ਪੌਣੇ ਪੰਜ ਸਾਲ ਕਿਸ ਨੇ ਰੋਕਿਆ ਸੀ? ਹਰਜੋਤ ਜੀ, ਤੁਸੀਂ ਵਕੀਲ ਵੀ ਹੋ। 4-5 ਦਿਨ ਪਹਿਲਾਂ ਹਾਈਕੋਰਟ ਵਿੱਚ ਤੁਹਾਡਾ ਹੀ ਵਕੀਲ ਲਿਖ ਕੇ ਦੇ ਕੇ ਆਇਆ ਹੈ ਕਿ ਅਸੀਂ ਰੈਟਰੋਸਪੈਕਟਿਵ ਇਫੈਕਟ ਤੋਂ ਕਿਸੇ ਨੂੰ ਵੀ ਫੀਸ ਵਾਪਿਸ ਨਹੀਂ ਕਰਾਂਵਾਂਗੇ। ਜੇਕਰ ਇਹ ਨਹੀਂ ਲਿਖ ਕੇ ਦੇ ਕੇ ਆਇਆ ਤਾਂ ਤੁਸੀਂ ਦੱਸ ਦਿਓ।

*02:59 ਵਜੇ ਬਾਅਦ ਦੁਪਹਿਰ (ਇਸ *ਸਮੇਂ ਮਾਣਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਸਰਦਾਰ ਪਰਗਟ ਸਿੰਘ ਪੋਆਰ**: ਸੀ.ਐਮ. ਸਾਹਿਬ ਨੇ ਬਹੁਤ ਕਿਹਾ ਕਿ ਪਿਛਲੇ ਸਮੇਂ ਵਿੱਚ ਕੈਪਟਨ ਅਮਰਿੰਦਰ ਸਿੰਘ ਦਾ ਇੱਕ ਸਕੂਲ ਸੀ ਜਿਸ ਕਰਕੇ ਇਹ ਸਾਰੇ ਕਾਨੂੰਨ ਬਦਲੇ ਹਨ। ਮੈਂ ਇੱਥੇ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਤੁਹਾਡਾ ਡੀ.ਏ. ਦਾ ਵਕੀਲ ਸੀ, ਉਹੀ ਯਾਦਵਿੰਦਰ ਪਬਲਿਕ ਸਕੂਲ ਦਾ ਵਕੀਲ ਸੀ ਜਿਸ ਦਾ ਨਾਮ ਡੀ.ਐਸ. ਪਤਵਾਲੀਆ ਹੈ। ਅਸੀਂ ਕਿੱਥੇ ਕੰਬੀਨੇਸ਼ਨ ਮਾਰਦੇ ਹਾਂ। ਅਸੀਂ ਕਿੱਥੇ ਇਸ ਗੱਲ ਦੀ ਭਰਪਾਈ ਕਰਦੇ ਹਾਂ। ਮੈਂ ਇਹ ਮੰਨਦਾ ਹਾਂ ਕਿ ਤੁਸੀਂ 8% ਤੋਂ 5% ਤੇ ਕੀਤੀ ਹੈ। ਇਸ ਗੱਲ ਦੀ ਮੈਂ ਮੁਬਾਰਕਬਾਦ ਦਿੰਦਾ ਹਾਂ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹੈ। ਅਸੀਂ ਵਿਧਾਨ ਸਭਾ ਵਿੱਚ ਕੁਝ ਹੋਰ ਕਹਿੰਦੇ ਹਾਂ ਅਤੇ ਹਾਈ ਕੋਰਟ ਵਿੱਚ ਜਾ ਕੇ ਕੁਝ ਹੋਰ ਕਹਿ ਦਿੰਦੇ ਹਾਂ। ਇਹ ਜਿਹੜੀਆਂ ਸਾਡੀਆਂ ਇੰਸਟੀਚਿਊਸ਼ਨਜ਼ ਹਨ, ਵੈਸੇ ਤਾਂ ਚਲੋ, ਹਾਇਰ ਐਜੁਕੇਸ਼ਨ ਦੀ ਵੀ ਗੱਲ ਹੈ। ਮੈਂ ਪਿੱਛੇ ਅੰਮ੍ਰਿਤਸਰ ਇੱਕ ਪ੍ਰੋਫੈਸਰ ਸਾਹਿਬ ਦੇ ਭੋਗ ਤੇ ਗਿਆ। ਖਾਲਸਾ ਕਾਲਜ, ਅੰਮ੍ਰਿਤਸਰ ਦਾ ਪ੍ਰੋਫੈਸਰ ਸੀ। ਉਸ ਵਿੱਚ ਰੁਪਿੰਦਰ ਸਿੰਘ ਪ੍ਰੋਫੈਸਰ ਨੇ ਆਤਮ ਹੱਤਿਆ ਕਰ ਲਈ ਕਿਉਂਕਿ ਉਹ 7ਵੇਂ ਪੇਅ ਕਮਿਸ਼ਨ ਦੇ ਹੱਕ ਲੈਣ ਲਈ ਕੋਰਟ ਵਿੱਚ ਚਲੇ ਗਿਆ।

**1455/Gurpreet kaur/Abhishek gautam**

**1500/Kuldeep kaur**

ਖਾਲਸਾ ਕਾਲਜ, ਅੰਮ੍ਰਿਤਸਰ, ਮੈਨੂੰ ਲਗਦਾ ਹੈ ਕਿ ਸਾਡੀ ਇਹੋ ਜਿਹੀ ਪ੍ਰੀਮੀਅਮ ਇੰਸਟੀਚਿਊਸ਼ਨ ਵਿੱਚ ਪ੍ਰੋਫੈਸਰ ਰੁਪਿੰਦਰ ਸਿੰਘ ਨੇ ਆਤਮ ਹੱਤਿਆ ਕਰ ਲਈ ਕਿਉਂਕਿ ਉਹ ਆਪਣੇ 7ਵੇਂ ਪੇਅ ਕਮਿਸ਼ਨ ਦੇ ਹੱਕ ਲੈਣ ਲਈ ਕੋਰਟ ਵਿੱਚ ਚਲਿਆ ਗਿਆ ਸੀ। ਮੈਨੂੰ ਲਗਦਾ ਹੈ ਕਿ ਉਸ ਆਰਗੇਨਾਈਜ਼ੇਸ਼ਨ ਨੇ ਉਸ ਨੂੰ ਇਹੋ ਜਿਹਾ ਪ੍ਰੈਸ਼ੇਰਾਈਜ਼ ਕੀਤਾ ਕਿ ਉਹ ਸੁਸਾਈਡ ਕਰ ਗਿਆ ਔਰ ਇੱਕ ਖਾਲਸਾ ਕਾਲਜ ਦੇ ਪ੍ਰੋਫੈਸਰ ਡਾਕਟਰ ਰਛਪਾਲ ਸਿੰਘ ਨੇ ਸਰਕਾਰ ਨੂੰ ਖਤ ਲਿਖਿਆ ਕਿ ਮੇਰਾ ਮਾਨਸਿਕ ਪੱਧਰ ਵੀ ਬਹੁਤ ਉਸ ਲੈਵਲ ਤੇ ਹੈ ਕਿ ਜਿੱਥੇ ਮੇਰਾ ਮਨ ਕਰਦਾ ਹੈ ਕਿ ਮੈਂ ਸੁਸਾਈਡ ਕਰ ਲਵਾਂ। ਮੈਂ ਕਹਿੰਦਾ ਹਾਂ ਕਿ ਬਿਲਕੁਲ ਪ੍ਰਾਈਵੇਟ ਇੰਸਟੀਚਿਊਸ਼ਨਜ਼ ਨੂੰ ਰਗੜੋ ਪਰ ਪੌਣੇ ਪੰਜ ਸਾਲ ਵੀ ਕਿਤੇ ਨਾ ਕਿਤੇ ਜਵਾਬਦੇਹੀ ਹੋਣੀ ਚਾਹੀਦੀ ਹੈ ਕਿਉਂਕਿ ਮੈਂ ਕਈ ਵਾਰ ਲੋਕਲ ਲੈਵਲ ਤੇ ਡੀ.ਓਜ਼ ਨਾਲ ਗੱਲ ਕਰਦਾ ਹਾਂ।

**ਮਾਣਯੋਗ ਸਪੀਕਰ**: ਵਾਈਂਡ ਅੱਪ ਕਰ ਲਵੋ।

**ਸਰਦਾਰ ਪਰਗਟ ਸਿੰਘ ਪੋਆਰ**: ਸਰ, ਇਸ ਬਿਲ ਤੇ ਤਾਂ ਬੋਲ ਲੈਣ ਦੇਵੋ।

**ਮਾਣਯੋਗ ਸਪੀਕਰ**: ਤੁਸੀਂ ਵਿਆਹ ਵਿੱਚ ਬੀਅ ਦਾ ਲੇਖਾ ਪਾਈ ਜਾਂਦੇ ਹੋ। ਗੱਲ ਫੀਸਾਂ ਦੀ ਹੋ ਰਹੀ ਹੈ, ਤੁਸੀਂ ਗੱਲ ਹੋਰ ਪਾਸੇ ਲੈ ਕੇ ਜਾ ਰਹੇ ਹੋ। ਠੀਕ ਹੈ, ਜਿਨ੍ਹਾਂ ਨੇ ਸੁਸਾਈਡ ਕੀਤਾ ਹੈ, ਮੈਂ ਉਨ੍ਹਾਂ ਨਾਲ ਹਮਦਰਦੀ ਰੱਖਦਾ ਹਾਂ। ਤੁਸੀਂ ਫੀਸਾਂ ਦੇ ਮੁੱਦੇ ਤੇ ਆਵੋ।

**ਸਰਦਾਰ ਪਰਗਟ ਸਿੰਘ ਪੋਆਰ**: ਸਪੀਕਰ ਸਾਹਿਬ, ਇੱਕ ਮੈਂ ਥੋੜ੍ਹੀ ਜਿਹੀ ਬੇਨਤੀ ਕਰ ਲਵਾਂ, ਮੈਂ ਤਾਮਿਲਨਾਡੂ ਵਿਧਾਨ ਸਭਾ ਦਾ ਦੋ ਦਿਨ ਸੈਸ਼ਨ ਦੇਖਿਆ ਔਰ ਮੈਨੂੰ ਲਗਦਾ ਹੈ ਕਿ ਉੱਥੇ ਬਹੁਤ ਵਧੀਆ ਮਿਆਰ ਹੈ। ਤੁਸੀਂ ਤਾਂ ਇੱਕ ਇਹੋ ਜਿਹੇ ਟੀਚਰ ਵਾਂਗ ਬਿਹੇਵ ਕਰਦੇ ਹੋ ਜਿੱਦਾਂ ਕੋਈ ਗੁਲਾਮ ਹੁੰਦਾ ਹੈ। ਆਪਾਂ ਇੱਥੇ ਇਕੱਠੇ ਹੋ ਕੇ ਬਹਿਸ ਕਿਉਂ ਨਹੀਂ ਕਰ ਸਕਦੇ? ਆਪਾਂ ਕੀ ਕਰਨਾ ਹੈ? ਇੱਕ ਦਿਨ ਵਿੱਚ 9 ਬਿਲ ਲੈ ਕੇ ਆਏ ਅਤੇ 5 ਦਿਨ ਤੁਸੀਂ ਫ੍ਰੀ ਛੱਡ ਦਿੱਤਾ। ਇਹ ਹੱਦ ਹੋ ਗਈ ਹੈ।

**ਮਾਣਯੋਗ ਸਪੀਕਰ**: ਠੀਕ ਹੈ ਜੀ, ਤੁਹਾਡੀ ਗੱਲ ਆ ਗਈ ਹੈ। (ਵਿਘਨ) ਪਰਗਟ ਸਿੰਘ ਜੀ, ਮੈਂ ਤੁਹਾਨੂੰ ਦੱਸਦਾ ਹਾਂ ਕਿ ਪੰਜ ਬਿਲ ਤਿੰਨ ਤਿੰਨ ਦਿਨ ਪਹਿਲਾਂ ਆਏ ਹੋਏ ਹਨ। (ਵਿਘਨ) (ਸ਼ੋਰ) ਤੁਸੀਂ ਇੱਕ ਗੱਲ ਨੂੰ ਰਿਪੀਟ ਕਰੀ ਜਾ ਰਹੇ ਹੋ। ਜੇ ਤੁਸੀਂ ਤਿਆਰੀ ਕਰਕੇ ਆਉਂਦੇ ਤਾਂ ਤੁਸੀਂ ਉਸੇ ਤੇ ਬੋਲ ਸਕਦੇ ਹੋ। ਇੱਥੋਂ ਪਤਾ ਲਗਦਾ ਹੈ ਕਿ ਤੁਹਾਡੀ ਪੰਜਾਬ ਰੈਗੂਲੇਸ਼ਨਜ਼ ਆਫ ਫੀਸ ਬਿਲ ਉੱਤੇ ਵੀ ਤਿਆਰੀ ਨਹੀਂ ਹੈ। ਸੋ, ਕਿਰਪਾ ਕਰਕੇ ਬੈਠੋ। ਅਗਰ ਇਸ ਬਿਲ ਨਾਲ ਸਬੰਧਿਤ ਕੋਈ ਗੱਲ ਹੈ ਤਾਂ you can continue.

**ਸਰਦਾਰ ਪਰਗਟ ਸਿੰਘ ਪੋਆਰ**: ਸਪੀਕਰ ਸਾਹਿਬ, ਹੱਦ ਹੋ ਗਈ ਹੈ। ਮੈਂ ਤਾਂ ਤੁਹਾਨੂੰ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਆਪਾਂ ਆਲੇ-ਦੁਆਲੇ ਦੀਆਂ ਸਟੇਟਾਂ ਨੂੰ ਦੇਖ ਲਈਏ।

**ਮਾਣਯੋਗ ਸਪੀਕਰ**: ਮੈਂ ਸਾਰੀਆਂ ਗੱਲਾਂ ਸਮਝਦਾ ਹਾਂ ਜੀ।

**ਸਰਦਾਰ ਪਰਗਟ ਸਿੰਘ ਪੋਆਰ**: ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਵਿੱਚ ਇਹ ਜ਼ਰੂਰ ਕਲੈਰੀਫਾਈ ਕਰ ਦਿੱਤਾ ਜਾਵੇ ਕਿ ਇਹ ਸਿਰਫ ਤੇ ਸਿਰਫ ਸੋਸ਼ਲ ਮੀਡੀਆ ਲਈ ਹੈ ਜਾਂ ਰਿਐਲਿਟੀ ਵਿੱਚ ਵੀ ਹੈ। ਅਸੀਂ ਪੌਣੇ ਪੰਜ ਸਾਲ ਇਸ ਸਬੰਧ ਵਿੱਚ ਕੁੱਝ ਨਹੀਂ ਕੀਤਾ ਹੈ। ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਸਾਨੂੰ ਪ੍ਰਾਈਵੇਟ ਇੰਸਟੀਚਿਊਸ਼ਨਜ਼ ਨੂੰ ਬਿਲਕੁਲ ਉਸ ਲੈਵਲ ਤੇ ਲਿਆਉਣਾ ਚਾਹੀਦਾ ਹੈ ਕਿ ਬੱਚਿਆਂ ਨਾਲ ਧੱਕਾ ਨਹੀਂ ਹੋਣਾ ਚਾਹੀਦਾ। ਇਸ ਵਿੱਚ ਪਿਛਲੇ ਸਮੇਂ ਦੀ ਸਰਕਾਰ ਦੀ ਸਿਰਫ ਤੇ ਸਿਰਫ ਇੱਕ ਕਲਾਜ਼ ਚੇਂਜ ਹੋਈ ਹੈ ਕਿ ਪਹਿਲਾਂ 8% ਕੈਪ ਸੀ ਅਤੇ ਆਪਾਂ ਹੁਣ 5% ਦੀ ਕੈਪ ਤੇ ਲੈ ਆਏ ਹਾਂ। ਮੈਂ ਇੰਨੀ ਗੱਲ ਕਹਿਣੀ ਚਾਹੁੰਦਾ ਹਾਂ।

---

## WELCOME ANNOUNCEMENT BY THE HONB'LE SPEAKER

**Mr. Speaker:** It is my pleasure to inform the House that Mr. Tanmanjit Sing Dhesi, MP Chairman U.K. Parliament Defence Committee is present in the Governor's box to watch the proceedings of the House. We heartily welcome him. (Thumping)ਇਹ ਅੰਗਰੇਜ਼ੀ ਵਿੱਚ ਇਸ ਲਈ ਬੋਲਿਆ ਹੈ ਕਿ ਸਾਰੀ ਦੁਨੀਆ ਨੂੰ ਪਤਾ ਲੱਗ ਜਾਵੇ। ਮੈਂ ਆਪਣੇ ਆਪ ਨੂੰ ਬਹੁਤ ਹੀ ਖੁਸ਼ਨਸੀਬ ਸਮਝਦਾ ਹਾਂ ਕਿ ਦੁਨੀਆ ਵਿੱਚ ਸਾਡੀ ਇੱਜ਼ਤ ਬਣਾਉਣ ਵਾਲੇ ਸਰਦਾਰ ਤਨਮਨਜੀਤ ਸਿੰਘ ਜੀ ਢੇਸੀ ਸਾਹਿਬ, ਜਿਹੜੇ ਕਿ ਯੂ.ਕੇ. ਦੀ ਪਾਰਲੀਮੈਂਟ ਦੀ ਡਿਫੈਂਸ ਕਮੇਟੀ ਦੇ ਚੇਅਰਮੈਨ ਹਨ, ਅੱਜ ਉਹ ਇਸ ਅਜ਼ੀਮ ਹਾਊਸ ਦੀ ਕਾਰਵਾਈ ਨੂੰ ਦੇਖਣ ਲਈ ਇੱਥੇ ਹਾਜ਼ਰ ਹਨ। ਆਓ, ਅਸੀਂ ਉਨ੍ਹਾਂ ਨੂੰ ਫਿਰ ਤੋਂ ਜੀ ਆਇਆਂ ਕਹੀਏ। (ਥੰਪਿੰਗ)

---

## THE PUNJAB REGULATION OF FEE OF UN-AIDED EDUCATIONAL INSTITUTIONS (AMENDMENT) BILL, 2026 (*Resumption*)

**ਮਾਣਯੋਗ ਸਪੀਕਰ**: ਕੀ ਆਪੋਜ਼ੀਸ਼ਨ ਵੱਲੋਂ ਕੋਈ ਹੋਰ ਮੈਂਬਰ ਇਸ ਬਿਲ ਤੇ ਬੋਲਣਾ ਚਾਹੁੰਦੇ ਹਨ? ਹਾਂ ਜੀ, ਸ੍ਰੀ ਅਵਤਾਰ ਸਿੰਘ ਜੂਨੀਅਰ ਜੀ।

**ਸ੍ਰੀ ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ)**: ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇੱਕ ਬਹੁਤ ਹੀ ਮਹੱਤਵਪੂਰਨ ਬਿਲ ਜਿਹੜਾ ਕਿ ਵਜ਼ੀਰ ਸਾਹਿਬ ਲੈ ਕੇ ਆਏ ਹਨ, Punjab Regulation of Fee of Un-Aided Educational Institutions (Amendment) Bill, 2026 ਤੇ ਬੋਲਣ ਦਾ ਸਮਾਂ ਦਿੱਤਾ ਹੈ। ਸਰ, ਮੈਂ ਸਰਦਾਰ ਪਰਗਟ ਸਿੰਘ ਜੀ ਦੀ ਤਾਈਦ ਕਰਦਾ ਹਾਂ ਕਿ ਇਨ੍ਹਾਂ ਨੇ ਇਹ ਆਖਿਆ ਹੈ ਕਿ ਇਹ ਬਿਲ ਇਸ ਸਮੇਂ ਲਿਆਉਣ ਦਾ ਕੀ ਮੋਟਿਵ ਸੀ? ਜਦੋਂ ਇਹ ਬਿਲ ਸਾਲ 2016 ਵਿੱਚ ਪਹਿਲੀ ਵਾਰ ਲਿਆਂਦਾ ਗਿਆ ਸੀ ਤਾਂ ਉਦੋਂ ਇਹ ਦਸੰਬਰ, 2016 ਵਿੱਚ ਲਿਆਂਦਾ ਗਿਆ ਸੀ ਅਤੇ 2017 ਵਿੱਚ ਇਸ ਦੇ ਰੂਲਜ਼ ਐਂਡ ਰੈਗੂਲੇਸ਼ਨਜ਼ ਬਣਨ ਤੋਂ ਬਾਅਦ ਇਹ ਬਿਲ ਲੋਕਾਂ ਨੂੰ ਸਮਰਪਿਤ ਹੋਇਆ ਸੀ। ਅੱਜ, ਅਗਸਤ ਦੇ ਮਹੀਨੇ ਵਿੱਚ ਇਹ ਬਿਲ ਲਿਆਂਦਾ ਗਿਆ ਹੈ ਕਿਉਂਕਿ ਇਸ ਸਰਕਾਰ ਦੀ ਸਿੱਖਿਆ ਕ੍ਰਾਂਤੀ ਜਿਸ ਵਾਸਤੇ ਦੇਸ਼ ਦੁਨੀਆ ਵਿੱਚ ਬੋਰਡ ਲਗਾਏ ਗਏ ਅਤੇ ਇਸ ਅਜ਼ੀਮ ਸਦਨ ਵਿੱਚ ਉਸ ਸਮੇਂ ਸਾਹਮਣੇ ਆ ਗਈ ਜਦੋਂ ਛੇ ਲੱਖ ਬੱਚਾ ਸਾਲ 2022 ਤੋਂ ਲੈ ਕੇ 2026 ਤੱਕ ਸਰਕਾਰੀ ਸਕੂਲਾਂ ਵਿੱਚੋਂ ਘਟ ਗਿਆ। ਇਸ ਚੀਜ਼ ਨੂੰ ਲੁਕਾਉਣ ਲਈ ਇਹ ਬਿਲ ਲਿਆਂਦਾ ਗਿਆ ਹੈ।

**1500/Kuldeep kaur/BS khokhar**

**1505/Pawan sharma**

Sir, according to official UDIs Data, ਪੰਜਾਬ ਦੇ ਵਿੱਚ 7704 ਪ੍ਰਾਈਵੇਟ ਅਨਏਡਿਡ ਸਕੂਲ ਹਨ ਅਤੇ ਕੁੱਲ ਸਕੂਲ 27407 ਹਨ। ਸਰ, ਇਸ ਵਿੱਚ 29 ਲੱਖ ਤੋਂ ਲੈ ਕੇ 31 ਲੱਖ ਬੱਚੇ ਇਨ੍ਹਾਂ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਦੇ ਹਨ। ਸਰ, ਵਜ਼ੀਰ ਸਾਹਿਬ ਨੇ ਰੈਗੂਲੇਟਰੀ ਬਾਡੀ ਦੀ ਗੱਲ ਕੀਤੀ ਹੈ। ਸਰ, ਜਦੋਂ 2016 ਵਿੱਚ ਰੈਗੂਲੇਟਰੀ ਬਾਡੀ ਦਾ ਐਕਟ ਆਇਆ, ਉਹ ਡਵੀਜ਼ਨਲ ਕਮਿਸ਼ਨਰ ਸਾਹਿਬ ਵੱਲੋਂ ਹੈੱਡ ਕਰਨੀ ਸੀ। ਸਾਲ 2019 ਵਿੱਚ ਅਮੈਂਡਮੈਂਟ ਆਈ ਅਤੇ ਉਸ ਵਿੱਚ ਡਿਪਟੀ ਕਮਿਸ਼ਨਰ ਸਾਹਿਬ ਨੂੰ ਰੱਖ ਦਿੱਤਾ ਗਿਆ ਅਤੇ ਉਨ੍ਹਾਂ ਦੇ ਥੱਲੇ ਡੀ.ਓ. ਸੈਕੰਡਰੀ, ਮੈਂਬਰ ਸੈਕਟਰੀ, ਇਹ ਸਾਰੇ ਲਗਾਏ ਗਏ। ਸਰ, ਲੇਕਿਨ ਇਹ ਜਿਹੜੀ ਰੈਗੂਲੇਟਰੀ ਬਾਡੀ ਹੈ, ਇਸ ਵਿੱਚ ਜਿਹੜੇ ਪ੍ਰਾਇਮਰੀ ਭਾਗੀਦਾਰ ਹਨ, ਅਸੀਂ ਉਨ੍ਹਾਂ ਨੂੰ ਤਾਂ ਬਾਹਰ ਹੀ ਰੱਖ ਦਿੱਤਾ ਹੈ। ਸਰ, ਮੈਨੂੰ ਇਹ ਦੱਸੋ, ਇਸ ਵਿੱਚ ਨਾ ਤਾਂ ਅਸੀਂ parents ਦੀ ਕੋਈ representation ਰੱਖੀ ਹੈ। ਇਸ ਦੇ ਵਿੱਚ parents ਦੀ, ਟੀਚਰਜ਼ ਦੀ representation ਹੋਣੀ ਚਾਹੀਦੀ ਸੀ। ਮੈਂ ਬਿਲਕੁਲ ਤਾਈਦ ਕਰਦਾ ਹਾਂ ਕਿ ਟੀਚਰਜ਼ ਜਿਹੜੀਆਂ ਹਨ, ਉਹ ਸਾਡੀ bedrock ਭਾਵ ਨੀਂਹਾਂ ਹਨ ਅਗਰ ਹਿੰਦੁਸਤਾਨ ਅਤੇ ਪੰਜਾਬ ਨੂੰ ਵਿਕਸਤ ਕਰਨਾ ਹੈ ਲੇਕਿਨ ਉਨ੍ਹਾਂ ਨੂੰ ਤਨਖ਼ਾਹ ਕੀ ਮਿਲਦੀ ਹੈ? ਅੱਜ ਇਸ ਤੋਂ ਪਹਿਲਾਂ ਇੱਕ resolution ਆਇਆ, ਇੱਕ ਪੀ.ਐਚ.ਡੀ. ਪੜ੍ਹੀ ਹੋਈ ਬੇਟੀ ਨੂੰ ਸਿਰਫ਼ 17000 ਰੁਪਏ ਤਨਖ਼ਾਹ ਮਿਲਦੀ ਹੈ, ਅਗਰ ਉਹ ਕਾਲਜ ਵਿੱਚ, ਯੂਨੀਵਰਸਿਟੀ ਵਿੱਚ ਜਾਂ ਸਕੂਲਾਂ ਵਿੱਚ ਪੜ੍ਹਾ ਰਹੀ

ਹੋਵੇ। ਸਰ, ਉਸ ਦੀ representation ਇਸ ਰੈਗੂਲੇਟਰੀ ਬਾਡੀ ਵਿੱਚ ਨਹੀਂ ਰੱਖੀ ਗਈ। ਸਰ, ਸਾਡਾ ਨਾਨ ਟੀਚਿੰਗ ਸਟਾਫ਼, ਅੱਜ ਡੀ.ਏ. ਵਾਸਤੇ ਮੁਲਾਜ਼ਮ, ਉਨ੍ਹਾਂ ਨੇ ਧਰਨਾ ਵੀ ਦਿੱਤਾ ਹੈ। ਸਰ, ਸਾਡੇ ਆਈ.ਏ.ਐਸ., ਆਈ.ਪੀ.ਐਸ. ਅਫ਼ਸਰਾਂ ਨੂੰ ਤਾਂ ਡੀ.ਏ. ਮਿਲ ਰਿਹਾ ਹੈ ਲੇਕਿਨ ਥੱਲੇ ਮੁਲਾਜ਼ਮਾਂ ਨੂੰ 14 ਹਜ਼ਾਰ ਕਰੋੜ ਰੁਪਏ ਤਾਂ ਡੀ.ਏ. ਹੀ ਨਹੀਂ ਮਿਲ ਰਿਹਾ ਹੈ। ਸਰ, ਨਾਨ ਟੀਚਿੰਗ ਸਟਾਫ ਦੀ ਗੱਲ ਇਸ ਬਿਲ ਵਿੱਚ ਕਿਸੇ ਨੇ ਰੱਖੀ। ਸਰ, ਮੈਨੇਜਮੈਂਟ ਆਫ ਇੰਸਟੀਚਿਊਟਸ ਜਿਹੜੇ ਹਨ, ਇਨ੍ਹਾਂ ਦੀ ਵੀ ਭਾਗੀਦਾਰੀ ਇਸ ਰੈਗੂਲੇਟਰੀ ਬਾਡੀ ਵਿੱਚ ਰੱਖੀ ਜਾਣੀ ਚਾਹੀਦੀ ਸੀ। ਮੈਂ ਇਸ ਦਾ ਇੱਕ ਛੋਟਾ ਜਿਹਾ example ਇਸ ਸਦਨ ਨੂੰ ਜ਼ਰੂਰ ਦੇਣਾ ਚਾਹੁੰਦਾ ਹਾਂ। ਸਰ, ਸਾਡਾ Micro Small Medium Enterprises Development Act ਸਾਲ 2026 ਵਿੱਚ ਆਇਆ। ਸਰ, ਅਗਰ ਛੋਟੀ ਫ਼ੈਕਟਰੀ ਦੇ ਮਾਲਕ ਕਿਸੇ ਨੇ ਵੀ ਕਿਸੇ ਕੋਲੋਂ ਪੈਸੇ ਲੈਣੇ ਹੁੰਦੇ ਸੀ ਤਾਂ ਜੇਕਰ ਉਹ ਟਾਈਮਲੀ ਨਹੀਂ ਦਿੰਦਾ ਸੀ ਤਾਂ ਇਸ ਐਕਟ ਰਾਹੀਂ ਜੇਕਰ ਉਹ ਕੰਪਲੇਂਟ ਕਰਦਾ ਸੀ, ਇਸ ਵਿੱਚ ਵੀ ਡਿਪਟੀ ਕਮਿਸ਼ਨਰ ਸਾਹਿਬ ਹੈੱਡ ਕਰਦੇ ਹਨ। ਸਰ, ਇਸ ਦੇ ਵਿੱਚ ਮੈਂ ਇੱਕ ਛੋਟੀ ਜਿਹੀ ਉਦਾਹਰਨ ਐਸ.ਏ.ਐਸ. ਨਗਰ ਦੀ ਦੇਣੀ ਚਾਹੁੰਦਾ ਹਾਂ ਕਿ ਐਪਲੀਕੇਸ਼ਨ ਜਿਹੜੀਆਂ ਫਾਈਲ ਹੋਈਆਂ ਹਨ, ਉਹ 1747 ਹਨ ਅਤੇ ਪਿਛਲੇ ਇੱਕ ਸਾਲ ਤੋਂ ਪੈਂਡਿੰਗ ਦਰਖਾਸਤਾਂ ਦੀ ਗਿਣਤੀ 569 ਹੈ। ਸਰ, ਇਹ ਹੀ ਹਾਲਾਤ ਬਣੇ ਰਹੇ ਤਾਂ ਇਸ ਦੇ ਵਿੱਚ ਵੀ ਟਾਈਮਲੀ ਲੋਕਾਂ ਨੂੰ ਜਸਟਿਸ ਨਹੀਂ ਮਿਲੇਗਾ। and second of all, ਜਿਹੜਾ ਇਸ ਵਿੱਚ ਇੱਕ ਬਹੁਤ ਵੱਡੀ ਗੱਲ, ਫਾਈਨਸ ਦੀ ਕੀਤੀ ਗਈ ਹੈ।

**ਮਾਣਯੋਗ ਸਪੀਕਰ**: ਕਨਕਲੂਡ ਕਰ ਲਵੋ।

**ਸ਼੍ਰੀ ਅਵਤਾਰ ਸਿੰਘ ਜੂਨੀਅਰ**: ਸਪੀਕਰ ਸਾਹਿਬ, ਮੁਆਫੀ ਚਾਹੁੰਦਾ ਹਾਂ। ਸਰ, ਆਪਾਂ ਡੇਢ ਘੰਟਾ resolution ਤੇ ਬੋਲੇ ਹਾਂ। ਸਰ, 5-10 ਮਿੰਟ ਇੱਧਰ ਤਾਂ ਬੋਲਣ ਵਾਲੇ ਕੋਈ ਹੈ ਹੀ ਨਹੀਂ। ਜੇਕਰ ਕੋਈ ਹੈ ਤਾਂ ਮੈਂ ਬੈਠ ਜਾਂਦਾ ਹਾਂ। ਸਰ, ਸਿਰਫ਼ ਦੋ ਚਾਰ ਮਿੰਟ ਹੀ ਲੈਣੇ ਹਨ, ਜ਼ਿਆਦਾ ਨਹੀਂ ਲੈਣੇ।

**ਮਾਣਯੋਗ ਸਪੀਕਰ**: ਕਨਕਲੂਡ ਕਰ ਲਵੋ ਜੀ।

**ਸ਼੍ਰੀ ਅਵਤਾਰ ਸਿੰਘ ਜੂਨੀਅਰ**: ਸਰ, ਫਾਈਨ ਦੀ ਗੱਲ ਕੀਤੀ ਗਈ ਹੈ ਕਿ ਫਾਈਨ ਲੱਗਣੇ ਹਨ। ਇੱਕ ਵਾਰੀ ਫਾਈਨ ਲੱਗਣਾ ਹੈ, ਦੂਜੀ ਵਾਰੀ ਫਾਈਨ ਡਬਲ ਹੋ ਜਾਵੇਗਾ ਅਤੇ ਤੀਜੀ ਵਾਰੀ ਉਸ ਸਕੂਲ ਦੀ ਮਾਨਤਾ ਰੱਦ ਕਰ ਦਿੱਤੀ ਜਾਣੀ ਹੈ। ਇਸ ਐਕਟ ਵਿੱਚ ਕਿਤੇ ਵੀ ਨਹੀਂ ਦਰਸਾਇਆ ਗਿਆ ਕਿ ਬੱਚਿਆਂ ਦਾ ਕੀ ਬਣੇਗਾ, ਸਟਾਫ਼ ਦਾ ਕੀ ਬਣੇਗਾ। ਸਰ, ਉਸ ਨੂੰ ਕੌਣ ਟੇਕ ਓਵਰ ਕਰੇਗਾ। ਸਰ, ਇਸ ਦੇ ਵਿੱਚ ਸਭ ਤੋਂ ਵੱਡਾ ਇਸ਼ੂ ਜਿਹੜੇ ਸਾਡੇ 11ਵੀਂ ਅਤੇ 12ਵੀਂ ਦੇ ਕੋਚਿੰਗ ਇੰਸਟੀਚਿਊਟਸ ਹਨ, ਅੱਜ 11ਵੀਂ ਅਤੇ 12ਵੀਂ ਜਿਹੜੇ ਬੱਚੇ ਪੜ੍ਹ ਰਹੇ ਹਨ, ਉਨ੍ਹਾਂ ਨੂੰ ਡਬਲ ਪੈਸੇ ਦੇਣੇ ਪੈ ਰਹੇ ਹਨ। ਉਹ ਸਕੂਲ ਵਿੱਚ ਐਡਮਿਸ਼ਨ ਕਰਦੇ ਹਨ ਅਤੇ ਬਾਅਦ ਵਿੱਚ ਉਹ ਕੋਚਿੰਗ ਇੰਸਟੀਚਿਊਟ ਵਿੱਚ ਜਾ ਕੇ ਕੋਚਿੰਗ ਲੈ ਰਹੇ ਹਨ। Parents ਦੇ ਦੋ ਦੋ ਜਗ੍ਹਾ ਪੈਸੇ ਲੱਗ ਰਹੇ ਹਨ। ਸਰ, ਤੁਸੀਂ ਦੇਖੋ ਫਿਜ਼ਿਕਸ ਵਾਲਾ ਯੂਨਾਈਟਿਡ ਲਿਮਟਿਡ ਦਾ, ਅੱਜ ਬਿਲ ਵੀ ਆ ਰਿਹਾ ਹੈ

**ਮਾਣਯੋਗ ਸਪੀਕਰ**: ਠੀਕ ਹੈ। ਤੁਸੀਂ ਬਿਲ ਤੇ ਬੋਲ ਲਿਉ।

**ਸ਼੍ਰੀ ਅਵਤਾਰ ਸਿੰਘ ਜੂਨੀਅਰ**: ਸਰ, ਮੈਂ ਇੱਕ ਲਾਸਟ ਗੱਲ ਕਰਨੀ ਹੈ, ਮੈਂ ਉਸ ਤੇ ਵੀ ਬੋਲਣਾ ਹੈ। ਸਰ, ਫਿਜ਼ਿਕਸ ਵਾਲਾ ਜਿਹੜੀ ਇੱਕ ਯੂਨੀਕਾਰਨ ਕੰਪਨੀ ਬਣ ਗਈ ਹੈ, ਉਹ ਰਜਿਸਟਰਡ ਹੈ। It is a profit making company. ਉਹ ਸਾਡੇ ਜਿਹੜੇ parents ਹਨ, ਉਨ੍ਹਾਂ ਦਾ ਸ਼ੋਸ਼ਣ ਕਰ ਰਹੀ ਹੈ। ਇਹ ਜਿਹੜਾ ਬਿਲ ਹੈ, ਜਦ ਤੱਕ ਅਸੀਂ Parents, teachers, non teaching staff ਦੀ representation ਨਹੀਂ ਦੇਵਾਂਗੇ, ਸਰ ਜੋ ਜੀ.ਐਸ.ਟੀਸ. ਦਾ ਹਾਲ ਹੋ ਰਿਹਾ ਹੈ, ਬੱਚਿਆਂ ਦਾ ਵੀ ਸ਼ੋਸ਼ਣ ਹੋਵੇਗਾ, parents ਦਾ ਵੀ ਸ਼ੋਸਣ ਹੋਵੇਗਾ। ਇਹ ਬਿਲ ਸਿਰਫ਼ ਆਪਣੀ ਸਿੱਖਿਆ ਕ੍ਰਾਂਤੀ ਨੂੰ ਲੁਕਾਉਣ ਵਾਸਤੇ ਲਿਆਂਦਾ ਗਿਆ ਹੈ। ਧੰਨਵਾਦ।

**1505/Pawan sharma/BS khokhar**

**1510/Beant kaur**

**ਮੁੱਖ ਮੰਤਰੀ (ਸ਼੍ਰੀ ਭਗਵੰਤ ਮਾਨ)** : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਵਿੱਦਿਆ, ਐਜੂਕੇਸ਼ਨ ਬੜਾ ਗੰਭੀਰ ਵਿਸ਼ਾ ਹੈ ਕਿਉਂਕਿ ਅੱਜ ਦੇ ਜਮਾਨੇ ਵਿੱਚ ਉਸੇ ਨੂੰ ਵੱਡਾ ਜ਼ਿੰਮੀਦਾਰ ਜਾਂ ਸੇਠ ਮੰਨਿਆ ਜਾਵੇਗਾ, ਜਿਸ ਦੇ ਬੱਚੇ ਪੜ੍ਹੇ-ਲਿਖੇ ਹਨ, ਕੁਆਲਿਟੀ ਐਜੂਕੇਸ਼ਨ ਵਾਲੇ ਹਨ। ਪਹਿਲਾਂ ਜ਼ਮੀਨਾਂ ਵਾਲਿਆਂ ਨੂੰ, ਪਲਾਟਾਂ ਵਾਲਿਆਂ ਨੂੰ, ਦੁਕਾਨਾਂ ਵਾਲਿਆਂ ਨੂੰ, ਸ਼ੋ-ਰੂਮਾਂ ਵਾਲਿਆਂ ਨੂੰ ਵੱਡਾ ਮੰਨਿਆ ਜਾਂਦਾ ਸੀ। ਹੁਣ ਬੱਚਿਆਂ ਦੀ ਪਰਵਰਿਸ਼ ਜਾਂ ਉਨ੍ਹਾਂ ਨੇ ਪੜ੍ਹਾਈ ਕਿੱਥੋਂ ਕੀਤੀ, ਕਿਹੜੀਆਂ ਡਿਗਰੀਆਂ ਕੀਤੀਆਂ ਕਿ ਬੱਚੇ ਸੈਲਫ ਡਿਪੈਂਡੈਂਟ ਹੋ ਗਏ ਕਿਉਂਕਿ ਅੱਜ ਤੁਹਾਡਾ ਬੈਂਕ ਬੈਲੈਂਸ ਕੋਈ ਵਿਜੇ ਮਾਲਿਆ ਚੋਰੀ ਕਰਕੇ ਲਿਜਾ ਸਕਦਾ ਹੈ, ਲਾੱਕਰ ਵਿਚੋਂ ਵਿਜੀਲੈਂਸ ਵਿਭਾਗ ਵਾਲੇ ਪੈਸਾ ਕਢਾ ਲੈਂਦੇ ਹਨ ਜੇਕਰ ਤੁਸੀਂ ਗਲਤ ਤਰੀਕੇ ਨਾਲ ਬਣਾਏ ਹਨ, ਤੁਹਾਡੇ ਪਲਾਟ ਤੇ ਕਬਜ਼ਾ ਹੋ ਸਕਦਾ ਹੈ, ਤੁਹਾਡੀ ਜ਼ਮੀਨ ਕਦੇ ਕਿਸੇ ਕੋਲ ਵਿਕ ਸਕਦੀ ਹੈ ਪਰ ਪੜ੍ਹਾਈ ਕਦੇ ਚੋਰੀ ਨਹੀਂ ਹੋ ਸਕਦੀ। ਜਿੱਥੇ ਵੀ ਜਾਓਗੇ, ਤੁਹਾਡੇ ਨਾਲ ਜਾਵੇਗੀ। ਪੜ੍ਹਾਈ ਵੀ ਦੋ ਕਿਸਮ ਦੀ ਹੁੰਦੀ ਹੈ। ਗਰੀਬਾਂ ਦੀਆਂ ਕਿਤਾਬਾਂ ਹੋਰ ਸਨ, ਅਮੀਰਾਂ ਦੀਆਂ ਕਿਤਾਬਾਂ ਹੋਰ ਸਨ। ਗਰੀਬਾਂ ਦੇ ਸਕੂਲਾਂ ਵਿੱਚ ਟੀਚਰ ਹੋਰ ਸਨ ਅਤੇ ਅਮੀਰਾਂ ਦੇ ਸਕੂਲਾਂ ਵਿੱਚ ਟੀਚਰ ਹੋਰ ਸਨ। ਗਰੀਬਾਂ ਨੂੰ ਪੜ੍ਹਾਈ ਗਾਈਡਾਂ ਤੇ ਨਿਸ਼ਾਨੀਆਂ ਲਾਉਣ ਤੱਕ ਸੀਮਤ ਹੋ ਗਈ ਸੀ, ਜਿਸ ਤਰ੍ਹਾਂ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਸਰਕਾਰੀ ਸਕੂਲ ਵਿੱਚ ਪੜ੍ਹਾਉਣਾ ਸਰਾਪ ਬਣ ਗਿਆ ਸੀ। ਬਿਲਕੁਲ ਮਜ਼ਬੂਰ ਮਾਪੇ ਸਰਕਾਰੀ ਸਕੂਲਾਂ ਵਿੱਚ ਆਪਣੇ ਬੱਚੇ ਪੜ੍ਹਾਉਂਦੇ ਸਨ ਕਿਉਂਕਿ ਪ੍ਰਾਈਵੇਟ ਸਕੂਲਾਂ ਦੀ ਫੀਸ ਨਹੀਂ ਦੇ ਸਕਦੇ ਸੀ। ਸਰਕਾਰੀ ਸਕੂਲ ਇਕ ਦਲੀਆ ਖਵਾਉਣ ਵਾਲੀਆਂ ਬਿਲਡਿੰਗਾਂ ਬਣ ਕੇ ਰਹਿ ਗਈਆਂ ਸਨ। ਪਹਿਲਾਂ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਦਿੱਲੀ ਦੇ ਸਕੂਲਾਂ ਦਾ ਕਾਇਆ ਕਲਪ ਕੀਤਾ ਸੀ। ਜਦੋਂ ਉਨ੍ਹਾਂ ਸਕੂਲਾਂ ਦਾ ਪੂਰੀ ਦੁਨੀਆ ਵਿੱਚ ਪ੍ਰਚਾਰ ਹੋਇਆ, ਅਮਰੀਕਾ ਦੇ ਰਾਸ਼ਟਰਪਤੀ ਭਾਰਤ ਦੇ ਦੌਰੇ ਤੇ ਆਏ ਤਾਂ ਉਨ੍ਹਾਂ ਦੀ ਪਤਨੀ ਨੇ ਸਪੈਸ਼ਲੀ ਇਹ ਕਿਹਾ ਸੀ ਕਿ ਮੈਂ ਦਿੱਲੀ ਦੇ ਸਕੂਲ ਦੇਖਣੇ ਹਨ। ਸੋ, ਦਿੱਲੀ ਦੇ ਸਰਕਾਰੀ ਸਕੂਲ ਤਾਂ ਦਿਖਾ ਨਹੀਂ ਸਕਦੇ ਸੀ, ਉਨ੍ਹਾਂ ਨੂੰ ਕੇਜਰੀਵਾਲ ਤੋਂ ਚਾਬੀਆਂ ਲੈਣੀਆਂ ਪਈਆਂ ਕਿ ਤੁਹਾਡਾ ਪ੍ਰਾਈਵੇਟ ਵਧੀਆ ਸਕੂਲ ਦਿਖਾ ਦਿਓ ਕਿਉਂਕਿ ਸਰਕਾਰੀ ਅਤੇ ਪ੍ਰਾਈਵੇਟ ਸਕੂਲ ਦਾ ਗੈਪ ਬਹੁਤ ਪੈ ਗਿਆ ਸੀ। ਹੁਣ, ਇਹ ਬਿਲ, ਜਿਹੜਾ ਗਵਰਨਰ ਸਾਹਿਬ ਨੇ ਪਹਿਲਾਂ ਹੀ ਸਾਈਨ ਕਰ ਦਿੱਤਾ ਸੀ, ਜਦੋਂ ਇਹ ਆਰਡੀਨੈਂਸ ਦੇ ਰੂਪ ਵਿੱਚ ਸੀ। ਜਿਵੇਂ ਅਵਤਾਰ ਜੂਨੀਅਰ ਜੀ ਨੇ ਕਿਹਾ ਹੈ ਕਿ 7800 ਦੇ ਲਗਭਗ ਸਕੂਲ ਹਨ, ਜਿਨ੍ਹਾਂ ਵਿੱਚ 32 ਲੱਖ ਦੇ ਕਰੀਬ ਬੱਚੇ ਪੜ੍ਹਦੇ ਹਨ। ਤੁਸੀਂ ਉਨ੍ਹਾਂ ਮਾਪਿਆਂ ਦੇ ਹਾਲ ਪੁੱਛ ਕੇ ਦੇਖੋ, ਜਿਨ੍ਹਾਂ ਦੇ ਬੱਚੇ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਦੇ ਹਨ। ਕੋਈ ਨਾ ਕੋਈ ਫੀਸ ਆਈ ਹੀ ਰਹਿੰਦੀ ਹੈ। ਪ੍ਰਾਈਵੇਟ ਸਕੂਲ ਪੈਸਾ ਲੈਣ ਦਾ ਕੋਈ ਨਾ ਕੋਈ ਬਹਾਨਾ ਘੜੀ ਰੱਖਦੇ ਹਨ। ਵਿੱਦਿਆ ਨੂੰ ਮਨੁੱਖ ਦਾ ਤੀਜਾ ਨੇਤਰ ਕਿਹਾ ਗਿਆ ਹੈ - ਵਿਦਿਆ ਵੀਚਾਰੀ ਤਾਂ

ਪਰਉਪਕਾਰੀ - ਪਰਉਪਕਾਰ ਕਰਨ ਵਾਲੀ। ਸਾਡਾ ਗੁਰੂ ਸ਼ਬਦ ਗੁਰੂ ਹੈ। ਸਾਨੂੰ ਗੁਰੂ ਸਾਹਿਬ ਸ਼ਬਦਾਂ ਨਾਲ ਜੋੜ ਕੇ ਗਏ ਹਨ, ਬਾਣੀ ਨਾਲ ਜੋੜ ਕੇ ਗਏ ਹਨ। ਸਪੀਕਰ ਸਾਹਿਬ, ਇਹ ਬਿਲ ਬੜਾ ਇੰਪਾਰਟੈਂਟ ਹੈ ਅਤੇ ਇਸ ਤੇ ਬੋਲਣਾ ਵਿਰੋਧੀ ਪਾਰਟੀ ਦਾ ਹੱਕ ਹੈ, ਉਨ੍ਹਾਂ ਦਾ ਡੈਮੋਕ੍ਰੇਟਿਕ ਰਾਈਟ ਹੈ ਪਰੰਤੂ ਭਵਿੱਖ ਦੀਆਂ ਫਾਲਤੂ ਚਿੰਤਾਵਾਂ ਨਾ ਕਰਨ ਕਿ ਰੈਗੂਲੇਟਰੀ ਬੋਰਡ ਤੋਂ ਕੰਮ ਨਹੀਂ ਹੋਣਾ ਵਰਨਾ ਅਜਿਹਾ ਹੋ ਜਾਵੇਗਾ ਜਾਂ ਉਹ ਹੋ ਜਾਵੇਗਾ। ਤੁਸੀਂ ਧੰਨਵਾਦ ਤਾਂ ਕਰ ਦਿਓ ਕਿ ਇਹ ਬਿਲ ਲਿਆਂਦਾ ਹੈ। ਫੇਰ ਕਹਿੰਦੇ ਹਨ ਕਿ ਪੌਣੇ ਪੰਜ ਸਾਲ ਬਾਅਦ ਆਇਆ ਹੈ, ਕੀ ਸਰਕਾਰ ਕੰਮ ਕਰਨਾ ਬੰਦ ਕਰ ਦੇਵੇ ਜੇਕਰ ਪੌਣੇ ਪੰਜ ਸਾਲ ਹੋ ਗਏ? ਸਰਕਾਰ ਨੇ ਕੰਮ ਤਾਂ ਕਰਨੇ ਹੀ ਹਨ। ਇਨ੍ਹਾਂ ਨੂੰ ਪੁੱਛੋ ਕਿ ਚਰਨਜੀਤ ਚੰਨੀ ਜੀ ਦੀ ਜਦੋਂ 111 ਦਿਨ ਸਰਕਾਰ ਰਹੀ ਹੈ, ਉਸ ਵੇਲੇ ਕਿੰਨੇ ਬਿਲ ਲਿਆਂਦੇ ਹਨ? ਕਦੇ ਇਹ ਮਾਫ਼ ਕਰ ਦਿੱਤਾ, ਕਦੇ ਉਹ ਮਾਫ਼ ਕਰ ਦਿੱਤਾ। ਕੀ ਤੁਹਾਡੀ ਵਾਰੀ ਪੌਣੇ ਪੰਜ ਸਾਲ ਨਹੀਂ ਹੋਏ ਸਨ, ਸਾਡੀ ਵਾਰੀ ਹੋ ਗਏ? ਸੋ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਬਿਲ ਨਾਲ ਮਾਪਿਆਂ ਨੂੰ ਬਹੁਤ ਵੱਡੀ ਰਾਹਤ ਮਿਲੇਗੀ। 5% ਦੀ ਕੈਪ ਲਗਾਈ ਹੈ। ਅਸੀਂ ਫੋਰੈਂਸਿਕ ਆਡਿਟ ਕਰਾਵਾਂਗੇ, ਜਿਹੜੇ ਸਕੂਲਾਂ ਨੇ ਪਿਛਲੇ ਤਿੰਨ ਸਾਲਾਂ ਵਿੱਚ 15% ਤੋਂ ਵੱਧ ਫੀਸ ਵਧਾਈ ਹੈ, ਉੱਪਰਲਾ ਵਾਧਾ ਉਨ੍ਹਾਂ ਨੂੰ ਵਾਪਸ ਕਰਨਾ ਪਵੇਗਾ। ਮੈਂ ਇਸ ਮੁਕੱਦਸ ਹਾਊਸ ਵਿੱਚ ਖੜ੍ਹ ਕੇ ਬੜੀ ਜ਼ਿੰਮੇਵਾਰੀ ਨਾਲ ਬੋਲ ਰਿਹਾ ਹਾਂ ਕਿ ਬਿਲਕੁਲ ਵਾਪਸ ਕਰਨਾ ਪਵੇਗਾ।(ਥੰਪਿੰਗ) ਦਿੱਲੀ ਵਿੱਚ ਵੀ ਫੀਸਾਂ ਵਾਪਸ ਹੋਈਆਂ ਹਨ। ਹੁਣੇ ਪਰਗਟ ਸਿੰਘ ਜੀ ਨੇ ਕਿਹਾ ਹੈ ਕਿ ਟੀਚਰਾਂ ਦਾ ਸ਼ੋਸ਼ਣ ਨਾ ਹੋਵੇ, ਮੈਂ ਵੀ ਇਸ ਗੱਲ ਨੂੰ ਮੰਨਦਾ ਹਾਂ।

**1515/Karamjit kaur**

ਸਰਦਾਰ ਪਰਗਟ ਸਿੰਘ ਜੀ ਨੇ ਵੀ ਕਿਹਾ ਹੈ ਕਿ ਟੀਚਰਜ ਦਾ ਸੋਸ਼ਣ ਨਾ ਹੋਵੇ ਕਿਉਂਕਿ ਟੀਚਰ ਨੂੰ ਨੇਸ਼ਨ ਬਿਲਡਰ ਕਿਹਾ ਗਿਆ ਹੈ, ਕੌਮ ਦਾ ਨਿਰਮਾਤਾ। ਸੋ, ਟੀਚਰ ਤੋਂ ਵੱਡਾ ਤਾਂ ਕਿਸੇ ਨੂੰ ਗੁਰੂ ਨਹੀਂ ਮੰਨਿਆ ਗਿਆ। ਸਭ ਤੋਂ ਪਵਿੱਤਰ ਰਿਸ਼ਤਾ ਗੁਰੂ ਚੇਲੇ ਦਾ ਹੁੰਦਾ ਹੈ। ਸਭ ਤੋਂ ਪਵਿੱਤਰ ਰਿਸ਼ਤਾ ਟੀਚਰ ਤੇ ਸਟੂਡੈਂਟ ਦਾ ਹੈ। ਜੇ ਟੀਚਰ ਨੂੰ ਆਪਣੇ ਭਵਿੱਖ ਦੀ ਚਿੰਤਾ ਹੋਵੇਗੀ, ਤਾਂ ਉਹ ਬੱਚਿਆਂ ਨੂੰ ਕਿਵੇਂ ਪੜ੍ਹਾਵੇਗਾ? ਸਾਡੇ ਬੱਚਿਆਂ ਦਾ ਭਵਿੱਖ ਉਹ ਕਿਵੇਂ ਬਣਾ ਦੇਵੇਗਾ?

ਸੋ, ਅੱਜ ਜਿਹੜੇ ਪੰਜਾਬੀ ਹਨ, ਉਹ ਪੂਰੀ ਦੁਨੀਆਂ ਵਿੱਚ ਫੈਲੇ ਹੋਏ ਹਨ। ਅੱਜ ਢੇਸੀ ਸਾਹਿਬ ਸੈਸ਼ਨ ਦੇਖਣ ਆਏ ਹੋਏ ਹਨ। ਕਿੱਥੇ ਕਿੱਥੇ ਜਾ ਕੇ, ਕਿੰਨੀਆਂ ਵੱਡੀਆਂ ਵੱਡੀਆਂ ਪ੍ਰਾਪਤੀਆਂ ਪੰਜਾਬੀਆਂ ਨੇ ਕੀਤੀਆਂ ਹਨ। ਪੂਰੀ ਦੁਨੀਆਂ ਦੇ ਵਿੱਚ ਸਾਡੇ ਪੰਜਾਬੀ ਅੱਜ ਕਿਤੇ ਐਮ.ਪੀ. ਹਨ, ਕਿਤੇ ਮਨਿਸਟਰ ਹਨ, ਕਿਤੇ ਮੈਂਬਰ ਹਨ। ਅੱਜ ਮਲੇਸ਼ੀਆ ਦੀ ਇੱਕ ਸਟੇਟ ਦੇ ਡਿਪਟੀ ਸੀ.ਐਮ. ਜੋ ਹਨ, ਕੁਦਰਤੀ ਉਹ ਵੀ ਅੱਜ ਆਏ ਹੋਏ ਸੀ। ਅਸੀਂ ਪੰਜਾਬੀਆਂ ਨੇ ਕਿੱਥੇ ਕਿੱਥੇ ਜਾ ਕੇ ਤਰੱਕੀਆਂ ਕੀਤੀਆਂ ਹਨ ਪਰ ਸਾਨੂੰ ਸਿਰਫ ਮੌਕਾ ਮਿਲਣਾ ਚਾਹੀਦਾ ਹੈ। ਸੋ, ਪ੍ਰਾਈਵੇਟ ਸਕੂਲਾਂ ਦੇ ਬੱਚਿਆਂ ਦਾ ਇਸ ਵਿੱਚ ਕੋਈ ਕਸੂਰ ਨਹੀਂ ਹੈ। ਪਿਛਲੇ ਦਿਨੀਂ ਸ੍ਰੀ ਅੰਮ੍ਰਿਤਸਰ ਵਿਖੇ ਇੱਕ ਮੰਦਭਾਗੀ ਘਟਨਾ ਹੋਈ ਹੈ, ਇੱਕ ਬੱਚੀ ਨੇ ਸੁਸਾਈਡ ਕਰ ਲਿਆ ਕਿ ਮੈਨੂੰ ਫੀਸ ਬਾਰੇ ਮਾਨਸਿਕ ਤੌਰ ਤੇ ਪਰੇਸ਼ਾਨ ਕੀਤਾ ਜਾਂਦਾ ਸੀ, ਮੈਨੂੰ ਪਰਾਪਰ ਪੜ੍ਹਾਈ ਨਹੀਂ ਕਰਨ ਦਿੰਦੇ, ਮੈਨੂੰ ਕਲਾਸ ਵਿੱਚ ਪਿਛਲੇ ਪਾਸੇ ਖੜ੍ਹੀ ਕਰ ਦਿੱਤਾ ਜਾਂਦਾ ਸੀ। ਮਤਲਬ ਫੀਸ ਪਿੱਛੇ ਹਿਊਮੀਲੇਸ਼ਨ ਕੀਤੀ ਗਈ? ਜਦੋਂ ਰਾਈਟ ਟੂ ਐਜੂਕੇਸ਼ਨ ਐਕਟ ਵਿੱਚ ਇਹ ਕਿਤੇ ਲਿਖਿਆ ਹੀ ਨਹੀਂ ਗਿਆ। ਜਦੋਂ ਕਾਂਗਰਸ ਦੀ ਸਰਕਾਰ ਵੇਲੇ ਪ੍ਰੀ-ਮੈਟ੍ਰਿਕ ਤੇ ਪੋਸਟ-ਮੈਟ੍ਰਿਕ ਸਕਾਲਰਸ਼ਿਪ ਵਿੱਚ ਘਪਲਾ ਹੋਇਆ ਸੀ, ਤਾਂ ਉਦੋਂ ਕਿੰਨੇ ਹੀ ਬੱਚਿਆਂ ਦਾ ਭਵਿੱਖ ਖਰਾਬ ਹੋ ਗਿਆ ਸੀ ਜੀ। ਮਤਲਬ ਉਹ ਪੈਸੇ ਹੀ ਗਬਨ ਕਰ ਗਏ। ਜਿਹੜੇ ਕਾਲਜ ਹਨ, ਉਨ੍ਹਾਂ ਨੇ ਵਿਦਿਆਰਥੀਆਂ ਦਾ ਡੀ.ਐਮ.ਸੀ. ਰੋਕ ਲਿਆ ਜਾਂ ਰੋਲ ਨੰਬਰ ਰੋਕ ਲਿਆ। ਤੁਸੀਂ ਬੱਚਿਆਂ ਨੂੰ ਪੜ੍ਹਨ

ਤਾਂ ਦਿਓ, ਸਾਲ ਖਰਾਬ ਨਾ ਕਰੋ, ਫੀਸ ਬਾਰੇ ਬਾਅਦ ਵਿੱਚ ਹਿਸਾਬ-ਕਿਤਾਬ ਕਰ ਲਵਾਂਗੇ। ਮੈਂ ਉਦੋਂ ਐਮ.ਪੀ. ਸੀ, ਮੇਰੇ ਕੋਲ ਜਿੰਨੇ ਕੁ ਕੇਸ ਆਏ, ਮੈਂ ਤਾਂ ਠੀਕ ਕਰਵਾ ਦਿੱਤੇ ਸੀ ਕਿ ਭਾਈ ਤੁਸੀਂ ਵਿਦਿਆਰਥੀਆਂ ਦੇ ਡੀ.ਐਮ.ਸੀ. ਰੋਕ ਨਹੀਂ ਸਕਦੇ, ਜਾਂ ਤੁਸੀਂ ਕਿਸੇ ਬੱਚੇ ਦੀ ਅਗਲੇ ਸਾਲ ਦੀ ਐਡਮਿਸ਼ਨ ਰੋਕ ਨਹੀਂ ਸਕਦੇ। ਨਹੀਂ ਤਾਂ ਜੇ ਬੱਚੇ ਦਾ ਸਾਲ ਚਲਿਆ ਜਾਵੇ ਤਾਂ ਬੱਚਾ ਮੈਂਟਲੀ ਤੌਰ ਤੇ ਅਪਸੈੱਟ ਹੋ ਜਾਂਦਾ ਹੈ ਜੀ। ਬੱਚੇ ਡਿਪਰੈਸ਼ਨ ਵਿੱਚ ਚਲੇ ਜਾਂਦੇ ਹਨ, ਮੁਕਾਬਲਾ ਇੰਨਾ ਸਖ਼ਤ ਹੈ। ਸੋ, ਇਸ ਬਿਲ ਨੂੰ ਇਸ ਕਰਕੇ ਲਿਆਉਣਾ ਪਿਆ ਕਿ ਵਿੱਦਿਆ ਨੂੰ ਮੁਨਾਫੇਖੋਰੀ ਵਾਲੀ ਚੀਜ਼ ਨਾ ਬਣਾਓ। ਮੈਨੂੰ ਬਹੁਤ ਸਾਰੇ ਸਕੂਲਾਂ ਤੋਂ ਫੋਨ ਆਏ, ਮੈਂ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਕਿਹਾ ਕਿ ਅਸੀਂ ਬਿਲਕੁਲ ਤੁਹਾਡੇ ਬਿਲ ਦੀ ਇਕੱਲੀ ਇਕੱਲੀ ਕਲਾਜ਼ ਨੂੰ ਫਾਲੋ ਕਰਾਂਗੇ। ਸਾਡੇ ਬੱਚੇ ਪੜ੍ਹਨਗੇ। ਮੈਂ ਕਹਿੰਦਾ ਹਾਂ ਕਿ ਜਿਹੜਾ ਬੱਚਾ ਇੱਕ ਵਾਰੀ ਪੜ੍ਹ ਗਿਆ, ਜਿਹੜਾ ਐਲੂਮਨੀ ਹੈ, ਜਦੋਂ ਉਹ ਤਰੱਕੀ ਕਰਕੇ ਆਪਣੇ ਸਕੂਲ ਵਿੱਚ ਕਦੇ ਆਉਂਦਾ ਹੈ, ਜਿਵੇਂ ਕਿ ਢੇਸੀ ਸਾਹਿਬ ਹਨ, ਇਹ ਜਿਹੜੇ ਸਕੂਲ ਵਿੱਚ ਪੜ੍ਹ ਕੇ ਗਏ ਹੋਣੇ, ਤੁਸੀਂ ਜਿੰਨੀਆਂ ਫੀਸਾਂ ਇਨ੍ਹਾਂ ਤੋਂ ਲਈਆਂ ਹੋਣੀਆਂ, ਉਨ੍ਹਾਂ ਨਾਲੋਂ ਤਿੱਗਣੀਆਂ-ਚੌਗਣੀਆਂ ਰਕਮਾਂ ਤਾਂ ਇਨ੍ਹਾਂ ਨੇ ਵੈਸੇ ਹੀ ਵਾਪਸ ਕਰ ਦਿੱਤੀਆਂ ਹੋਣੀਆਂ ਕਿ ਮੇਰੇ ਸਕੂਲ ਦਾ ਇਹ ਕੰਮ ਕਰਵਾ ਦਿਓ। ਜਿਹੜੇ ਐਨ.ਆਰ.ਆਈਜ ਹਨ, ਉਹ ਸਕੂਲ ਨੂੰ ਅਡਾਪਟ ਕਰ ਲੈਂਦੇ ਹਨ ਕਿ ਇਹ ਸਾਡੇ ਪਿੰਡ ਦਾ ਸਕੂਲ ਹੈ, ਇਸ ਨੂੰ ਅਸੀਂ ਅਡਾਪਟ ਕਰਦੇ ਹਾਂ। ਜਾਂ ਜਿਹੜੇ ਸਕੂਲ ਤੋਂ ਮੈਂ ਪੜ੍ਹਿਆ ਹਾਂ, ਉਥੋਂ ਦੀ ਜਿਹੜੀ ਕੋਈ ਓਲਡ ਸਕੂਲ ਐਸੋਸੀਏਸ਼ਨ ਬਣੀ ਹੋਈ ਹੈ ਜਾਂ ਕੁੱਝ ਹੋਰ ਸੰਸਥਾ ਬਣੀ ਹੈ, ਜਿਹੜੇ ਵੈੱਲ ਆੱਫ ਹਨ, ਜਾਂ ਕੁੱਝ ਬਣ ਗਏ ਹਨ, ਤਾਂ ਉਹ ਉਸ ਵਿੱਦਿਆ ਦੇ ਅਦਾਰੇ ਨੂੰ ਆਪਣਾ ਗੁਰੂ ਮੰਨ ਕੇ, ਆਪਣਾ ਵਿੱਦਿਆ ਦਾ ਮੰਦਰ ਮੰਨ ਕੇ ਉਥੇ ਡੋਨੇਟ ਕਰ ਦਿੰਦੇ ਹਨ। ਅਜਿਹੇ ਬੜੇ ਸਕੂਲ ਹਨ ਜੀ, ਜੋ ਐਨ.ਆਰ.ਆਈਜ ਨੇ ਅਡਾਪਟ ਕੀਤੇ ਹੋਏ ਹਨ। ਜਾਂ ਉਹ ਬੱਚਿਆਂ ਦੀਆਂ ਫੀਸਾਂ ਭਰਦੇ ਹਨ, ਕੋਈ ਬੱਚਿਆਂ ਦੀਆਂ ਵਰਦੀਆਂ ਦੇ ਦਿੰਦਾ ਹੈ, ਅਜਿਹੀਆਂ ਬੜੀਆਂ ਐਨ.ਜੀ.ਓਜ. ਹਨ। ਸਪੀਕਰ ਸਾਹਿਬ, ਦਾਨੀ ਤਾਂ ਵੱਡੇ ਵੱਡੇ ਪਏ ਹਨ ਜੀ।

ਇੱਕ ਹੋਰ ਤਰ੍ਹਾਂ ਦਾ ਟਾਰਚਰ ਹੈ, ਬੱਚਿਆਂ ਨੂੰ ਕਿਹਾ ਜਾਂਦਾ ਹੈ ਕਿ ਵਰਦੀ ਫਲਾਣੇ ਕੱਪੜੇ ਦੀ ਦੁਕਾਨ ਤੋਂ ਖਰੀਦਣੀ ਹੈ। ਕਿਉਂ ਬਈ? ਤੁਸੀਂ ਵਰਦੀ ਦਾ ਡਿਜ਼ਾਈਨ ਦੱਸ ਦੇਵੋ, ਉਹ ਜਿੱਥੋਂ ਮਰਜ਼ੀ ਲੈ ਲਵੇ। ਉਹ ਉੱਥੇ ਹਿਸਾਬ-ਕਿਤਾਬ ਰੱਖਦੇ ਹਨ। ਫਿਰ ਕਿਤਾਬਾਂ ਫਲਾਣੀ ਹੀ ਦੁਕਾਨ ਤੋਂ ਲੈਣੀਆਂ ਹਨ, ਉਨ੍ਹਾਂ ਨਾਲ ਹਿਸਾਬ-ਕਿਤਾਬ ਭਾਵ ਕਮਿਸ਼ਨ ਚੱਲਦਾ ਹੈ। ਫਿਰ ਕਦੇ ਵਰਦੀ ਬਦਲ ਦੇਣੀ ਹੈ, ਐਵੇਂ ਹੀ ਕਦੇ ਥੋੜ੍ਹੀ ਜਿਹੀ ਜੇਬ ਜਿਹੀ ਬਦਲ ਦਿੱਤੀ ਜਾਂ ਕੋਟ ਦਾ ਰੰਗ ਨੀਲੇ ਤੋਂ ਥੋੜ੍ਹਾ ਜਿਹਾ ਬਦਲ ਕੇ ਕੋਈ ਹੋਰ ਕਲਰ ਜਿਹਾ ਪਾ ਦਿੱਤਾ, ਜਾਂ ਵਿੱਚ ਕੋਈ ਬੈਜ਼ ਜਿਹਾ ਲਗਾ ਦਿੱਤਾ। ਜਿਸ ਕਰਕੇ ਫਿਰ ਅਗਲੇ ਸਾਲ ਵਰਦੀ ਨਵੀਂ ਸਿਲਾਓ। ਮੈਂ ਮੰਤਰੀ ਸਾਹਿਬ ਨੂੰ ਵਧਾਈ ਦੇਣੀ ਚਾਹੁੰਦਾ ਹਾਂ ਕਿ ਅਸੀਂ ਬਿਲਕੁਲ ਕਰ ਦਿੱਤਾ ਕਿ ਤਿੰਨ ਸਾਲ ਉਹ ਵਰਦੀ ਨਹੀਂ ਬਦਲ ਸਕਦਾ, ਉਹੀ ਵਰਦੀ ਚੱਲੇਗੀ। (ਥੰਪਿੰਗ)। ਕਿਉਂਕਿ ਬੱਚਿਆਂ ਨੂੰ ਪੜ੍ਹਾਉਣ ਤੱਕ ਮਤਲਬ ਹੋਣਾ ਚਾਹੀਦਾ ਹੈ, ਪੜ੍ਹਾਉਣ ਦੇ ਬਹਾਨੇ ਹਰ 10 ਦਿਨਾਂ ਬਾਅਦ ਕੋਈ ਨਾ ਕੋਈ ਕਿਸ਼ਤ ਆਈ ਰਹਿੰਦੀ ਹੈ। ਇਸ ਬਿਲ ਦੇ ਵਿੱਚ ਫੀਸ ਦੀ ਡੈਫੀਨੇਸ਼ਨ ਵੀ ਦਿੱਤੀ ਹੋਈ ਹੈ, ਕੰਪਲਸਰੀ ਤੌਰ ਤੇ ਮਾਪਿਆਂ ਤੋਂ ਜਿਹੜੇ ਪੈਸੇ ਲਏ ਜਾਂਦੇ ਹਨ, ਅਸੀਂ ਉਸ ਨੂੰ ਫੀਸ ਮੰਨਾਂਗੇ। ਹੁਣ ਤਾਂ ਕਿੰਨੇ ਤਰ੍ਹਾਂ ਦੇ ਨਾਮ ਰੱਖ ਲਏ ਜਾਂਦੇ ਹਨ ਜੀ? ਆਹ ਬਿਲਡਿੰਗ ਦੀ ਫੀਸ ਹੈ, ਆਹ ਟਰਾਂਸਪੋਰਟ ਦੀ ਫੀਸ ਹੈ ਜੀ, ਆਹ ਵੋਕੇਸ਼ਨਲ ਐਕਟੀਵਿਟੀਜ ਦੀ ਫੀਸ ਹੈ ਜੀ, ਆਹ ਸ਼ਿਮਲੇ ਟੂਰ ਜਾਵੇਗਾ ਜੀ, ਉਸ ਦੇ ਪੈਸੇ ਦਿਓ ਜੀ। ਬੱਚਿਆਂ ਨੂੰ ਇਹ ਕੰਪਲਸਰੀ ਕਰ ਦਿੰਦੇ ਹਨ। ਸੋ, ਇਸ ਕਰਕੇ ਜੋ ਮਾਪਿਆਂ ਦੀ ਜੇਬ ਵਿੱਚੋਂ ਕੰਪਲਸਰੀ ਤੌਰ ਤੇ ਸਕੂਲ ਲੈਂਦਾ ਹੈ, ਅਸੀਂ ਉਸ ਨੂੰ ਫੀਸ ਮੰਨਾਂਗੇ ਜੀ। ਇਹ ਨਹੀਂ ਹੈ ਕਿ ਇਕੱਲੀ ਟਿਊਸ਼ਨ ਫੀਸ ਨੂੰ ਹੀ ਫੀਸ ਮੰਨਿਆ ਜਾਵੇ।

ਮੈਨੂੰ ਇਹ ਦੱਸਦਿਆਂ ਬੜਾ ਦੁੱਖ ਹੋ ਰਿਹਾ ਹੈ ਕਿ ਜਦੋਂ ਕਰੋਨਾ ਆਇਆ ਸੀ, ਕਰੋਨਾ ਵੇਲੇ ਕਾਂਗਰਸ ਦੀ ਸਰਕਾਰ ਸੀ। ਪਤਾ ਨਹੀਂ ਕੀ ਸੈਟਿੰਗ ਹੋਈ, ਪ੍ਰਾਈਵੇਟ ਸਕੂਲਾਂ ਵਾਲੇ ਹਾਈ ਕੋਰਟ ਵਿੱਚ ਚਲੇ ਗਏ, ਇਧਰੋਂ ਕੋਈ ਗਿਆ ਹੀ ਨਹੀਂ ਏ.ਜੀ. ਵਾਲੇ ਆਫ਼ਿਸ ਵਿੱਚੋਂ ਅਤੇ ਉਨ੍ਹਾਂ ਮਾਪਿਆਂ ਨੂੰ ਟਰਾਂਪੋਰਟ ਦੀ ਫੀਸ ਵੀ ਦੇਣੀ ਪੈ ਗਈ ਸੀ। ਜਦੋਂ ਕਿ ਕਰੋਨਾ ਵੇਲੇ ਤਾਂ ਕੋਈ ਬੱਸ ਚੱਲੀ ਹੀ ਨਹੀਂ ਸੀ।

**1520/harpreet singh**

ਆਨਲਾਈਨ ਪੜ੍ਹਾਈ ਦੀ ਫੀਸ, ਬਿਲਡਿਗ ਫੀਸ। ਜਦੋਂ ਬਿਲਡਿੰਗ ਵਰਤੀ ਹੀ ਨਹੀਂ ਤਾਂ ਕਾਹਦੀ ਫੀਸ। ਮਤਲਬ ਮਾਪਿਆਂ ਨੂੰ ਇਕ ਕੱਚੇ ਮਾਲ ਦੇ ਤੌਰ ਤੇ ਵਰਤਿਆ ਜਾਂਦਾ ਹੈ ਕਿ ਇਹ ਸਾਡੇ ਗ੍ਰਾਹਕ ਹਨ। ਵਿੱਦਿਆ ਨੂੰ ਅਸੀਂ ਮੁਨਾਫ਼ੇਖੋਰੀ ਵਾਲੀ ਚੀਜ਼ ਨਹੀਂ ਬਣਨ ਦੇਣਾ। ਇਸ ਨਾਲ ਫੀਸ ਰੈਗੂਲੇਟ ਹੋਵੇਗੀ ਅਤੇ ਪੰਜਾਬ ਸਰਕਾਰ ਦਾ ਦ੍ਰਿੜ ਵਿਸ਼ਵਾਸ ਹੈ ਕਿ ਪ੍ਰਾਈਵੇਟ ਸਕੂਲ ਲਾਭ ਖੱਟਣ ਦੀ ਬਜਾਏ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਦੇ ਹਿੱਤ ਵਿਚ ਕੰਮ ਕਰਨਗੇ। ਇਸ ਗੱਲ ਦੀ ਅਸੀਂ ਗਰੰਟੀ ਦਿੰਦੇ ਹਾਂ ਕਿ ਜਿਵੇਂ ਹੈਨਰੀ ਸਾਹਿਬ ਨੇ ਕਿਹਾ ਹੈ, ਰੈਗੁਲੇਟਰੀ ਬੋਰਡ ਦੀਆਂ ਟਾਈਮ ਬਾਉਂਡ ਕੰਮ ਕਰਾਂਗੇ। ਜਦੋਂ ਇਸ ਆਰਡੀਨੈਂਸ ਤੇ ਗਵਰਨਰ ਸਾਹਿਬ ਨੇ ਸਾਈਨ ਕੀਤੇ। ਵੈਸੇ ਤਾਂ ਇਹ ਆਰਡੀਨੈਂਸ ਲਾਗੂ ਹੋ ਚੁੱਕਿਆ ਹੈ, ਹੁਣ ਕਿਉਕਿ ਵਿਧਾਨ ਸਭਾ ਆ ਗਈ ਤਾਂ ਅਸੀਂ ਇਸ ਨੂੰ ਬਿਲ ਦੇ ਰੂਪ ਵਿਚ ਲੈ ਆਏ। ਪ੍ਰਾਈਵੇਟ ਸਕੂਲਾਂ ਵਾਲੇ ਗਵਰਨਰ ਸਾਹਿਬ ਕੋਲ ਗਏ ਤੇ ਕਹਿੰਦੇ ਕਿ ਇਹ ਸਾਡੀ ਫੀਸ 8 ਫੀਸਦੀ ਤੋਂ ਘਟਾ ਕੇ 5 ਫੀਸਦੀ ਕਰਨ ਲੱਗੇ ਹਨ। ਮੈਂ ਵੀ ਉਨ੍ਹਾਂ ਕੋਲ ਗਿਆ ਤੇ ਕਿਹਾ ਕਿ ਅਸੀਂ 8 ਤੋਂ 5 ਫੀਸਦੀ ਨਹੀਂ ਕਰ ਰਹੇ। ਅਸੀਂ ਤਾਂ 5 ਫੀਸਦੀ ਕਨਫਰਮ ਕਰਨ ਲੱਗੇ ਹਾਂ। ਜੇਕਰ ਕਿਸੇ ਸਕੂਲ ਨੇ ਕੋਈ ਨਵੀਂ ਬਿਲਡਿੰਗ ਬਣਾਈ ਹੈ, ਕੋਈ ਨਵੇਂ ਕੰਪਿਊਟਰ ਲਗਾਏ ਹਨ ਜਾਂ ਕੋਈ ਨਵੀਂ ਸਹੂਲਤ ਦਿੱਤੀ ਹੈ, ਜਿਹੜੀ ਕਿ ਮਾਡਰਨ ਐਜੂਕੇਸ਼ਨ ਵਿਚ ਜ਼ਰੂਰੀ ਹੈ ਤਾਂ ਉਹ ਰੈਗੁਲੇਟਰੀ ਬੋਰਡ ਕੋਲ ਜਾ ਕੇ ਕਹਿ ਸਕਦਾ ਹੈ ਅਤੇ ਉਸ ਨੂੰ ਰੈਗੁਲੇਟਰੀ ਬੋਰਡ ਚੈੱਕ ਕਰੇਗਾ ਫਿਰ ਉਹ ਆਪਣੀ ਫੀਸ ਵਧਾ ਸਕਦਾ ਹੈ ਪਰ ਕੇਵਲ ਇਕ ਵਾਰ। ਇਹ ਨਹੀਂ ਕਿ ਹਰ ਸਾਲ ਵਧਾ ਲਵੇ। ਸੋ, ਇਸ ਕਰਕੇ ਇਹ ਬਹੁਤ ਜ਼ਰੂਰੀ ਹੈ। ਮੈਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਪੰਜਾਬ ਵਿੱਦਿਆ ਦੇ ਖੇਤਰ ਵਿਚ ਬਹੁਤ ਤਰੱਕੀ ਕਰ ਰਿਹਾ ਹੈ। ਅਸੀਂ 27ਵੇਂ ਨੰਬਰ ਤੋਂ ਚੱਲੇ ਸੀ ਅਤੇ ਇਸ ਵਾਰ ਅਸੀਂ ਕੇਰਲਾ ਨੂੰ ਪਛਾੜ ਕੇ ਪੰਜਾਬ ਪਹਿਲੇ ਨੰਬਰ ਤੇ ਆ ਗਿਆ ਹੈ। (ਥੰਪਿੰਗ) ਇਹ ਟੀਮ ਵਰਕ ਹੈ। ਵਿਦਿਆਰਥੀਆਂ ਦਾ, ਮਾਪਿਆਂ ਦਾ, ਅਧਿਆਪਕਾਂ ਦਾ, ਅਫ਼ਸਰ ਸਾਹਿਬਾਨਾਂ ਦਾ, ਸਿੱਖਿਆ ਵਿਭਾਗ ਦਾ ਇਹ ਟੀਮ ਵਰਕ ਹੈ। ਸੋ, ਮੈਂ ਇਸ ਲਈ ਵਧਾਈ ਦੇਣਾ ਚਾਹੁੰਦਾ ਹਾਂ। ਨੀਟ ਤੇ ਜੇ.ਈ. ਦੇ ਪੇਪਰਾਂ ਦਾ ਸਾਲ 2021 ਤੱਕ ਦਾ ਰਿਕਾਰਡ ਅਵੇਲੇਬਲ ਹੈ, ਉਸ ਤੋਂ ਪਹਿਲਾਂ ਤਾਂ ਕੋਈ ਰਿਕਾਰਡ ਹੀ ਨਹੀਂ ਹੈ। ਸਾਲ 2021 ਵਿਚ ਸਰਕਾਰੀ ਸਕੂਲਾਂ ਦੇ 80 ਬੱਚਿਆਂ ਨੇ ਨੀਟ ਦਾ ਪੇਪਰ ਪਾਸ ਕੀਤਾ ਸੀ, ਉਹ ਵੀ ਉਹੀ ਹੋਣਗੇ, ਜਿਨ੍ਹਾਂ ਦੇ ਮਾਪੇ ਸਰਦੇ ਪੁੱਜਦੇ ਹੋਣਗੇ, ਜਿਨ੍ਹਾਂ ਨੇ ਟਿਊਸ਼ਨ ਰੱਖਵਾ ਲਈ। ਇਸ ਵਾਰ ਸਾਡੇ ਚਾਰ ਸਾਲਾਂ ਦਾ ਰਿਕਾਰਡ ਹੈ ਕਿ 882 ਬੱਚਿਆਂ ਨੇ ਨੀਟ ਦਾ ਪੇਪਰ ਪਾਸ ਕੀਤਾ ਹੈ। 11 ਗੁਣਾ ਵੱਧ ਗਿਆ। ਸੋ, ਕੋਈ ਨਾ ਕੋਈ ਐਫਰਟ ਕਰਾਂਗੇ ਤਾਂ ਹੀ ਨਤੀਜੇ ਆਉਣਗੇ, ਪਹਿਲਾਂ ਹੀ ਨੈਗੇਟੇਵਿਟੀ ਨਹੀਂ ਕਰਨੀ ਚਾਹੀਦੀ। ਪੰਜਾਬੀ ਦੀ ਕਹਾਵਤ ਹੈ ਕਿ ਕਿਸੇ ਗੱਲ ਵਿਚ ਨੱਨਾ ਨਹੀਂ ਪਾਉਣਾ ਚਾਹੀਦਾ। ਸੋ, ਜੇਕਰ ਸਰਕਾਰ ਕੋਈ ਚੰਗਾ ਕੰਮ ਕਰਦੀ ਹੈ, ਉਸ ਨੂੰ ਚੰਗਾ ਕਹਿ ਦਿਓ। ਵੈਸੇ ਤਾਂ ਸਰਕਾਰ ਦੇ ਕੰਮਾਂ ਨੂੰ ਨਿੰਦਣਾ ਡੈਮੋਕਰੇਟਿਕ ਰਾਈਟ ਹੈ ਪਰ ਜੇਕਰ ਸਿਰਫ਼ ਵਿਰੋਧ ਦੀ ਖਾਤਰ ਵਿਰੋਧ ਕਰਨਾ ਹੈ ਤਾਂ ਫਿਰ ਕਰੀ ਜਾਓ। ਫਿਰ ਤਾਂ ਉਹ ਗੱਲ ਹੈ ਕਿ ਇਕ ਬੰਦਾ ਸੀ, ਉਸ ਨੂੰ ਹਰ ਚੀਜ਼ ਵਿਚ ਨੁਕਸ ਕੱਢਣ ਦੀ ਆਦਤ ਸੀ। ਉਹ ਕਿਸੇ ਚੀਜ਼ ਦੀ ਤਾਰੀਫ਼ ਨਹੀਂ ਸੀ ਕਰਦਾ। ਉਸ ਦੇ ਯਾਰ ਦੋਸਤ ਬੜੇ ਦੁਖੀ ਸੀ ਕਿ ਇਹ ਕਦੇ ਕਿਸੇ ਗੱਲ

ਦੀ ਤਾਰੀਫ਼ ਹੀ ਨਹੀਂ ਕਰਦਾ, ਹਰ ਚੀਜ਼ ਵਿਚ ਨੁਕਸ ਕੱਢ ਦਿੰਦਾ ਹੈ। ਉਸ ਦੇ ਯਾਰਾਂ ਨੂੰ ਇਕ ਕੁੱਤਾ ਲੱਭ ਗਿਆ, ਜੋ ਪਾਣੀ ਦੇ ਉੱਤੇ ਤੁਰ ਲੈਂਦਾ ਸੀ। ਉਹ ਤੈਰਦਾ ਨਹੀਂ ਸੀ, ਤੁਰਦਾ ਸੀ। ਉਸ ਦੇ ਯਾਰਾਂ ਨੇ ਸੋਚਿਆ ਕਿ ਇਸ ਵਿਚ ਇਹ ਬੰਦਾ ਕੋਈ ਨੁਕਸ ਨਹੀਂ ਕੱਢ ਸਕਦਾ। ਉਨ੍ਹਾਂ ਨੇ ਕਿਸੇ ਟੋਭੇ ਦੇ ਇਕ ਕਿਨਾਰੇ ਤੋਂ ਛੱਡ ਦਿੱਤਾ ਤੇ ਉਹ ਪਾਣੀ ਤੇ ਭੱਜ ਕੇ ਦੂਜੇ ਕਿਨਾਰੇ ਤੋਂ ਨਿਕਲ ਗਿਆ। ਫਿਰ ਉਸ ਦੇ ਦੋਸਤ ਕਹਿੰਦੇ ਕਿ ਹੁਣ ਦੱਸ, ਇਸ ਵਿਚ ਤਾਂ ਕੋਈ ਨੱਨਾ ਨਹੀ ਪਾਏਂਗਾ, ਇਹ ਤਾਂ ਕਮਾਲ ਚੀਜ਼ ਹੈ। ਉਹ ਬੰਦਾ ਕਹਿੰਦਾ ਕਿ ਮੈਂ ਵੇਖ ਲਿਆ, ਕੁੱਤੇ ਨੂੰ ਤੈਰਨਾ ਨਹੀਂ ਆਉਂਦਾ। ਸੋ, ਕਹਿਣ ਦਾ ਮਤਲਬ ਉਸ ਨੇ ਫਿਰ ਨੁਕਸ ਲੱਭ ਲਿਆ। ਸੋ, ਤੁਸੀਂ ਕਿਉਂ ਬਹਾਨੇ ਜਿਹੇ ਬਣਾ ਕੇ ਨਿੰਦੀ ਜਾਂਦੇ ਹੋ, ਕੋਈ ਚੱਜ ਦਾ ਕੰਮ ਹੋ ਲੈਣ ਦਿਓ। ਸੋ, ਮੈਂ ਇਸ ਬਿਲ ਨੂੰ ਸਰਬਸੰਮਤੀ ਨਾਲ ਪਾਸ ਕਰਨ ਦੀ ਬੇਨਤੀ ਕਰਦਾ ਹਾਂ ਕਿਉਂਕਿ ਇਹ 32 ਲੱਖ ਜੁਆਕਾਂ ਦਾ ਭਵਿੱਖ ਹੈ। ਉਹੀ ਬੱਚੇ ਕੱਲ ਨੂੰ ਇੱਥੇ ਵੀ ਬੈਠਣਗੇ, ਅਫ਼ਸਰ ਬਣਨਗੇ, ਬਾਹਰਲੇ ਮੁਲਕਾਂ ਵਿਚ ਜਾ ਕੇ ਤਰੱਕੀ ਕਰਨਗੇ। ਅੱਜਕੱਲ੍ਹ ਤਾਂ ਦੁਨੀਆ ਇਕ ਪਿੰਡ ਬਣ ਗਈ ਹੈ, ਗਲੋਬਲਾਈਜੇਸ਼ਨ ਹੋ ਗਈ ਹੈ। ਹੁਣ ਤਾਂ ਸਾਡੇ ਪੰਜਾਬੀ ਜਿੱਥੇ ਜਾਂਦੇ ਹਨ, ਤਰੱਕੀਆਂ ਕਰਦੇ ਹਨ। ਸਾਨੂੰ ਇਸ ਗੱਲ ਤੇ ਮਾਣ ਹੈ ਕਿ ਪੰਜਾਬੀ ਜਿੱਥੇ ਜਾਂਦੇ ਹਨ, ਕਾਮਯਾਬ ਪੰਜਾਬੀ ਬਣਦੇ ਹਨ। ਤੁਸੀਂ ਕਦੇ ਕਿਸੇ ਪੰਜਾਬੀ ਨੂੰ ਭੀਖ ਮੰਗਦਾ ਨਹੀਂ ਵੇਖੋਗੇ। ਪੰਜਾਬੀਆਂ ਨੇ 20-20 ਘੰਟਿਆਂ ਦੀਆਂ ਸ਼ਿਫਟਾਂ ਲਗਾ ਕੇ ਆਪਣੇ ਆਪ ਨੂੰ ਸੈਟ ਕਰ ਲਿਆ। ਹੁਣ ਤਾਂ ਗੋਰੇ ਉਨ੍ਹਾਂ ਦੇ ਅੰਡਰ ਕੰਮ ਕਰਦੇ ਹਨ। ਇਹ ਹਾਰਡਵਰਕਿੰਗ ਕੌਮ ਹੈ, ਮਿਹਨਤੀ ਕੌਮ ਹੈ, ਗੁਰੂਆਂ ਦਾ ਆਸ਼ੀਰਵਾਦ ਹੈ। ਸੋ, ਸਰਬੱਤ ਦੇ ਭਲੇ ਦੀ ਬਾਣੀ ਹਰ ਰੋਜ਼ ਹਜ਼ਾਰਾਂ ਲੱਖਾਂ ਸਪੀਕਰਾਂ ਵਿਚ ਸੁਣੀ ਜਾਂਦੀ ਹੈ। ਅਸੀਂ ਤਾਂ ਪੂਰੀ ਦੁਨੀਆ ਦਾ ਭਲਾ ਮੰਗਣ ਵਾਲੇ ਲੋਕ ਹਾਂ। ਸੋ, ਵਿਦਿਆ ਦੇ ਸਬੰਧ ਵਿਚ ਇਹ ਜਿਹੜਾ ਬਿਲ ਆਇਆ ਹੈ, ਮੈਂ ਸਮਝਦਾ ਹਾਂ ਕਿ ਇਸ ਨੂੰ ਸਰਬਸੰਮਤੀ ਨਾਲ ਪਾਸ ਹੋ ਲੈਣ ਦਿਓ ਤਾਂ ਆਪਾਂ ਮਾਪਿਆਂ ਦੀ ਜਿਹੜੀ ਫੀਸਾਂ ਲਈ ਚਿੰਤਾ ਹੈ, ਉਸ ਨੂੰ ਘਟਾ ਸਕੀਏ। ਸੋ, ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਲਈ ਖੁੱਲਾ ਸਮਾਂ ਦਿੱਤਾ, ਇਸ ਲਈ ਮੈਂ ਤੁਹਾਡਾ ਸ਼ੁਕਰਗੁਜ਼ਾਰ ਹਾਂ। ਬਹੁਤ ਬਹੁਤ ਧੰਨਵਾਦ। (ਥੰਪਿੰਗ)

---

## EXTENTION OF TIME OF THE SITTING OF THE HOUSE

**ਮਾਣਯੋਗ ਸਪੀਕਰ**: ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸਦਨ ਦੀ ਕਾਰਵਾਈ ਦਾ ਸਮਾਂ ਅੱਜ ਦੀ ਕਾਰਜਸੂਚੀ ਵਿਚ ਦਰਜ ਬਿਜ਼ਨਸ ਦੇ ਖਤਮ ਹੋਣ ਤੱਕ ਵਧਾ ਲਿਆ ਜਾਵੇ?

(ਅਵਾਜ਼ਾਂ: ਹਾਂ ਜੀ, ਹਾਂ ਜੀ।)

**ਮਾਣਯੋਗ ਸਪੀਕਰ**: ਅੱਜ ਦੀ ਕਾਰਜ ਸੂਚੀ ਵਿਚ ਦਰਜ ਬਿਜ਼ਨਸ ਦੇ ਖਤਮ ਹੋਣ ਤੱਕ ਸਦਨ ਦਾ ਸਮਾਂ ਵਧਾਇਆ ਜਾਂਦਾ ਹੈ।

---

**1520/harpreet singh/Monika sharma**

**1525/amandeep kaur**

**THE PUNJAB REGULATION OF FEE OF UN-AIDED EDUCATIONAL INSTITUTIONS (AMENDMENT) BILL, 2026 (*Resumption*)**

**ਸ਼੍ਰੀ ਸੁਖਵਿੰਦਰ ਸਿੰਘ ਕੋਟਲੀ (ਬਿਨਾ ਮਾਈਕ ਤੋਂ):** ਸਪੀਕਰ ਸਾਹਿਬ, ਇਹ ਗੱਲ ਤਾਂ ਆਈ ਨਹੀਂ ਜਿਹੜੀ ਗਰੀਬ ਸਟੂਡੈਂਟਸ ਦੇ ਵਾਸਤੇ ਹੈ ਕਿ ਆਰ.ਟੀ.ਆਈ ਐਕਟ ਦੇ ਮੁਤਾਬਿਕ 25% admission ਵੀਕਰ ਸੈਕਸ਼ਨ ਨੂੰ ਦਿੱਤਾ ਜਾਣਾ ਜ਼ਰੂਰੀ ਹੈ।

**ਮਾਣਯੋਗ ਸਪੀਕਰ:** ਇਹ ਅਲੱਗ ਵਿਸ਼ਾ ਹੈ, ਇਹ ਫੀਸਾਂ ਤੇ ਰੈਗੂਲੇਸ਼ਨ ਦਾ ਕਾਨੂੰਨ ਹੈ।

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਪੰਜਾਬ ਰੈਗੂਲੇਸ਼ਨ ਆਫ ਫੀਸ ਆਫ ਅਨ-ਏਡਿਡ ਐਜੂਕੇਸ਼ਨ ਇੰਸਟੀਚਿਊਸ਼ਨਜ਼ (ਸੋਧ) ਬਿਲ, 2026 'ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ:** ਕੀ ਮੈਂ ਹੁਣ ਇਸ ਨੂੰ ਸਰਬਸੰਮਤੀ ਮੰਨ ਲਵਾਂ?

**ਮੁੱਖ ਮੰਤਰੀ (ਬੈਠੇ ਬੈਠੇ)** : ਸਰਬਸੰਮਤੀ ਹੈ ਜੀ। ਇਹ ਤਾਂ ਪੁੰਨ ਦਾ ਕੰਮ ਹੈ ਜੀ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ 2**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 10**

**ਮਾਣਯੋਗ ਸਪੀਕਰ:** ਕਿਉਂਜੋ ਕਲਾਜ਼ਾਂ 2 ਤੋਂ 10 ਤੱਕ ਕੋਈ ਸੋਧਨਾ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਲਈਆਂ ਜਾਣ।

(**ਅਵਾਜ਼ਾਂ** : ਹਾਂ ਜੀ, ਹਾਂ ਜੀ।)

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 10 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ 1**

**ਮਾਣਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ 1 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ:** ਵੈਸੇ, ਚੁੱਪ ਨੂੰ ਵੀ ਹਾਂ ਹੀ ਸਮਝਿਆ ਜਾਂਦਾ ਹੈ।

**ਸਿਰਲੇਖ**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ** : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਰੈਗੂਲੇਸ਼ਨ ਆਫ ਫੀਸ ਆਫ ਅਨ-ਏਡਿਡ ਐਜੂਕੇਸ਼ਨ ਇੰਸਟੀਚਿਊਸ਼ਨਜ਼ (ਸੋਧ) ਬਿਲ, 2026 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਪੰਜਾਬ ਰੈਗੂਲੇਸ਼ਨ ਆਫ ਫੀਸ ਆਫ ਅਨ-ਏਡਿਡ ਐਜੂਕੇਸ਼ਨ ਇੰਸਟੀਚਿਊਸ਼ਨਜ਼ (ਸੋਧ) ਬਿਲ, 2026 ਬਿਲ ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਪੰਜਾਬ ਰੈਗੂਲੇਸ਼ਨ ਆਫ ਫੀਸ ਆਫ ਅਨ-ਏਡਿਡ ਐਜੂਕੇਸ਼ਨ ਇੰਸਟੀਚਿਊਸ਼ਨਜ਼ (ਸੋਧ) ਬਿਲ, 2026 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ। (ਥੰਪਿੰਗ)***

---

## 2. THE CLOUD UNIVERSITY, HOSHIARPUR BILL, 2026

**ਮਾਣਯੋਗ ਸਪੀਕਰ** : ਸਰਦਾਰ ਹਰਜੋਤ ਸਿੰਘ ਬੈਂਸ, ਸਿੱਖਿਆ ਮੰਤਰੀ ਬਿਲ ਪੇਸ਼ ਕਰਨ।

**ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ) :** ਸ੍ਰੀਮਾਨ ਜੀ, ਮੈਂ ਕਲਾਊਡ ਯੂਨੀਵਰਸਿਟੀ, ਹੁਸ਼ਿਆਰਪੁਰ ਬਿਲ, 2026 ਪੇਸ਼ ਕਰਦਾ ਹਾਂ।

ਸ੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਕਲਾਊਡ ਯੂਨੀਵਰਸਿਟੀ, ਹੁਸ਼ਿਆਰਪੁਰ ਬਿਲ, 2026 ’ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਕਲਾਊਡ ਯੂਨੀਵਰਸਿਟੀ, ਹੁਸ਼ਿਆਰਪੁਰ ਬਿਲ, 2026 ’ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

**ਮਾਣਯੋਗ ਸਪੀਕਰ:** ਆਪੋਜ਼ੀਸ਼ਨ ਤੋਂ ਪਹਿਲਾਂ ਸੁਣ ਲੈਂਦੇ ਹਾਂ ਫਿਰ ਤੁਸੀਂ ਮੰਤਰੀ ਜੀ ਕਲੈਰੀਫਾਈ ਕਰ ਦਿੰਦੇ।

**ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)**: ਠੀਕ ਹੈ ਜੀ।

**ਸਰਦਾਰ ਪਰਗਟ ਸਿੰਘ ਪੋਆਰ:** ਮਾਣਯੋਗ ਸਪੀਕਰ ਸਾਹਿਬ, ਜੇਕਰ ਮੰਤਰੀ ਜੀ ਪਹਿਲਾਂ ਐਕਸਪਲੇਨ ਕਰ ਦਿੰਦੇ ਤਾਂ ਜ਼ਿਆਦਾ ਬਿਹਤਰ ਸੀ।

**ਮੁੱਖ ਮੰਤਰੀ (ਬੈਠੇ ਬੈਠੇ)**: ਹੁਣ ਤਿੰਨੇ ਬਿਲਾਂ ਬਾਰੇ ਐਕਸਪਲੇਨ ਕਰ ਦੇਣਾ, ਇੱਕਠੇ ਹੀ ਕਰ ਦੇਣਾ।

**1525/amandeep kaur/Monika sharma**

**1530/Tarlochan Singh**

**ਮਾਣਯੋਗ ਸਪੀਕਰ** : ਹਾਂ ਜੀ ਬਾਵਾ ਜੀ।

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ) (ਬੈਠੇ-ਬੈਠੇ)** : ਸਰਦਾਰ ਪਰਗਟ ਸਿੰਘ ਜੀ ਕਰਨਗੇ।

**ਮਾਣਯੋਗ ਸਪੀਕਰ** : ਸਰਦਾਰ ਪਰਗਟ ਸਿੰਘ ਜੀ।

**ਸਰਦਾਰ ਪਰਗਟ ਸਿੰਘ ਪੋਆਰ** : ਵੈਸੇ ਜੇ ਮੰਤਰੀ ਸਾਹਿਬ ਐਕਸਪਲੇਨ ਕਰ ਦਿੰਦੇ ਤਾਂ ਜ਼ਿਆਦਾ ਬਿਹਤਰ ਹੁੰਦਾ।

**ਮੁੱਖ ਮੰਤਰੀ (ਬੈਠੇ-ਬੈਠੇ)** : ਮੰਤਰੀ ਸਾਹਿਬ ਐਕਸਪਲੇਨ ਕਰ ਦਿਉ। ਤਿੰਨਾਂ ਬਿਲਾਂ ਬਾਰੇ ਹੀ ਕਰ ਦਿਉ।

**ਮਾਣਯੋਗ ਸਪੀਕਰ** : ਐਜੂਕੇਸ਼ਨ ਮਨਿਸਟਰ ਸਾਹਿਬ।

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)** : ਮਾਣਯੋਗ ਸਪੀਕਰ ਸਾਹਿਬ, ਅੱਜ ਤਿੰਨ ਪ੍ਰਾਈਵੇਟ ਯੂਨੀਵਰਸਿਟੀਜ਼ ਦੇ ਬਿਲ ਆਏ ਹਨ ਅਤੇ ਮੈਂ ਤਿੰਨਾਂ ਨੂੰ ਐਡਰੈਸ ਕਰਨ ਲੱਗਾ ਹਾਂ। ਮਾਣਯੋਗ ਸਪੀਕਰ ਸਾਹਿਬ, ਪੰਜਾਬ ਨੇ ਸਾਡੇ ਦੇਸ਼ ਨੂੰ ਬਹੁਤ ਕੁਝ ਦਿੱਤਾ ਹੈ। ਪੰਜਾਬ ਅੱਜ ਇੱਕ ਹੋਰ ਵੱਡੀ ਦੇਣ ਦੇਣ ਜਾ ਰਿਹਾ ਹੈ ਜਦੋਂ ਅਸੀਂ ਆਪਣੇ ਦਰਵਾਜ਼ੇ ਤਿੰਨ ਡਿਜੀਟਲ ਯੂਨੀਵਰਸਿਟੀਜ਼ ਲਈ ਖੋਲ੍ਹ ਰਹੇ ਹਾਂ। ਮਾਣਯੋਗ ਸਪੀਕਰ ਸਾਹਿਬ, ਪੰਜਾਬ ਨੇ ਪਿਛਲੇ ਚਾਰ ਸਾਲਾਂ ਵਿੱਚ ਸਿੱਖਿਆ ਵਿੱਚ ਵੱਡੇ ਪਾਇਦਾਨ, ਵੱਡੇ ਮੁਕਾਮ ਹਾਸਲ ਕੀਤੇ ਹਨ, ਜਿਸ ਵਿੱਚ ਸਭ ਤੋਂ ਮਹੱਤਵਪੂਰਨ ਹੈ ਇਸ ਸਾਲ ਆਈ ਨੀਤੀ ਆਯੋਗ ਦੀ ਰਿਪੋਰਟ। ਇਹ ਮਈ ਮਹੀਨੇ ਵਿੱਚ ਆਈ ਸੀ ਅਤੇ ਇੰਟਰਨੈੱਟ ਤੇ ਅਵੇਲੇਬਲ ਹਨ। ਨੀਤੀ ਆਯੋਗ ਦੀ ਰਿਪੋਰਟ ਇਹ ਕਹਿੰਦੀ ਹੈ ਕਿ Punjab has shown, ਮੈਂ exact words ਬੋਲ ਰਿਹਾ ਹਾਂ, tremendous achievements, remarkable improvements in infrastructure, in learning outcomes and School of Eminence. ਨੀਤੀ ਆਯੋਗ ਕੇਂਦਰ ਦਾ ਅਦਾਰਾ ਹੈ। ਸੀ.ਐਮ. ਸਾਹਿਬ ਨੇ ਖੁਦ ਨੂੰ ਕੋਈ ਸਰਟੀਫਿਕੇਟ ਨਹੀਂ ਦੇ ਦਿੱਤਾ ਹੈ, ਜਾਂ ਸਾਡੀ ਪੰਜਾਬ ਦੀ ਕੋਈ ਬਾਡੀ ਨਹੀਂ ਹੈ। ਉਹ ਸਾਨੂੰ ਇੰਨੀ ਨਫ਼ਰਤ ਕਰਦੇ ਹਨ ਕਿ ਸਾਡਾ ਨਾਂ ਆਉਣ ਵੀ ਨਾ ਦੇਣ ਪਰ ਸੋਚਿਆ ਜਾਵੇ ਕਿ ਸਾਡੇ ਟੀਚਰਜ਼ ਦੀ ਕਿੰਨੀ ਮਿਹਨਤ ਹੋਵੇਗੀ ਕਿ ਉਨ੍ਹਾਂ ਨੂੰ ਲਿਖਣਾ ਪਿਆ ਕਿ ਪੰਜਾਬ ਨੇ ਮੁੱਢਲੀ ਸਿੱਖਿਆ ਵਿੱਚ ਕੇਰਲਾ ਨੂੰ ਪਿੱਛੇ ਛੱਡ ਦਿੱਤਾ ਹੈ। (ਥੰਪਿੰਗ) ਮਾਣਯੋਗ ਸਪੀਕਰ ਸਾਹਿਬ, ਇਹ ਸਾਡੀ ਮਿਹਨਤ ਹੈ, ਇਹ ਮਾਣਯੋਗ ਮੁੱਖ ਮੰਤਰੀ ਸਾਹਿਬ ਦੀ ਲੀਡਰਸ਼ਿਪ ਹੈ। ਇਹ ਵੀ ਫੈਕਟ ਹੈ ਕਿ ਹਰਿਆਣਾ ਸਾਡਾ ਗੁਆਂਢੀ ਸੂਬਾ ਹੈ, ਉਨ੍ਹਾਂ ਦੇ ਮੁੱਖ ਮੰਤਰੀ ਹਰ ਰੋਜ਼ ਪੰਜਾਬ ਵਿੱਚ ਹੁੰਦੇ ਹਨ, ਇਸ ਕਰਕੇ matter of fact ਤੇ ਸਾਨੂੰ ਮਾਣ ਹੋਣਾ ਚਾਹੀਦਾ ਹੈ। ਹਰਿਆਣਾ ਦਾ ਜਿਹੜਾ ਸਿੱਖਿਆ ਵਿੱਚ ਨੰਬਰ 1 ਜ਼ਿਲ੍ਹਾ ਹੈ, ਉਹ ਗੁਰੂਗਰਾਮ ਹੈ। ਆਪਾਂ ਦੇਖਦੇ ਹਾਂ ਕਿ ਗੁਰੂਗਰਾਮ ਕਿੰਨਾ ਐਡਵਾਂਸ ਹੈ, ਨੰਬਰ ਇੱਕ ਹੈ। ਅਸੀਂ ਦੇਸ਼ ਵਿੱਚ ਨੰਬਰ 1 ਹਾਂ ਪਰ ਮੇਰੇ 23 ਜ਼ਿਲ੍ਹਿਆਂ ਵਿੱਚ ਜਿਹੜਾ least performing ਜ਼ਿਲ੍ਹਾ ਹੈ, ਉਹ ਪਟਿਆਲਾ ਹੈ। ਸਰ, ਮੇਰੇ ਪਟਿਆਲਾ ਦੇ ਨੰਬਰ ਗੁਰੂਗਰਾਮ ਨਾਲੋਂ ਵੱਧ ਹਨ। (ਥੰਪਿੰਗ) ਮਤਲਬ ਕਿ ਜੋ ਉਨ੍ਹਾਂ ਦਾ top ਤੇ ਹੈ, ਜੇ ਉਸ ਨੂੰ ਸਾਡੇ 23ਵੇਂ ਜ਼ਿਲ੍ਹੇ ਨਾਲ ਕੰਪੇਅਰ ਕੀਤਾ ਜਾਂਦਾ ਜਾਂਦਾ ਹੈ ਤਾਂ we are advance. ਸਰ, ਮੈਂ ਉਸ ਦਿਨ ਵੀ ਕਲੀਅਰ ਕਰ ਦਿੱਤਾ ਸੀ। ਮੈਂ ਇਹੋ ਤਾਂ ਬੋਲ ਕੇ ਹਟਿਆ ਹਾਂ, ਮੈਂ ਆਪਣੀ ਪਿਛਲੀ ਬਹਿਸ ਦੀ ਸ਼ੁਰੂਆਤ ਕੀਤੀ ਸੀ ਕਿ ਸਰਕਾਰੀ ਸਕੂਲਾਂ ਦੇ ਖਿਲਾਫ ਤਾਂ ਪਹਿਲਾਂ ਹੀ ਇੰਨੀ ਵੱਡੀ conspiracy, narrative, ਸ਼ਰਾਰਤ ਕੀਤੀ ਗਈ ਹੈ, ਫਿਰ 6 ਲੱਖ ਬੋਲਿਆ ਗਿਆ ਹੈ। ਉਸੇ UDISE ਤੇ ਚੈੱਕ ਕਰ ਲੈਣ, ਪੂਰੇ ਦੇਸ਼ ਵਿੱਚ ਡੇਢ ਕਰੋੜ ਤੋਂ ਵੱਧ ਫਰਜ਼ੀ ਬੱਚੇ ਹਨ। ਜਦੋਂ ਤੋਂ 2023 ਤੋਂ APAAR ID ਆਏ ਹਨ, ਇਹ ਘਟੇ ਹਨ। ਪੂਰੇ ਦੇਸ਼ ਵਿੱਚ ਹੀ ਘਟੇ ਹਨ। ਸਾਡੇ ਸਿਸਟਮ ਸਭ ਤੋਂ ਐਡਵਾਂਸ ਹੈ ਕਿਉਂਕਿ ਅਸੀਂ 1 ਅਪਰੈਲ ਤੋਂ ਸਰਕਾਰੀ ਸਕੂਲਾਂ ਵਿੱਚ ਆਨਲਾਈਨ ਟਰੈਕਿੰਗ ਅਟੈਂਡੈਂਸ ਸ਼ੁਰੂ ਕਰ ਦਿੱਤੀ ਹੈ। ਮਾਤਾ ਪਿਤਾ ਨੂੰ ਐਸ.ਐਮ.ਐਸ. ਜਾਂਦਾ ਹੈ। ਪਹਿਲਾਂ ਚਾਹੇ ਪਹਿਲਾਂ 29 ਲੱਖ ਦੀ ਥਾਂ 50 ਲੱਖ ਬੱਚੇ ਫਰਜ਼ੀ ਰੱਖੇ

ਹੋਣ। ਉਹ ਬੱਚੇ ਕਦੇ ਹੈ ਹੀ ਨਹੀਂ ਸਨ। ਇਸ ਦਾ ਅਸਰ ਹਾਇਰ ਐਜੂਕੇਸ਼ਨ ਤੇ ਦਿਖ ਰਿਹਾ ਹੈ। ਸਾਡੀ GR ਜਿਸ ਨੂੰ Gross Enrolment Ratio ਕਹਿੰਦੇ ਹਨ, ਉਹ ਨੈਸ਼ਨਲ ਐਵਰੇਜ ਤੋਂ ਥੱਲੇ ਆ ਗਈ ਸੀ। ਇਸ ਸਾਲ ਅਸੀਂ ਫਿਰ ਨੈਸ਼ਨਲ ਐਵਰੇਜ ਤੋਂ ਉੱਤੇ ਆ ਗਏ ਹਾਂ। ਤਕਰੀਬਨ 2 ਲੱਖ ਬੱਚੇ ਹਾਇਰ ਐਜੂਕੇਸ਼ਨ ਵਿੱਚ ਵਧ ਗਿਆ ਹੈ। ਇਹ ਮੇਰੇ ਨਹੀਂ ਸਗੋਂ ਨੀਤੀ ਆਯੋਗ ਦੇ ਅੰਕੜੇ ਹਨ। ਮੁੱਖ ਮੰਤਰੀ ਸਾਹਿਬ ਦੀ ਲੀਡਰਸ਼ਿਪ ਹੈ। ਇੰਨਾ ਹੀ ਨਹੀਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇਸ਼ ਦੀ ਨੰਬਰ 1 ranked ਸਰਕਾਰੀ ਯੂਨੀਵਰਸਿਟੀ ਹੈ, ਇਸ ਦਾ 3.85 ਸਕੋਰ ਹੈ ਅਤੇ ਇਹ NAAC A++ ਹੈ। ਸਰਕਾਰੀ ਯੂਨੀਵਰਸਿਟੀਆਂ ਵਿੱਚੋਂ ਦੇਸ਼ ਦੀ ਨੰਬਰ 1 ਯੂਨੀਵਰਸਿਟੀ ਹੈ। ਸਾਡੀ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੁਨੀਆਂ ਦੀ ਐਗਰੀਕਲਚਰ ਯੂਨੀਵਰਸਿਟੀਆਂ ਵਿੱਚ top 100 ਯੂਨੀਵਰਸਿਟੀਆਂ ਵਿੱਚ ਆਉਂਦੀ ਹੈ। (ਥੰਪਿੰਗ) ਜਿਵੇਂ ਮੈਂ ਦੱਸਿਆ ਸੀ ਕਿ All India Survey on Higher Education ਆਇਆ ਹੈ, ਮਹਾਰਾਸ਼ਟਰਾ, ਕਰਨਾਟਕਾ, ਤਾਮਿਲਨਾਡੂ, they were called leaders in education ਪਰ ਫੌਰਨ ਸਟੂਡੈਂਟਸ ਲਈ ਉਨ੍ਹਾਂ ਨੂੰ ਪਿੱਛੇ ਛੱਡ ਕੇ ਪੰਜਾਬ ਨੰਬਰ 1 choice ਬਣ ਗਿਆ ਹੈ। ਕਿੱਥੇ ਸਰ, ਪੰਜਾਬ ਦੇ ਬੱਚੇ ਯੂ.ਕੇ. ਕਨੇਡਾ ਅਮਰੀਕਾ ਜਾਂਦੇ ਸੀ, ਪਰ ਅੱਜ ਦੁਨੀਆਂ ਦੇ ਬੱਚਿਆਂ ਦੀ ਫਸਟ ਚੁਆਇਸ ਪੰਜਾਬ ਹੈ। ਅਸੀਂ ਕਰਨਾਟਕਾ ਤੋਂ ਸਿਰਫ 12 ਬੱਚੇ ਪਿੱਛੇ ਰਹਿ ਗਏ ਹਾਂ, ਨਹੀਂ ਤਾਂ ਸਾਨੂੰ ਫਸਟ ਰੈਂਕ ਮਿਲਣਾ ਸੀ। ਸਰ, ਪਿਛਲੇ 4 ਸਾਲਾਂ ਵਿੱਚ ਦੋ ਗੁਣਾ ਹੋ ਗਏ ਹਨ। ਕਿਉਂ? ਕਿਉਂਕਿ ਪੰਜਾਬ ਐਜੂਕੇਸ਼ਨ ਹੱਬ ਬਣ ਗਿਆ ਹੈ। ਲੋਕ ਪੜ੍ਹਦੇ ਹਨ ਕਿ ਪੰਜਾਬ ਨੰਬਰ 1 ਆ ਗਿਆ ਹੈ। ਸਰ, ਸਾਡੇ ਕੋਲ ਇੰਸਟੀਚਿਊਟਸ ਹਨ, we have IIT Ropar, we have IIM Amritsar, we have IISER Mohali, NIT Jalandhar. ਸਰ, ਸਾਡੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਵੀ ਬੜਾ ਸ਼ਾਨਦਾਰ ਪ੍ਰਦਰਸ਼ਨ ਕਰ ਰਹੀਆਂ ਹਨ। ਉਸ ਦਿਨ ਫੌਰਨ ਸਟੂਡੈਂਟਸ ਦਾ ਕੁਐਸਚਨ ਚੁੱਕ ਲਿਆ ਗਿਆ। ਸਾਡੀ ਸਰਕਾਰੀ ਯੂਨੀਵਰਸਿਟੀਆਂ ਵਿੱਚ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਫੌਰਨ ਵਿਦਿਆਰਥੀ ਹੈ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਫੌਰਨ ਵਿਦਿਆਰਥੀ ਹੈ, ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵਿੱਚ ਵੀ ਫੌਰਨ ਵਿਦਿਆਰਥੀ ਹਨ। ਜੇਕਰ ਪ੍ਰਾਈਵੇਟ ਯੂਨੀਵਰਸਿਟੀਆਂ ਵੀ ਵਧੀਆ ਕੰਮ ਕਰ ਰਹੀਆਂ ਹਨ ਤਾਂ ਚੰਗੀ ਗੱਲ ਹੈ। ਇਸ ਨਾਲ ਸਟੇਟ ਦੀ ਜੀ.ਡੀ.ਪੀ. ਨੂੰ ਫਾਇਦਾ ਹੋ ਰਿਹਾ ਹੈ। ਜਿੱਥੇ ਪਹਿਲਾਂ ਸਿਰਫ ਪੰਜਾਬੀਆਂ ਦੇ ਬੱਚੇ ਪੜ੍ਹਦੇ ਸਨ ਹੁਣ ਪੂਰੇ ਦੇਸ਼ ਦੇ ਬੱਚੇ ਪੜ੍ਹਦੇ ਹਨ। ਇਕੱਲੇ ਬਾਹਰੋਂ (ਵਿਦੇਸ਼ਾਂ ਤੋਂ) ਹੀ ਨਹੀਂ ਸਗੋਂ 28 ਦੇ 28 ਸੂਬਿਆਂ ਤੋਂ ਸਾਡੇ ਕੋਲ ਵਿਦਿਆਰਥੀ ਹਨ, from all 28 states.

ਸਰ, ਇਸ ਤੋਂ ਇਲਾਵਾ, ਸੀ.ਐਮ. ਸਾਹਿਬ ਦਾ ਸੁਪਨਾ ਸੀ ਅਤੇ 350 ਸਾਲਾ ਸਮਾਗਮ ਬਹੁਤ ਸ਼ਾਨੋ ਸੌਕਤ, ਬਹੁਤ ਸ਼ਰਧਾ ਨਾਲ ਮਨਾਇਆ ਹੈ। ਇਸ ਸਾਲ ਜਦੋਂ ਉਹ ਕੰਪਲੀਟ ਹੋਵੇਗਾ, ਤਦ ਤੱਕ ਸ੍ਰੀ ਗੁਰੂ ਤੇਗ ਬਹਾਦਰ ਯੂਨੀਵਰਸਿਟੀ ਲਈ ਜ਼ਮੀਨ ਆਈਡੈਂਟੀਫਾਈ ਹੋ ਗਈ ਹੈ, ਬਿਲ ਆ ਗਿਆ ਹੈ, ਪਾਸ ਹੋ ਗਿਆ ਹੈ, ਉਸ ਦੀ ਤਿਆਰੀ ਚੱਲ ਰਹੀ ਹੈ। (ਥੰਪਿੰਗ) ਸਰ 2020 ਵਿੱਚ ਯੂਨੀਵਰਸਿਟੀਆਂ ਬਣ ਦਿੱਤੀਆਂ ਗਈਆਂ ਸਨ, ਚੈੱਕ ਕਰ ਲਿਉ। ਸ਼ਹੀਦ ਭਗਤ ਸਿੰਘ ਯੂਨੀਵਰਸਿਟੀ, ਫਿਰੋਜ਼ਪੁਰ ਤੇ ਸਰਦਾਰ ਬੇਅੰਤ ਸਿੰਘ ਯੂਨੀਵਰਸਿਟੀ, ਗੁਰਦਾਸਪੁਰ ਬਣਾ ਦਿੱਤੀਆਂ ਅਤੇ ਉਨ੍ਹਾਂ ਵਿੱਚ ਕਿੰਨੇ ਬੱਚੇ ਸਨ? 300-300, 400-400 ਸਨ। ਅੱਜ ਇਹ ਬੱਚੇ 4 ਗੁਣਾ ਮਤਲਬ 400% ਬੱਚੇ ਵਧ ਗਏ ਹਨ। ਹੁਣ ਅਸੀਂ ਇਹ ਯੂਨੀਵਰਸਿਟੀਆਂ ਵੀ ਫੌਰਨ ਲਈ ਖੋਲ੍ਹ ਰਹੇ ਹਾਂ। ਨਵੇਂ ਕੋਰਸ ਸ਼ੁਰੂ ਕਰ ਦਿੱਤੇ ਹਨ।

ਬੜਾ ਅਫ਼ਸੋਸ ਹੁੰਦਾ ਹੈ, ਬਾਬਾ ਸਾਹਿਬ ਦਾ ਸੁਪਨਾ ਸੀ ਕਿ ਸਿੱਖਿਆ ਸਭ ਤੱਕ ਪਹੁੰਚੇ। ਉਨ੍ਹਾਂ ਨੇ ਆਖਿਆ ਸੀ ਕਿ ਵਿੱਦਿਆ, ਸਿੱਖਿਆ ਸ਼ੇਰਨੀ ਦਾ ਦੁੱਧ ਹੈ, ਜਿਹੜਾ ਪੀਵੇਗਾ ਉਹ ਦਹਾੜੇਗਾ। ਸਰ, ਸਾਡੇ ਬੱਚਿਆਂ ਨੂੰ ਵੰਚਿਤ ਕਰ

ਦਿੱਤਾ ਗਿਆ ਸੀ। ਸਰ, ਸਕਾਲਰਸ਼ਿਪ ਸਕੈਮ ਹੋਇਆ ਸੀ। ਸਰ, ਪਿਛਲੇ ਸਾਢੇ 4 ਸਾਲਾਂ ਤੋਂ ਅੱਜ ਤੱਕ ਦੇ ਸਮੇਂ ਬਾਰੇ ਕਿਸੇ ਵੀ ਪ੍ਰਾਈਵੇਟ ਕਾਲਜ ਤੋਂ ਪੁੱਛ ਲਿਆ ਜਾਵੇ। ਅੱਜ ਇਸੇ ਕਾਰਨ ਸਾਡੇ ਬੱਚਿਆਂ ਦੇ ਦਾਖਲਾ ਵਧੇ ਹਨ। ਉਨ੍ਹਾਂ ਦੀ ਸਕਾਲਰਸ਼ਿਪ, ਉਨ੍ਹਾਂ ਦੀ ਅਮਾਨਤ, ਮਾਨ ਸਾਹਿਬ ਜਦੋਂ ਡਿਊ ਹੁੰਦੀ ਹੈ, ਉਦੋਂ ਹੀ ਭੇਜਦੇ ਹਨ।

**1530/Tarlochan Singh/Shubham jain**

**1535/mehak**

ਇਸੇ ਕਰਕੇ ਅੱਜ ਸਾਡੇ ਬੱਚਿਆਂ ਦੇ ਦਾਖਲੇ ਵਧੇ ਹਨ। ਸਰ, ਉਨ੍ਹਾਂ ਦੀ ਅਮਾਨਤ, ਉਨ੍ਹਾਂ ਦੀ ਸਕਾਲਰਸ਼ਿਪ ਮਾਨ ਸਾਹਿਬ, as due ਉਦੋਂ ਹੀ ਭੇਜਦੇ ਹਨ। ਕਿਸੇ ਇੱਕ ਬੱਚੇ ਦੀ ਵੀ ਸਕਾਲਰਸ਼ਿਪ ਨਹੀਂ ਰੁਕੀ। ਪਿੱਛੇ ਇਹ ਬੱਚਿਆਂ ਦੇ ਪੈਸੇ ਖਾ ਗਏ। ਇਹ ਲੌਸ ਇਕੱਲਾ ਸਕੈਮ ਨਹੀਂ ਹੈ। It is not only monetary loss. ਸਿਰਫ ਪੈਸੇ ਦਾ ਲੌਸ ਨਹੀਂ ਹੈ, ਕਿੰਨੇ ਸੁਪਨੇ ਮਰ ਗਏ, ਕਿੰਨੇ ਇੰਜੀਨੀਅਰ, ਕਿੰਨੇ ਡਾਕਟਰ, ਕਿੰਨੇ ਵਕੀਲ, ਸਾਡੇ ਦਲਿਤ ਪਰਿਵਾਰਾਂ ਦੇ ਬੱਚਿਆਂ ਦੇ ਸੁਪਨੇ ਮਰ ਗਏ। ਇਸ ਤੋਂ ਇਲਾਵਾ ਮੈਨੂੰ ਦੱਸਦੇ ਹੋਏ ਖੁਸ਼ੀ ਹੁੰਦੀ ਹੈ ਕਿ ਪੰਜਾਬ ਦੇਸ਼ ਵਿੱਚ ਪਹਿਲਾ ਸੂਬਾ ਬਣਿਆ ਹੈ ਜਿਸ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ ਨੂੰ ਪਹਿਲੀ ਕਲਾਸ ਤੋਂ ਬਾਰਵੀਂ ਜਮਾਤ ਤੱਕ ਮੇਨ ਸਬਜੈਕਟ ਦੇ ਤੌਰ ਤੇ ਸ਼ੁਰੂ ਕੀਤਾ ਹੈ। ਇੱਕ ਹੋਰ ਚੀਜ਼ ਜਿਹੜੀ ਇਸ ਸਦਨ ਦਾ ਵਿਸ਼ੇਸ਼ ਧਿਆਨ ਮੰਗਦੀ ਹੈ, ਉਹ ਇਹ ਹੈ ਕਿ ਇੱਕ ਹੋਰ ਸਭ ਤੋਂ ਪਹਿਲਾ ਕੰਮ ਪੰਜਾਬ ਨੇ ਹਾਇਰ ਐਜੂਕੇਸ਼ਨ ਵਿੱਚ ਕੀਤਾ ਹੈ, ਜਿਸ ਦਾ ਆਉਣ ਵਾਲੇ ਸਾਲਾਂ ਵਿੱਚ ਵੱਡਾ ਅਸਰ ਦਿਖੇਗਾ। ਇਸ ਤਰ੍ਹਾਂ ਦਾ ਸਿਸਟਮ ਹੋ ਗਿਆ ਸੀ ਕਿ ਬਹੁਤ ਜ਼ਿਆਦਾ ਪ੍ਰੈਕਟੀਕਲ ਨਾਲੇਜ ਹੋ ਗਈ ਸੀ। ਸਾਡੀਆਂ ਯੂਨੀਵਰਸਿਟੀਆਂ, ਸਾਡੇ ਕਾਲਜ, ਸਾਡੀਆਂ ਆਈ.ਟੀ.ਆਈਜ਼., ਸਾਡੇ ਪੋਲੀਟੈਕਨਿਕ ਕਾਲਜ ਸਿਰਫ ਗ੍ਰੈਜੂਏਟਸ ਜਾਂ ਪੋਸਟ ਗ੍ਰੈਜੂਏਟਸ ਬਣਾ ਰਹੀਆਂ ਸਨ ਤੇ ਬੇਰੁਜ਼ਗਾਰੀ ਵੱਧ ਰਹੀ ਸੀ। ਪਿਛਲੇ ਸਾਲ ਅਸੀਂ ਇੱਕ ਪ੍ਰੋਗਰਾਮ ਸ਼ੁਰੂ ਕੀਤਾ ਹੈ ਜਿਸ ਨੂੰ ਖੁਦ ਮਾਨ ਸਾਹਿਬ ਨੇ ਨਾਂ ਦਿੱਤਾ ਹੈ- ਬਿਜ਼ਨਸ ਕਲਾਸ। ਇਹ ਪੰਜਾਬ ਦਾ entrepreneurship programme ਹੈ, ਇਹ ਆਪਣੇ ਆਪ ਵਿੱਚ ਨਿਵੇਕਲਾ ਹੈ। ਇਹ ਸਾਡੀਆਂ ਯੂਨੀਵਰਸਿਟੀਜ਼, ਉਨ੍ਹਾਂ ਦੇ ਐਫੀਲੀਏਟਿਡ ਕਾਲਜਾਂ, 320 ਆਈ.ਟੀ.ਆਈਜ਼ ਤੇ 91 ਪੋਲੀਟੈਕਨਿਕ ਕਾਲਜਾਂ ਵਿੱਚ ਚੱਲ ਰਿਹਾ ਹੈ। ਹਰ ਬੱਚੇ ਤੇ ਕ੍ਰੈਡਿਟ ਸਿਸਟਮ ਲਾਗੂ ਕਰ ਦਿੱਤਾ ਹੈ ਕਿ ਉਸ ਨੂੰ ਕੋਈ ਨਾ ਕੋਈ ਪ੍ਰੈਕਟੀਕਲ ਬਿਜ਼ਨਸ ਕਰਨਾ ਪੈਣਾ ਹੈ, ਚਾਹੇ ਉਹ ਬੀ.ਏ. ਕਰ ਰਿਹਾ ਹੈ , ਚਾਹੇ ਬੀ.ਕਾਮ ਪੜ੍ਹ ਰਿਹਾ ਹੈ ਅਤੇ ਚਾਹੇ ਜਿਹੜੀ ਮਰਜ਼ੀ ਬੀ.ਟੈੱਕ ਕਰ ਰਿਹਾ ਹੈ, ਉਸ ਨੂੰ ਕੋਈ ਨਾ ਕੋਈ ਪ੍ਰੈਕਟੀਕਲ ਬਿਜ਼ਨਸ ਤੇ ਕੰਮ ਕਰਨਾ ਪੈਣਾ ਹੈ ਤਾਂ ਹੀ ਉਸ ਨੂੰ ਕ੍ਰੈਡਿਟ ਮਿਲਣਗੇ। ਇਸ ਦਾ ਨਾਂ ਅਸੀਂ ਬਿਜ਼ਨਸ ਕਲਾਸ ਰੱਖਿਆ ਹੈ। ਹੁਣ ਤੱਕ 25 ਹਜ਼ਾਰ ਬੱਚਿਆਂ ਦੇ ਨਵੇਂ ਆਈਡੀਆਜ਼ ਆ ਗਏ ਹਨ ਤੇ ਇਨ੍ਹਾਂ ਵਿੱਚੋਂ ਸਿਰਫ ਪਹਿਲੇ ਸਾਲ ਦੇ ਬੱਚਿਆਂ ਨੂੰ 150 ਪਲੱਸ ਕਰੋੜ ਦਾ ਰੈਵੇਨਿਊ ਹੋ ਗਿਆ ਹੈ। (ਥੰਪਿੰਗ) ਬੱਚੇ ਦੀ ਸੋਚਣ ਸ਼ਕਤੀ ਵਧੀ ਹੈ। ਉਹ ਕਰਦਾ ਤਾਂ ਐਮ.ਬੀ.ਏ. ਸੀ ਪਰ ਉਸ ਨੂੰ ਕੋਈ ਪ੍ਰੈਕਟੀਕਲ ਨਾਲੇਜ ਨਹੀਂ ਸੀ, ਪੜ੍ਹਦਾ ਤਾਂ ਉਹ ਬੀ.ਕਾਮ ਸੀ, ਇਕਨਾਮਿਕਸ ਬਾਰੇ, ਪ੍ਰੋਫਿਟ ਬਾਰੇ ਪੜ੍ਹੀ ਜਾ ਰਿਹਾ ਸੀ ਪਰ ਪ੍ਰੈਕਟੀਕਲ ਜ਼ੀਰੋ ਸੀ। ਹੁਣ ਇਹ ਸ਼ੁਰੂ ਕਰ ਦਿੱਤਾ ਹੈ ਤਾਂ ਹੁਣ ਬੱਚਿਆਂ ਨੂੰ ਇੰਨੇ ਵਧੀਆ ਵਧੀਆ ਬਿਜ਼ਨਸ ਆਈਡੀਆਜ਼ ਆਏ ਹਨ and it is compulsory ਵਰਨਾ ਉਸ ਦੀ ਡਿਗਰੀ ਨਹੀਂ ਹੋਵੇਗੀ ਜਦੋਂ ਤੱਕ ਉਹ ਖੁਦ ਆਪਣੇ ਹੱਥੀਂ ਕੋਈ ਬਿਜ਼ਨਸ ਦਾ ਐਕਸਪੈਰੀਮੈਂਟ ਕਰਕੇ ਨਹੀਂ ਦੇਖੇਗਾ। ਹੁਣ ਮੈਂ ਇਸ ਗੱਲ ਤੇ ਆਉਂਦਾ ਹਾਂ ਕਿ ਤਿੰਨੋਂ ਡਿਜ਼ੀਟਲ ਯੂਨੀਵਰਸਿਟੀਜ਼ ਦੀ ਕੀ ਲੋੜ ਪੈ ਗਈ ਸੀ। ਪੰਜਾਬ ਪਹਿਲਾ ਸੂਬਾ ਹੈ ਜੋ ਡਿਜ਼ੀਟਲ ਪਾਲਿਸੀ ਲੈ ਕੇ ਆਇਆ ਹੈ। ਦੁਨੀਆ ਬਹੁਤ ਤੇਜ਼ੀ ਨਾਲ ਚੇਂਜ ਹੋ ਰਹੀ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ਦੁਨੀਆ ਨੂੰ ਬਦਲ ਦੇਵੇਗਾ। ਸਾਡਾ ਰਹਿਣ-ਸਹਿਣ, ਸਾਡਾ ਡਿਫੈਂਸ ਸੈਕਟਰ, ਸਾਡੀ

ਤਕਨਾਲੋਜੀ, ਸਾਡਾ ਐਗਰੀਕਲਚਰ, everything will be changed. ਜਦੋਂ ਸਭ ਕੁਝ ਬਦਲੇਗਾ ਤਾਂ ਐਜੂਕੇਸ਼ਨ ਵੀ ਬਦਲੇਗੀ। ਇਸ ਕਰਕੇ ਮੈਂ ਪਿਛਲੀ ਵਾਰ ਵੀ ਦੱਸਿਆ ਸੀ ਕਿ ਦੁਨੀਆ ਕਿੱਥੇ ਖੜ੍ਹੀ ਹੈ। ਚਾਈਨਾ ਵਿੱਚ ਪਹਿਲੀ ਕਲਾਸ ਤੋਂ ਆਰਟੀਫੀਸ਼ੀਅਲ ਇੰਟੈਲੀਜੈਂਸ ਲਾਜ਼ਮੀ ਹੈ ਅਤੇ ਹਰ ਹਫਤੇ ਅੱਠ ਘੰਟੇ ਤੁਹਾਨੂੰ ਪੜ੍ਹਨਾ ਹੀ ਪੈਣਾ ਹੈ। ਸਾਊਥ ਕੋਰੀਆ ਵਿੱਚ ਪੰਜਵੀਂ ਜਮਾਤ ਦੇ ਬੱਚੇ ਚਿੱਪ ਬਣਾ ਰਹੇ ਹਨ। ਯੂ.ਏ.ਈ. ਵਿੱਚ ਪਹਿਲੀ ਕਲਾਸ ਤੋਂ ਆਰਟੀਫੀਸ਼ੀਅਲ ਇੰਟੈਲੀਜੈਂਸ ਲਾਗੂ ਹੈ, ਯੂ.ਐਸ.ਏ. ਨੇ ਅਲਫਾ ਸਕੂਲ ਬਣਾ ਦਿੱਤੇ ਹਨ ਜਿੱਥੇ ਆਰਟੀਫੀਸ਼ੀਅਲ ਇੰਟੈਲੀਜੈਂਸ ਟੀਚਰਜ਼ ਹੀ ਬੱਚਿਆਂ ਨੂੰ ਪੜ੍ਹਾ ਰਹੇ ਹਨ। ਇਸ ਤਰ੍ਹਾਂ ਹੀ ਹਾਇਰ ਐਜੂਕੇਸ਼ਨ ਵਿੱਚ ਏ.ਆਈ. ਯੂਨੀਵਰਸਿਟੀਆਂ ਦਾ ਸਮਾਂ ਆ ਗਿਆ ਹੈ, ਡਿਜ਼ੀਟਲ ਯੂਨੀਵਰਸਿਟੀਆਂ ਦਾ ਸਮਾਂ ਆ ਗਿਆ ਹੈ, we have to think out of the box. ਆਊਟ ਆਫ ਦਿ ਬਾਕਸ ਪੰਜਾਬ ਇਹ ਲੈ ਕੇ ਆਇਆ ਹੈ ਤੇ ਸਾਨੂੰ ਖੁਸ਼ੀ ਹੈ ਕਿ ਤਿੰਨ ਡਿਜ਼ੀਟਲ ਯੂਨੀਵਰਸਿਟੀਆਂ- ਕਲਾਊਡ ਯੂਨੀਵਰਸਿਟੀ, ਐਮ.ਐਸ. ਡਿਜ਼ੀਟਲ ਯੂਨੀਵਰਸਿਟੀ, ਪਟਿਆਲਾ ਅਤੇ ਤੀਜੀ ਫਿਜ਼ੀਕਸਵਾਲਾ। ਫਿਜ਼ੀਕਸਵਾਲਾ ਆਪਣੇ ਆਪ ਵਿੱਚ ਇੱਕ ਬਹੁਤ ਵੱਡਾ ਨਾਂ ਹੈ, ਜਿਨ੍ਹਾਂ ਨੇ ਬੱਚਿਆਂ ਲਈ ਅਤੇ ਖਾਸ ਕਰਕੇ competitive exams ਲਈ ਸਾਰਾ ਲੈਂਡਸਕੇਪ ਚੇਂਜ ਕਰ ਦਿੱਤਾ ਹੈ। ਇਹ ਤਿੰਨੋਂ ਯੂਨੀਵਰਸਿਟੀਆਂ ਤੇ ਅੱਜ ਬਿਲ ਆ ਰਿਹਾ ਹੈ। ਇਸ ਦੇ ਨਾਲ ਬੱਚਿਆਂ ਨੂੰ ਪੜ੍ਹਾਈ ਦਾ ਮੌਕਾ ਮਿਲੇਗਾ ਤੇ ਪੰਜਾਬ ਐਜੂਕੇਸ਼ਨ ਵੱਲ ਹੋਰ ਤਰੱਕੀ ਕਰੇਗਾ ਤੇ ਸਾਇਬਰ ਸਿਕਿਉਰਟੀ, ਆਰਟੀਫੀਸ਼ੀਅਲ ਇੰਟੈਲੀਜੈਂਸ, ਡਾਟਾ ਸਾਇੰਸਿਜ਼, ਬਲਾਕ ਚੇਨ ਤੋਂ ਲੈ ਕੇ ਹਰ ਤਰ੍ਹਾਂ ਦੇ ਐਕਸਪਰਟ ਪੋਸਟ ਡਾਕਟਰੇਟ, ਡਾਕਟਰੇਟ, ਪੀ.ਐਚ.ਡੀ. ਤੋਂ ਲੈ ਕੇ ਆਮ ਰੋਜ਼ਾਨਾ ਕਿਸਾਨਾਂ ਦੇ ਨਾਲ ਸਾਡੇ ਹੋਰ entrepreneurs ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਕੋਰਸ ਆਉਣਗੇ। New Age ਯੂਨੀਵਰਸਿਟੀ ਹੈ, ਇਸ ਕਰਕੇ ਪੰਜਾਬ ਇਹ ਵੱਡਾ ਕਦਮ ਲੈ ਰਿਹਾ ਹੈ। ਸਭ ਕੁਝ as per UGC guidelines ਹੈ, ਹਰ ਤਰ੍ਹਾਂ ਦੇ ਚੈੱਕਸ ਐਂਡ ਬੈਲੈਂਸਿਜ਼ ਦਾ ਖਿਆਲ ਰੱਖਿਆ ਗਿਆ ਹੈ ਤੇ ਮੈਨੂੰ ਲਗਦਾ ਹੈ ਕਿ ਇਹ ਇੱਕ ਬਹੁਤ ਚੰਗਾ ਤੇ ਟਾਇਮਲੀ ਸਟੈੱਪ ਹੈ ਤੇ ਬਾਕੀ ਰਾਜ ਵੀ ਪੰਜਾਬ ਰਾਜ ਨੂੰ ਫਾਲੋਅ ਕਰਨਗੇ। ਮੈਂ ਸਾਰੇ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਤਿੰਨੋਂ ਯੂਨੀਵਰਸਿਟੀਜ਼ ਦੇ ਬਿਲਾਂ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ। ਧੰਨਵਾਦ ਜੀ।

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ)**: ਧੰਨਵਾਦ, ਸਪੀਕਰ ਸਾਹਿਬ। ਸਰ, NAAC ਵਿੱਚ ਅਸੀਂ 2021-22 ਵਿੱਚ ਇੱਕ ਨੰਬਰ ਤੇ ਆਏ ਸੀ ਤੇ ਇੱਥੇ ਮੀਤ ਹੇਹਰ ਹੋਰੀਂ ਬੈਠੇ ਸੀ ਤੇ ਸੀ.ਐਮ. ਸਾਹਿਬ ਨੇ ਪਰਿਟਕੂਲਰਲੀ ਇਹ ਗੱਲ ਕਹੀ ਸੀ ਕਿ ਇਹ ਰੰਗ ਰੋਗਨ ਕਰਵਾ ਕੇ ਤੁਸੀਂ ਪਹਿਲੇ ਨੰਬਰ ਤੇ ਨਹੀਂ ਆ ਸਕਦੇ। ਉਹ ਵੀ NAAC ਦਾ ਹੀ ਸੀ, ਲੇਕਿਨ ਉਹ ਰਿਜੈਕਟ ਕਰ ਦਿੱਤਾ ਸੀ।

**1535/mehak/Shubham jain**

**1540/Sukhpiar Singh**

ਮੈਂ ਇਸ ਗੱਲ ਦੀ ਖੁਸ਼ੀ ਹਮੇਸ਼ਾ ਹੀ ਮਹਿਸੂਸ ਕਰਦਾ ਹਾਂ ਜਦੋਂ ਵੀ ਪੰਜਾਬ ਕਿਤੇ ਬੁਲੰਦੀਆਂ ਤੇ ਜਾਂਦਾ ਹੈ ਤਾਂ ਮੈਨੂੰ ਲਗਦਾ ਹੈ ਕਿ ਸਾਨੂੰ ਸਾਰਿਆਂ ਨੂੰ ਚਾਅ ਚੜ੍ਹ ਜਾਂਦਾ ਹੈ ਕਿ ਯਾਰ ਰਾਜਪੁਰੇ ਤੋਂ ਅਗਾਂਹ ਵੀ ਸਾਨੂੰ ਕੋਈ ਪੁੱਛਦਾ ਹੈ, ਬਹੁਤੇ ਬੰਦੇ ਤਾਂ ਰਾਜਪੁਰੇ ਤੋਂ ਇੱਧਰ ਹੀ ਰਹਿ ਜਾਂਦੇ ਹਨ। ਇਹ ਬਹੁਤ ਚੰਗੀ ਗੱਲ ਹੈ ਕਿ ਆਪਾਂ ਯੂਨੀਵਰਸਿਟੀਆਂ ਬਣਾਈ ਜਾਈਏ ਲੇਕਿਨ ਸਾਡਾ ਜਿਹੜਾ ਸਰਕਾਰੀ ਤਾਮ-ਝਾਮ ਹੈ, ਮੈਂ ਇਨ੍ਹਾਂ ਦੇ ਖਿਲਾਫ ਨਹੀਂ ਹਾਂ ਲੇਕਿਨ ਜਿਹੜਾ ਸਾਡਾ ਸਰਕਾਰੀ ਤਾਮ-ਝਾਮ ਹੈ, ਜਿਸ ਵਿੱਚ ਗਰੀਬ ਬੱਚੇ ਨਹੀਂ ਜਾ ਸਕਦੇ। ਸਰ, ਬਾਬਾ ਫਰੀਦ ਯੂਨੀਵਰਸਿਟੀ ਦੀ

ਇੱਕ ਵਿਜੀਲੈਂਸ ਜਾਂਚ ਕਰਵਾ ਲਵੋ, ਵੈਸੇ ਤਾਂ ਇੱਕ ਸ਼ੁਰੂ ਹੋ ਚੁੱਕੀ ਹੈ, ਮੈਨੂੰ ਲੱਗਦਾ ਹੈ ਕਿ 100 ਤੋਂ ਵੱਧ ਘਪਲੇ ਹੋਣਗੇ। ਅਸੀਂ ਬਹੁਤ ਵਾਰੀ ਇਹ ਗੱਲ ਕਹਿੰਦੇ ਹਾਂ ਕਿ ਅਸੀਂ ਤਾਂ ਜ਼ੀਰੋ ਟੋਲਰੈਂਸ ਕੁਰੱਪਸ਼ਨ ਦੀ ਗੱਲ ਕਰਦੇ ਹਾਂ, ਆਖੀਰਲੇ ਦਿਨ ਜਦੋਂ ਉਸ ਦਾ ਵਾਈਸ ਚਾਂਸਲਰ ਰਿਟਾਇਰਮੈਂਟ ਲੈ ਕੇ ਗਿਆ ਤਾਂ ਮੇਰਾ ਖਿਆਲ ਹੈ ਕਿ ਲਗਭਗ 25 ਤੋਂ 30 ਕਰੋੜ ਰੁਪਏ ਦੀਆਂ 12:30 ਵਜੇ ਰਾਤ ਨੂੰ ਪੇਮੈਂਟਸ ਕਰਕੇ ਗਿਆ ਹੈ ਅਤੇ ਅਜੇ ਵੀ ਉਹ ਮਸ਼ੀਨਾਂ ਇੰਸਟਾਲ ਨਹੀਂ ਹੋਈਆਂ, ਇਹ ਸਾਡੇ ਸਰਕਾਰੀ ਤਾਮ-ਝਾਮ ਦਾ ਹਾਲ ਹੈ। ਮੈਂ ਅੱਗੇ ਵੀ ਤੁਹਾਨੂੰ ਬੇਨਤੀ ਕੀਤੀ ਹੈ ਕਿ ਸਰਕਾਰੀ ਕਾਲਜਾਂ ਵਿੱਚ ਸਾਡੇ ਖਾਲਸਾ ਕਾਲਜ, ਅੰਮ੍ਰਿਤਸਰ ਦੀ ਜੋ ਤਸਵੀਰ ਹੈ। ਦੇਖੋ ਵਿਧੀਵਤ ਤਰੀਕੇ ਨਾਲ ਪੰਜਾਬ ਦੀ ਹਾਇਰ ਐਜੂਕੇਸ਼ਨ ਲਈ ਮੈਂ ਕਿਸੇ ਸਰਕਾਰ ਨੂੰ ਨਹੀਂ ਬਖਸ਼ਦਾ, ਜਿਸ ਸੂਬੇ ਵਿੱਚ 26 ਸਾਲ ਕਾਲਜ ਵਿੱਚ ਲੈਕਚਰਾਰ ਨਾ ਦਿੱਤਾ ਹੋਵੇ ਤਾਂ ਤੁਸੀਂ ਉਸ ਐਜੂਕੇਸ਼ਨ ਸਿਸਟਮ ਦਾ ਹਾਲ ਦੇਖ ਸਕਦੇ ਹੋ। ਜੇ ਅਸੀਂ ਸੁੱਤੇ ਹੀ ਰਹਾਂਗੇ, ਇਸ ਨੂੰ ਸਮਝਾਂਗੇ ਨਹੀਂ ਕਿਉਂਕਿ ਪਿਛਲੇ ਸਮੇਂ ਵਿੱਚ ਚਮਕੌਰ ਸਾਹਿਬ ਯੂਨੀਵਰਸਿਟੀ ਦੀ ਅੱਧੀ-ਪਚੱਧੀ ਬਿਲਡਿੰਗ ਵੀ ਬਣੀ ਹੋਈ ਹੈ। Even ਕਿ ਤਰਨਤਾਰਨ ਵਿੱਚ ਲਾਅ ਯੂਨੀਵਰਸਿਟੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਮ ਤੇ, ਉਸ ਦੀ ਵੀ ਅੱਧੀ-ਪਚੱਧੀ ਬਿਲਡਿੰਗ ਬਣੀ ਹੋਈ ਹੈ। ਅਸੀਂ ਉਸ ਨਾਲ ਤਾਂ ਬਿਲਕੁਲ ਕਿਤੇ ਨਹੀਂ ਖੜ੍ਹਦੇ। ਅਸੀਂ ਕਹਿੰਦੇ ਹਾਂ ਕਿ ਸਾਰਾ ਕੁਝ ਹੀ ਪ੍ਰਾਈਵੇਟ, ਮੈਂ ਕਹਿੰਦਾ ਹਾਂ ਕਿ ਹੱਬ ਬਣ ਰਿਹਾ ਹੈ, ਚੰਗੀ ਗੱਲ ਹੈ, ਉਸ ਨਾਲ ਰੈਵੇਨਿਊ ਜਨਰੇਸ਼ਨ ਹੋਵੇਗੀ ਅਤੇ ਹੋਰ ਚੀਜ਼ਾਂ ਉਸ ਨਾਲ ਇਨਵਾਲਵ ਹੋਣਗੀਆਂ ਪਰ at the same time ਸਾਨੂੰ ਸਰਕਾਰੀ ਸਿਸਟਮ ਨੂੰ ਵੀ ਕਿਤੇ ਨਾ ਕਿਤੇ ਖੜ੍ਹਾ ਕਰਨ ਪਵੇਗਾ। ਅੱਜ ਸਾਡੇ ਕੋਲ ਰੈਗੂਲਰ ਲੈਕਚਰਾਰ ਕਿੰਨੇ ਹਨ ਕਿਉਂਕਿ ਇਹ ਪਿਛਲੇ ਸਮੇਂ ਦੀਆਂ ਸਰਕਾਰਾਂ ਦੇ ਸਮੇਂ ਉੱਤੇ ਸੀ। ਸਰ, ਆਪਾਂ ਉਹ ਵੀ ਦੇਖ ਲਈਏ, ਜੇ ਆਪਾਂ ਉਹ ਨਹੀਂ ਦੇਖਾਂਗੇ ਤਾਂ ਫਿਰ ਇਸ ਵਿੱਚ ਇੱਕ ਬਹੁਤ ਵੱਡਾ ਗੈਪ ਆ ਜਾਵੇਗਾ। ਠੀਕ ਹੈ ਕਿ ਡਿਜੀਟਲ ਯੂਨੀਵਰਸਿਟੀਜ਼, ਇਹ purely ਉਹੋ ਜਿਹੀ thought process ਹੈ, ਜਿਹੜੀ ਬੀ.ਜੇ.ਪੀ. corporatize ਕਰ ਰਹੀ ਹੈ ਲੇਕਿਨ at the same time ਅਸੀਂ ਗਰੀਬ ਦੇ ਬੱਚੇ ਨੂੰ ਵੀ ਕਿਤੇ ਪੜ੍ਹਾਉਣਾ ਹੈ। ਸਾਡੇ ਕੋਲ ਤਾਂ ਜਿਹੜੇ ਕਮਾਈ ਦੇ ਸਾਧਨ ਹਨ, ਮੈਨੂੰ ਲੱਗਦਾ ਹੈ ਕਿ ਹਰ ਵਰਗ ਵਿੱਚ ਬਹੁਤ ਵੱਡੀ ਕਮਜ਼ੋਰੀ ਆ ਗਈ ਹੈ ਕਿਉਂਕਿ ਹੌਲੀ ਹੌਲੀ ਡਰਾਪ ਆਊਟ ਰੇਟ ਵਧ ਰਿਹਾ ਹੈ। ਸੋ, ਮੇਰੀ ਤਾਂ ਗੁਜ਼ਾਰਿਸ਼ ਹੈ ਕਿ ਇਸ ਨੂੰ ਕਈ ਵਾਰੀ ਇਮੋਸ਼ਨਲ ਟਚ ਦੇ ਦਿੱਤਾ ਜਾਂਦਾ ਹੈ ਕਿ ਸਾਡੀ ਆਪੋਜ਼ੀਸ਼ਨ ਵਾਲੇ ਇਹ ਕਹਿੰਦੇ ਹਨ ਕਿ ਦੇਖੋ ਜੀ, ਇਹ ਤਾਂ ਜਦੋਂ ਸਾਡਾ ਪੰਜਾਬ ਪਹਿਲੇ ਨੰਬਰ ਤੇ ਵੀ ਆਉਂਦਾ ਹੈ, ਸਾਨੂੰ ਪਤਾ ਹੈ, ਮੈਨੂੰ ਕਿਸੇ ਤੋਂ ਸਰਟੀਫਿਕੇਟ ਲੈਣ ਦੀ ਜ਼ਰੂਰਤ ਨਹੀਂ ਕਿ ਜਦੋਂ ਪੰਜਾਬ ਪਹਿਲੇ ਨੰਬਰ ਤੇ ਆਉਂਦਾ ਹੈ ਤਾਂ ਕਿਸ ਤਰ੍ਹਾਂ ਰੌਂਗਟੇ ਖੜ੍ਹੇ ਹੁੰਦੇ ਹਨ। ਜਦੋਂ ਦੇਸ਼ ਪਹਿਲੇ ਨੰਬਰ ਤੇ ਆਉਂਦਾ ਹੈ ਤਾਂ ਕਿਸ ਤਰ੍ਹਾਂ ਰੌਂਗਟੇ ਖੜ੍ਹੇ ਹੁੰਦੇ ਹਨ, ਸੋ, ਇਸ ਕਰਕੇ ਆਪਾਂ ਇਸ ਤੇ ਵੀ ਧਿਆਨ ਰੱਖ ਲਈਏ। ਮੰਨ ਲਵੋ ਮੈਂ ਐਗਜ਼ਾਂਪਲ ਦਿੰਦਾ ਹਾਂ ਕਿ ਬਾਬਾ ਫਰੀਦ ਯੂਨੀਵਰਸਿਟੀ ਵਿੱਚ 13 ਪੋਸਟਾਂ ਫਿੱਲ ਹੋਈਆਂ ਅਤੇ ਉਸ ਵਿੱਚੋਂ 10 ਹਰਿਆਣਾ ਦੇ ਸੀ ਕਿਉਂਕਿ ਬਹੁਤ ਕਲੇਮ ਕੀਤਾ ਜਾਂਦਾ ਹੈ। ਜਦੋਂ ਪੋਸਟਾਂ ਅਤੇ ਨੌਕਰੀਆਂ ਦੀ ਗੱਲ ਆਉਂਦੀ ਹੈ ਤਾਂ ਇੱਕ ਜਨਰਲ ਫੈਨੋਮੈਨਾ ਹੈ ਕਿ ਹਰ ਸਾਲ 10 ਤੋਂ 12 ਹਜ਼ਾਰ ਇੰਪਲਾਇਜ਼ ਨੇ ਰਿਟਾਇਰ ਹੋਣਾ ਹੈ ਅਤੇ ਉਸ ਦੀ ਭਰਤੀ ਹੋਣੀ ਹੈ। ਮੈਨੂੰ ਲੱਗਦਾ ਹੈ ਕਿ 60-65-70 ਹਜ਼ਾਰ, ਇਸੇ ਕਰਕੇ ਤਾਂ ਮੈਂ ਉਸ ਦਿਨ ਅਮਨ ਜੀ ਨੂੰ ਕਿਹਾ ਸੀ ਕਿ ਵ੍ਹਾਈਟ ਪੇਪਰ ਲੈ ਆਓ, ਬਾਹਰਲੇ ਸੂਬਿਆਂ ਦੇ ਕਿੰਨੇ ਹਨ ਅਤੇ ਆਪਣੇ ਵਾਲੇ ਕਿੰਨੇ ਹਨ? ਸਭ ਤੋਂ ਵੱਧ ਮੈਡੀਕਲ ਸਿੱਖਿਆ ਅਤੇ ਪੀ.ਐਸ.ਪੀ.ਸੀ.ਐਲ. ਵਿੱਚ ਮੈਨੂੰ ਲੱਗਦਾ ਹੈ ਕਿ ਜਿੰਨਾ ਅਸੀਂ ਬਾਹਰਲੀ ਭਰਤੀ ਕਰ ਲਈ ਹੈ। ਠੀਕ ਹੈ ਕਿ ਸਾਨੂੰ ਇੱਕੋ ਜਿਹੇ ਪੈਰਾਮੀਟਰ ਪੂਰੇ ਦੇਸ਼ ਲਈ ਰੱਖਣੇ ਪੈਂਦੇ ਹਨ ਪਰ ਆਪਣੇ ਬੱਚਿਆਂ ਦਾ ਨੁਕਸਾਨ ਤਾਂ ਅਸੀਂ ਦੇਖਦੇ ਹਾਂ ਕਿ ਕਿਤੇ ਨਾ ਕਿਤੇ ਤਾਂ ਹੁੰਦਾ ਹੀ ਹੈ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ**: ਪੁਆਇੰਟ ਆਫ ਆਰਡਰ ਜੀ।

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ) (ਬੈਠੇ-ਬੈਠੇ)**: ਬੋਲ ਲੈਣ ਦਿਉ ਜੀ।

**ਮਾਣਯੋਗ ਸਪੀਕਰ**: ਮੈਨੂੰ ਲੱਗਦਾ ਹੈ ਕਿ ਕੰਪਲੀਟ ਹੋ ਹੀ ਗਿਆ ਹੈ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ**: ਸਰ, ਇੱਕ ਕਲੈਰੀਫਾਈ ਕਰਨਾ ਹੈ।

**ਮਾਣਯੋਗ ਸਪੀਕਰ**: ਹਾਂ ਜੀ, ਪਰਗਟ ਜੀ।

**ਸਰਦਾਰ ਪਰਗਟ ਸਿੰਘ ਪੋਆਰ**: ਇਹ ਵੀ ਬੇਨਤੀ ਕੀਤੀ ਸੀ ਕਿ ਉਸ ਯੂਨੀਵਰਸਿਟੀ ਦੀ ਕੋਈ ਵਿਜੀਲੈਂਸ ਜਾਂਚ ਕਰਵਾ ਲਵੋ, ਤੁਸੀਂ ਕਿਤੇ ਜਾ ਕੇ ਦੇਖ ਲੈਣਾ, ਉੱਥੇ ਡਾਕਟਰ ਹਨ।

**ਮਾਣਯੋਗ ਸਪੀਕਰ**: ਠੀਕ ਹੈ ਪਰਗਟ ਜੀ ਤੁਸੀਂ ਵਾਈਂਡ ਅੱਪ ਕਰੋ।

**ਸਰਦਾਰ ਪਰਗਟ ਸਿੰਘ ਪੋਆਰ**: ਸਰ, ਮੈਂ ਤਾਂ ਇੰਨੀ ਬੇਨਤੀ ਕਰਦਾ ਹਾਂ ਕਿ ਜਿਹੜਾ ਉਹ ਸਰਕਾਰੀ ਸਿਸਟਮ ਹੈ, ਜਿਹੜਾ ਬਿਲਕੁਲ ਹੌਲੀ ਹੌਲੀ ਹੈ, ਅਸੀਂ ਪ੍ਰਾਈਵੇਟ ਸੈਕਟਰ ਨੂੰ ਕਲੇਮ ਕਰਦੇ ਹਾਂ, ਠੀਕ ਹੈ ਕਿਉਂਕਿ ਰਾਜ ਸਭਾ ਵੀ ਕਿਸੇ ਨੇ ਜਾਣਾ ਹੋਵੇ, ਉਹ ਵੀ ਪ੍ਰਾਈਵੇਟ ਯੂਨੀਵਰਸਿਟੀ ਦਾ ਹੀ ਵਾਈਸ ਚਾਂਸਲਰ ਜਾਂਦਾ ਹੈ ਜਾਂ ਹੋਰ ਜਾਂਦਾ ਹੈ। ਸਪੀਕਰ ਸਾਹਿਬ, ਜੇ ਤੁਸੀਂ ਮੈਨੂੰ ਅਲਾਓ ਕਰੋ ਤਾਂ ਇੱਕ ਥੋੜ੍ਹੀ ਜਿਹੀ ਬੇਨਤੀ ਹੋਰ ਕਰਨਾ ਚਾਹੁੰਦਾ ਹਾਂ ਕਿ ਇਸ ਦੀ ਡੀਲਿਮੀਟੇਸ਼ਨ?

**ਮਾਣਯੋਗ ਸਪੀਕਰ**: ਕਲਾਊਡ ਯੂਨੀਵਰਸਿਟੀ ਵਿੱਚ ਡੀਲਿਮੀਟੇਸ਼ਨ ਕਿਉਂ ਲਿਆਉਣੀ ਹੈ ਜੀ?

**ਸਰਦਾਰ ਪਰਗਟ ਸਿੰਘ ਪੋਆਰ**: ਸਰ, ਸਿਰਫ ਇੰਨੀ ਗੱਲ ਹੈ ਕਿਉਂਕਿ ਡੀਲਿਮੀਟੇਸ਼ਨ ਵੂਮੈਨ ਰਿਜ਼ਰਵੇਸ਼ਨ ਬਿਲ ਦੀ ਆੜ ਵਿੱਚ ਡੀਲਿਮੀਟੇਸ਼ਨ ਲਿਆਂਦਾ ਜਾ ਰਿਹਾ ਹੈ।

**1540/Sukhpiar Singh/Abhishek gautam**

**1545/Manika Rani**

ਹੁਣ ਅਕਾਲੀ ਦਲ ਵੀ ਬੜਾ ਖੁਸ਼ ਹੈ, ਇਨ੍ਹਾਂ ਨੇ ਵੀ ਸਪੋਰਟ ਕਰ ਦਿੱਤੀ ਹੈ ਅਤੇ ਤੁਹਾਡੇ ਰਾਜ ਸਭਾ ਦੇ ਪੰਜ-ਛੇ ਮੈਂਬਰ ਪਹਿਲਾਂ ਹੀ ਬੀ.ਜੇ.ਪੀ. ਵਿੱਚ ਚਲੇ ਗਏ ਹਨ। ਜਿਵੇਂ ਪਹਿਲਾਂ ਇਯਾਲੀ ਸਾਹਿਬ ਨੇ ਕਿਹਾ ਹੈ ਕਿ ਆਪਾਂ ਮਤਾ ਲੈ ਆਈਏ ਤਾਂ ਮੈਨੂੰ ਲੱਗਦਾ ਹੈ ਕਿ ਕਿਤੇ ਨਾ ਕਿਤੇ ਥੋੜ੍ਹਾ ਬਹੁਤ ਉਸ ਤੇ ਪ੍ਰੈਸ਼ਰ ਬਿਲਡ-ਅੱਪ ਹੋ ਜਾਣਾ ਹੈ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਠੀਕ ਹੈ। ਹਾਂ ਜੀ, ਕਾਲਾ ਢਿੱਲੋਂ ਜੀ।

**ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ (ਬਰਨਾਲਾ)**: ਧੰਨਵਾਦ ਸਪੀਕਰ ਸਾਹਿਬ ਕਿ ਤੁਸੀਂ ਮੈਨੂੰ ਇਸ ਅਹਿਮ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਸੂਬੇ ਵਿੱਚ ਇਸ ਸਮੇਂ ਤਕਰੀਬਨ 18 ਪ੍ਰਾਈਵੇਟ ਯੂਨੀਵਰਸਿਟੀਆਂ

ਸਥਾਪਤ ਹਨ। ਇਨ੍ਹਾਂ ਵਿੱਚ ਦੋ-ਤਿੰਨ ਯੂਨੀਵਰਸਿਟੀਆਂ ਅਜਿਹੀਆਂ ਹਨ, ਜਿਨ੍ਹਾਂ ਦਾ ਉਚੇਰੀ ਸਿੱਖਿਆ ਖੇਤਰ ਵਿੱਚ ਚੰਗਾ ਯੋਗਦਾਨ ਹੈ। ਜਿਹੜੀਆਂ ਬਾਕੀ ਯੂਨੀਵਰਸਿਟੀਆਂ ਹਨ, ਉਨ੍ਹਾਂ ਨੇ ਉਚੇਰੀ ਸਿੱਖਿਆ ਦਾ ਮਿਆਰ ਬਹੁਤ ਘਟਾ ਦਿੱਤਾ ਹੈ। ਉਚੇਰੀ ਸਿੱਖਿਆ ਯੋਗ ਅਤੇ ਖੋਜ ਲੋੜਾਂ ਦੀ ਪੂਰਤੀ ਲਈ ਉਨ੍ਹਾਂ ਕੋਲ ਆਧੁਨਿਕ ਸਕਿੱਲ ਵਾਲੇ ਟੀਚਿੰਗ ਅਮਲੇ ਦੀ ਘਾਟ ਹੈ। ਉਨ੍ਹਾਂ ਦਾ ਦੇਸ਼-ਵਿਦੇਸ਼ ਵਿਦਿਆਰਥੀਆਂ ਨੂੰ ਕੇਵਲ ਕਾਗਜ਼ੀ ਡਿਗਰੀ ਦੇ ਕੇ ਜਾੱਬਲੈਸ ਗੈਰਜੂਏਟ ਅਤੇ ਪੋਸਟ ਗੈਰਜੂਏਟ ਪੈਦਾ ਕਰਨਾ ਹੈ। ਜੇਕਰ ਇੰਜੀਨੀਅਰ ਖੇਤਰ ਦੀ ਗੱਲ ਕਰੀਏ ਤਾਂ ਅਸੀਂ ਵੇਖਦੇ ਹਾਂ ਕਿ ਨਿੱਜੀ ਯੂਨੀਵਰਸਿਟੀਆਂ ਯੋਗ ਮੰਗ ਦੇ ਅਨੁਸਾਰ ਇੰਜੀਨੀਅਰਿੰਗ ਗੈਰਜੂਏਟ ਪੈਦਾ ਕਰਨ ਤੋਂ ਅਸਮਰੱਥ ਹਨ।

**ਮਾਣਯੋਗ ਸਪੀਕਰ**: ਕਾਲਾ ਜੀ, ਕੀ ਕੋਈ ਕਲਾਊਡ ਯੂਨੀਵਰਸਿਟੀ ਨਾਲ ਸਬੰਧਤ ਗੱਲ ਹੈ।

**ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ**: ਸਰ, ਡਿਜੀਟਲ ਯੂਨੀਵਰਸਿਟੀ ਦੀ ਗੱਲ ਕਰ ਰਿਹਾ ਹਾਂ।

**ਮਾਣਯੋਗ ਸਪੀਕਰ**: ਡਿਜੀਟਲ ਨਹੀਂ ਜੀ, ਤੁਸੀਂ ਤਾਂ ਕਿਸੇ ਹੋਰ ਪਾਸੇ ਹੀ ਤੁਰੇ ਜਾਂਦੇ ਹੋ।

**ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ**: ਸਰ, ਡਿਜੀਟਲ ਯੂਨੀਵਰਸਿਟੀ ਤੇ ਹੀ ਆਵਾਂਗਾ। ਮੈਨੂੰ ਗੱਲ ਕਰ ਤਾਂ ਲੈਣ ਦਿਉ। ਜੇਕਰ ਤੁਹਾਡੀ ਆਗਿਆ ਹੋਵੇ ਤਾਂ ਮੈਂ ਬੋਲ ਲੈਂਦਾ ਹਾਂ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਅਵਤਾਰ ਸਿੰਘ ਜੂਨੀਅਰ ਬੋਲਣ ਲਈ ਸਮਾਂ ਮੰਗ ਰਹੇ ਸਨ।)

**ਮਾਣਯੋਗ ਸਪੀਕਰ**: ਇਸ ਨੂੰ ਕਨਕਲੂਡ ਕੌਣ ਕਰਨਾ ਚਾਹੁੰਦਾ ਹੈ। ਹਾਂ ਜੀ, ਹਰਜੋਤ ਸਿੰਘ ਜੀ। ਕਨਕਲੂਡ ਕਰ ਦਿਉ ਜੀ। ਇੱਕ ਮਿੰਟ ਮੰਤਰੀ ਜੀ, ਬਾਵਾ ਜੀ ਕੁਝ ਕਹਿਣਾ ਚਾਹੁੰਦੇ ਹਨ।

**ਸ੍ਰੀ ਅਵਤਾਰ ਸਿੰਘ ਜੂਨੀਅਰ**: ਸਰ, ਕਾਲਾ ਜੀ ਨੂੰ ਬੋਲਣ ਦਿਉ।

**ਮਾਣਯੋਗ ਸਪੀਕਰ**: ਹਾਂ ਜੀ, ਬਾਵਾ ਜੀ। ਕੀ ਤੁਸੀਂ ਕਲਾਊਡ ਯੂਨੀਵਰਸਿਟੀ ਬਾਰੇ ਬੋਲੋਗੇ।

**ਸ੍ਰੀ ਅਵਤਾਰ ਸਿੰਘ ਜੂਨੀਅਰ**: ਸਰ, ਉਨ੍ਹਾਂ ਨੂੰ ਬੋਲਣ ਦਿਉ। ਉਹ ਕਲਾਊਡ ਯੂਨੀਵਰਸਿਟੀ ਬਾਰੇ ਹੀ ਗੱਲ ਕਰ ਰਹੇ ਹਨ।

**Hon'ble Speaker:** He is not going haywire ਨਹੀਂ ਨਹੀਂ।

**ਸ੍ਰੀ ਅਵਤਾਰ ਸਿੰਘ ਜੂਨੀਅਰ**: ਸਪੀਕਰ ਸਾਹਿਬ, ਐਵੇਂ ਨਾ ਕਰੋ। ਤਿੰਨ ਬਿਲ ਹਨ।

**ਮਾਣਯੋਗ ਸਪੀਕਰ**: ਕੀ ਤੁਸੀਂ ਕਲਾਊਡ ਯੂਨੀਵਰਸਿਟੀ ਤੇ ਬੋਲਣਾ ਹੈ ਤਾਂ ਬੋਲੋ। ਭਾਵੇਂ ਅੱਧਾ ਘੰਟਾ ਬੋਲੋ। ਤੁਸੀਂ ਕਲਾਊਡ ਯੂਨੀਵਰਸਿਟੀ ਕਵਰ ਕਰੋ।

**ਸ਼੍ਰੀ ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ):** ਠੀਕ ਹੈ, ਕਲਾਊਡ ਯੂਨੀਵਰਸਿਟੀ ਤੇ ਬੋਲਾਂਗਾ। ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਕਲਾਊਡ ਯੂਨੀਵਰਸਿਟੀ ਬਿਲ ਤੇ ਬੋਲਣ ਲਈ ਸਮਾਂ ਦਿੱਤਾ ਹੈ। ਇਸ ਹਾਊਸ ਦੀ ਕਿੰਨੀ ਵੱਡੀ ਤਰਾਸਦੀ ਹੈ ਕਿ ਇਸ ਬਿਲ ਤੋਂ ਪਹਿਲਾਂ ਜਿਹੜਾ ਅਣਏਡਿਡ ਸਕੂਲਾਂ ਵਾਲਾ ਬਿਲ ਆਇਆ ਸੀ, ਉਸ ਵਿੱਚ ਅਸੀਂ ਫੀਸ ਕੈਪਿੰਗ ਦੀ ਗੱਲ ਕੀਤੀ ਹੈ ਪਰੰਤੂ ਇਸ ਬਿਲ ਵਿੱਚ ਅਸੀਂ ਕੋਈ ਵੀ ਰੈਗੂਲੇਟਰੀ ਬਾਡੀ ਨਹੀਂ ਬਣਾ ਰਹੇ ਹਾਂ। ਇਸ ਯੂਨੀਵਰਸਿਟੀ ਵਿੱਚ ਕੌਣ ਦੇਖੇਗਾ ਕਿ ਕਿੰਨੀ ਫੀਸ ਲੱਗੀ ਹੈ। ਬੱਚਿਆਂ ਤੋਂ ਤੁਸੀਂ ਪ੍ਰੋਗਰਾਮ ਅਧੀਨ ਲੱਖ ਰੁਪਿਆ ਲੈ ਸਕਦੇ ਹੋ ਜਾਂ ਦੋ ਲੱਖ ਰੁਪਿਆ ਵੀ ਲੈ ਸਕਦੇ ਹੋ। ਇਸੇ ਹਾਊਸ ਨੇ ਹੁਣੇ ਇਹ ਦੱਸਿਆ ਹੈ ਕਿ ਅਸੀਂ ਫੀਸ ਕੈਪਿੰਗ ਕੀਤੀ ਹੈ। ਸਰ, ਵਜ਼ੀਰ ਸਾਹਿਬ ਨੇ ਇੱਕ ਹੋਰ ਗੱਲ ਕੀਤੀ ਸੀ ਕਿ ਹੁਣ ਏ.ਆਈ. ਦਾ ਜ਼ਮਾਨਾ ਆ ਗਿਆ ਹੈ। ਸਰ, ਸਾਡੀ ਹੁਣੇ ਪਾਲਿਸੀ ਆਈ ਸੀ, ਜਿਸ ਦੇ ਤਹਿਤ ਇਹ ਬਿਲ ਆਇਆ ਹੈ। ਸਰ, Punjab Private Digital Open University Policy 2026 ਇਹ ਕਿਸੇ ਵੀ ਸਰਕਾਰੀ ਵੈਬਸਾਈਟ ਉੱਤੇ ਉਪਲਬਧ ਨਹੀਂ ਹੈ। ਇਸ ਪਾਲਿਸੀ ਨੂੰ ਦੇਖਣ ਲਈ Scribe ਦੀ ਮੈਂਬਰਸ਼ਿਪ ਲੈਣੀ ਪਵੇਗੀ ਤਾਂ ਤੁਸੀਂ ਉਥੋਂ ਪ੍ਰਿੰਟ ਕਰ ਸਕਦੇ ਹੋ। ਇਹ ਸਰਕਾਰ ਦੀ ਕਿੰਨੀ ਵੱਡੀ ਵਿਡੰਬਨਾ ਹੈ। ਜਦੋਂ ਇਹ ਬਿਲ ਸ਼ੁਰੂ ਹੋਇਆ ਸੀ ਤਾਂ ਮੈਂ ਸਰਕਾਰੀ ਵੈਬਸਾਈਟ ਚੈੱਕ ਕੀਤੀ ਤਾਂ ਇਹ ਪਾਲਿਸੀ ਉਪਲਬਧ ਨਹੀਂ ਸੀ। ਅਮਨ ਜੀ, ਤੁਸੀਂ ਚੈੱਕ ਕਰਵਾ ਲਿਉ। ਸਾਨੂੰ ਸਬਸਕ੍ਰਾਈਬ ਕਰਕੇ ਡਾਊਨਲੋਡ ਕਰਨੀ ਪਈ। ਦੂਜਾ, ਜਦੋਂ ਇਸ ਯੂਨੀਵਰਸਿਟੀ ਨੇ ਬਣਨਾ ਹੈ ਤਾਂ ਇਸ ਨੂੰ ਸਿਰਫ ਤਿੰਨ ਏਕੜ ਜ਼ਮੀਨ ਚਾਹੀਦੀ ਹੈ, ਉਹ ਵੀ ਮਾਲਕਾਨਾ ਹੱਕ ਨਹੀਂ ਹੈ। ਇਹ ਤੁਸੀਂ ਲੀਜ਼ ਤੇ ਵੀ ਲੈ ਸਕਦੇ ਹੋ। 15 ਸਾਲਾਂ ਦੀ ਘੱਟੋ-ਘੱਟ ਲੀਜ਼ ਹੋਣੀ ਚਾਹੀਦੀ ਹੈ ਅਤੇ ਤੁਸੀਂ ਇਸ ਦੀ ਕੰਸਟਰੱਸ਼ਨ ਕਰੋ। ਪਹਿਲੇ ਸਾਲ 15 ਹਜ਼ਾਰ ਸੁਕੇਅਰ ਫੀਟ ਕੰਸਟਰੱਕਸ਼ਨ ਕਰਨੀ ਹੈ ਭਾਵ ਪਹਿਲੇ ਤਿੰਨ ਸਾਲਾਂ ਵਿੱਚ ਟੋਟਲ ਵੀਹ ਹਜ਼ਾਰ ਫੀਟ ਕੰਸਟਰੱਕਸ਼ਨ ਕੀਤੀ ਜਾਵੇ। ਸਾਡੇ ਬਹੁਤ ਹੀ ਸਤਿਕਾਰਯੋਗ ਵਜੀਰ ਸਾਹਿਬ ਨੇ ਅੱਜ ਤੋਂ ਤਿੰਨ ਦਿਨ ਪਹਿਲਾਂ ਮਤਾ ਲੈ ਕੇ ਆਂਦਾ ਸੀ ਅਤੇ ਹਾਊਸ ਨੂੰ ਦੱਸਿਆ ਸੀ ਕਿ ਸਾਡੇ ਬੱਚੇ ਕੈਨੇਡਾ ਵਿੱਚ ਬੈਠੇ ਹਨ, ਜਿਨ੍ਹਾਂ ਨੂੰ ਇੱਥੋਂ ਦੀ ਜਨਤਾ ਨੇ ਭੇਜਿਆ ਪਰੰਤੂ ਉਥੇ ਵਰਕ ਪਰਮਿਟ ਨਹੀਂ ਮਿਲ ਰਿਹਾ ਹੈ। ਸਾਰੇ ਹਾਊਸ ਨੇ ਸਰਬਸੰਮਤੀ ਨਾਲ ਕਿਹਾ ਕਿ ਆਪਾਂ ਸਾਰਿਆਂ ਨੇ ਉਨ੍ਹਾਂ ਦੀ ਮਦਦ ਕਰਨੀ ਹੈ। ਸਪੀਕਰ ਸਾਹਿਬ, ਇਸ ਯੂਨੀਵਰਸਿਟੀ ਲਈ ਸਿਰਫ ਵੀਹ ਕਰੋੜ ਰੁਪਿਆ ਬਜਟ ਰੱਖਣਾ ਪੈਣਾ ਹੈ ਕਿਉਂਕਿ ਜੇਕਰ ਇਹ ਯੂਨੀਵਰਸਿਟੀ ਸਕਸੈਸਫੁੱਲ ਨਹੀਂ ਹੋਈ ਤਾਂ ਬਾਅਦ ਵਿੱਚ ਬੱਚਿਆਂ ਦਾ ਕੀ ਬਣੇਗਾ। ਇਸ ਬਿਲ ਵਿੱਚ ਤਿੰਨ ਏਕੜ ਜ਼ਮੀਨ ਅਤੇ ਵੀਹ ਕਰੋੜ ਰੁਪਏ ਦਾ ਉਪਬੰਧ ਹੋਣਾ ਚਾਹੀਦਾ ਹੈ। ਸਰ, ਲੇਕਿਨ ਜਿਹੜੀ ਸਭ ਤੋਂ ਹੈਰਾਨ ਕਰਨ ਵਾਲੀ ਗੱਲ ਹੈ ਔਰ ਜੇਕਰ ਤੁਸੀਂ ਇਸ ਪਾਲਿਸੀ ਵਿੱਚ ਦੇਖੋ ਤਾਂ ਇਸ ਪਾਲਿਸੀ ਦਾ ਪੈਰ੍ਹਾਗ੍ਰਾਫ 5.10 ਕਹਿੰਦਾ ਹੈ।

**1545/Manika Rani/Abhishek gautam**

**1550/Gurpreet kaur**

ਸਰ, ਹਿੰਦੁਸਤਾਨ ਦੀ ਕੰਸਟੀਚਿਊਸ਼ਨ ਦਾ ਆਰਟੀਕਲ 164 ਸਬ-ਸੈਕਸ਼ਨ-02 ਅਤੇ ਸੁਪਰੀਮ ਕੋਰਟ ਦੇ ਆਡਰ ਹਨ, very categorically it says the Council of Ministers shall be collectively responsible to the Legislative Assembly of the State. ਸਰ, ਇਸ ਦਾ ਹੀ ਦੂਜਾ ਪੈਰ੍ਹਾਗਰਾਫ 6.10- Upon satisfactory compliance, the high level Committee shall recommend the proposal for in principal approval of the Chief Minister for establishment of the University. ਸਪੀਕਰ ਸਾਹਿਬ ਮੈਂ ਤੁਹਾਡੇ ਧਿਆਨ ਵਿੱਚ

ਲਿਆਉਣਾ ਚਾਹੁੰਦਾ ਹਾਂ ਕਿ this policy is unconstitutional under Article 164 of the Constitution of India. ਜਦੋਂ ਚੀਫ ਮਨਿਸਟਰ cannot take a decision setting aside the Council of Ministers, ਕੈਬਨਿਟ ਤੋਂ ਬਿਨਾਂ ਇਹ ਪ੍ਰਮਾਣਤਾ ਦੇਣੀ ਬਿਲਕੁਲ ਹੀ ਗਲਤ ਹੈ। ਇਹ ਬਿਲ ਬਿਲਕੁਲ ਹੀ ਗਲਤ ਹੈ। It is unconstitutional. This is unconstitutional under Article 164 and 75 of the Constitution of India. ਇਹ ਪਾਲਿਸੀ ਦੇ ਆਧਾਰ ਤੇ ਬਿਲ ਲਿਆਇਆ ਜਾ ਰਿਹਾ ਹੈ। ਇਹ ਤਿੰਨੋਂ ਬਿਲ ਗਲਤ ਹਨ because we cannot go above the Constitution of India.

3.51 ਵਜੇ ਬਾ:ਦੁ: (ਇਸ *ਸਮੇਂ ਮਾਣਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਆਰਟੀਕਲ 74 ਬਹੁਤ ਕਲੀਅਰਲੀ ਕਹਿੰਦਾ ਹੈ ਕਿ ਅਗਰ ਕੋਈ ਵੀ ਕੈਬਨਿਟ ਮਨਿਸਟਰ ਨੂੰ ਕੈਬਨਿਟ ਡਿਸੀਜ਼ਨ ਦੇ ਨਾਲ ਨਹੀਂ ਮੰਨਦੇ then he should resign. ਇਸ ਹਾਊਸ ਵਿੱਚ ਡਾਕਟਰ ਬੀ.ਆਰ. ਅੰਬੇਦਕਰ ਜੀ ਦਾ ਨਾਮ ਲਿਆ ਗਿਆ ਹੈ। ਜਦੋਂ ਉਨ੍ਹਾਂ ਨੂੰ ਉਸ ਸਮੇਂ ਦੀ ਪਾਲਿਸੀਆਂ ਨਾਲ ਇਤਫਾਕ ਨਹੀਂ ਸੀ ਤਾਂ ਉਨ੍ਹਾਂ ਨੇ ਰਿਜ਼ਾਈਨ ਕਰ ਦਿੱਤਾ ਸੀ। ਸੋ, ਮੇਰੀ ਗੁਜ਼ਾਰਿਸ਼ ਹੈ ਕਿ ਇਹ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ ਹੈ। ਅਸੀਂ ਇੱਕ ਪਾਸੇ ਫੀਸ ਲਗਾ ਰਹੇ ਹਾਂ ਅਤੇ ਫੀਸ ਦੇ ਉੱਤੇ ਇੱਕ ਸੀਲਿੰਗ ਲਗਾ ਰਹੇ ਹਾਂ, ਦੂਜੇ ਪਾਸੇ ਉਨ੍ਹਾਂ ਦੀ ਕੋਈ ਪ੍ਰਮਾਣਤਾ ਨਹੀਂ ਦੇ ਰਹੇ। ਸਰ, ਜੇਕਰ ਯੂ.ਜੀ.ਸੀ. ਦੀ ਗੱਲ ਕੀਤੀ ਜਾਵੇ ਤਾਂ ਇਸ ਵਿੱਚ ਫਿਜ਼ੀਕਸ ਵਿੱਚ, ਮੈਡੀਕਲ ਵਿੱਚ ਲੈਬੋਰੇਟਰੀ ਦੀ ਲੋੜ ਹੈ। ਜਿਸ ਵਿੱਚ ਲੈਬੋਰਟਰੀ ਦੀ ਲੋੜ ਹੈ ਤਾਂ ਉਸ ਦੀ ਆਨਲਾਈਨ ਕਿਵੇਂ ਪੜ੍ਹਾਈ ਕਰਾ ਸਕਦੇ ਹਾਂ। ਮੈਨੂੰ ਹਾਲੇ ਤੱਕ ਇਹੀ ਗੱਲ ਸਮਝ ਨਹੀਂ ਆਈ। ਠੀਕ ਹੈ,ਮੈਂ ਥੋੜ੍ਹਾ ਪੜ੍ਹਿਆ ਲਿਖਿਆ ਘੱਟ ਹਾਂ। ਡਾਕਟਰ ਸਾਹਿਬ ਜ਼ਿਆਦਾ ਪੜ੍ਹੇ ਲਿਖੇ ਹਨ। ਡਾਕਟਰ ਸਾਹਿਬ ਤੁਸੀਂ ਤਾਂ ਇਹ ਦੱਸ ਸਕਦੇ ਹੋ ਕਿ ਜੇਕਰ ਉਸ ਉੱਤੇ ਕੋਈ ਅਜਿਹੇ ਲੈਕਚਰ ਦੇਣੇ ਹੋਣ ਤਾਂ ਉਹ ਕਿਵੇਂ ਦਿੱਤੇ ਜਾ ਸਕਦੇ ਹਨ। ਸਰ, ਅਖੀਰ ਵਿੱਚ ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੇਰੇ ਬਹੁਤ ਹੀ ਸਤਿਕਾਰਯੋਗ ਢਿੱਲੋਂ ਸਾਹਿਬ ਨੇ ਕਿਹਾ ਹੈ ਕਿ 18 ਪ੍ਰਾਈਵੇਟ ਯੂਨੀਵਰਸਿਟੀਆਂ ਇਸ ਸਮੇਂ ਪੰਜਾਬ ਵਿੱਚ ਹਨ। ਹੁਣ ਮੁੱਖ ਮੰਤਰੀ ਸਾਹਿਬ ਅਤੇ ਫਾਇਨਾਂਸ ਮਨਿਸਟਰ ਸਾਹਿਬ ਸਦਨ ਵਿੱਚ ਬੈਠੇ ਨਹੀਂ ਹਨ। ਪਹਿਲੇ ਬਜਟ ਸੈਸ਼ਨ ਵਿੱਚ ਜਲੰਧਰ ਨੂੰ ਸਪੋਰਟਸ ਯੂਨੀਵਰਸਿਟੀ ਪ੍ਰੋਮਿਸ ਕੀਤੀ ਗਈ ਸੀ। ਇਹ ਐਕਟ ਪਾਸ ਕਰਨ ਤੋਂ ਪਹਿਲਾਂ ਕਿਤੇ ਸਪੋਰਟਸ ਯੂਨੀਵਰਸਿਟੀ ਦਾ ਐਕਟ ਜਲੰਧਰ ਵਾਸਤੇ ਦਿੱਤਾ ਹੁੰਦਾ ਤਾਂ ਫਿਰ ਅਸੀਂ ਜ਼ਰੂਰ ਸਰਬਸੰਮਤੀ ਨਾਲ ਕਰਨਾ ਸੀ। ਇਹ ਫਿਰ ਤੋਂ ਬੱਚਿਆਂ ਦਾ ਸੋਸ਼ਣ, ਪਰਿਵਾਰਾਂ ਦਾ ਸੋਸ਼ਣ, ਟੀਚਰਾਂ ਦਾ ਸੋਸ਼ਣ ਅਤੇ ਮੁਲਾਜ਼ਮਾਂ ਦਾ ਸੋਸ਼ਣ ਹੈ। ਮੈਂ ਗਲਤ ਹੋ ਸਕਦਾ ਹਾਂ ਪਰ ਇਸ ਚੀਜ਼ ਨੂੰ ਜ਼ਰੂਰ ਦੇਖਿਆ ਜਾਵੇ ਕਿ ਇਹ ਪਾਲਿਸੀ ਕਾਂਸਟੀਚਿਊਸ਼ਨ ਦੇ according ਦਰੁਸਤ ਨਹੀਂ ਹੈ। ਇਨ੍ਹਾਂ ਨੇ ਮੁੱਖ ਮੰਤਰੀ ਸਾਹਿਬ ਨੂੰ ਪਹਿਲਾਂ ਪਾਵਰ ਦੇ ਦਿੱਤੀ ਅਤੇ ਕਾਊਂਸਲ ਵਿੱਚ ਬਾਅਦ ਵਿੱਚ ਲੈ ਕੇ ਜਾਣਾ ਹੈ। This is unconstitutional under Article 164 and 75 of the Constitution of India. ਤੁਹਾਡਾ ਬਹੁਤ ਬਹੁਤ ਧੰਨਵਾਦ ਜੀ।

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)**: ਮਾਣਯੋਗ ਡਿਪਟੀ ਸਪੀਕਰ ਸਾਹਿਬ, ਮੈਨੂੰ ਬਹੁਤ ਆਸ ਹੁੰਦੀ ਹੈ ਕਿ ਬਹੁਤ ਹੀ ਕੰਸਟ੍ਰਕਿਟਵ ਡਿਬੇਟ ਹੋਵੇ ਪਰ ਅਫਸੋਸ ਹੈ ਕਿ ਫਲੋਰ ਤੇ ਵੀ ਗਲਤ ਫੈਕਟਸ ਕਹੇ ਜਾਂਦੇ ਹਨ ਕਿ ਹਾਈ ਕੋਰਟ ਵਿੱਚ ਕੀ ਹੋਇਆ ਵਗੈਰਾ। ਮੈਂ ਪਿਛਲੇ rebuttal ਤੇ ਨਹੀਂ ਜਾਣਾ। ਇਨ੍ਹਾਂ ਤਿੰਨਾਂ ਬਿਲਾਂ ਨੂੰ ਲੈ ਕੇ ਪਹਿਲਾਂ ਸਰਦਾਰ ਪਰਗਟ ਸਿੰਘ ਜੀ ਨੇ ਕਿਹਾ ਕਿ 26 ਸਾਲ ਤੋਂ ਲੈਕਚਰਾਰ ਭਰਤੀ ਨਹੀਂ ਕੀਤੇ ਗਏ which is factually half correct. ਸਰ, ਦੂਜੀ ਗੱਲ, ਮੈਂ ਜਾਣਨਾ ਚਾਹੁੰਦਾ ਹਾਂ ਕਿ ਸਾਡੀ ਜਿਹੜੀ ਗੈਸਟ ਫੈਕਿਲਟੀ ਹੈ, ਜੋ

ਬੱਚਿਆਂ ਨੂੰ ਪੜ੍ਹਾ ਰਹੀ ਸੀ, ਤੁਸੀਂ ਉਨ੍ਹਾਂ ਨੂੰ ਕਿਉਂ ਨਹੀਂ ਕੱਢਿਆ। ਉਨ੍ਹਾਂ ਦੇ ਯੋਗਦਾਨ ਨੂੰ ਇੱਕ ਮਿੰਟ ਵਿੱਚ ਮਿੱਟੀ ਕਰ ਦਿੱਤਾ ਜਾਂਦਾ ਹੈ। ਸਰ, ਇਸ ਤੋਂ ਬਾਅਦ ਅੱਜ ਆਊਟਸੋਰਸਿੰਗ ਵਾਲਿਆਂ ਦਾ ਬਿਲ ਵੀ ਆ ਰਿਹਾ ਹੈ। ਹਰ ਇੱਕ ਦਾ ਯੋਗਦਾਨ ਹੈ।

**1550/Gurpreet kaur/BS khokhar**

**1555/Kuldeep kaur**

ਇਸ ਕਰਕੇ ਮੈਂ ਦੁਬਾਰਾ ਫਲੋਰ ਆਫ ਦਿ ਹਾਊਸ ਇਹ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਇਹ ਮੈਸੇਜ ਨਾ ਜਾਵੇ ਕਿ ਉਨ੍ਹਾਂ ਦਾ ਕੰਟਰੀਬਿਊਸ਼ਨ ਨਹੀਂ ਹੈ।

**ਸਰਦਾਰ ਪਰਗਟ ਸਿੰਘ ਪੋਆਰ**: ਸਰ, ਪੁਆਇੰਟ ਆਫ ਆਰਡਰ।

**ਮਾਣਯੋਗ ਡਿਪਟੀ ਸਪੀਕਰ**: ਮੰਤਰੀ ਸਾਹਿਬ ਨੂੰ ਆਪਣੀ ਗੱਲ ਰੱਖ ਲੈਣ ਦੇਵੋ।

**ਉਚੇਰੀ ਸਿੱਖਿਆ ਮੰਤਰੀ**: ਸਰ, ਮੈਂ ਤੁਹਾਡੀ ਵਾਰੀ ਵਿੱਚ ਨਹੀਂ ਬੋਲਿਆ, ਹੁਣ ਮੈਨੂੰ ਬੋਲ ਲੈਣ ਦੇਵੋ। ਕੀ ਮੈਂ ਤੁਹਾਡੀ ਵਾਰੀ ਬੋਲਿਆ ਹਾਂ ਜੀ? ਕੀ ਮੈਂ ਤੁਹਾਡੀ ਵਾਰੀ ਬੋਲਿਆ ਹਾਂ? ਇਹ ਦਾ ਫਲੋਅ ਨੋਟ ਕਰ ਲਵੋ, ਤੁਸੀਂ ਲਿਖ ਕੇ ਜਵਾਬ ਦੇ ਦੇਵੋ।

**ਮਾਣਯੋਗ ਡਿਪਟੀ ਸਪੀਕਰ**: ਮੰਤਰੀ ਸਾਹਿਬ, ਚੇਅਰ ਨੂੰ ਐਡਰੈੱਸ ਕਰੋ।

**ਉਚੇਰੀ ਸਿੱਖਿਆ ਮੰਤਰੀ**: ਮਾਣਯੋਗ ਡਿਪਟੀ ਸਪੀਕਰ ਸਾਹਿਬ, ਮਾਣਯੋਗ ਮੁੱਖ ਮੰਤਰੀ ਸਾਹਿਬ ਨੇ ਹੀ ਹਰ ਮੰਚ ਤੇ ਬੋਲਿਆ ਹੈ ਕਿ we are not against private sector. ਸਰ, ਪ੍ਰਾਈਵੇਟ ਸੈਕਟਰ ਵੀ ਗਰੋਅ ਕਰੇ but with checks and balances. ਉਸ checks and balances ਦਾ ਇਸ ਬਿਲ ਵਿੱਚ ਪੂਰਾ ਧਿਆਨ ਰੱਖਿਆ ਗਿਆ ਹੈ। There is an ombudsman ਜੋ ਇੱਕ ਫਾਰਮਰ ਜੱਜ ਹੋਣਗੇ। ਇਸ ਦੇ ਨਾਲ ਹੀ ਪਹਿਲੀ ਵਾਰੀ 20 ਕਰੋੜ ਰੁਪਏ ਦਾ ਜਨਰਲ ਫੰਡ ਰੱਖਿਆ ਗਿਆ ਹੈ। ਸਰ, 20 ਕਰੋੜ ਰੁਪਿਆ ਕੋਈ ਛੋਟੀ ਰਕਮ ਨਹੀਂ ਹੁੰਦੀ। ਸਰ, ਇਸ ਲਈ ਐਜੂਕੇਸ਼ਨਲ ਬੈਕਗ੍ਰਾਊਂਡ ਹੋਣਾ ਚਾਹੀਦਾ ਹੈ। ਅਸੀਂ 20 ਕਰੋੜ ਰੁਪਏ ਦਾ ਇੱਕ ਸੇਫਟੀ ਫੰਡ ਰੱਖਿਆ ਹੈ। ਯੂ.ਜੀ.ਸੀ. ਦੀਆਂ ਓਪਨ ਯੂਨੀਵਰਸਿਟੀਜ਼ ਲਈ ਜਾਂ ਡਿਸਟੈਂਸ ਐਜੂਕੇਸ਼ਨ ਲਈ ਜੋ ਵੀ ਗਾਈਡਲਾਈਨਜ਼ ਹੁੰਦੀਆਂ ਹਨ, ਉਹ ਲਾਗੂ ਕਰਦੇ ਹਾਂ। ਇਸ ਤੋਂ ਬਾਅਦ ਇਹ ਬਿਲ ਯੂ.ਜੀ.ਸੀ. ਕੋਲ ਵੀ ਜਾਵੇਗਾ ਹੈ ਜਾਂ ਜਿੱਥੋਂ ਜਿੱਥੋਂ ਵੀ ਐਫੀਲੇਸ਼ਨਜ਼ ਮਿਲਣੀਆਂ ਹਨ, ਉੱਥੇ ਜਾਵੇਗਾ। ਚੌਥਾ, ਸਰ, ਪਹਿਲਾਂ ਸਰਕਾਰੀ ਯੂਨੀਵਰਸਿਟੀ ਬਣਾਉਣ ਲਈ 25 ਏਕੜ ਜ਼ਮੀਨ ਸੀ। For digital university, ਮੈਂ ਆਪਣੀ ਗੱਲ ਦੀ ਸ਼ੁਰੂਆਤ ਹੀ ਇੱਥੋਂ ਕੀਤੀ ਸੀ ਕਿ ਵਰਲਡ ਬਹੁਤ ਤੇਜ਼ੀ ਨਾਲ ਚੇਂਜ ਕਰ ਰਿਹਾ ਹੈ। ਇਸ ਦੇਸ਼ ਦਾ ਜਿਹੜਾ leading business school ਹੈ, ਇਹ ਚੈੱਕ ਕਰ ਲਿਆ ਜਾਵੇ ਕਿ ਉਹ ਕਿੰਨੇ ਸਕੁਏਰ ਫੁੱਟ ਤੋਂ ਚੱਲ ਰਿਹਾ ਹੈ ਅਤੇ ਉੱਥੇ ਕਿੰਨੀ ਫੀਸ ਹੈ? ਉੱਥੇ ਐਡਮਿਸ਼ਨਾਂ ਨਹੀਂ ਮਿਲਦੀਆਂ ਹਨ। Education is changing. ਮੈਂ ਇਹੀ ਦੱਸਣਾ ਚਾਹਾਂਗਾ ਕਿ ਫਿਰ ਲੈਜਿਸਲੇਚਰ ਦੇ ਉੱਤੇ ਮਿਸਗਾਈਡ ਕੀਤਾ ਗਿਆ ਹੈ। ਸਰ, ਜਦੋਂ ਇੱਕ ਯੂਨੀਵਰਸਿਟੀ ਆਪਣੀ ਤਿਆਰੀ ਵਿੱਚ ਹੈ, ਉਸ ਦੀਆਂ ਅਲੱਗ-ਅਲੱਗ ਫਾਰਮੈਲਿਟੀਜ਼ ਹਨ, LOI ਤਾਂ ਕੁੱਝ ਹੁੰਦੀ ਹੀ ਨਹੀਂ ਹੈ। ਉਸ ਤੋਂ ਬਾਅਦ ਉਸ ਦੀਆਂ ਵਿਜ਼ੀਟਸ ਹਨ, ਉਸ ਦੇ ਚੈੱਕਸ ਹਨ। ਸਰ, ਕਲਾਊਡ

ਯੂਨੀਵਰਸਿਟੀ ਦਾ ਬਿਲ ਪਹਿਲਾਂ ਕੈਬਨਿਟ ਵਿੱਚ ਆਇਆ ਸੀ ਅਤੇ ਫਿਰ ਉਸ ਤੋਂ ਬਾਅਦ ਤੁਹਾਡੇ ਕੋਲ ਆ ਰਿਹਾ ਹੈ and at the stage of application also. When it actually comes into picture, it went to Cabinet and that's why it is here. ਸਰ, ਇਹ ਹੀ ਨਹੀਂ ਜਿੰਨੀਆਂ ਵੀ ਯੂਨੀਵਰਸਿਟੀਆਂ ਬਣੀਆਂ ਹਨ, ਸਾਲ 2010 ਵਿੱਚ ਇੱਕ ਪਾਲਿਸੀ ਬਣੀ ਸੀ, ਉਸ ਪਾਲਿਸੀ ਤੋਂ ਬਾਅਦ ਹਰ ਯੂਨੀਵਰਸਿਟੀ ਦਾ ਐਕਟ ਬਣਦਾ ਰਿਹਾ ਹੈ। ਅੱਜ ਇੰਨੀਆਂ ਯੂਨੀਵਰਸਟੀਆਂ ਆ ਗਈਆਂ ਹਨ। ਸਰ, ਢਿੱਲੋਂ ਸਾਹਿਬ ਨੇ ਕਿਹਾ ਹੈ ਕਿ 2-3 ਯੂਨੀਵਰਸਿਟੀਆਂ ਨੂੰ ਛੱਡ ਕੇ ਬਾਕੀ ਯੂਨੀਵਰਸਿਟੀਆਂ ਨੇ ਸਿੱਖਿਆ ਦਾ ਮਿਆਰ ਘਟਾ ਦਿੱਤਾ ਹੈ। ਸਰ, ਇਹ ਬਾਕੀ ਯੂਨੀਵਰਸਿਟੀਆਂ ਦੀ ਕੰਪਲੇਂਟ ਕਰ ਦੇਣ। ਤੁਸੀਂ ਨਾਮ ਦੱਸੋ, ਇਸ ਤਰ੍ਹਾਂ ਕਿਵੇਂ ਬਾਕੀ ਯੂਨੀਵਰਸਿਟੀਆਂ ਬਾਰੇ ਕੁਝ ਵੀ ਕਹਿ ਦੇਵੋਗੇ। ਇਹ ਤਾਂ ਗਲਤ ਗੱਲ ਹੈ। 21 ਯੂਨੀਵਰਸਿਟੀਆਂ ਹਨ, ਇਨ੍ਹਾਂ ਨੇ ਕਿਹਾ ਹੈ ਕਿ 2 ਨੂੰ ਛੱਡ ਕੇ ਬਾਕੀ ਸਹੀ ਕੰਮ ਨਹੀਂ ਕਰ ਰਹੀਆਂ, ਇਸ ਦਾ ਮਤਲਬ ਇਹ ਬਣਦਾ ਹੈ ਕਿ ਇਹ ਬਾਕੀ 18 ਯੂਨੀਵਰਸਿਟੀਆਂ ਬਾਰੇ by name ਕੰਪਲੇਂਟ ਦੇਣ। ਇਸ ਤੋਂ ਇਲਾਵਾ ਫਿਰ ਇਹ ਕਹਿ ਦਿੱਤਾ ਗਿਆ ਹੈ ਕਿ ਲੈਪਸ, ਮੈਂ ਫਿਰ ਕਹਿ ਰਿਹਾ ਹਾਂ ਕਿ ਸਮਾਂ ਬਹੁਤ ਤੇਜ਼ੀ ਨਾਲ ਸਮਾਂ ਬਦਲ ਰਿਹਾ ਹੈ। ਸਰ, ਮੈਂ ਚੈੱਕ ਕੀਤਾ ਹੈ ਕਿ ਏ.ਆਈ. ਨਾਲ ਮਸ਼ੀਨਰੀ ਕੰਮ ਕਰ ਰਹੀ ਹੈ। ਆਪਰੇਟਰ ਕਿਤੇ ਹੋਰ ਬੈਠਾ ਹੈ ਅਤੇ ਐਕਚੁਅਲ ਮਸ਼ੀਨ ਕਿਤੇ ਹੋਰ ਕੰਮ ਕਰ ਰਹੀ ਹੁੰਦੀ ਹੈ। ਏ.ਆਈ. ਨਾਲ ਸਰਜਰੀਜ਼ ਹੋ ਰਹੀਆਂ ਹਨ। ਅਸੀਂ ਚਾਹੁੰਦੇ ਹਾਂ ਕਿ ਨਹੀਂ ਅਸੀਂ ਪਿੱਛੇ ਹੀ ਰਹੀਏ। World is changing, ਜਿੱਥੇ ਸਕਿੱਲਡ ਕੰਮ ਹੈ, ਮਸ਼ੀਨਾਂ ਕੰਮ ਕਿਤੇ ਹੋਰ ਕਰ ਰਹੀਆਂ ਹਨ ਅਤੇ ਉਸ ਦਾ ਆਪਰੇਟਰ ਸਕ੍ਰੀਨ ਤੇ ਕਿਤੇ ਹੋਰ ਬੈਠ ਕੇ ਉਸ ਨੂੰ ਆਪਰੇਟ ਕਰਕੇ ਰੀਅਲ ਟਾਈਮ ਚੈੱਕ ਕਰ ਰਿਹਾ ਹੈ। ਸਰਜਰੀਜ਼ ਹੋ ਰਹੀਆਂ ਹਨ।

**ਮਾਣਯੋਗ ਡਿਪਟੀ ਸਪੀਕਰ**: ਮੰਤਰੀ ਸਾਹਿਬ, ਤੁਸੀਂ ਗੁੱਸਾ ਕਿਉਂ ਕਰ ਰਹੇ ਹੋ? ਮੈਂਬਰ ਸਾਹਿਬ ਨੇ ਬੋਲਦੇ ਹੋਏ ਕਹਿ ਦਿੱਤਾ ਸੀ ਕਿ ਮੈਂ ਘੱਟ ਪੜ੍ਹਿਆ ਲਿਖਿਆ ਹਾਂ ਅਤੇ ਹੋ ਸਕਦਾ ਹੈ ਕਿ ਮੈਂ ਗਲਤ ਹੋਵਾਂ। ਤੁਸੀਂ ਐਵੇਂ ਹੀ ਗੁੱਸਾ ਕਰੀ ਜਾਂਦੇ ਹੋ।

**ਉਚੇਰੀ ਸਿੱਖਿਆ ਮੰਤਰੀ**: ਨਹੀਂ ਨਹੀਂ, ਸਰ, ਪਾਜ਼ੀਟਿਵ ਡਿਬੇਟਸ ਇਸ ਅਸੈਂਬਲੀ ਦਾ ਹਿੱਸਾ ਹਨ। ਅਸੀਂ ਵੀ ਇਨਸਾਨ ਹਾਂ ਅਤੇ ਸਾਡੇ ਵਿੱਚ ਵੀ ਗਲਤੀਆਂ ਹੋਣਗੀਆਂ ਪਰ intention ਸਹੀਂ ਹੈ। ਪੰਜਾਬ, ਡਿਜੀਟਲ ਯੂਨੀਵਰਸਿਟੀ ਲੈ ਕੇ ਆਉਣ ਵਾਲਾ ਪਹਿਲਾ ਸੂਬਾ ਬਣਿਆ ਹੈ। ਇਸ ਨਾਲ ਬੱਚਿਆਂ ਲਈ ਰਸਤਾ ਖੁੱਲ੍ਹਦਾ ਹੈ। ਬਹੁਤ ਸਾਰੇ ਕੋਰਸਿਜ਼ ਅਤੇ ਪੈਰਾਮੀਟਰਜ਼ ਚੇਂਜ ਹੋਣਗੇ। ਮੈਂ ਇੱਕ ਵਾਰੀ ਦੁਬਾਰਾ ਆਪ ਜੀ ਦੇ ਰਾਹੀਂ ਸਾਰੇ ਹਾਊਸ ਨੂੰ ਰਿਕੁਐਸਟ ਕਰਦਾ ਹਾਂ ਕਿ ਇਸ ਬਿਲ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ। This will be another achievement for Punjab.

**ਮਾਣਯੋਗ ਡਿਪਟੀ ਸਪੀਕਰ**: ਪ੍ਰਸ਼ਨ ਹੈ -

ਕਿ ਕਲਾਊਡ ਯੂਨੀਵਰਸਿਟੀ, ਹੁਸ਼ਿਆਰਪੁਰ ਬਿਲ, 2026 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਡਿਪਟੀ ਸਪੀਕਰ**: ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਣਯੋਗ ਡਿਪਟੀ ਸਪੀਕਰ**: ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 2 ਤੋਂ 40**

**ਮਾਣਯੋਗ ਡਿਪਟੀ ਸਪੀਕਰ**: ਪ੍ਰਸ਼ਨ ਹੈ -

ਕਿਉਂਜੋ ਕਲਾਜ਼ਾਂ 2 ਤੋਂ 40 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

**ਅਵਾਜ਼ਾਂ** : ਹਾਂ ਜੀ, ਹਾਂ ਜੀ

**ਮਾਣਯੋਗ ਡਿਪਟੀ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 40 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**1555/Kuldeep kaur/BS khokhar**

**1600/Pawan sharma**

**ਕਲਾਜ਼ 1 ਦੀ ਸਬ-ਕਲਾਜ਼ 1**

**ਮਾਣਯੋਗ ਡਿਪਟੀ ਸਪੀਕਰ:**ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ 1 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਣਯੋਗ ਡਿਪਟੀ ਸਪੀਕਰ:** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਡਿਪਟੀ ਸਪੀਕਰ:** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ) :** ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਕਲਾਊਡ ਯੂਨੀਵਰਸਿਟੀ, ਹੁਸ਼ਿਆਰਪੁਰ ਬਿਲ, 2026 ਪਾਸ ਕੀਤਾ ਜਾਵੇ।

**ਮਾਣਯੋਗ ਡਿਪਟੀ ਸਪੀਕਰ:** ਪ੍ਰਸਤਾਵ ਕੀਤਾ -

ਕਿ ਕਲਾਊਡ ਯੂਨੀਵਰਸਿਟੀ, ਹੁਸ਼ਿਆਰਪੁਰ ਬਿਲ, 2026 ਬਿਲ ਪਾਸ ਕੀਤਾ ਜਾਵੇ।

**ਮਾਣਯੋਗ ਡਿਪਟੀ ਸਪੀਕਰ:** ਪ੍ਰਸ਼ਨ ਹੈ -

ਕਿ ਕਲਾਊਡ ਯੂਨੀਵਰਸਿਟੀ, ਹੁਸ਼ਿਆਰਪੁਰ ਬਿਲ, 2026 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ। (ਥੰਪਿੰਗ)***

---

**4. The MS Digital University, Patiala Bill, 2026**

**ਮਾਣਯੋਗ ਡਿਪਟੀ ਸਪੀਕਰ:** ਸਰਦਾਰ ਹਰਜੋਤ ਸਿੰਘ ਬੈਂਸ, ਸਿੱਖਿਆ ਮੰਤਰੀ ਬਿਲ ਪੇਸ਼ ਕਰਨ।

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ) :** ਸ਼੍ਰੀਮਾਨ ਜੀ, ਮੈਂ ਐਮ. ਐਸ ਡਿਜੀਟਲ ਯੂਨੀਵਰਸਿਟੀ, ਪਟਿਆਲਾ ਬਿਲ, 2026 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਐਮ. ਐਸ ਡਿਜੀਟਲ ਯੂਨੀਵਰਸਿਟੀ, ਪਟਿਆਲਾ ਬਿਲ, 2026’ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਡਿਪਟੀ ਸਪੀਕਰ** : ਪ੍ਰਸਤਾਵ ਕੀਤਾ -

ਕਿ ਐਮ. ਐਸ ਡਿਜੀਟਲ ਯੂਨੀਵਰਸਿਟੀ, ਪਟਿਆਲਾ ਬਿਲ, 2026 ’ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

**ਮਾਣਯੋਗ ਡਿਪਟੀ ਸਪੀਕਰ:** ਮੰਤਰੀ ਸਾਹਿਬ ਕੁਝ ਬੋਲਣਾ ਚਾਹੁੰਦੇ ਹੋ?

(ਇਸ ਸਮੇਂ ਅਜ਼ਾਦ ਮੈਂਬਰ ਰਾਣਾ ਇੰਦਰ ਪ੍ਰਤਾਪ ਸਿੰਘ, ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਉਚੇਰੀ ਸਿੱਖਿਆ ਮੰਤਰੀ:** ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਬੋਲ ਲਿਆ ਹੈ।

**ਮਾਣਯੋਗ ਡਿਪਟੀ ਸਪੀਕਰ:** ਜੀ ਰਾਣਾ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ**: ਸਪੀਕਰ ਸਾਹਿਬ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਸਪੀਕਰ ਹੀ ਬਣਾ ਦਿੱਤਾ ਹੈ, ਤੁਸੀਂ ਸਪੀਕਰ ਹੋ।

**ਮਾਣਯੋਗ ਡਿਪਟੀ ਸਪੀਕਰ:** ਧੰਨਵਾਦ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ)**: ਸਪੀਕਰ ਸਾਹਿਬ, ਬਿਲ ਤਿੰਨ ਹਨ ਅਤੇ ਅਸੀਂ ਸੰਸਦ ਵਿੱਚ ਕੁੱਲ 117 ਮੈਂਬਰ ਹਨ। ਪਹਿਲੇ ਬਿਲ ਵਿੱਚ ਕੁੱਲ ਤਿੰਨ ਬੰਦਿਆਂ ਨੇ ਬਹਿਸ ਕੀਤੀ ਤੇ ਮੇਰੇ ਖਿਆਲ ਵਿੱਚ ਜ਼ਿਆਦਾਤਰ ਮੈਂਬਰ ਸਾਹਿਬ ਨੇ ਬਿਲ ਡਿਟੇਲ ਵਿੱਚ ਨਹੀਂ ਪੜ੍ਹਿਆ ਹੈ।

**ਮਾਣਯੋਗ ਡਿਪਟੀ ਸਪੀਕਰ**: ਤੁਸੀਂ ਪੜ੍ਹ ਲਿਆ ਹੈ।

**ਰਾਣਾ ਇੰਦਰ ਪ੍ਰਤਾਪ ਸਿੰਘ**: ਮੈਂ ਪੜ੍ਹ ਲਿਆ ਹੈ।

**ਮਾਣਯੋਗ ਡਿਪਟੀ ਸਪੀਕਰ**: ਤੁਸੀਂ ਬੋਲੋ।

**ਰਾਣਾ ਇੰਦਰ ਪ੍ਰਤਾਪ ਸਿੰਘ**: ਮੈਨੂੰ ਡਿਸਕਸ ਕਰਨ ਨੂੰ 10 ਮਿੰਟ ਲੱਗਣਗੇ। ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਮੈਨੂੰ 10 ਮਿੰਟ ਦੇ ਦਿੱਤੇ ਜਾਣੇ। ਮੈਂ ਸਿਰਫ ਬਿਲ ਤੇ ਬੋਲਾਂਗਾ।

**ਮਾਣਯੋਗ ਡਿਪਟੀ ਸਪੀਕਰ**: ਤੁਸੀਂ ਸ਼ੁਰੂ ਕਰੋ।

**ਰਾਣਾ ਇੰਦਰ ਪ੍ਰਤਾਪ ਸਿੰਘ**: ਥੈਂਕ ਯੂ ਸਪੀਕਰ ਸਾਹਿਬ।

**ਮਾਣਯੋਗ ਡਿਪਟੀ ਸਪੀਕਰ**: ਕਨਕਲੂਡ ਕਰ ਦਿਉ, 2-3 ਮਿੰਟ ਵਿੱਚ ਆਪਣੀ ਗੱਲ ਰੱਖ ਦਿਉ।

**ਰਾਣਾ ਇੰਦਰ ਪ੍ਰਤਾਪ ਸਿੰਘ**: ਸਪੀਕਰ ਸਾਹਿਬ, ਮੈਂ ਬੈਠ ਜਾਂਦਾ ਹਾਂ। ਦੋ ਮਿੰਟ ਵਿੱਚ ਗੱਲ ਨਹੀਂ ਹੋ ਸਕਦੀ। ਪੰਜਾਬ ਦੀ ਜਵਾਨੀ ਦਾ ਇਸ਼ੂ ਹੈ, ਪੰਜਾਬ ਦੀ ਐਜੂਕੇਸ਼ਨ ਦਾ ਇਸ਼ੂ ਹੈ। 25000 ਕਰੋੜ ਰੁਪਿਆ ਤੁਸੀਂ ਬਜਟ ਵਿੱਚ ਪਾ ਦਿੰਦੇ ਹੋ। ਮੈਂ ਨਹੀਂ ਬੋਲ ਸਕਦਾ।

**ਮਾਣਯੋਗ ਡਿਪਟੀ ਸਪੀਕਰ**: 2 ਤੋ 3, ਤੁਹਾਡੇ 5 ਮਿੰਟ ਹੋ ਗਏ ਹਨ। ਰਾਣਾ ਜੀ ਬੋਲੋ।

**ਰਾਣਾ ਇੰਦਰ ਪ੍ਰਤਾਪ ਸਿੰਘ**: ਬੈਠ ਜਾਵਾਂ ਜੀ, ਮੈਨੂੰ 10 ਮਿੰਟ ਚਾਹੀਦੇ ਹਨ। ਕਿਸੇ ਬੰਦੇ ਨੇ ਟਾਈਮ ਲੈਣਾ ਹੋਵੇ ਤਾਂ ਮੇਰੇ ਕੋਲ ਲੈ ਲਵੇ।

**ਮਾਣਯੋਗ ਡਿਪਟੀ ਸਪੀਕਰ**: ਬੋਲਣਾ ਸ਼ੁਰੂ ਕਰੋ।

**ਰਾਣਾ ਇੰਦਰ ਪ੍ਰਤਾਪ ਸਿੰਘ**: ਸਪੀਕਰ ਸਾਹਿਬ, ਜੇ ਤੁਹਾਡੀ ਆਗਿਆ ਹੋਵੇ ਤੇ ਦੋ ਪੇਪਰ ਮੇਰੇ ਕੋਲ ਹਨ। ਮੈਂ ਤੁਹਾਡੇ ਕੋਲ ਅਤੇ ਐਜੂਕੇਸ਼ਨ ਮਨਿਸਟਰ ਸਾਹਿਬ ਕੋਲ ਪੇਸ਼ ਕਰ ਸਕਦਾ ਹਾਂ ਜੀ।

**ਮਾਣਯੋਗ ਡਿਪਟੀ ਸਪੀਕਰ**: ਤੁਸੀਂ ਆਪਣੀ ਗੱਲ ਰੱਖੋ।

**ਰਾਣਾ ਇੰਦਰ ਪ੍ਰਤਾਪ ਸਿੰਘ**: ਇਹ ਟੇਬਲ ਕਰ ਦਿਉ। ਇੱਕ ਤਾਂ ਸਰਦਾਰ ਪ੍ਰਗਟ ਸਿੰਘ ਜੀ ਨੂੰ ਦੇ ਦਿਉ, ਇੱਕ ਮੰਤਰੀ ਸਾਹਿਬ ਨੂੰ ਦੇ ਦਿਉ ਅਤੇ ਇੱਕ ਸਪੀਕਰ ਸਾਹਿਬ ਨੂੰ ਦੇ ਦਿਉ।

**ਮਾਣਯੋਗ ਡਿਪਟੀ ਸਪੀਕਰ**: ਇਸ ਤਰ੍ਹਾਂ 15 ਮਿੰਟ ਵੀ ਲੱਗ ਸਕਦੇ ਹਨ, ਜਿਵੇਂ ਤੁਸੀਂ ਕਰ ਰਹੇ ਹੋ।

**ਰਾਣਾ ਇੰਦਰ ਪ੍ਰਤਾਪ ਸਿੰਘ**: ਸਰ, ਬਹੁਤ ਇੰਪਾਰਟੈਂਟ ਇਸ਼ੂ ਹੈ। ਜਦੋਂ ਮੈਂ ਬੋਲਣ ਲੱਗਿਆ ਤਾਂ ਤੁਸੀਂ ਮੈਨੂੰ 15 ਮਿੰਟ ਨਹੀਂ ਰੋਕਣਾ, in the interest of Punjab.

**ਮਾਣਯੋਗ ਡਿਪਟੀ ਸਪੀਕਰ**: ਤੁਸੀਂ 03 ਮਿੰਟ ਇਸ ਤਰ੍ਹਾਂ ਹੀ ਲੰਘਾ ਦਿੱਤੇ ਹਨ।

**ਰਾਣਾ ਇੰਦਰ ਪ੍ਰਤਾਪ ਸਿੰਘ**: ਜਨਾਬ ਕੋਈ ਗੱਲ ਨਹੀਂ, ਹੁਣ ਇਹ ਪੰਜਾਬ ਦੀ ਜਵਾਨੀ ਦਾ ਇਸ਼ੂ ਹੈ। ਨੀਟ ਵਾਲਿਆਂ ਦਾ ਕਿੰਨਾ ਨੁਕਸਾਨ ਹੋਇਆ?

**ਮਾਣਯੋਗ ਡਿਪਟੀ ਸਪੀਕਰ**: ਮੈਂਬਰ ਸਾਹਿਬ, ਤੁਹਾਨੂੰ ਟਾਈਮ ਦਿੱਤਾ ਗਿਆ, ਤੁਸੀਂ ਪੇਪਰ ਵੰਡਣੇ ਸ਼ੁਰੂ ਕਰ ਦਿੱਤੇ।

**ਮਾਣਯੋਗ ਡਿਪਟੀ ਸਪੀਕਰ:** ਪ੍ਰਸ਼ਨ ਹੈ -

ਕਿ ਐਮ. ਐਸ ਡਿਜੀਟਲ ਯੂਨੀਵਰਸਿਟੀ, ਪਟਿਆਲਾ ਬਿਲ, 2026 'ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਡਿਪਟੀ ਸਪੀਕਰ**: ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ 2**

**ਮਾਣਯੋਗ ਡਿਪਟੀ ਸਪੀਕਰ:**ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**1600/Pawan sharma/Rajneesh kumar**

**1605/Beant kaur**

(ਇਸ ਸਮੇਂ ਅਜ਼ਾਦ ਮੈਂਬਰ ਰਾਣਾ ਇੰਦਰ ਪ੍ਰਤਾਪ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾ ਮਾਈਕ ਤੋਂ ਬੋਲ ਰਹੇ ਸਨ।)

**ਮਾਣਯੋਗ ਡਿਪਟੀ ਸਪੀਕਰ:** ਮੈਂਬਰ ਸਾਹਿਬ, ਤੁਹਾਨੂੰ ਟਾਈਮ ਦਿੱਤਾ ਗਿਆ ਸੀ ਤੇ ਤੁਸੀਂ ਪੇਪਰ ਵੰਡਣੇ ਸ਼ੁਰੂ ਕਰ ਦਿੱਤੇ।

**ਕਲਾਜ਼ਾਂ 2 ਤੋਂ 40**

**ਮਾਣਯੋਗ ਡਿਪਟੀ ਸਪੀਕਰ**: ਕਿਉਂਜੋ ਕਲਾਜ਼ 2 ਤੋਂ 40 ਤੱਕ ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(ਅਵਾਜ਼ਾਂ : ਹਾਂ ਜੀ, ਹਾਂ ਜੀ।)

**ਮਾਣਯੋਗ ਡਿਪਟੀ ਸਪੀਕਰ:** ਪ੍ਰਸ਼ਨ ਹੈ -

ਕਿ ਕਲਾਜ਼ 2 ਤੋਂ 40 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਣਯੋਗ ਡਿਪਟੀ ਸਪੀਕਰ**: ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।*** **(ਥੰਪਿੰਗ)**

**ਸਿਰਲੇਖ**

**ਮਾਣਯੋਗ ਡਿਪਟੀ ਸਪੀਕਰ**: ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।* (ਥੰਪਿੰਗ)**

**ਮਾਣਯੋਗ ਡਿਪਟੀ ਸਪੀਕਰ**: ਹੁਣ ਮੰਤਰੀ ਸਾਹਿਬ ਬਿਲ ਪਾਸ ਕਰਨ ਲਈ ਪ੍ਰਸਤਾਵ ਕਰਨਗੇ।

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਐਮ. ਐਸ ਡਿਜੀਟਲ ਯੂਨੀਵਰਸਿਟੀ, ਪਟਿਆਲਾ ਬਿਲ, 2026 ਪਾਸ ਕੀਤਾ ਜਾਵੇ।

**ਮਾਣਯੋਗ ਡਿਪਟੀ ਸਪੀਕਰ**: ਪ੍ਰਸਤਾਵ ਕੀਤਾ -

ਕਿ ਐਮ. ਐਸ ਡਿਜੀਟਲ ਯੂਨੀਵਰਸਿਟੀ, ਪਟਿਆਲਾ ਬਿਲ, 2026 ਪਾਸ ਕੀਤਾ ਜਾਵੇ।

**ਮਾਣਯੋਗ ਡਿਪਟੀ ਸਪੀਕਰ**: ਪ੍ਰਸ਼ਨ ਹੈ -

ਕਿ ਐਮ. ਐਸ ਡਿਜੀਟਲ ਯੂਨੀਵਰਸਿਟੀ, ਪਟਿਆਲਾ ਬਿਲ, 2026 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।* (ਥੰਪਿੰਗ)**

---

**5.The Physicswallah Digital University, Patiala Bill, 2026**

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)**: ਸ਼੍ਰੀਮਾਨ ਜੀ, ਮੈਂ ਫਿਜ਼ਿਕਸਵਾਲਾ ਡਿਜੀਟਲ ਯੂਨੀਵਰਸਿਟੀ, ਪਟਿਆਲਾ ਬਿਲ, 2026 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਫਿਜ਼ਿਕਸਵਾਲਾ ਡਿਜੀਟਲ ਯੂਨੀਵਰਸਿਟੀ, ਪਟਿਆਲਾ ਬਿਲ, 2026 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਡਿਪਟੀ ਸਪੀਕਰ**: ਪ੍ਰਸਤਾਵ ਕੀਤਾ -

ਕਿ ਫਿਜ਼ਿਕਸਵਾਲਾ ਡਿਜੀਟਲ ਯੂਨੀਵਰਸਿਟੀ, ਪਟਿਆਲਾ ਬਿਲ, 2026 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਡਿਪਟੀ ਸਪੀਕਰ** : ਪ੍ਰਸ਼ਨ ਹੈ -

ਕਿ ਫਿਜ਼ਿਕਸਵਾਲਾ ਡਿਜੀਟਲ ਯੂਨੀਵਰਸਿਟੀ, ਪਟਿਆਲਾ ਬਿਲ, 2026 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਅਜ਼ਾਦ ਮੈਂਬਰ, ਰਾਣਾ ਇੰਦਰ ਪ੍ਰਤਾਪ ਸਿੰਘ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਉੱਚੀ ਉੱਚੀ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਣਯੋਗ ਡਿਪਟੀ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਣਯੋਗ ਡਿਪਟੀ ਸਪੀਕਰ**: ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 40**

**ਮਾਣਯੋਗ ਡਿਪਟੀ ਸਪੀਕਰ**: ਕਿਉਂਜੋ ਕਲਾਜ਼ 2 ਤੋਂ 40 ਤੱਕ ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ** : ਹਾਂ ਜੀ, ਹਾਂ ਜੀ।)

**ਮਾਣਯੋਗ ਡਿਪਟੀ ਸਪੀਕਰ**: ਪ੍ਰਸ਼ਨ ਹੈ -

ਕਿ ਕਲਾਜ਼ 2 ਤੋਂ 40 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਣਯੋਗ ਡਿਪਟੀ ਸਪੀਕਰ**: ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਣਯੋਗ ਡਿਪਟੀ ਸਪੀਕਰ**: ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।*** **(ਥੰਪਿੰਗ)**

**ਮਾਣਯੋਗ ਡਿਪਟੀ ਸਪੀਕਰ**: ਹੁਣ ਮੰਤਰੀ ਸਾਹਿਬ ਬਿਲ ਪਾਸ ਕਰਨ ਲਈ ਪ੍ਰਸਤਾਵ ਕਰਨਗੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਅਜ਼ਾਦ ਮੈਂਬਰ, ਰਾਣਾ ਇੰਦਰ ਪ੍ਰਤਾਪ ਸਿੰਘ ਬੋਲਣ ਲਈ ਸਮਾਂ ਨਾ ਦਿੱਤੇ ਜਾਣ ਦੇ ਵਿਰੋਧ ਵਿੱਚ ਵੈੱਲ ਆਫ ਦਿ ਹਾਊਸ ਵਿੱਚ ਆ ਕੇ ਉੱਚੀ ਉੱਚੀ ਬੋਲ ਰਹੇ ਸਨ। ਸਦਨ ਵਿੱਚ ਬਹੁਤ ਸ਼ੋਰ ਸੀ।)

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)** : ਸ੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਫਿਜ਼ਿਕਸਵਾਲਾ ਡਿਜੀਟਲ ਯੂਨੀਵਰਸਿਟੀ, ਪਟਿਆਲਾ ਬਿਲ, 2026 ਪਾਸ ਕੀਤਾ ਜਾਵੇ।

**ਮਾਣਯੋਗ ਡਿਪਟੀ ਸਪੀਕਰ**: ਪ੍ਰਸਤਾਵ ਕੀਤਾ -

ਕਿ ਫਿਜ਼ਿਕਸਵਾਲਾ ਡਿਜੀਟਲ ਯੂਨੀਵਰਸਿਟੀ, ਪਟਿਆਲਾ ਬਿਲ, 2026 ਪਾਸ ਕੀਤਾ ਜਾਵੇ।

**ਮਾਣਯੋਗ ਡਿਪਟੀ ਸਪੀਕਰ**: ਪ੍ਰਸ਼ਨ ਹੈ -

ਕਿ ਫਿਜ਼ਿਕਸਵਾਲਾ ਡਿਜੀਟਲ ਯੂਨੀਵਰਸਿਟੀ, ਪਟਿਆਲਾ ਬਿਲ, 2026 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।*** **(ਥੰਪਿੰਗ)**

**1605/Beant kaur/Rajneesh kumar**

**1610/Karamjit kaur**

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਅਜ਼ਾਦ ਮੈਂਬਰ, ਰਾਣਾ ਇੰਦਰ ਪ੍ਰਤਾਪ ਸਿੰਘ ਬੋਲਣ ਲਈ ਸਮਾਂ ਨਾ ਦਿੱਤੇ ਜਾਣ ਦੇ ਵਿਰੋਧ ਵਿੱਚ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਉੱਚੀ ਉੱਚੀ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਣਯੋਗ ਡਿਪਟੀ ਸਪੀਕਰ**: ਪਲੀਜ਼, ਤੁਸੀਂ ਚੇਅਰ ਤੇ ਜਾਓ, ਤੁਹਾਨੂੰ ਮੌਕਾ ਦਿੰਦੇ ਹਾਂ। ਚੇਅਰ ਤੇ ਜਾਓ ਜੀ।

_______

## 6. THE PUNJAB GOODS AND SERVICES TAX (AMENDMENT) BILL, 2026

**ਮਾਣਯੋਗ ਡਿਪਟੀ ਸਪੀਕਰ**: ਸਰਦਾਰ ਹਰਪਾਲ ਸਿੰਘ ਚੀਮਾ, ਕਰ ਤੇ ਆਬਕਾਰੀ ਮੰਤਰੀ ਪ੍ਰਸਤਾਵ ਪੇਸ਼ ਕਰਨ।

**ਕਰ ਤੇ ਆਬਕਾਰੀ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)**: ਸ੍ਰੀਮਾਨ ਜੀ, ਮੈਂ ਪੰਜਾਬ ਗੁਡਜ਼ ਐਂਡ ਸਰਵਿਸਜ਼ ਟੈਕਸ (ਸੋਧ) ਬਿਲ, 2026 ਪੇਸ਼ ਕਰਦਾ ਹਾਂ।

ਸ੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਗੁਡਜ਼ ਐਂਡ ਸਰਵਿਸਜ਼ ਟੈਕਸ (ਸੋਧ) ਬਿਲ, 2026’ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਡਿਪਟੀ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਗੁਡਜ਼ ਐਂਡ ਸਰਵਿਸਜ਼ ਟੈਕਸ (ਸੋਧ) ਬਿਲ, 2026’ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ? (ਵਿਘਨ)(ਸ਼ੋਰ) ਕੀ ਕੋਈ ਆਪਣੇ ਮੈਂਬਰ ਸਾਹਿਬ ਇਸ ਤੇ ਬੋਲਣਾ ਚਾਹੁੰਦੇ ਹਨ?

(ਇਸ ਸਮੇਂ ਕੋਈ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ।)

**ਮਾਣਯੋਗ ਡਿਪਟੀ ਸਪੀਕਰ** : ਪ੍ਰਸ਼ਨ ਹੈ -

ਕਿ ਪੰਜਾਬ ਗੁਡਜ਼ ਐਂਡ ਸਰਵਿਸਜ਼ ਟੈਕਸ (ਸੋਧ) ਬਿਲ, 2026’ਤੇ ਤੁਰੰਤ ਵਿਚਾਰ ਕੀਤਾ ਜਾਵੇ। (ਵਿਘਨ)

***ਪ੍ਰਸਤਾਵ ਪ੍ਰਵਾਨ ਹੋਇਆ। (ਥੰਪਿੰਗ)***

**ਮਾਣਯੋਗ ਡਿਪਟੀ ਸਪੀਕਰ**: ਆਪਣੀ ਭਾਸ਼ਾ ਤੇ ਮਰਿਆਦਾ ਰੱਖੀ ਜਾਵੇ ਤੇ ਪਲੀਜ਼ ਚੇਅਰ ਤੇ ਜਾਵੋ ਜੀ। ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਮਾਣਯੋਗ ਡਿਪਟੀ ਸਪੀਕਰ** : ਹੁਣ ਸਦਨ ਬਿਲ ’ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ 2**

**ਮਾਣਯੋਗ ਡਿਪਟੀ ਸਪੀਕਰ**: ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 4**

**ਮਾਣਯੋਗ ਡਿਪਟੀ ਸਪੀਕਰ** : ਕਿਉਂਜੋ ਕਲਾਜ਼ਾਂ 2 ਤੋਂ 4 ਵਿੱਚ ਕੋਈ ਸੋਧਨਾ ਨਹੀਂ ਹੈ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ** : ਹਾਂ ਜੀ, ਹਾਂ ਜੀ)

**ਮਾਣਯੋਗ ਡਿਪਟੀ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਤੋਂ 4 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਣਯੋਗ ਡਿਪਟੀ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਣਯੋਗ ਡਿਪਟੀ ਸਪੀਕਰ** : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਡਿਪਟੀ ਸਪੀਕਰ** : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਕਰ ਤੇ ਆਬਕਾਰੀ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਗੁਡਜ਼ ਐਂਡ ਸਰਵਿਸਜ਼ ਟੈਕਸ (ਸੋਧ) ਬਿਲ, 2026 ਪਾਸ ਕੀਤਾ ਜਾਵੇ।

**ਮਾਣਯੋਗ ਡਿਪਟੀ ਸਪੀਕਰ** : ਪ੍ਰਸਤਾਵ ਕੀਤਾ-

ਕਿ ਪੰਜਾਬ ਗੁਡਜ਼ ਐਂਡ ਸਰਵਿਸਜ਼ ਟੈਕਸ (ਸੋਧ) ਬਿਲ, 2026 ਪਾਸ ਕੀਤਾ ਜਾਵੇ।

**ਮਾਣਯੋਗ ਡਿਪਟੀ ਸਪੀਕਰ** : ਪ੍ਰਸ਼ਨ ਹੈ -

ਕਿ ਪੰਜਾਬ ਗੁਡਜ਼ ਐਂਡ ਸਰਵਿਸਜ਼ ਟੈਕਸ (ਸੋਧ) ਬਿਲ, 2026 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ। (ਥੰਪਿੰਗ)***

**ਮਾਣਯੋਗ ਡਿਪਟੀ ਸਪੀਕਰ:** Brother, ਜੇ ਤੁਸੀਂ ਬੋਲਣਾ ਚਾਹੁੰਦੇ ਹੋ ਤਾਂ ਆਪੋ-ਆਪਣੀਆਂ ਚੇਅਰਜ਼ ਤੇ ਆਓ। ਆਪਾਂ ਤੁਹਾਨੂੰ ਮੌਕਾ ਦੇ ਦਿੰਦੇ ਹਾਂ। ਅਗਲਾ ਬਿਲ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਬੋਲਣ ਲਈ ਸਮਾਂ ਨਾ ਦਿੱਤੇ ਜਾਣ ਦੇ ਵਿਰੋਧ ਵਿੱਚ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਉੱਚੀ ਉੱਚੀ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਅਜ਼ਾਦ ਮੈਂਬਰ ਰਾਣਾ ਇੰਦਰ ਪ੍ਰਤਾਪ ਸਿੰਘ ਵਿੱਤ ਮੰਤਰੀ ਦੀ ਚੇਅਰ ਮੂਹਰੇ ਆ ਕੇ ** ਬੋਲਣ ਲੱਗ ਪਏ। ਸਦਨ ਵਿੱਚ ਬਹੁਤ ਸ਼ੋਰ ਸੀ।)

---

## 7. PUNJAB STATE OUTSOURCED PERSONNEL (TRANSITION TO CONTRACTUAL ENGAGEMENT) BILL, 2026

**ਮਾਣਯੋਗ ਡਿਪਟੀ ਸਪੀਕਰ:** ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ ਪ੍ਰਸਤਾਵ ਪੇਸ਼ ਕਰਨ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਸ਼੍ਰੀਮਾਨ ਜੀ, ਮੈਂ ਪੰਜਾਬ ਰਾਜ ਆਊਟਸੋਰਸਡ ਪਰਸੋਨਲ (Transition to Contractual Engagement) ਬਿਲ, 2026 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਰਾਜ ਆਊਟਸੋਰਸਡ ਪਰਸੋਨਲ (Transition to Contractual Engagement) ਬਿਲ, 2026 ’ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਡਿਪਟੀ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਰਾਜ ਆਊਟਸੋਰਸਡ ਪਰਸੋਨਲ (Transition to Contractual Engagement) ਬਿਲ, 2026 ’ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ? (ਵਿਘਨ)(ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਅਜ਼ਾਦ ਮੈਂਬਰ, ਰਾਣਾ ਇੰਦਰ ਪ੍ਰਤਾਪ ਸਿੰਘ ਬੋਲਣ ਲਈ ਸਮਾਂ ਨਾ ਦਿੱਤੇ ਜਾਣ ਦੇ ਵਿਰੋਧ ਵਿੱਚ ਵੈੱਲ ਆਫ ਦਿ ਹਾਊਸ ਵਿੱਚ

ਖੜ੍ਹੇ ਉੱਚੀ ਉੱਚੀ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਣਯੋਗ ਡਿਪਟੀ ਸਪੀਕਰ:** ਪਲੀਜ਼, ਤੁਸੀਂ ਚੇਅਰ ਤੇ ਜਾਓ। ਫਿਰ ਹੀ ਸੁਣ ਸਕਾਂਗੇ। ਜਾਓ ਜੀ ਜਾਓ। (ਵਿਘਨ)(ਸ਼ੋਰ) ਬਿਲ ਤੇ ਟਾਈਮ ਦਿਆਂਗੇ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਮਾਣਯੋਗ ਡਿਪਟੀ ਸਪੀਕਰ ਸਾਹਿਬ, ਬਹੁਤ ਲੰਬੇ ਅਰਸੇ ਤੋਂ ਪੰਜਾਬ ਦੇ ਅੰਦਰ ਅਕਾਲੀ ਦਲ ਤੇ ਬੀ.ਜੇ.ਪੀ. ਦੀ ਸਰਕਾਰ ਸੀ, ਉਸ ਸਮੇਂ ਤੋਂ ਲੈ ਕੇ ਲਗਾਤਾਰ ਸਾਡੇ ਬਹੁਤ ਸਾਰੇ ਇੰਪਲਾਈਜ਼ ਦਾ ਸੋਸ਼ਣ ਠੇਕੇਦਾਰਾਂ ਦੇ ਰਾਹੀਂ ਅਕਾਲੀ ਦਲ ਤੇ ਬੀ.ਜੇ.ਪੀ. ਨੇ ਕੀਤਾ। ਫਿਰ ਕਾਂਗਰਸ ਪਾਰਟੀ ਦੀ ਸਰਕਾਰ ਨੇ ਕੀਤਾ ਔਰ ਸਾਡੀ ਸਰਕਾਰ ਆਉਣ ਤੋਂ ਬਾਅਦ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਫੈਸਲਾ ਕੀਤਾ ਕਿ ਜਿਹੜੇ ਆਊਟ ਸੋਰਸਡ ਤੇ ਕੰਮ ਕਰਦੇ ਵਰਕਰ ਹਨ, ਉਨ੍ਹਾਂ ਨੂੰ ਕੰਟਰੈਕਟ ਤੇ ਲੈਣਾ ਹੈ। ਸੋ, ਉਸ ਦੇ ਅੰਦਰ ਅਸੀਂ 2 ਕੈਟਾਗਰੀਜ ਬਣਾਈਆਂ ਹਨ। ਜਿਸ ਵਿੱਚ ਇੱਕ ਕੈਟਾਗਰੀ ਉਹ ਹੈ, ਜਿਹੜੀ ਮੈਂ ਸਮਝਦਾ ਹਾਂ ਕਿ ਸਾਡੇ ਖਤਰਨਾਕ ਕੰਮ ਕਰਦੇ ਰਹੇ ਹਨ।

**1610/Karamjit kaur/Monika sharma**

**1615/harpreet singh**

ਮਾਣਯੋਗ ਡਿਪਟੀ ਸਪੀਕਰ ਸਾਹਿਬ, ਜਿਹੜੇ ਆਪਣੀ ਜਾਨ ਜ਼ੋਖਮ ਵਿਚ ਪਾ ਕੇ ਖਤਰਨਾਕ ਕੰਮ ਕਰਦੇ ਹਨ। ਉਨ੍ਹਾਂ ਨੂੰ ਅਸੀਂ ਰੱਖਿਆ ਹੈ। ਅਸੀਂ ਹੈਜ਼ਰਡਨੈਸ ਉਨ੍ਹਾਂ ਦੀ ਕੈਟਾਗਿਰੀ ਬਣਾਈ ਹੈ। ਇਕ ਆਮ ਕੰਮ ਕਰਨ ਵਾਲੇ ਲੋਕ ਹਨ। ਸੋ, ਜਿਹੜੀ ਹੈਜ਼ਰਡਨੈਸ ਕਾਮਿਆਂ ਵਾਲੀ ਕੈਟਾਗਿਰੀ ਹੈ, ਉਸ ਵਿਚ ਅਸੀਂ ਤਿੰਨ ਸਾਲ ਦਾ ਸਮਾਂ ਰੱਖਿਆ ਹੈ। ਜਿਸ ਦੀਆਂ ਸਰਵਿਸਿਜ਼ ਤਿੰਨ ਸਾਲ ਦੀਆਂ ਹਨ, ਉਨ੍ਹਾਂ ਨੂੰ ਅਸੀਂ ਕੰਟਰੈਕਟ ਤੇ ਲਵਾਂਗੇ। ਜਿਹੜੀ ਦੂਜੀ ਕੈਟਾਗਿਰੀ ਹੈ ਭਾਵ ਖਤਰਨਾਕ ਕੰਮਾਂ ਤੋਂ ਇਲਾਵਾ ਦੂਜੇ ਕੰਮ ਕਰਨ ਵਾਲੇ ਕਾਮੇ। ਜਿਹੜੇ ਖਤਰਨਾਕ ਕੰਮ ਹਨ, ਜਿਵੇਂ ਜਿਸ ਵਿਚ ਮੌਤ ਦਾ ਰਿਸਕ ਹੈ। ਜਿਵੇਂ ਕੁੱਝ ਬਿਜਲੀ ਦੇ ਖੰਭਿਆਂ ਤੇ ਚੜ੍ਹਦੇ ਹਨ, ਸੀਵਰੇਜ ਦੇ ਅੰਦਰ ਕੰਮ ਕਰਦੇ ਹਨ। ਲੰਬਾਂ ਸਮਾਂ ਅਜਿਹੀਆਂ ਸਰਵਿਸ਼ਿਜ਼ ਦੇਣ ਨਾਲ ਸਿਹਤ ਤੇ ਪ੍ਰਭਾਵ ਪੈਂਦਾ ਹੈ। ਸੋ, ਇਨ੍ਹਾਂ ਸਾਰਿਆਂ ਲਈ ਅਸੀਂ ਖਤਰਨਾਕ ਕੰਮਾਂ ਵਾਲੀ ਕੈਟਾਗਿਰੀ ਬਣਾਈ ਹੈ ਤਾਂ ਕਿ ਉਹ ਲੋਕ ਜਿਹੜੇ ਸਫ਼ਾਈ ਸੇਵਕ ਹਨ, ਸੀਵਰਮੈਨ ਹਨ ਜਾਂ ਪਾਵਰਕਾਮ ਵਿਚ ਬਿਜਲੀ ਦੇ ਖੰਭਿਆਂ ਤੇ ਚੜ੍ਹਦੇ ਹਨ, ਉਨ੍ਹਾਂ ਲਈ ਅਸੀਂ 3 ਸਾਲ ਦਾ ਸਮਾਂ ਰੱਖਿਆ ਹੈ। ਦੂਜੇ ਜਿਹੜੇ ਇਲੀਜੀਬਲ ਕਾਮੇ ਹਨ, ਉਨ੍ਹਾਂ ਲਈ ਅਸੀਂ ਪੰਜ ਸਾਲ ਦਾ ਸਮਾਂ ਰੱਖਿਆ ਹੈ ਪਰ ਉਸ ਵਿਚ ਕੁੱਝ ਸ਼ਰਤਾਂ ਹਨ ਜਿਵੇਂ ਉਨ੍ਹਾਂ ਦੀ ਸਰਵਿਸ ਦਾ ਸਮਾਂ ਲਗਾਤਾਰ ਹੋਵੇ। ਸੋ, ਕੁੱਝ ਸ਼ਰਤਾਂ ਲਗਾ ਕੇ ਮੈਂ ਸਮਝਦਾ ਹਾਂ ਕਿ ਇਕ ਇਤਿਹਾਸਕ ਬਿਲ ਅੱਜ ਪੇਸ਼ ਕੀਤਾ ਗਿਆ ਹੈ। ਬਹੁਤ ਲੰਬੇ ਸਮੇਂ ਤੋਂ ਪੰਜਾਬ ਦੇ ਹਜ਼ਾਰਾਂ ਨੌਜੁਆਨਾਂ ਦੀ ਇਹ ਮੰਗ ਸੀ, ਜੋ ਅੱਜ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਪੂਰੀ ਕੀਤੀ ਹੈ। ਮੈਂ ਸਮਝਦਾ ਹਾਂ ਕਿ ਲਗਭੱਗ 65 ਹਜ਼ਾਰ ਦੇ ਕਰੀਬ ਸਾਡੇ ਨੌਜੁਆਨ ਮੁੰਡੇ ਕੁੜੀਆਂ, ਜੋ ਕੋਈ ਦਸ ਸਾਲ ਤੋਂ ਸਰਵਿਸ ਵਿਚ ਸੀ, ਕੋਈ 8 ਸਾਲ ਤੋਂ ਸੀ ਅਤੇ ਕੋਈ 15 ਸਾਲ ਤੋਂ ਸੀ, ਉਨ੍ਹਾਂ ਲਈ ਅੱਜ ਰਾਹਤ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਦਿੱਤੀ ਹੈ। ਸੋ, ਇਹ ਬਹੁਤ ਮਹੱਤਵਪੂਰਨ ਬਿਲ ਹੈ, ਇਸ ਨੂੰ ਪਾਸ ਕੀਤਾ ਜਾਵੇ। ਬਹੁਤ ਸ਼ੁਕਰੀਆ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਵੈਲ ਆਫ ਦਿ ਹਾਊਸ ਵਿਚ ਖੜ੍ਹੇ ਮੈਂਬਰ ਹੌਲੀ ਹੌਲੀ ਇਕ ਇਕ ਕਰਕੇ ਆਪਣੀਆਂ ਸੀਟਾਂ ਤੇ ਬੈਠ ਗਏ ਅਤੇ ਕੇਵਲ ਅਜ਼ਾਦ ਮੈਂਬਰ ਰਾਣਾ ਇੰਦਰ ਪ੍ਰਤਾਪ ਸਿੰਘ ਵੈਲ ਆਫ ਦਿ ਹਾਊਸ ਖੜੇ ਆਪਣਾ ਵਿਰੋਧ ਜਤਾ ਰਹੇ ਸਨ।)

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ)**: ਮਾਣਯੋਗ ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਅੱਜ ਪੇਸ਼ ਕੀਤਾ ਗਿਆ ਹੈ, ਉਸ ਵਿਚ ਜਿਹੜੇ ਪੰਜਾਬੀ ਹਨ, ਉਨ੍ਹਾਂ ਦੇ ਅਧਿਕਾਰਾਂ ਨੂੰ ਅਣਦੇਖਿਆ ਕੀਤਾ ਗਿਆ ਹੈ। ਇਸ ਬਿਲ ਵਿਚ ਪੰਜਾਬੀਆਂ ਦੇ ਡਾਮੀਸਿਲ ਅਤੇ ਭਾਸ਼ਾ ਦੇ ਅਧਾਰ ਤੇ ਰੁਜ਼ਗਾਰ ਯਕੀਨੀ ਨਹੀਂ ਬਣਾਇਆ ਗਿਆ, ਜਿਸ ਨਾਲ ਪੰਜਾਬੀਆਂ ਦੇ ਅਧਿਕਾਰ ਖੁਸ ਜਾਣ ਦੀ ਸੰਭਾਵਨਾ ਹੈ। ਪਹਿਲਾਂ ਸਰਕਾਰ ਯਕੀਨੀ ਬਣਾਵੇ ਕਿ ਆਊਟ ਸੋਰਸ ਵਿਚ ਪੰਜਾਬੀਆਂ ਨੂੰ ਤਰਜੀਹ ਦਿੱਤੀ ਜਾਵੇਗੀ ਅਤੇ ਪੰਜਾਬੀ ਉਮੀਦਵਾਰ ਉਪਲੱਬਧ ਨਾ ਹੋਣ ਤੇ ਹੀ ਦੂਸਰੇ ਰਾਜਾਂ ਦੇ ਉਮੀਦਵਾਰਾਂ ਨੂੰ ਰੁਜ਼ਗਾਰ ਦਿੱਤਾ ਜਾਵੇਗਾ। ਸੋ, ਇਸ ਵਿਚ ਪੰਜਾਬ ਦਾ ਡਾਮੀਸਿਲ ਅਤੇ ਭਾਸ਼ਾ ਦੇ ਅਧਾਰ ਤੇ ਪੰਜਾਬੀਆਂ ਨੂੰ ਪਹਿਲ ਦਿੱਤੀ ਜਾਵੇ। ਇਹ ਮੇਰਾ ਸੁਝਾਅ ਹੈ।

(ਇਸ ਸਮੇਂ ਮਾਣਯੋਗ ਮੁੱਖ ਮੰਤਰੀ ਆਪਣੀ ਸੀਟ ਤੇ ਬੈਠੇ ਬੈਠੇ ਵੈਲ ਆਫ਼ ਦਿ ਹਾਊਸ ਵਿਚ ਖੜੇ ਆਜਾਦ ਮੈਂਬਰ ਰਾਣਾ ਇੰਦਰ ਪ੍ਰਤਾਪ ਸਿੰਘ ਨੂੰ ਆਪਣੀ ਸੀਟ ਤੇ ਜਾ ਕੇ ਬੈਠਣ ਲਈ ਕਹਿ ਰਹੇ ਸਨ ਅਤੇ ਰਾਣਾ ਇੰਦਰ ਪ੍ਰਤਾਪ ਸਿੰਘ ਵੈਲ ਆਫ਼ ਦਿ ਹਾਊਸ ਤੋਂ ਥੋੜ੍ਹਾ ਅੱਗੇ ਵੱਧ ਕੇ ਮਾਣਯੋਗ ਮੁੱਖ ਮੰਤਰੀ ਜੀ ਦੀ ਸੀਟ ਤੇ ਕੋਲ ਜਾ ਕੇ ਉਨ੍ਹਾਂ ਨਾਲ ਬਹਿਸ ਰਹੇ ਸਨ।)

**ਮਾਣਯੋਗ ਡਿਪਟੀ ਸਪੀਕਰ**: ਜੋ ਕੁੱਝ ਵੀ ਚੇਅਰ ਦੀ ਆਗਿਆ ਤੋਂ ਬਿਨਾਂ ਬੋਲਿਆ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਰਾਣਾ ਜੀ, ਪਲੀਜ਼ ਆਪਣੀ ਸੀਟ ਤੇ ਜਾਓ। ਰਾਣਾ ਜੀ, ਆਪਣੀ ਸੀਟ ਤੇ ਜਾਓ। ਬੈਠੋ, ਬੈਠੋ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)**: ਮਾਣਯੋਗ ਡਿਪਟੀ ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਸੁਝਾਅ ਦਿੱਤਾ ਹੈ ਕਿ ਪੰਜਾਬ ਦੇ ਲੋਕਾਂ ਨੂੰ ਤਰਜੀਹ ਦਿੱਤੀ ਜਾਵੇ। ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਤੁਸੀਂ ਸ਼ਾਇਦ ਬਿਲ ਨਹੀਂ ਪੜ੍ਹਿਆ। ਬਿਲ ਵਿਚ ਆਲਰੇਡੀ ਇਹ ਹੈ ਕਿ ਜਿਹੜੇ ਬੱਚੇ ਪੰਜਾਬ ਦੇ ਅੰਦਰ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ, ਉਨ੍ਹਾਂ ਨੂੰ ਕਨਸਿਡਰ ਕੀਤਾ ਜਾਵੇਗਾ, ਉਂਨ੍ਹਾਂ ਦੇ ਰੂਲ ਬਣਨਗੇ, ਬਿਲਕੁਲ ਜਿਨ੍ਹਾਂ ਨੇ ਬਣਦੀ ਕੁਆਲੀਫਿਕੇਸ਼ਨ ਪਾਸ ਕੀਤੀ ਹੈ, ਜਿਨ੍ਹਾਂ ਦੀ ਲੈਂਥ ਆਫ ਸਰਵਿਸ 3 ਸਾਲ ਦੀ ਹੋਵੇਗੀ, ਉਹੀ ਵਿਚਾਰੇ ਜਾਣਗੇ, ਡਾਮੀਸਿਲ ਚੈੱਕ ਹੋਣਗੇ। ਫਿਰ ਜਾ ਕੇ ਉਨ੍ਹਾਂ ਨੂੰ ਕੰਟਰੈਕਟ ਤੇ ਲਿਆ ਜਾਵੇਗਾ। ਇਸ ਦੇ ਅੰਦਰ ਕੋਈ ਨਵਾਂ ਰੁਜ਼ਗਾਰ ਨਹੀਂ ਪੈਦਾ ਕੀਤਾ ਜਾ ਰਿਹਾ ਸਗੋਂ ਜਿਹੜੇ ਆਲਰੇਡੀ ਸਰਕਾਰ ਕੋਲ ਹਨ। ਜਦੋਂ ਅਕਾਲੀ ਦਲ ਦੀ ਸਰਕਾਰ ਸੀ, ਉਸ ਸਮੇਂ ਪਹਿਲੀ ਵਾਰ ਆਊਟ ਸੋਰਸ ਸ਼ਬਦ ਦਾ ਉਥਾਨ ਹੋਇਆ ਸੀ ਪਰ ਉਸ ਸਮੇਂ ਤੋਂ ਲੈ ਕੇ ਬੱਚਿਆਂ ਦਾ ਸੋਸ਼ਣ ਆਊਟਸੋਰਸ ਰਾਹੀਂ ਤੁਸੀਂ ਲੋਕ ਕਰਦੇ ਰਹੇ ਹੋ। ਅੱਜ ਇਤਿਹਾਸ ਵਿਚ ਪਹਿਲੀ ਵਾਰ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਉਨ੍ਹਾਂ ਬੱਚਿਆਂ ਦੀ ਬਾਂਹ ਫੜੀ ਹੈ। ਲਗਭੱਗ 12 ਸਾਲ, 15 ਸਾਲ ਤੋਂ ਜਿਹੜੇ ਬੱਚੇ ਲੱਗੇ ਹੋਏ ਹਨ। ਸੋ, ਇਹ ਸ਼ੋਸ਼ਣ ਦਾ ਕੰਮ ਅਕਾਲੀ ਦਲ ਨੇ ਸ਼ੁਰੂ ਕੀਤਾ ਸੀ। ਤੁਸੀਂ ਵੀ ਉਸ ਸਮੇਂ ਮੈਂਬਰ ਸੀ। ਫਿਰ ਇਹੀ ਕੰਮ ਕਾਂਗਰਸ ਪਾਰਟੀ ਦੀ ਸਰਕਾਰ ਨੇ ਕੀਤਾ। ਅੱਜ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਹਜ਼ਾਰਾਂ ਬੱਚਿਆਂ ਦੀ ਬਾਂਹ ਫੜੀ ਹੈ। ਸੋ, ਬਿਲਕੁਲ ਇਸ ਵਿਚ ਪੂਰੀ ਪਾਰਦਰਸ਼ਤਾ ਹੋਵੇਗੀ ਅਤੇ ਕਿਸੇ ਕਿਸਮ ਦੀ ਕੋਈ ਇਲੀਗੈਲਿਟੀ ਨਹੀਂ ਹੋਣ ਦਿੱਤੀ ਜਾਵੇਗੀ ਅਤੇ ਜਦੋਂ ਇਸ ਬਿਲ ਦੇ

ਰੂਲ ਬਣਨਗੇ ਤਾਂ ਉਹ ਐਨੇ ਸਖਤ ਬਣਾਵਾਂਗੇ ਕਿ ਕਿਸੇ ਕਿਸਮ ਦੀ ਬੈਕਡੋਰ ਐਂਟਰੀ ਨਹੀਂ ਹੋ ਸਕੇਗੀ। ਬਹੁਤ ਸ਼ੁਕਰੀਆ ਜੀ।

---

## WALK OUT

(ਇਸ ਸਮੇਂ ਆਜ਼ਾਦ ਮੈਂਬਰ ਰਾਣਾ ਇੰਦਰ ਪ੍ਰਤਾਪ ਸਿੰਘ ਬਿਲ ਤੇ ਬੋਲਣ ਦਾ ਮੌਕਾ ਨਾ ਦੇਣ ਦੇ ਰੋਸ ਵਜੋਂ ਵੈਲ ਆਫ਼ ਦਿ ਹਾਊਸ ਵਿਚੋਂ ਵਾਕ ਆਊਟ ਕਰ ਗਏ।)

---

**1615/harpreet singh/Monika sharma**

**1620/amandeep kaur**

## PUNJAB STATE OUTSOURCED PERSONNEL (TRANSITION TO CONTRACTUAL ENGAGEMENT) BILL, 2026 (*Resumption*)

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ.)**: ਮਾਣਯੋਗ ਡਿਪਟੀ ਸਪੀਕਰ ਸਾਹਿਬ, ਅੱਜ ਬਹੁਤ ਹੀ ਸਤਿਕਾਰਯੋਗ ਵਿੱਤ ਮੰਤਰੀ ਸਾਹਿਬ ਨੇ ਜਿਹੜਾ ਇੱਥੇ ਬਿਲ ਲਿਆਂਦਾ ਹੈ, ਮੈਂ ਉਸ ਦੀ favour ਦੇ ਵਿੱਚ ਖੜਾ ਹੋਇਆ ਹਾਂ ਕਿਉਂਕਿ ਇਹ ਬਿਲ ਜੋ ਪੰਜਾਬ ਦੇ ਨੌਜਵਾਨਾਂ ਨਾਲ ਜਿਹੜੀ ਕਿਤੇ ਨਾ ਕਿਤੇ ਲੁੱਟ-ਖਸੁੱਟ ਹੋ ਰਹੀ ਸੀ, ਇਹ ਉਸ ਨੂੰ ਠੱਲ ਪਾਏਗਾ। ਮੈਂ ਪਿੰਡਾਂ ਦੇ ਵਿੱਚ ਵੀ ਇਸ ਬਿਲ ਬਾਰੇ ਗੱਲ ਕੀਤੀ ਤਾਂ ਲੋਕ ਬਹੁਤ ਖੁਸ਼ ਹੋਏ। ਸਾਡੇ ਕਈ ਸਫਾਈ ਸੇਵਕ ਦੁਬਾਰਾ ਕੰਮ ਤੇ ਆਏ ਹਨ, ਉਹ ਵੀ ਇਸ ਬਿਲ ਤੋਂ ਬੜੇ ਖੁਸ਼ ਹਨ। ਸੀ.ਐਮ ਸਾਹਿਬ ਬੈਠੇ ਹਨ, ਮੈਂ ਬੇਨਤੀ ਕਰਦਾ ਹਾਂ ਕਿ ਇਹ ਠੀਕ ਹੈ ਕਿ ਅਸੀਂ ਉਨ੍ਹਾਂ ਨੂੰ ਰੁਜ਼ਗਾਰ ਦੇਣਾ ਹੈ, ਫਿਕਸਡ ਪੇਅ ਦੇਣੀ ਹੈ ਪਰ ਜਿਹੜੇ ਸਾਡੇ ਇੱਥੇ ਵਿਧਾਨ ਸਭਾ ਦੇ ਅੰਦਰ ਵੀ ਵੱਖ ਵੱਖ ਪਾਰਟੀਆਂ ਦੇ ਸਾਲਾਂ ਤੋਂ ਕੰਮ ਕਰਦੇ ਮੁਲਾਜ਼ਮ ਹਨ, ਇਸੇ ਤਰ੍ਹਾਂ ਸਾਡੇ ਜਿਹੜੇ ਪੀ.ਏ ਹਨ ਜਿਨ੍ਹਾਂ ਨੂੰ ਕਾਫੀ ਚਿਰ ਤੋਂ ਸਿਰਫ 10 ਹਜ਼ਾਰ ਰੁਪਏ ਪੇਅ ਮਿਲਦੀ ਹੈ, ਡਰਾਈਵਰਾਂ ਨੂੰ 20 ਹਜ਼ਾਰ ਰੁਪਏ ਫਿਕਸਡ ਪੇਅ ਮਿਲਦੀ ਹੈ, ਮੈਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਨੂੰ ਵੀ ਇਸ ਵਿੱਚ ਇਨਕਲੂਡ ਕੀਤਾ ਜਾਵੇ ਤਾਂਕਿ ਉਨ੍ਹਾਂ ਦੀ ਵੀ ਸਮੇਂ ਸਮੇਂ ਤੇ ਤਨਖਾਹ ਵੱਧਦੀ ਰਹੇ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ (ਫਤਿਹਗੜ੍ਹ ਚੂੜੀਆਂ)**: ਮਾਣਯੋਗ ਡਿਪਟੀ ਸਪੀਕਰ ਸਾਹਿਬ, ਇਹ ਬਿਲ ਮੁਲਾਜ਼ਮਾਂ ਵਾਸਤੇ ਹੈ, ਬਹੁਤ ਚੰਗੀ ਚੀਜ਼ ਹੈ। ਮੈਂ ਚੀਮਾ ਸਾਹਿਬ ਤੋਂ ਥੋੜੀ ਜਿਹੀ ਕਲੈਰੀਫਿਕੇਸ਼ਨ ਲੈਣਾ ਚਾਹਾਂਗਾ ਕਿ ਜਿਹੜੇ ਮੁਲਾਜ਼ਮ outsource ਤੇ ਸੈਂਟਰ ਦੀਆਂ ਸਕੀਮਾਂ ਮੁਤਾਬਿਕ ਰੱਖੇ ਹੋਏ ਹਨ, ਜਿਵੇਂ ਨਰੇਗਾ ਹੈ,

ਆਰ.ਜੀ.ਐਸ ਸਕੀਮ ਹੈ, ਕੀ ਉਨ੍ਹਾਂ ਨੂੰ ਵੀ ਪੱਕਿਆਂ ਕਰਨਾ ਹੈ? ਕੀ ਉਹ ਇਸ ਸਕੀਮ ਅਧੀਨ ਲਿਆਂਦੇ ਜਾਣਗੇ ਜਾਂ ਨਹੀਂ?

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਮਾਣਯੋਗ ਡਿਪਟੀ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀਆਂ ਸੈਂਟਰ ਸਪਾਨਸਰਡ 60:40 ਦੀਆਂ ਰੇਸ਼ੋ ਵਾਲੀਆਂ ਸਕੀਮਾਂ ਹਨ ਉਸ ਤੋਂ ਬਿਨਾਂ ਜਿਹੜੇ ਪੰਜਾਬ ਦੇ ਅੰਦਰ ਕਾਮੇ ਹਨ, ਉਨ੍ਹਾਂ ਤੇ ਇਹ ਬਿਲ ਲਾਗੂ ਹੋਵੇਗਾ। ਸੈਂਟਰ ਦੀਆਂ ਸਕੀਮਾਂ ਤੇ ਇਹ ਬਿਲ ਲਾਗੂ ਕਰਨ ਦੇ ਨਾਲ ਸਟੇਟ ਐਕਸਚੈਕਰ ਤੇ ਬਰਡਨ ਪਏਗਾ। ਆਲਰੈਡੀ ਸੈਂਟਰ ਸਰਕਾਰ ਪੇਅ ਕਰ ਰਹੀ ਹੈ। ਪਹਿਲਾਂ 100% ਕਰਦੀ ਹੈ, ਫਿਰ 60:40 ਤੇ ਆ ਜਾਂਦੀ ਹੈ, ਬਾਅਦ ਵਿੱਚ ਪੂਰੀ ਚਲੀ ਜਾਂਦੀ ਹੈ। ਸੋ ਇਹ ਸਟੇਟ ਦੇ ਮੁਲਾਜ਼ਮਾਂ ਤੇ ਲਾਗੂ ਹੋਵਗੀ।

**ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ (ਬਰਨਾਲਾ):** ਡਿਪਟੀ ਸਪੀਕਰ ਸਾਹਿਬ, ਇਸ ਦੇ ਵਿੱਚ ਇੱਕ ਤਾਂ ਜਿਹੜਾਂ ਇਨ੍ਹਾਂ ਨੂੰ contract ਤੋਂ ਬਾਅਦ ਪੱਕੇ ਕਰਨ ਦੀ provision ਰੱਖੀ ਹੈ, ਉਸ ਤੇ 10 ਸਾਲ ਤੋਂ ਬਾਅਦ ਵਿਚਾਰ ਕਰਨ ਦੀ ਗੱਲ ਕੀਤੀ ਗਈ ਹੈ। ਉਹ ਬੱਚੇ ਹੁਣ ਹੀ 35-35, 40-40 ਸਾਲ ਦੇ ਹੋ ਗਏ ਹਨ, ਜਦੋਂ ਉਨ੍ਹਾਂ ਨੂੰ ਪੱਕੇ ਕਰਨ ਤੇ ਗੌਰ ਕਰਾਂਗੇ ਤਾਂ ਉਨ੍ਹਾਂ ਦੀ ਤਾਂ ਉਮਰ ਲੰਘ ਜਾਏਗੀ। ਮੈਂ ਤੁਹਾਡੇ ਜ਼ਰੀਏ ਬੇਨਤੀ ਕਰਦਾ ਹਾਂ ਕਿ 2-3 ਸਾਲ ਬਾਅਦ ਉਨ੍ਹਾਂ ਦੇ ਪੱਕਿਆਂ ਹੋਣ ਤੇ ਵਿਚਾਰ ਹੋਣੀ ਚਾਹੀਦੀ ਹੈ। ਇੱਕ ਇਹ ਵੀ ਦੱਸਿਆ ਜਾਵੇ ਕਿ contract ਤੇ ਰੱਖੇ ਮੁਲਾਜ਼ਮਾਂ ਦੀ ਤਨਖਾਹ ਕਿੰਨੀ ਹੋਵੇਗੀ। ਉਸ ਦੇ ਬਾਰੇ ਵੀ ਜ਼ਰੂਰ ਚਾਨਣਾ ਪਾਇਆ ਜਾਵੇ। ਕੀ ਉਹ ਨਿਗੁਣੀਆਂ ਤਨਖਾਹਾਂ ਤੇ ਕੰਮ ਕਰਦੇ ਰਹਿਣਗੇ? ਫਿਰ ਤਾਂ ਪਹਿਲਾਂ ਪ੍ਰਾਈਵੇਟ ਠੇਕੇਦਾਰ ਸੀ ਹੁਣ ਸਰਕਾਰ ਠੇਕੇਦਾਰ ਬਣ ਗਈ। ਕੀ ਅਸੀਂ ਉਨ੍ਹਾਂ ਨੂੰ ਪੱਕਾ ਕਰਨ ਤੋਂ ਬਾਅਦ ਤਨਖਾਹ ਵਿੱਚ ਕੋਈ ਵਾਧਾ ਕਰ ਰਹੇ ਹਾਂ? ਕੀ ਉਨ੍ਹਾਂ ਨੂੰ ਕੋਈ ਹੋਰ ਭੱਤੇ ਦੇ ਰਹੇ ਹਾਂ? ਰੈਗੂਲਰ ਮੁਲਾਜ਼ਮਾਂ ਨੂੰ ਜੋ ਸੁਵਿਧਾਵਾਂ ਮਿਲ ਰਹੀਆਂ ਹਨ, ਕੀ ਉਨ੍ਹਾਂ ਵਿੱਚੋਂ ਕੁਝ ਤੁਸੀਂ ਉਨ੍ਹਾਂ ਨੂੰ ਦੇ ਰਹੇ ਹੋ ਜਾਂ ਨਹੀਂ? ਮੈਂ ਵਿੱਤ ਮੰਤਰੀ ਸਾਹਿਬ ਨੂੰ ਇਹ ਵੀ ਤੁਹਾਡੇ ਜ਼ਰੀਏ ਕਹਾਂਗਾ ਕਿ ਇਸ ਸਬੰਧੀ ਵੀ ਜ਼ਰੂਰ ਕਲੀਅਰ ਕੀਤਾ ਜਾਵੇ। ਮੇਰੀ ਬੇਨਤੀ ਹੈ ਕਿ ਜਿਹੜਾ 10 ਸਾਲਾਂ ਬਾਅਦ ਤੁਸੀਂ ਵਿਚਾਰ ਕਰਨਾ ਹੈ, ਉਦੋਂ ਤਾਂ ਉਨ੍ਹਾਂ ਦੀਆਂ ਜ਼ਿੰਦਗੀਆਂ ਲੰਘ ਜਾਣਗੀਆਂ, ਕੀ ਉਹ ਸਾਰੀ ਜ਼ਿੰਦਗੀ ਇਨ੍ਹਾਂ ਨਿਗੁਣੀਆਂ ਤਨਖਾਹਾਂ ਤੇ ਕੰਮ ਕਰਦੇ ਰਹਿਣਗੇ? ਸਰਕਾਰ ਨੂੰ ਬੇਨਤੀ ਹੈ ਕਿ ਉਹ ਸਾਡੇ ਬੱਚੇ ਹਨ, ਸਾਡੇ ਧੀਆਂ ਪੁੱਤ ਹਨ, ਉਨ੍ਹਾਂ ਨੂੰ ਪੈਰਾਂ ਸਿਰ ਕਰਨਾ ਸਾਡੀ ਜ਼ਿੰਮੇਵਾਰੀ ਬਣਦੀ ਹੈ। ਉਨ੍ਹਾਂ ਨੂੰ ਤਨਖਾਹਾਂ ਦੇਣ ਵਾਸਤੇ ਚਾਹੇ ਅਸੀਂ ਕਮਾਈ ਦੇ ਸਾਧਨ ਕਿਤੋਂ ਵੀ ਬਚਾਈਏ ਲੇਕਿਨ ਅੱਜ ਸਾਨੂੰ ਉਨ੍ਹਾਂ ਬਾਰੇ ਜ਼ਰੂਰ ਸੋਚਣਾ ਪਵੇਗਾ। ਧੰਨਵਾਦ।

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ):** ਮਾਣਯੋਗ ਡਿਪਟੀ ਸਪੀਕਰ, ਬਹੁਤ ਬਹੁਤ ਧੰਨਵਾਦ। ਬੜਾ ਗੰਭੀਰ ਵਿਸ਼ਾ ਹੈ। Outsourcing ਜਿਹੜੇ ਮੁਲਾਜ਼ਮ/ਕਰਮਚਾਰੀ ਕੰਮ ਕਰਨ ਵਾਲੇ ਹਨ, ਸਰਕਾਰ contract ਤੇ ਇਸ ਪੰਜਾਬ ਰਾਜ ਆਊਟਸੋਰਸ ਪਰਸਨਲ ਬਿਲ ਰਾਹੀਂ ਲੈ ਕੇ ਆਵੇਗੀ । ਬਹੁਤ ਸਾਰੇ ਪਿੰਡਾਂ, ਸ਼ਹਿਰਾਂ, ਕਸਬਿਆਂ ਦੇ ਵਿੱਚ ਜਦੋਂ ਅਸੀਂ ਜਾਂਦੇ ਹਾਂ ਤਾਂ ਬਹੁਤ ਸਾਰੇ ਨੌਜਵਾਨ ਮੁੰਡੇ, ਕੁੜੀਆਂ ਜਾਂ ਲੋਕ ਮਿਲਦੇ ਹਨ, ਇਹ ਬੜੀ ਵੱਡੀ ਸਮੱਸਿਆ ਹੈ ਕਿ ਜਿਹੜੀਆਂ ਆਊਟਸੋਰਸ ਕੰਪਨੀਆਂ ਹਨ, ਉਹ ਸ਼ੋਸ਼ਣ ਬਹੁਤ ਕਰਦੀਆਂ ਸਨ।

**1620/amandeep kaur/Shubham jain**

**1625/Tarlochan Singh**

ਮਤਲਬ ਕਿ ਕਾਗਜ਼ਾਂ ਵਿੱਚ ਕੋਈ ਹੋਰ ਤਨਖਾਹ ਹੈ, ਮਿਲਣ ਵੇਲੇ ਤਨਖਾਹ ਹੋਰ ਹੈ। ਸਰਕਾਰ ਵੱਲੋਂ ਪੂਰੇ ਪੈਸੇ ਦਿੱਤੇ ਜਾਂਦੇ ਹਨ। ਜਿਹੜਾ ਸਰਕਾਰ ਨਾਲ ਕੰਟਰੈਕਟ ਹੋ ਗਿਆ, ਉਸ ਵਿੱਚ ਤਾਂ ਪੂਰੇ ਪੈਸੇ ਪ੍ਰਤੀ ਹੈੱਡ ਦੇਵੇਗੀ ਪਰ ਉਹ ਅੱਗੇ ਬਲੈਕਮੇਲਿੰਗ ਚੱਲ ਪੈਂਦੀ ਸੀ, ਜਦੋਂ ਮਰਜ਼ੀ ਬਿਨਾ ਕਿਸੇ ਨੋਟਿਸ ਤੋਂ ਕੱਢ ਦਿਉ, ਕਹਿੰਦੇ ਸੀ ਕਿ ਮੈਂ ਤੇਰੀ ਥਾਂ ਤੇ ਕੋਈ ਹੋਰ ਰੱਖ ਲਵਾਂਗਾ, ਮੈਨੂੰ ਸਸਤਾ ਪੈਂਦਾ ਹੈ, ਫਲਾਨਾ-ਧਿਮਕਾ। ਸੋ, ਸਾਨੂੰ ਇਸ ਦੀਆਂ ਕਾਫੀ ਸ਼ਿਕਾਇਤਾਂ ਆਉਂਦੀਆਂ ਸਨ। ਬੜਾ ਸੋਚ ਵਿਚਾਰ ਕੇ ਇਹ ਬਿਲ ਚੀਮਾ ਸਾਹਿਬ ਨੇ ਪੇਸ਼ ਕੀਤਾ ਹੈ। ਇਹ ਬਿਲ ਗਰੁੱਪ ਸੀ ਅਤੇ ਗਰੁੱਪ ਡੀ ਦੇ ਉਨ੍ਹਾਂ ਕਰਮਚਾਰੀਆਂ ਤੇ ਲਾਗੂ ਹੋਵੇਗਾ ਜਿਹੜੇ ਜ਼ਰੂਰੀ ਜਨਤਕ ਸੇਵਾਵਾਂ ਵਿੱਚ ਕੰਮ ਕਰ ਰਹੇ ਹਨ ਅਤੇ ਨਿਰਧਾਰਤ ਯੋਗਤਾ ਸ਼ਰਤਾਂ ਪੂਰੀਆਂ ਕਰਦੇ ਹਨ। ਜ਼ਰੂਰੀ ਸੇਵਾਵਾਂ ਜਿਵੇਂ ਬਿਜਲੀ ਬੋਰਡ ਹੈ, ਫਾਇਰ ਬ੍ਰਿਗੇਡ ਹੈ, ਇਸ ਤਰ੍ਹਾਂ ਦੀਆਂ ਸੇਵਾਵਾਂ ਜਿਨ੍ਹਾਂ ਬਿਨਾ ਅੱਜ ਦੀ ਤਾਰੀਖ ਵਿੱਚ ਜ਼ਿੰਦਗੀ ਚੱਲਣੀ ਮੁਸ਼ਕਲ ਹੈ, ਉਹ ਸੇਵਾਵਾਂ ਦੇਣ ਵਾਲੇ ਬਹੁਤ ਸਾਰੇ ਮੁਲਾਜ਼ਮ, ਜਿਹੜੇ ਕਿ 28000 ਤੋਂ ਜ਼ਿਆਦਾ ਹਨ, ਉਨ੍ਹਾਂ ਨੂੰ ਫਾਇਦਾ ਹੋਣਾ ਹੈ। ਸੋ, ਇਸ ਕੇਡਰ ਨੂੰ ਘੱਟੋ ਘੱਟ ਨਿਰਧਾਰਤ ਵਿੱਦਿਅਕ ਯੋਗਤਾ, ਤਕਨੀਕੀ ਯੋਗਤਾ, ਤਜਰਬੇ ਦੇ ਆਧਾਰ ਤੇ ਇੱਕ ਸਾਲ ਦੇ ਅੰਦਰ-ਅੰਦਰ ਛੋਟੀ ਮਿਆਦ ਦੀ ਯੋਗਤਾ ਪ੍ਰਾਪਤ ਕਰਨ ਦੀ ਸਹੂਲਤ ਵੀ ਹੈ। ਜਿਵੇਂ ਸੀਵਰੇਜ, ਸਫਾਈ, ਅੱਗ ਬੁਝਾਊ ਸੇਵਾਵਾਂ, ਹਾਈ ਵੋਲਟੇਜ ਨਾਲ ਸਬੰਧਤ ਬਿਜਲੀ ਦੀਆਂ ਸ਼ਿਕਾਇਤ ਨਿਵਾਰਨ ਵਰਗੀਆਂ ਕੈਟਾਗਰੀਜ਼ ਹਨ, ਉਹ ਇਸ ਵਿੱਚ ਆਉਂਦੀਆਂ ਹਨ ਅਤੇ ਉਨ੍ਹਾਂ ਲਈ ਤਿੰਨ ਸਾਲ ਨਿਰਧਾਰਤ ਕੀਤੇ ਹਨ। ਬਾਕੀ ਜੋ ਕਾਲਾ ਜੀ ਨੇ, ਐਮ.ਐਲ.ਏ. ਬਰਨਾਲਾ ਜੀ ਨੇ ਜੋ ਪੁੱਛਿਆ ਹੈ, ਥੋੜ੍ਹਾ ਜਿਹਾ ਤੁਸੀਂ (ਵਿੱਤ ਮੰਤਰੀ ਵੱਲ ਇਸ਼ਾਰਾ) ਦੱਸ ਦਿਉ। ਸ਼ਾਇਦ ਉਨ੍ਹਾਂ ਨੂੰ ਕੋਈ mis-communication ਹੋ ਗਈ ਹੈ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ) (ਬੈਠੇ-ਬੈਠੇ)** : ਉਹ ਕੋਈ ਹੋਰ ਐਕਟ ਹੈ।

**ਮੁੱਖ ਮੰਤਰੀ** : ਵਿੱਤ ਮੰਤਰੀ ਜੀ ਇਹ ਗੱਲ ਕਲੀਅਰ ਕਰ ਦੇਣਗੇ। ਜਿਵੇਂ ਅਸੀ ਪੈਸਕੋ ਵਿੱਚ ਕਰਦੇ ਹਾਂ, ਉਨ੍ਹਾਂ ਨੂੰ ਸਾਰੀਆਂ ਸਹੂਲਤਾਂ ਮਿਲਦੀਆਂ ਹਨ। ਕਰਮਚਾਰੀਆਂ ਨੂੰ ਪ੍ਰਾਵੀਡੈਂਟ ਫੰਡ, ਈ.ਐਸ.ਆਈ., ਗ੍ਰੈਚੂਟੀ, ਮੈਟਰਨਿਟੀ ਦੇ ਲਾਭ ਅਤੇ ਹੋਰ ਕਾਨੂੰਨੀ ਸਹੂਲਤਾਂ ਵੀ ਪ੍ਰਦਾਨ ਹੋਣਗੀਆਂ। ਅਸੀਂ ਨਹੀਂ ਚਾਹੁੰਦੇ ਕਿ ਕਿਸੇ ਨਾਲ ਗੈਰ ਮਨੁੱਖ ਵਰਤਾਅ ਹੋਵੇ। (ਥੰਪਿੰਗ) ਇਹ ਉਨ੍ਹਾਂ ਦਾ ਡੈਮੋਕ੍ਰੇਟਿਕ ਰਾਈਟ ਵੀ ਹੈ ਅਤੇ ਉਨ੍ਹਾਂ ਦਾ ਮਨੁੱਖੀ ਅਧਿਕਾਰ ਬਣਦਾ ਹੈ। ਸੋ, ਜਿਹੜੀਆਂ ਤਬਦੀਲੀਆਂ ਹਨ, ਸਬੰਧਤ ਕਰਮਚਾਰੀ ਤੇ ਵਿਭਾਗ ਹਨ, ਉਨ੍ਹਾਂ ਵਿੱਚ ਸਿੱਧਾ ਮਾਲਕ ਤੇ ਕਰਚਮਾਰੀ ਵਾਲਾ ਸਬੰਧ ਸਥਾਪਤ ਹੋਵੇਗਾ, ਕੋਈ ਵਿਚਾਲੇ ਵਿਚੋਲਾ ਨਹੀਂ ਹੋਵੇਗਾ। ਇਸ ਤੋਂ ਸਿੱਧੀ ਤਾਂ ਕੋਈ ਕਮਾਈ ਹੋ ਹੀ ਨਹੀਂ ਸਕਦੀ ਕਿ ਮੈਂ 5000 ਬੰਦਾ ਰੱਖ ਲਿਆ, ਮੇਰਾ ਸਰਕਾਰ ਨਾਲ ਐਗਰੀਮੈਂਟ ਹੋ ਗਿਆ, ਉਹ ਮੈਨੂੰ 5000 ਬੰਦੇ ਦੇ ਪੈਸੇ ਦੇਈ ਜਾਂਦੀ ਹੈ, ਮੈਂ ਉਨ੍ਹਾਂ ਪੈਸਿਆਂ ਵਿੱਚ ਕੋਈ ਪ੍ਰਤੀ ਹੈੱਡ 5000 ਦਾ ਫਰਕ ਹੈ, ਮਿਤੇ 10000 ਦਾ ਫਰਕ ਵੀ ਪੈਂਦਾ ਹੈ, ਕਈ ਜਗ੍ਹਾ 25000 ਵੀ ਹੈ, ਕਾਗਜ਼ਾਂ ਵਿੱਚ 25000 ਹਜ਼ਾਰ ਤੇ ਸਾਈਨ ਹਨ ਅਤੇ ਦੇਣਾ 15000 ਹੈ। ਪ੍ਰਤੀ ਹੈੱਡ ਇੰਨੇ ਇੰਨੇ ਪੈਸੇ ਕਮਾਈ ਜਾਏ, ਨਾ ਕੋਈ ਪਾਲਿਊਸ਼ਨ ਸਰਟੀਫਿਕੇਟ ਲੈਣਾ ਹੈ, ਨਾ ਕੋਈ ਐਨ.ਓ.ਸੀ. ਲੈਣੀ ਹੈ, ਨਾ ਕੋਈ ਫੈਕਟਰੀ ਲਾਉਣੀ ਹੈ ਤੇ ਨਾ ਕੋਈ ਕੱਚਾ ਮਾਲ ਹੈ। ਸਿੱਧੇ ਹੀ ਪੈਸੇ ਕਮਾਈ ਜਾਂਦੇ ਹਨ ਅਤੇ ਸ਼ੋਸ਼ਣ ਕਰੀ ਜਾਂਦੇ ਹਨ। ਮਨੁੱਖ ਹੀ ਮਨੁੱਖ ਦਾ ਸ਼ੋਸ਼ਣ ਕਰੀ ਜਾਂਦਾ ਹੈ। ਸੋ, ਇਸ ਨਾਲ ਇਹ ਸ਼ੋਸ਼ਣ ਘਟੇਗਾ। ਅਸੀਂ ਇਸ ਵਿੱਚ ਵਾਧਾ ਵੀ ਕਰਾਂਗੇ। ਸਾਡੀ ਸਰਕਾਰ ਦੌਰਾਨ ਮੈਂ ਇਹ ਗੱਲ ਕਹੀ ਸੀ ਕਿ ਹੁਣ ਤਾਂ ਕੱਚੇ ਕੋਠਿਆਂ ਦਾ ਰਿਵਾਜ਼ ਵੀ ਖਤਮ ਹੋ ਗਿਆ ਹੈ ਤੇ ਹੁਣ ਹੌਲੀ ਹੌਲੀ ਕੱਚੇ ਮੁਲਾਜ਼ਮਾਂ ਦਾ ਲਫਜ਼ ਖਤਮ ਕਰਨਾ ਹੈ। ਜਿੰਨਾ ਵੀ ਸਾਨੂੰ ਕਾਨੂੰਨ ਅਲਾਉ ਕਰੇਗਾ, ਮਾਣਯੋਗ ਕੋਰਟਾਂ ਵਿੱਚ ਬਹੁਤ ਸਾਰੇ ਕੇਸ ਲੰਬਿਤ ਪਏ ਹਨ, ਸੋ ਜਿੰਨਾ ਵੀ ਸਾਡਾ ਵੱਸ ਚੱਲਦਾ ਹੈ, ਅਸੀਂ ਇਹੋ ਕੋਸ਼ਿਸ਼

ਕਰਨੀ ਹੈ ਕਿ ਮਜ਼ਦੂਰ ਦੀ ਮਜ਼ਦੂਰੀ ਉਸ ਦਾ ਪਸੀਨਾ ਸੁੱਕਣ ਤੋਂ ਪਹਿਲਾਂ ਮਿਲੇ, ਪ੍ਰਾਪਰ ਮਿਲੇ ਅਤੇ ਉਸ ਨੂੰ ਇਹ ਨਾ ਲੱਗੇ ਕਿ ਮਿਹਨਤ ਮੈਂ ਕਰਦਾ ਹਾਂ ਅਤੇ ਪ੍ਰਾਫਿਟ ਕਿਸੇ ਹੋਰ ਨੂੰ ਜਾ ਰਿਹਾ ਹੈ। ਪਹਿਲਾਂ ਗੁਲਾਮ ਪ੍ਰਥਾ ਹੁੰਦੀ ਸੀ ਜਦੋਂ ਮਨੁੱਖ ਤੋਂ ਪਸ਼ੂਆਂ ਤੋਂ ਕੰਮ ਲਿਆ ਜਾਂਦਾ ਸੀ। ਪਰ ਹੁਣ ਉਹ ਜ਼ਮਾਨਾ ਨਿਕਲ ਗਿਆ ਹੈ। ਸਾਨੂੰ ਅਪਡੇਟ ਕਰਨਾ ਪਵੇਗਾ, ਮਜ਼ਦੂਰ ਦੇ ਜਾਂ ਕਰਮਚਾਰੀਆਂ ਦੇ ਬੱਚਿਆਂ ਨੂੰ ਵੀ ਵਧੀਆ ਐਜੂਕੇਸ਼ਨ ਲੈਣ ਦਾ ਹੱਕ ਹੈ। ਉਸ ਨੂੰ ਵੀ ਵਧੀਆ ਜ਼ਿੰਦਗੀ ਜਿਊਣ ਦਾ ਹੱਕ ਹੈ। ਸੋ, ਇਹ ਜਿਹੜਾ ਬਿਲ ਹੈ, ਇਸ ਮਾਮਲੇ ਵਿੱਚ ਬਹੁਤ ਸਹਾਈ ਸਿੱਧ ਹੋਵੇਗਾ। ਬਹੁਤ ਸਾਰੇ ਕਰਮਚਾਰੀਆਂ ਦਾ ਮਾਣ ਸਨਮਾਨ ਵੀ ਬਹਾਲ ਹੋਵੇਗਾ, ਇੱਜ਼ਤ ਵਧੇਗੀ। ਜਿਸ ਤਰ੍ਹਾਂ ਕਿਹਾ ਜਾਂਦਾ ਹੈ ਕਿ ਜਦੋਂ ਕੋਈ ਕੰਮ ਮਿਲਿਆ ਹੋਵੇ ਤਾਂ ਇੱਕੋ ਵਾਰ ਕਰਨਾ ਚਾਹੀਦਾ ਹੈ। ਵਾਰ ਵਾਰ ਤਾਂ ਹੋ ਨਹੀਂ ਸਕਦਾ ਕਿ ਕਿਧਰੇ ਹੋਰ ਚਲੇ ਗਏ ਪਰ ਇਸ ਨਾਲ ਬਹੁਤ ਵੱਡੀ ਤਲਵਾਰ ਲਟਕਦੀ ਸੀ ਕਿ ਜਦੋਂ ਮਰਜ਼ੀ ਕੱਢ ਦਿਉ। ਕੋਈ ਨੋਟਿਸ ਨਹੀਂ, ਕੁਝ ਨਹੀਂ, ਤੂੰ ਕੱਲ੍ਹ ਨੂੰ ਆਈਂ ਨਾ ਬੱਸ। ਦੱਸੋ, ਬੰਦਾ ਕਿੱਥੇ ਜਾਵੇਗਾ। ਸੋ, ਇਸ ਬਿਲ ਤੋਂ ਬਾਅਦ ਕੰਟਰੈਕਟ ਵਿੱਚ ਸਰਕਾਰ ਨਾਲ ਸਿੱਧਾ ਰਾਬਤਾ ਹੋਵੇਗਾ, ਉਨ੍ਹਾਂ ਦਾ ਬਣਦਾ ਮਾਣ ਸਤਿਕਾਰ, ਮਾਣ ਭੱਤੇ ਤੇ ਸਰਕਾਰ ਦੁਆਰਾ ਜਿੰਨੀਆਂ ਸਹੂਲਤਾਂ ਹੋਣਗੀਆਂ, ਦਿੱਤੀਆਂ ਜਾਣਗੀਆਂ।

**1625/Tarlochan Singh/Shubham jain**

**1630/mehak**

ਸਰਕਾਰ ਨੇ ਲੋਕਾਂ ਤੋਂ ਟੈਕਸ ਲੈਣਾ ਹੈ, ਉਸੇ ਟੈਕਸ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਵਾਪਿਸ ਦੇਣਾ ਹੈ ਤਾਂ ਫਿਰ ਇਹ ਉਨ੍ਹਾਂ ਦਾ ਹੱਕ ਬਣਦਾ ਹੈ। ਸੋ, ਮੈਂ ਇਸ ਬਿਲ ਨੂੰ ਲਿਆਉਣ ਲਈ ਚੀਮਾ ਸਾਹਿਬ ਨੂੰ ਵਧਾਈ ਵੀ ਦਿੰਦਾ ਹਾਂ ਤੇ ਨਾਲ ਹੀ ਮੈਂ ਉਮੀਦ ਕਰਦਾ ਹਾਂ ਕਿ ਇਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ ਤਾਂ ਕਿ ਅਸੀਂ ਪੰਜਾਬ ਦੇ ਹਜ਼ਾਰਾਂ ਕਰਮਚਾਰੀ ਜਿਹੜੇ ਆਊਟਸੋਰਸਿੰਗ ਰਾਹੀਂ ਕੰਮ ਕਰਦੇ ਹਨ, ਜਿਨ੍ਹਾਂ ਨੂੰ ਇਹ ਨਹੀਂ ਪਤਾ ਕਿ ਸਾਨੂੰ ਕੱਲ੍ਹ ਨੂੰ ਕੱਢ ਦੇਣਗੇ ਜਾਂ ਪਰਸੋਂ ਨੂੰ ਕੱਢ ਦੇਣਗੇ, ਉਨ੍ਹਾਂ ਤੇ ਉਹ ਤਲਵਾਰ ਹਟਾਈਏ ਤੇ ਉਨ੍ਹਾਂ ਦਾ ਮਾਣ ਸਤਿਕਾਰ ਬਹਾਲ ਕਰੀਏ। ਬਹੁਤ ਬਹੁਤ ਧੰਨਵਾਦ, ਡਿਪਟੀ ਸਪੀਕਰ ਸਾਹਿਬ, ਤੁਸੀਂ ਮੈਨੂੰ ਸਮਾਂ ਦਿੱਤਾ। (ਥੰਪਿੰਗ)

**ਮਾਣਯੋਗ ਡਿਪਟੀ ਸਪੀਕਰ**: ਸੀ.ਐਮ. ਸਾਹਿਬ, ਮੈਂ ਗੜ੍ਹਸ਼ੰਕਰ ਦੇ ਸਫਾਈ ਸੇਵਕਾਂ ਨੂੰ ਮਿਲਿਆ ਤੇ ਉਨ੍ਹਾਂ ਨੇ ਮੈਨੂੰ ਕਿਹਾ ਕਿ ਤੁਸੀਂ ਪਿਛਲੀ ਵਿਧਾਨ ਸਭਾ ਵਿੱਚ ਵੀ ਮੈਂਬਰ ਸੀ ਤੇ ਸਾਡੀ ਤਨਖਾਹ ਉਸ ਵੇਲੇ 2400/- ਰੁਪਏ ਸੀ ਤੇ ਉਨ੍ਹਾਂ ਨੇ ਤੁਹਾਨੂੰ ਅਸੀਸਾਂ ਭੇਜੀਆਂ ਕਿ ਅੱਜ ਉਨ੍ਹਾਂ ਦੀ ਤਨਖਾਹ 20,500/- ਰੁਪਏ ਹੋ ਗਈ ਹੈ। (ਥੰਪਿੰਗ) ਇਹ ਗੱਲ ਪ੍ਰਮਾਣ ਕਰਦੀ ਹੈ ਕਿ ਆਪਾਂ ਦਫਤਰਾਂ ਵਿੱਚ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੀ ਇਕੱਲੀ ਤਸਵੀਰ ਨਹੀਂ ਲਗਾਈ ਹੈ, ਉਨ੍ਹਾਂ ਦੀ ਵਿਚਾਰਧਾਰਾ ਤੇ ਵੀ ਪਹਿਰਾ ਦਿੱਤਾ ਹੈ ਕਿ ਮਨੁੱਖ ਦੇ ਹੱਥੋਂ ਮਨੁੱਖ ਦੀ ਲੁੱਟ ਬੰਦ ਹੋ ਰਹੀ ਹੈ, ਜਿਹੜਾ ਕਿ ਉਨ੍ਹਾਂ ਦਾ ਸੁਪਨਾ ਸੀ। ਤੁਹਾਡਾ ਬਹੁਤ ਬਹੁਤ ਧੰਨਵਾਦ। (ਥੰਪਿੰਗ)

**ਮਾਣਯੋਗ ਡਿਪਟੀ ਸਪੀਕਰ**: ਪ੍ਰਸ਼ਨ ਹੈ-

> ਕਿ ਪੰਜਾਬ ਰਾਜ ਆਊਟਸੋਰਸਡ ਪਰਸੋਨਲ (Transition to Contractual Engagement) ਬਿਲ, 2026 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ। (ਥੰਪਿੰਗ)***

**ਮਾਣਯੋਗ ਡਿਪਟੀ ਸਪੀਕਰ**: ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ 2 ਤੇ 3**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ 2 ਤੇ 3 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 22**

**ਮਾਣਯੋਗ ਡਿਪਟੀ ਸਪੀਕਰ**: ਕਿਉਂਜੋ ਕਲਾਜ਼ਾਂ 2 ਤੋਂ 22 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(ਅਵਾਜ਼ਾਂ: ਹਾਂ ਜੀ, ਹਾਂ ਜੀ)

**ਮਾਣਯੋਗ ਡਿਪਟੀ ਸਪੀਕਰ**: ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਤੋਂ 22 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)**: ਮਾਣਯੋਗ ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਜਿਹੜਾ ਅੱਜ ਪੰਜਾਬ ਰਾਜ ਆਊਟਸੋਰਸਡ ਪਰਸੋਨਲ (Transition to Contractual Engagement) ਬਿਲ, 2026 ਸਦਨ ਵਿੱਚ ਪੇਸ਼ ਕੀਤਾ ਗਿਆ ਹੈ, ਉਸ ਵਿੱਚ ਕਲਾਜ਼ 1 ਦੀ ਸਬ-ਕਲਾਜ਼ 1 ਵਿੱਚ ਆਰਡੀਨੈਂਸ ਦੀ ਥਾਂ ਤੇ ਐਕਟ ਪੜ੍ਹਿਆ ਜਾਵੇ। ਇਹ ਕਲੈਰੀਕਲ ਮਿਸਟੇਕ ਹੋਈ ਹੈ। ਇਸ ਨੂੰ ਐਕਟ ਪੜ੍ਹਿਆ ਜਾਵੇ ਜੀ। ਇੱਕ ਢਿੱਲੋਂ ਜੀ ਨੇ ਗੱਲ ਕੀਤੀ ਸੀ, ਉਹ ਐਕਟ ਹੋਰ ਹੈ ਜੀ, ਇਹ ਆਊਟਸੋਰਸ ਵਾਲਾ ਐਕਟ ਹੈ। ਜਿਸ ਦੀ ਤੁਸੀਂ ਗੱਲ ਕਰ ਰਹੇ ਹੋ, ਉਹ ਵੱਖਰਾ ਐਕਟ ਹੈ। ਜਦੋਂ ਉਹ ਵੱਖਰਾ ਐਕਟ ਆਵੇਗਾ ਤਾਂ ਉਦੋਂ ਤੁਸੀਂ ਬੋਲ ਲੈਣਾ Contract to Permanent ਇਸ ਐਕਟ ਵਿੱਚ ਨਹੀਂ ਹੈ।

*4.33 ਵਜੇ ਬਾਅਦ ਦੁਪਹਿਰ (*ਇਸ ਸਮੇਂ ਮਾਣਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਸੋਧ ਅਨੁਸਾਰ ਬਿਲ ਦਾ ਹਿੱਸਾ ਹੈ।

***ਪ੍ਰਸਤਾਵ (ਸੋਧੇ ਅਨੁਸਾਰ) ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ**: ਮਾਨ ਸਾਹਿਬ, ਤੁਹਾਡੀ ਲੀਡਰਸ਼ਿਪ ਵਿੱਚ ਸਰਬਸੰਮਤੀਆਂ ਕਾਫੀ ਹੋ ਗਈਆਂ ਹਨ ਜੀ।

**ਮੁੱਖ ਮੰਤਰੀ (ਸ਼੍ਰੀ ਭਗਵੰਤ ਮਾਨ) (ਬੈਠੇ ਬੈਠੇ)**: ਵਧੀਆ ਬੰਦੇ ਬੈਠੇ ਹਨ ਜੀ। ਜਿਹੜੇ ਲੜਾਈ ਕਰਨ ਵਾਲੇ ਹਨ, ਉਹ ਚਲੇ ਗਏ ਹਨ ਜੀ, ਜਿਹੜੇ ਨਾਰਦ ਮੁਨੀ ਸੀ, ਉਹ ਚਲੇ ਗਏ ਹਨ ਜੀ।

**ਸਿਰਲੇਖ**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ**: ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)**: ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਰਾਜ ਆਊਟਸੋਰਸਡ ਪਰਸੋਨਲ (Transition to Contractual Engagement) ਬਿਲ, 2026 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ**: ਪ੍ਰਸਤਾਵ ਕੀਤਾ-

ਕਿ ਪੰਜਾਬ ਰਾਜ ਆਊਟਸੋਰਸਡ ਪਰਸੋਨਲ (Transition to Contractual Engagement) ਬਿਲ, 2026 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਪੰਜਾਬ ਰਾਜ ਆਊਟਸੋਰਸਡ ਪਰਸੋਨਲ (Transition to Contractual Engagement) ਬਿਲ, 2026 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

---

**1630/mehak/Abhishek gautam**

**1635/Sukhpiar Singh**

**8. THE PUNJAB PANCHAYATI RAJ (AMENDMENT) BILL,2026**

**ਮਾਣਯੋਗ ਸਪੀਕਰ:** ਸਰਦਾਰ ਤਰੁਨਪ੍ਰੀਤ ਸਿੰਘ ਸੌਂਦ, ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ ਬਿਲ ਪੇਸ਼ ਕਰਨ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ):** ਸ਼੍ਰੀਮਾਨ ਜੀ, ਮੈਂ ਪੰਜਾਬ ਪੰਚਾਇਤੀ ਰਾਜ (ਸੋਧ) ਬਿਲ, 2026 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਪੰਚਾਇਤੀ ਰਾਜ (ਸੋਧ) ਬਿਲ, 2026 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਪੰਜਾਬ ਪੰਚਾਇਤੀ ਰਾਜ (ਸੋਧ) ਬਿਲ, 2026 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਮੰਤਰੀ ਜੀ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ):** ਸਰ, ਜਿਹੜਾ ਬਿਲ ਪੇਸ਼ ਹੋਇਆ ਹੈ, ਇਹ ਬੜਾ ਇੰਪਾਰਟੈਂਟ ਬਿਲ ਹੈ। ਇਹ ਕਈ ਪੁਸ਼ਤਾਂ ਦਾ ਮਸਲਾ ਹੈ ਜੀ। ਜਿੰਨਾ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕੀਤਾ ਜਾਵੇ, ਓਨਾ ਥੋੜ੍ਹਾ ਹੈ। ਮੈਂ ਥੋੜ੍ਹਾ ਜਿਹਾ ਵੇਰਵੇ ਸਹਿਤ ਦੱਸਣਾ ਚਾਹੁੰਦਾ ਹਾਂ ਜੀ। ਇਹ ਬੇਸਿਕਲੀ ਸਾਡੇ ਪੰਚਾਇਤ ਸਕੱਤਰਾਂ ਦਾ ਮਰਜਰ ਦਾ ਬਿਲ ਹੈ। ਅਸੀਂ ਪੰਚਾਇਤ ਸਕੱਤਰਾਂ ਨੂੰ VDO ਜਿਨ੍ਹਾਂ ਨੂੰ ਗ੍ਰਾਮ ਸੇਵਕ ਵੀ ਕਹਿੰਦੇ ਹਨ, ਉਨ੍ਹਾਂ ਵਿੱਚ ਮਰਜ ਕਰਨ ਜਾ ਰਹੇ ਹਾਂ। ਸਰ, ਇਸ ਨਾਲ ਕੀ ਫਾਇਦਾ ਹੋਇਆ ਹੈ ਅਤੇ ਇਸ ਦੇ ਇੰਪਲੀਕੇਸ਼ਨ ਕੀ ਹਨ, ਇਸ ਤੇ ਧਿਆਨ ਦੇਣਾ ਪਵੇਗਾ। ਸਰ, ਕਿੰਨੀਆਂ ਪੁਸ਼ਤਾਂ ਬਤੌਰ ਪੰਚਾਇਤ ਸੈਕਟਰੀ ਕੰਮ ਕਰਕੇ ਤੁਰ ਗਈਆਂ। ਪੰਚਾਇਤ ਸੈਕਟਰੀਆਂ ਦੀ ਇੱਕ ਪ੍ਰਾਬਲਮ ਕੀ ਸੀ ਕਿ ਉਹ ਪੰਚਾਇਤ ਸੈਕਟਰੀ ਵਜੋਂ ਕੰਮ ਕਰਦਾ ਸੀ ਅਤੇ ਜਦੋਂ ਉਸ ਦੀ ਪ੍ਰਮੋਸ਼ਨ ਹੁੰਦੀ ਸੀ, ਉਹ ਵੱਧ ਤੋਂ ਵੱਧ ਪੰਚਾਇਤ ਅਫਸਰ ਬਣਦਾ ਸੀ ਅਤੇ ਉਸ ਤੋਂ ਅੱਗੇ ਉਸ ਦੀ ਪ੍ਰਮੋਸ਼ਨ ਦਾ ਕੋਈ ਕ੍ਰਾਈਟੇਰੀਆ ਨਹੀਂ ਸੀ ਅਤੇ ਉੱਥੇ ਸਾਰੀ ਜ਼ਿੰਦਗੀ ਪੰਚਾਇਤ ਅਫਸਰ ਬਣ ਕੇ ਰਿਟਾਇਰ ਹੋ ਜਾਂਦਾ ਸੀ ਪਰੰਤੂ ਉਸ ਦੇ ਨਾਲ ਦੇ ਸਾਥੀ ਜਿਹੜੇ ਕਿਸੇ ਸਮੇਂ ਨੌਕਰੀਆਂ ਤੇ ਲੱਗੇ ਹੁੰਦੇ ਸੀ, ਉਹ ਵਧਦੇ ਹੋਏ ਕਿਸੇ ਬਹੁਤ ਵੱਡੀ ਪੋਸਟ ਤੇ ਜਾ ਕੇ ਰਿਟਾਇਰ ਹੁੰਦੇ ਸੀ। ਦੂਸਰਾ ਇਸ ਦੀ ਬੜੀ ਪ੍ਰਾਬਲਮ ਕੀ ਸੀ ਕਿ ਇਸ ਦੀ ਸੈਲਰੀ ਸੰਮਤੀਆਂ ਵਿੱਚੋਂ ਮਿਲਦੀ ਸੀ। ਸਰ, ਕਿੰਨੇ ਕਿੰਨੇ ਮਹੀਨੇ ਇਨ੍ਹਾਂ ਦੀਆਂ ਸੈਲਰੀਆਂ ਡਿਲੇਅ ਹੋ ਜਾਂਦੀਆਂ ਸੀ, ਤਿੰਨ-ਚਾਰ-ਪੰਜ-ਛੇ-ਛੇ ਮਹੀਨੇ ਵੀ ਸੈਲਰੀ ਡਿਲੇਅ ਹੋ ਜਾਂਦੀ ਸੀ। ਸਰ, ਇਸ ਨਾਲ ਅੱਜ ਹੋਇਆ ਕੀ ਕਿ ਜਦੋਂ ਅਸੀਂ ਦੋਵਾਂ ਦਾ ਕਾਡਰ ਮਰਜ ਕਰ ਦਿੱਤਾ, ਪੰਚਾਇਤ ਸੈਕਟਰੀ ਅਤੇ VDO ਜਿਨ੍ਹਾਂ ਨੂੰ ਗ੍ਰਾਮ ਸੇਵਕ ਵੀ ਕਹਿੰਦੇ ਹਾਂ, ਜਦੋਂ ਕਾਡਰ ਮਰਜ ਕਰ ਦਿੱਤਾ ਤਾਂ ਇਨ੍ਹਾਂ ਦਾ ਕਾਮਨ ਨਾਮ ਪੰਚਾਇਤ ਵਿਕਾਸ ਸੈਕਟਰੀ ਬਣ ਗਿਆ। ਪੰਚਾਇਤ ਵਿਕਾਸ ਸੈਕਟਰੀ ਨਾਲ ਅੱਜ ਉਨ੍ਹਾਂ 1383 ਬੰਦਿਆਂ ਦੀਆਂ ਸੱਧਰਾਂ ਨੂੰ ਬੂਰ ਪੈ ਗਿਆ, ਜਦੋਂ ਇਹ ਬਿਲ ਪਾਸ ਹੋਵੇਗਾ, ਉਨ੍ਹਾਂ ਦੇ ਪ੍ਰਮੋਸ਼ਨ ਦੇ ਰਾਹ ਸਦਾ ਲਈ ਖੁੱਲ੍ਹ ਗਏ। ਹੁਣ ਉਹ ਲੋਕ ਪੰਚਾਇਤ ਸੈਕਟਰੀਆਂ ਤੋਂ ਪੰਚਾਇਤ ਅਫਸਰ ਵੀ ਬਣਨਗੇ,

ਬੀ.ਡੀ.ਪੀ.ਓ. ਵੀ ਬਣਨਗੇ ਅਤੇ ਉਸ ਤੋਂ ਅੱਗੇ ਵੀ ਤਰੱਕੀਆਂ ਪਾਉਣਗੇ। ਦੂਸਰਾ ਫਾਇਦਾ ਇਹ ਹੋ ਗਿਆ ਕਿ ਜਿਹੜਾ ਪੰਚਾਇਤ ਸੈਕਟਰੀਆਂ ਅਤੇ ਬੀ.ਡੀ.ਪੀ.ਓ. ਦੇ ਰੂਲਜ਼ ਅਲੱਗ ਅਲੱਗ ਡਿਫਾਈਨ ਕੀਤੇ ਹੋਏ ਸੀ, ਪੰਜਾਬ ਪੰਚਾਇਤੀ ਰਾਜ ਵਿੱਚ, ਉਸ ਵਿੱਚ ਕੀ ਹੁੰਦਾ ਸੀ? ਉਹ ਕਹੀ ਜਾਂਦਾ ਸੀ ਕਿ ਮੇਰੀ ਜ਼ਿੰਮੇਵਾਰੀ ਨਹੀਂ ਹੈ ਅਤੇ ਇਹ ਇਸ ਦਾ ਅਧਿਕਾਰ-ਖੇਤਰ ਹੈ ਜਾਂ ਉਸ ਦਾ ਅਧਿਕਾਰ ਖੇਤਰ ਹੈ। ਜਦੋਂ ਹੁਣ ਯੂਨੀਫਾਰਮਿਟੀ ਆ ਗਈ ਅਤੇ ਇਸ ਦੇ ਰੂਲਜ਼ ਡਿਫਾਈਨ ਹੋ ਗਏ, ਇਸ ਤੋਂ ਬਾਅਦ ਜਿਹੜੀ ਇੱਕ ਦੂਜੇ ਦੇ ਹੱਥ ਵਿੱਚ ball exchange ਚੱਲ ਰਹੀ ਸੀ, ਉਹ ਖਤਮ ਹੋਵੇਗੀ। ਇਸ ਨਾਲ ਹੁਣ ਜਿਹੜੀ ਇਨ੍ਹਾਂ ਦੇ ਮਨ ਵਿੱਚ ਉਦਾਸਹੀਣਤਾ ਸੀ ਕਿ ਸਾਡਾ ਕੀ ਹੈ, ਅਸੀਂ ਤਾਂ ਜਿੰਨਾ ਅੱਗੇ ਵਧਣਾ ਸੀ, ਉਹ ਵੱਧ ਗਏ ਹਾਂ, ਹੁਣ ਕੰਮ ਜਿੰਨਾ ਕਰਨਾ ਹੈ, ਕਰੋ, ਜਿੰਨਾ ਕਰਨਾ ਹੈ, ਨਾ ਕਰੋ। ਹੁਣ ਜਦੋਂ ਇਨ੍ਹਾਂ ਨੂੰ ਪਤਾ ਹੋਵੇਗਾ ਕਿ ਸਾਡੀਆਂ ਵੀ ਤਰੱਕੀਆਂ ਹੋਣਗੀਆਂ, ਅਸੀਂ ਵੀ ਅੱਗੇ ਵਧਾਂਗੇ, ਹੁਣ ਇਹ ਵੱਧ ਚੜ੍ਹ ਕੇ ਦਿਨ-ਰਾਤ ਕੰਮ ਕਰਨਗੇ। ਇਹ ਇਤਿਹਾਸਕ ਫੈਸਲਾ ਹੈ, ਜੋ ਸਰਦਾਰ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਦਿੱਤਾ ਹੈ। ਅੱਜ ਤੱਕ ਕਿੰਨੀਆਂ ਹੀ ਸਰਕਾਰਾਂ ਆਈਆਂ, ਕਿੰਨੀਆਂ ਹੀ ਚਲੀਆਂ ਗਈਆਂ, ਉਹ ਵਿਚਾਰੇ ਜੂਝਦੇ ਰਹੇ, ਮੰਗਾਂ ਮਨਵਾਉਣ ਲਈ ਤਰਸਦੇ ਰਹੇ ਪਰ ਆਖੀਰ ਵਿੱਚ ਮੈਂ ਇਹ ਗੱਲ ਕਹਾਂਗਾ ਕਿ ਇਹ ਸੇਵਾ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ, ਆਮ ਆਦਮੀ ਪਾਰਟੀ ਦੀ ਸਰਕਾਰ ਦੇ ਹਿੱਸੇ ਆਈ ਹੈ। ਸੋ, ਇਸ ਗੱਲ ਲਈ ਮੈਂ ਪੂਰੇ ਪੰਜਾਬ ਦੇ ਵਾਸੀਆਂ ਨੂੰ ਬਹੁਤ ਬਹੁਤ ਵਧਾਈ ਦਿੰਦਾ ਹਾਂ। ਧੰਨਵਾਦ ਜੀ।

**1635/Sukhpiar Singh/Abhishek gautam**

**1640/Manika Rani**

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ)** : ਸਪੀਕਰ ਸਾਹਿਬ, ਧੰਨਵਾਦ ਜੀ। ਬੇਸਿਕਲੀ ਤਾਂ ਇਹ ਪੰਚਾਇਤ ਸਕੱਤਰ ਅਤੇ ਗ੍ਰਾਮ ਸੇਵਕ ਦੇ ਕੇਡਰ ਨੂੰ ਮਰਜ਼ ਕਰਕੇ, ਪੀ.ਡੀ.ਐਸ. ਕੇਡਰ ਨੂੰ ਪੰਚਾਇਤੀ ਰਾਜ ਐਕਟ, 1994 ਵਿੱਚ ਕਾਨੂੰਨ ਤੌਰ ਤੇ ਤਰਜ਼ ਵਿੱਚ ਲਿਆਂਦਾ ਗਿਆ ਹੈ। ਸਰਕਾਰ ਦੀ statement of objects and reasons ਵਿੱਚ ਇਹ 22 ਜਨਵਰੀ, 2026 ਦੀ ਨੋਟੀਫਿਕੇਸ਼ਨ ਰਾਹੀਂ ਇਹ ਨਵਾਂ ਕੇਡਰ ਬਣਾਇਆ ਜਾ ਚੁੱਕਾ ਹੈ। ਪੁਰਾਣੇ ਐਕਟ ਵਿੱਚ ਪੰਚਾਇਤ ਸੈਕੇਟਰੀ ਦੀ norms glitch ਰਹਿਣ ਕਾਰਨ contradiction and litigation ਦਾ ਖਤਰਾ ਸੀ, ਜੋ ਤੁਸੀਂ ਇਸ ਦੇ ਓਬਜੈਕਟ ਵਿੱਚ ਕਿਹਾ ਹੈ। ਹੁਣ ਗੱਲ ਇੰਨੀ ਕੁ ਹੀ ਹੈ ਕਿ ਜਿਹੜਾ ਪੀ.ਡੀ.ਐਸ. ਬਣਾਇਆ ਹੈ, ਇਸ ਨੂੰ ਤੁਸੀਂ executive head ਕਹਿੰਦੇ ਹੋ ਅਤੇ ਡੈਮੋਕਰੈਸੀ ਦੀ ਸਭ ਤੋਂ ਛੋਟੀ ਇਕਾਈ ਪੰਚਾਇਤ ਹੈ। ਮੈਨੂੰ ਲੱਗਦਾ ਹੈ ਕਿ ਪੰਚਾਇਤਾਂ ਨੂੰ ਪੰਚਾਇਤ ਸੈਕੇਟਰੀ ਕਦੇ ਡਾਹ ਨਹੀਂ ਦਿੰਦੇ ਹਨ। ਮੈਂ ਨਹੀਂ ਕਹਿੰਦਾ ਕਿ ਇਨ੍ਹਾਂ ਦੀ ਪਰਮੋਸ਼ਨ ਨਾ ਹੋਵੇ, ਪਰਮੋਸ਼ਨ ਹੋਣੀ ਚਾਹੀਦੀ ਹੈ ਪਰੰਤੂ ਜੇਕਰ ਗਰਾਊਂਡ ਲੈਵਲ ਤੇ ਦੇਖਿਆ ਜਾਵੇ ਤਾਂ ਇਸ ਸਮੇਂ ਪੰਚਾਇਤ ਸਕੱਤਰ ਹੀ ਸਰਪੰਚ ਹੈ। ਜਿਹੜੀ ਉਸ ਪਿੰਡ ਦੀ ਪ੍ਰਾਪਰਟੀ ਹੈ, ਉਸ ਦਾ ਰਿਕਾਰਡ ਵੀ ਇਹੀ ਰੱਖੇਗਾ। ਇਸ ਵਿੱਚ ਕਮ-ਸੇਕਮ ਇੰਨੀ ਕੁ ਕਲੈਰਿਟੀ ਹੋ ਜਾਵੇ ਕਿ ਜਿਹੜੀਆਂ ਇਲੈਕਟਿਡ ਪੰਚਾਇਤਾਂ ਹਨ, ਉਨ੍ਹਾਂ ਕੋਲ ਐਕੂਚਲੀ ਕੋਈ ਪਾਵਰ ਹੈ ਵੀ ਜਾਂ ਨਹੀਂ। ਕਿਤੇ ਇਸ ਵਿੱਚ ਵੀ ਲੈਂਡ ਪੂਲਿੰਗ ਵਾਲੀ ਗੱਲ ਹੀ ਨਾ ਹੋ ਜਾਵੇ ਕਿਉਂਕਿ ਪਹਿਲਾਂ ਆਪਾਂ ਲੈਂਡ ਪੂਲਿੰਗ ਪਾਲਿਸੀ ਲਿਆਂਦੀ ਸੀ ਅਤੇ ਲੋਕਾਂ ਦੇ ਵਿਦਰੋਹ ਕਾਰਨ ਉਹ ਵਾਪਸ ਲੈਣੀ ਪਈ। ਭਾਵੇਂ ਆਪਾਂ ਦੁਬਾਰਾ ਚੋਰ-ਮੋਰੀ ਰਾਹੀਂ ਲੈਂਡ ਪੂਲਿੰਗ ਪਾਲਿਸੀ ਲੈ ਆਏ ਹਾਂ। ਕਈ ਵਾਰੀ ਇਹ ਹੁੰਦਾ ਹੈ ਕਿ ਸਾਨੂੰ ਬਿਊਰੋਕ੍ਰੇਟਸ ਪਰਪੋਜ਼ਲ ਬਣਾ ਕੇ ਦੇ ਦਿੰਦੇ ਹਨ ਪਰੰਤੂ ਨਿਕਲਦਾ ਕੁਝ ਨਹੀਂ। ਮੈਂ ਸਿਰਫ ਇੰਨਾ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਤੁਸੀਂ ਪੀ.ਡੀ.ਐਸ. ਕੇਡਰ ਬਣਾਇਆ ਹੈ ਕਿ ਕੀ ਇਸ ਵਿੱਚ ਸਰਪੰਚ ਦਾ ਆਪਣਾ ਕੋਈ ਰੋਲ ਹੈ ਔਰ ਜਿਹੜੀ ਡਾਇੰਗ ਕੇਡਰ ਦੀ ਗੱਲ ਕੀਤੀ

ਗਈ ਹੈ ਕਿਉਂਕਿ ਉਸ ਵਿੱਚ ਮੁਲਾਜ਼ਮਾਂ ਦੀ ਰਿਟਾਇਰਮੈਂਟ ਵੀ ਹੈ ਅਤੇ ਹੋਰ ਵੀ ਬਹੁਤ ਕੁਝ ਆ ਜਾਂਦਾ ਹੈ, ਕੀ ਉਸ ਦੀ ਕੋਈ ਪ੍ਰੋਵੀਜ਼ਨ ਰੱਖੀ ਗਈ ਹੈ। ਸਪੀਕਰ ਸਾਹਿਬ, ਜਨਵਰੀ, 2026 ਵਿੱਚ ਕੇਡਰ ਕ੍ਰੀਏਟ ਕੀਤਾ ਜਾ ਚੁੱਕਾ ਹੈ ਤਾਂ ਕੀ ਇਸ ਦੀ statutory power and executive head ਨੂੰ ਲੇਜਿਸਲੇਸ਼ਨ ਤੋਂ ਬਿਨਾਂ ਅਪਰੇਟ ਕੀਤਾ ਜਾ ਸਕਦਾ ਹੈ। ਸਰ, ਆਪਾਂ ਉਸ ਅਪਰੇਟ ਪਹਿਲਾਂ ਕਰ ਲਿਆ ਅਤੇ ਉਸ ਦੀ ਲੇਜਿਸਲੇਸ਼ਨ ਅਪਰੂਵਲ ਨਹੀਂ ਲਈ। ਸੋ, ਲੀਗਲ ਐਡਮਨਿਸਟਰੇਟਿਵ ਗਾਈਡੈਂਸ ਵੀ ਕਹਿ ਰਹੇ ਹਨ ਕਿ ਇਹ legal administrative guidance ਵੀ ਦੇਵੇਗਾ। ਸੋ, ਇਹ ਸਾਰੀਆਂ ਚੀਜ਼ਾਂ ਕਲੀਅਰ ਕਰਨ ਦੀ ਜ਼ਰੂਰਤ ਹੈ ਅਤੇ ਮੈਂ ਪੀ.ਡੀ.ਐਸ. ਬਣਾਉਣ ਦੇ ਵਿਰੋਧ ਵਿੱਚ ਨਹੀਂ ਹਾਂ ਪਰੰਤੂ ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਜੇਕਰ ਉਹ executive head ਬਣ ਗਿਆ ਤਾਂ ਉਹ ਇਲੈਕਟਿਡ ਪੰਚਾਇਤਾਂ ਨੂੰ ਬਿਲਕੁਲ ਵੀ ਕੁਝ ਨਹੀਂ ਸਮਝੇਗਾ। ਆਪਾਂ ਤਾਂ de-centralisation of power ਦੀ ਗੱਲ ਕਰਦੇ ਹਾਂ ਪਰ ਮੈਨੂੰ ਲੱਗਦਾ ਹੈ ਕਿ ਆਪਾਂ ਇਸ ਨੂੰ ਸੈਂਟਰਲਾਈਜ਼ਡ ਕਰਨ ਲਈ ਕਿਤੇ ਨਾ ਕਿਤੇ ਹੋਰ ਪਾਸੇ ਤੁਰੇ ਜਾ ਰਹੇ ਹਾਂ। ਸੋ, ਇਹ ਦੋ ਤਿੰਨ ਮੇਰੇ ਖਦਸ਼ੇ ਹਨ। ਡਾਇੰਗ ਕੇਡਰ ਲਈ ਇਹ ਹੁੰਦਾ ਹੈ ਕਿ ਜਿਹੜੇ ਮੁਲਾਜ਼ਮ ਹੁੰਦੇ ਹਨ, ਉਹ ਬਾਅਦ ਵਿੱਚ ਕੋਰਟਾਂ ਵਿੱਚ ਤੁਰੇ ਫਿਰਦੇ ਹਨ ਅਤੇ ਉਨ੍ਹਾਂ ਨੂੰ ਹੋਰ ਵੀ ਕਈ ਸਮੱਸਿਆਵਾਂ ਆਉਂਦੀਆਂ ਹਨ। ਸੋ, ਮੈਨੂੰ ਲੱਗਦਾ ਹੈ ਕਿ ਮੰਤਰੀ ਸਾਹਿਬ, ਇਸ ਲਈ ਕੁਝ ਗੱਲਾਂ ਕਲੀਅਰ ਕਰਨ ਦੀ ਜ਼ਰੂਰਤ ਹੈ ਕਿਉਂਕਿ ਮਗਨਰੇਗਾ ਸਮੇਂ ਵੀ ਹਾਊਸ ਵਿੱਚ ਵਿਸ਼ਵਾਸ ਦਿਵਾਇਆ ਗਿਆ ਸੀ ਆਪਾਂ ਉਨ੍ਹਾਂ ਨੂੰ ਬਹੁਤ ਕੰਮ ਦੇਵਾਂਗੇ ਪਰੰਤੂ ਤੁਹਾਡੀ ਸਰਕਾਰ ਨੇ ਸਭ ਤੋਂ ਘੱਟ 22 ਦਿਨ ਕੰਮ ਦਿੱਤਾ ਹੈ।

**ਮਾਣਯੋਗ ਸਪੀਕਰ**: ਤੁਹਾਡੀ ਗੱਲ ਆ ਗਈ ਹੈ। ਹਾਂ ਜੀ, ਕੋਟਲੀ ਜੀ।

**ਸ਼੍ਰੀ ਸੁਖਵਿੰਦਰ ਸਿੰਘ ਕੋਟਲੀ (ਆਦਮਪੁਰ, ਐਸ.ਸੀ.)**: ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਬਿਲ ਤੇ ਬੋਲਣ ਲਈ ਸਮਾਂ ਦਿੱਤਾ ਹੈ। ਮੈਂ ਚੰਦ ਸ਼ਬਦਾਂ ਦੇ ਅੰਦਰ ਆਪਣੀ ਗੱਲ ਸਮਾਪਤ ਕਰਾਂਗਾ। ਮੈਂ ਤੁਹਾਡੇ ਰਾਹੀਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਨੂੰ ਲੰਮਾ ਸਮਾਂ 25 ਸਾਲ ਪਿੰਡ ਦਾ ਸਰਪੰਚ ਰਹਿਣ ਦਾ ਮੌਕਾ ਮਿਲਿਆ ਹੈ। ਸੋ, ਇਹ ਜਿਹੜੀ ਅਮੈਂਡਮੈਂਟ ਲੈ ਕੇ ਆਏ ਹਨ ਅਤੇ ਕਹਿ ਰਹੇ ਹਨ ਕਿ ਪੰਚਾਇਤ ਸਕੱਤਰ ਨੂੰ ਪੀ.ਡੀ.ਐਸ. (ਪੰਚਾਇਤ ਡਿਵੈਲਪਮੈਂਟ ਸਕੱਤਰ) ਕਿਹਾ ਜਾਇਆ ਕਰੇਗਾ। ਜੇਕਰ ਇਹ ਬਿਲ ਸਿਰਫ ਨਾਂ ਨਾਲ ਹੀ ਸਬੰਧਤ ਹੈ ਅਤੇ ਇਹ ਕਹਿੰਦੇ ਹਨ ਕਿ ਟੈਕਨੀਕਲ ਅਮੈਂਡਮੈਂਟ ਹੈ ਤਾਂ ਮੇਰਾ ਖਿਆਲ ਹੈ ਫਿਰ ਇਸ ਦਾ ਕੋਈ ਫਾਇਦਾ ਨਹੀਂ ਹੈ ਪਰੰਤੂ ਜੇ ਇਹ ਬਿਲ ਪਰਮੋਸ਼ਨ ਨਾਲ ਜਾਂ ਕਿਸੇ ਹੋਰ ਚੀਜ਼ ਨਾਲ ਸਬੰਧਤ ਹੈ ਤਾਂ ਫਿਰ ਬਿਲਕੁਲ ਠੀਕ ਹੈ। ਲੇਕਿਨ ਜਦੋਂ ਤੁਸੀਂ ਇਸ ਨੂੰ executive head ਬਣਾ ਦਿਉਗੇ ਤਾਂ ਫਿਰ ਪ੍ਰਾਪਰਟੀ ਜਾਂ ਹੋਰ ਰਿਕਾਰਡ ਰੱਖਣ ਦਾ ਅਧਿਕਾਰ ਸਭ ਇਸ ਕੋਲ ਰਹੇਗਾ। ਜੇਕਰ ਅਜਿਹਾ ਹੋਵੇਗਾ ਤਾਂ ਜਿਹੜੀ ਇਲੈਕਟਿਡ ਬਾਡੀ ਭਾਵ ਸਰਪੰਚ ਹੈ, ਉਸ ਦੀ ਹੋਂਦ ਨੂੰ ਤਾਂ ਖਤਰਾ ਹੈ। ਗ੍ਰਾਮ ਪੰਚਾਇਤ ਲੋਕਾਂ ਵੱਲੋਂ elected democratic institution ਹੈ।

**1640/Manika Rani/BS khokhar**

**1645/Gurpreet kaur**

ਪਰ Bill ਵਿੱਚ ਪੀ.ਡੀ.ਐਸ ਨੂੰ ਐਗਜ਼ੈਕਟਿਵ ਹੈੱਡ ਕਿਹਾ ਜਾਵੇਗਾ। ਸਰਪੰਚ ਅਤੇ ਪੀ.ਡੀ.ਐਸ. ਦੀ ਪਾਵਰ ਅਤੇ ਰਿਸਪਾਂਸੀਬਿਲਟੀ ਬਾਰੇ ਇਸ ਬਿਲ ਅੰਦਰ ਕਲੈਰਿਟੀ ਨਹੀਂ ਹੈ। ਪੰਚਾਇਤ ਦਾ ਐਗਜ਼ੈਕਟਿਵ ਹੈੱਡ ਕੌਣ ਹੋਵੇਗਾ। ਇਸ ਦਾ ਐਗਜ਼ੈਕਟਿਵ ਹੈੱਡ ਜਾਂ ਤਾਂ ਸਰਪੰਚ ਹੋਵੇਗਾ ਜਾਂ ਫਿਰ ਜਿਹੜਾ ਤੁਸੀਂ ਪੀ.ਡੀ.ਐਸ. ਬਣਾ ਰਹੇ ਹੋ, ਉਹ

ਹੋਵੇਗਾ। ਇਹ ਗ੍ਰਾਮ ਪੰਚਾਇਤ ਵੱਲੋਂ ਲਏ ਗਏ ਡਿਸੀਜ਼ਨ ਨੂੰ override ਕਰਦਾ ਹੈ। ਜਿਹੜਾ ਅਸੀਂ ਪੀ.ਡੀ.ਐਸ. ਡਿਵੈਪਲਮੈਂਟ ਸੈਕਟਰੀ ਬਣਾ ਰਹੇ ਹਾਂ ਜਦੋਂ ਸੈਕਟਰੀ ਕੋਲ ਹੀ ਸਭ ਕੁਝ ਹੋਵੇਗਾ, ਫਿਰ ਜਿਹੜਾ ਇੱਕ ਇਲੈਕਟਿਡ ਬਾਡੀ ਹੈ ਉਸ ਦੀ ਹੋਂਦ ਕਿੱਥੇ ਕਾਇਮ ਰਹੇਗੀ। ਮੈਂ ਤੁਹਾਡੇ ਮਾਧਿਅਮ ਰਾਹੀਂ ਇਸ ਸਦਨ ਵਿੱਚ ਕਹਿਣਾ ਚਾਹੁੰਦਾ ਹਾਂ ਕਿ ਮਾਣਯੋਗ ਮੰਤਰੀ ਸਾਹਿਬ ਇਨ੍ਹਾਂ ਗੱਲਾਂ ਦੀ ਕਲੈਰਿਟੀ ਇਸ ਸਦਨ ਅੰਦਰ ਜ਼ਰੂਰ ਦੇਣ। ਦੇਖੋ, ਬਲਾਕ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਪਹਿਲਾਂ ਹਨ। ਉਨ੍ਹਾਂ ਦੇ ਕੋਲ ਕੋਈ ਅਧਿਕਾਰ ਨਹੀਂ ਹੈ। ਉਹ ਵੀ ਇੱਕ ਇਲੈਕਟਿਡ ਬਾਡੀ ਹੈ। ਜਦੋਂ ਚੁਣੀਆਂ ਹੋਈਆਂ ਪੰਚਾਇਤਾਂ ਉੱਤੇ ਇੱਕ ਐਗਜ਼ੈਕਟਿਵ ਪਾਵਰਾਂ ਨਾਲ ਪੀ.ਡੀ.ਐਸ. ਲੱਗ ਜਾਵੇਗਾ ਤਾਂ ਫਿਰ ਕਿਤੇ ਨਾ ਕਿਤੇ ਪੰਚਾਇਤਾਂ ਨੂੰ ਇਸ ਚੀਜ਼ ਦਾ ਖਦਸ਼ਾ ਹੋ ਜਾਵੇਗਾ ਕਿ ਚੁਣੀ ਹੋਈ ਬਾਡੀ ਦੇ ਉੱਤੇ ਪੀ.ਡੀ.ਐਸ ਲੱਗੇਗਾ। ਜਦੋਂ ਐਗਜ਼ੈਕਟਿਵ ਪਾਵਰ ਉਨ੍ਹਾਂ ਕੋਲ ਚਲੇ ਜਾਵੇਗੀ ਤਾਂ ਪੰਚਾਇਤ ਦਾ ਸਾਰਾ ਸਿਸਟਮ ਲੜਖੜਾ ਜਾਵੇਗਾ। ਉਨ੍ਹਾਂ ਕੋਲ ਰਿਕਾਰਡ ਚਲੇ ਜਾਵੇਗਾ। ਇਸ ਵਿੱਚ ਜਿਹੜੇ ਉਨ੍ਹਾਂ ਵੱਲੋਂ ਪ੍ਰਵਾਨ ਕੀਤੇ ਗਏ ਮਤੇ ਹਨ, ਉਨ੍ਹਾਂ ਨੂੰ ਹੀ ਪ੍ਰਵਾਨਗੀ ਹਿੱਤ ਰੱਖਿਆ ਜਾਵੇਗਾ। ਇਸ ਦਾ ਮਤਲਬ ਕਿ ਪੰਚਾਇਤਾਂ ਕੋਲ ਤਾਂ ਮੀਟਿੰਗ ਕਰਨ ਦਾ ਕੋਈ ਅਧਿਕਾਰ ਹੀ ਨਹੀਂ ਰਹਿ ਜਾਵੇਗਾ। ਜੋ ਵੀ ਬਣਾ ਕੇ ਲਿਆਂਦਾ ਜਾਵੇਗਾ, ਪੰਚਾਇਤ ਵੱਲੋਂ ਉਸ ਨੂੰ ਪਾਸ ਕਰਨਾ ਪਵੇਗਾ। ਸੋ, ਮੈਂ ਇਹ ਬਿਲਕੁਲ ਸਹੀ ਤੱਥ ਮਾਣਯੋਗ ਮੰਤਰੀ ਸਾਹਿਬ ਦੇ ਸਾਹਮਣੇ ਰੱਖੇ ਹਨ। ਜੇਕਰ ਉਨ੍ਹਾਂ ਨੂੰ ਤਰੱਕੀ ਦੇਣ ਦਾ ਹੀ ਇਹ ਰਸਤਾ ਹੈ ਤਾਂ ਬਿਲਕੁਲ ਠੀਕ ਹੈ। ਜੇਕਰ ਐਗਜ਼ੈਕਟਿਵ ਪਾਵਰ ਦੇ ਕੇ ਪੀ.ਡੀ.ਐਸ. ਨੂੰ ਪੰਚਾਇਤਾਂ ਦੇ ਉੱਪਰ ਐਗਜੈਕਟਿਵ ਪਾਵਰ ਦੇ ਕੇ ਥੋਪਣਾ ਹੈ ਤਾਂ ਇਹ ਬਿਲਕੁਲ ਗਲਤ ਹੈ। ਮੈਂ ਇਸ ਗੱਲ ਨਾਲ ਬਿਲਕੁਲ ਵੀ ਸਹਿਮਤ ਨਹੀਂ ਹਾਂ ਕਿ ਇੱਕ ਇਲੈਕਟਿਡ ਬਾਡੀ ਦੇ ਉੱਤੇ, ਪੰਚਾਇਤਾਂ ਦੇ ਉੱਤੇ ਕਿਸੇ ਨੂੰ ਅਧਿਕਾਰ ਦਿੱਤੇ ਜਾਣ। ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਜੀ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ** : ਮਾਣਯੋਗ ਸਪੀਕਰ ਸਾਹਿਬ ਜਿਹੜਾ ਮਾਣਯੋਗ ਮੈਂਬਰ ਸਾਹਿਬ ਨੇ ਕੁਐਸਚਨ ਕੀਤਾ ਹੈ, ਮੈਂ ਇਸ ਸਦਨ ਵਿੱਚ ਬਹੁਤ ਜ਼ਿੰਮੇਵਾਰੀ ਨਾਲ ਜਵਾਬ ਦੇਣਾ ਚਾਹੁੰਦਾ ਹਾਂ। ਸਰ, ਪਹਿਲੀ ਗੱਲ ਇਹ ਹੈ ਕਿ ਜਿਹੜੀ ਪੰਚਾਇਤ ਹੈ ਉਹ ਆਪਣੇ ਆਪ ਵਿੱਚ ਇੱਕ ਮਿੰਨੀ ਪਾਰਲੀਮੈਂਟ ਹੈ। ਇਸ ਬਿਲ ਦੇ ਆਉਣ ਨਾਲ 100% ਕਮਿਟ ਕੀਤਾ ਜਾਂਦਾ ਹੈ ਕਿ ਪੰਚਾਇਤ ਦੀ ਕਿਸੇ ਵੀ ਅਥਾਰਿਟੀ ਨੂੰ not even a single challenge ਹੋਏਗਾ। ਜੋ ਪੰਚਾਇਤ ਦੀ ਅਥਾਰਿਟੀ ਹੈ, ਉਸੇ ਤਰ੍ਹਾਂ ਬਰਕਰਾਰ ਰਹੇਗੀ। ਉਹੀ ਆਈਡੈਂਟਿਟੀ ਹੈ। ਸਭ ਕੁਝ ਉਹੀ ਰਹੇਗਾ। ਦੂਜੀ ਗੱਲ, ਜਿਹੜਾ ਅਸੀਂ ਕਾਡਰ ਮਰਜ ਕਰ ਰਹੇ ਹਾਂ, ਵੀ.ਡੀ.ਐਸ. ਤਾਂ ਆਲਰੇਡੀ ਕੰਮ ਕਰ ਹੀ ਰਹੀ ਸੀ। ਇਹ ਤਾਂ ਪੈਰਲਲ ਚੱਲਿਆ ਆ ਰਿਹਾ ਇੱਕ ਕਾਡਰ ਸੀ ਜੋ ਪਿੱਛਿਓਂ ਹੀ ਚੱਲਿਆ ਆ ਰਿਹਾ ਸੀ। ਵੀ.ਡੀ.ਐਸ. ਆਲਰੇਡੀ ਕੰਮ ਕਰ ਰਹੇ ਸਨ। ਇਹ ਮੈਟਰ ਉਦੋਂ ਤੱਕ ਤਾਂ ਉੱਠਿਆ ਨਹੀਂ ਸੀ। ਜੇਕਰ ਅੱਜ ਅਸੀਂ ਮਰਜ ਕਰਕੇ ਇੱਕ ਕਾਡਰ ਕਰ ਰਹੇ ਹਾਂ, ਯੂਨੀਫਾਰਮਿਟੀ ਲੈ ਕੇ ਆ ਰਹੇ ਹਾਂ ਤਾਂ ਇਹ ਗੱਲ ਚੁੱਕ ਰਹੇ ਹਨ। ਸਰ, ਬੜਾ ਸਵਾਲ ਇਹ ਹੈ ਕਿ ਕਿਸੇ ਪਿੰਡਾਂ ਵਿੱਚ ਪੰਚਾਇਤ ਸੈਕਟਰੀ ਕੰਮ ਕਰ ਰਹੇ ਸਨ ਅਤੇ ਕਿਸੇ ਪਿੰਡਾਂ ਵਿੱਚ ਵੀ.ਡੀ.ਐਸ. ਕੰਮ ਕਰ ਰਹੇ ਸਨ। They are only custodian. ਇਹ ਸਿਰਫ ਕਸਟੋਡੀਅਨ ਹਨ। ਇੱਥੇ ਕੋਈ ਐਗਜ਼ੈਕਟਿਵ ਦੀ ਗੱਲ ਨਹੀਂ ਹੈ। ਇਨ੍ਹਾਂ ਨੇ ਰਿਕਾਰਡ ਨੂੰ ਮੇਨਟੇਨ ਕਰਕੇ ਕਸਟੱਡੀ ਵਿੱਚ ਰੱਖਣਾ ਹੈ। ਇਸ ਤੋਂ ਇਲਾਵਾ ਇਸ ਵਿੱਚ ਹੋਰ ਕੁਝ ਵੀ ਨਹੀਂ ਹੈ। ਇਸ ਤੋਂ ਇਲਾਵਾ ਕਈ ਪਿੰਡਾਂ ਵਿੱਚ ਇੱਕ ਇੱਕ ਪੰਚਾਇਤ ਸੈਕਟਰੀ ਕੋਲ 5-5, 6-6 ਜਾਂ 10-10 ਪਿੰਡ ਵੀ ਹਨ, ਜਿੱਥੇ ਪੰਚਾਇਤ ਸੈਕਟਰੀ ਨਹੀਂ ਸੀ ਉੱਥੇ ਵੀ.ਡੀ.ਐਸ. ਕੰਮ ਕਰ ਰਿਹਾ ਸੀ। ਇਸ ਵਿੱਚ ਅਸੀਂ ਕੋਈ ਹੋਰ ਸੋਧ ਨਹੀਂ ਕੀਤੀ। ਇਸ ਵਿੱਚ ਅਸੀਂ ਇੱਕੋ ਚੀਜ਼ ਲੈ ਕੇ ਆਏ ਹਾਂ।

**Shri Sukhwinder Singh Kotli:** The Panchayat Development Secretary shall be responsible for the maintenance and protection of Gram Panchayat properties and records and shall be responsible for all omissions and commissions under the Act, rules or bylaws and rules governing his service matters.ਸਰ, ਇਹ ਤੁਹਾਡਾ ਲਿਖਿਆ ਹੋਇਆ ਹੈ। ਮੈਂ ਮੰਨ ਰਿਹਾ ਹਾਂ। ਇਸ ਨੂੰ ਤੁਸੀਂ ਉਨ੍ਹਾਂ ਨੂੰ ਅਧਿਕਾਰ ਜਾਂ ਐਗਜ਼ੈਕਟਿਵ ਪਾਵਰ ਦੇ ਕੇ ਖਤਮ ਤਾਂ ਨਹੀਂ ਕਰ ਰਹੇ।

**1645/Gurpreet kaur/BS khokhar**

**1650/Kuldeep kaur**

**ਮਾਣਯੋਗ ਸਪੀਕਰ**: ਹਾਂ ਜੀ, ਇਆਲੀ ਸਾਹਿਬ ਜੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ)** : ਸਰ, ਮੈਂ ਇੱਕ ਕਲੈਰਿਟੀ ਲੈਣੀ ਹੈ ਕਿ ਪਹਿਲਾਂ ਇਨ੍ਹਾਂ ਦੀ ਤਨਖਾਹ ਪੰਚਾਇਤ ਸੰਮਤੀ ਵਿੱਚੋਂ ਜਾਂਦੀ ਸੀ, ਕੀ ਹੁਣ ਪੰਜਾਬ ਸਰਕਾਰ ਦੇਵੇਗੀ?

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ**: ਹਾਂ ਜੀ, ਹੁਣ ਪੰਜਾਬ ਸਰਕਾਰ ਤਨਖਾਹ ਦੇਵੇਗੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ**: ਚਲੋ, ਉਸ ਚੀਜ਼ ਦਾ ਸੰਮਤੀਆਂ ਨੂੰ ਫਾਇਦਾ ਮਿਲੇਗਾ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ**: ਹਾਂ ਜੀ, ਬਹੁਤ ਵੱਡਾ ਫਾਇਦਾ ਮਿਲੇਗਾ। ਸਰ, ਮੈਂ ਇਹ ਗੱਲ ਦੱਸਦਾ ਹਾਂ ਕਿ ਜਿਹੜੇ ਰੂਲ ਦੀ ਕੋਟਲੀ ਸਾਹਿਬ ਦੀ ਗੱਲ ਕਰਦੇ ਹਨ, ਇਹ ਆਲਰੇਡੀ ਪਹਿਲਾਂ ਹੀ ਇਸ ਰੂਲ ਮੁਤਾਬਕ ਡਿਫਾਈਨ ਹੈ। ਰਿਕਾਰਡ ਸੰਭਾਲ ਕੇ ਰੱਖਣ ਦੀ ਹੀ ਪ੍ਰਾਬਲਮ ਆਉਂਦੀ ਹੈ। ਦਸਤਾਵੇਜ਼ ਨੂੰ ਹਮੇਸ਼ਾ ਸੰਭਾਲ ਕੇ ਰੱਖਣ ਦਾ ਕੰਮ ਕਸਟੋਡੀਅਨ ਦਾ ਹੁੰਦਾ ਹੈ। ਸਰ, ਜਿਹੜੇ ਚੁਣੇ ਹੋਏ ਪਰਸਨ ਹੁੰਦੇ ਹਨ, ਉਹ ਬਦਲੀ ਜਾਂਦੇ ਹਨ। ਅੱਜ ਇਹ ਪੰਚਾਇਤ ਹੈ ਕੱਲ੍ਹ ਨੂੰ ਹੋਰ ਹੋ ਸਕਦੀ ਹੈ, ਉਸ ਤੋਂ ਬਾਅਦ ਹੋਰ ਹੋ ਸਕਦੀ ਹੈ।

**ਸਰਦਾਰ ਪਰਗਟ ਸਿੰਘ ਪੋਆਰ**: ਸਰ, ਉਹ ਤਾਂ ਰਿਕਾਰਡ ਦਿੰਦੇ ਹੀ ਨਹੀਂ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ**: ਪਰਗਟ ਸਿੰਘ ਜੀ, ਮੈਂ ਕੀ ਕਹਿ ਰਿਹਾ ਹਾਂ ਜੀ।

**ਮਾਣਯੋਗ ਸਪੀਕਰ**: ਚੇਅਰ ਨੂੰ ਐਡਰੈੱਸ ਕੀਤਾ ਜਾਵੇ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ**: ਸਪੀਕਰ ਸਾਹਿਬ, ਉਹ ਪ੍ਰਾਬਲਮ ਇਸ ਗੱਲ ਵਿੱਚ ਨਹੀਂ ਸੀ ਕਿ ਸੈਕਟਰੀ ਜਾਂ ਸਰਪੰਚ ਰਿਕਾਰਡ ਲੈਂਦਾ ਹੈ ਜਾਂ ਸੈਕਟਰੀ ਜਾਂ ਸਰਪੰਚ ਰਿਕਾਰਡ ਨਹੀਂ ਦਿੰਦਾ ਹੈ। ਇਹ ਪ੍ਰਾਬਲਮ ਨਹੀਂ ਹੈ। ਸਰ, ਰੂਲਜ਼ ਦੀ ਗੱਲ ਹੋਈ ਹੈ। ਰੂਲ ਬਿਲਕੁਲ ਕਲੀਅਰ ਡਿਫਾਈਨ ਹਨ। ਰੂਲ ਵਿੱਚ ਅਸੀਂ ਕਿਸੇ ਕਿਸਮ ਦੀ ਕੋਈ ਅਮੈਂਡਮੈਂਟ ਨਹੀਂ ਕੀਤੀ ਹੈ।

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2026 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 9**

**ਮਾਣਯੋਗ ਸਪੀਕਰ :** ਕਿਉਂਕਿ ਕਲਾਜ਼ਾਂ 2 ਤੋਂ 9 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ** : ਹਾਂ ਜੀ, ਹਾਂ ਜੀ)

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 9 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਣਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੋਂਦ) :**ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਪੰਚਾਇਤੀ ਰਾਜ (**ਸੋਧਨਾ**) ਬਿਲ, 2026 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਪੰਚਾਇਤੀ ਰਾਜ (**ਸੋਧਨਾ**) ਬਿਲ, 2026 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਪੰਚਾਇਤੀ ਰਾਜ (**ਸੋਧਨਾ**) ਬਿਲ, 2026 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ**: ਸਰ, ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ, ਪੰਚਾਇਤੀ ਰਾਜ ਦੇ ਸਬੰਧ ਵਿੱਚ ਹੈ।

**ਮਾਣਯੋਗ ਸਪੀਕਰ**: ਆਪਾਂ ਅਗਲੇ ਬਿਲ ਤੇ ਚੱਲ ਜਾਈਏ ਜੀ। ਇਹ ਬਿਲ ਪਾਸ ਹੋ ਗਿਆ ਹੈ ਜੀ। ਤੁਹਾਨੂੰ ਬਹੁਤ ਬਹੁਤ ਵਧਾਈ ਕਿ ਤੁਹਾਡਾ ਬਿਲ ਪਾਸ ਹੋ ਗਿਆ ਹੈ। ਧੰਨਵਾਦ ਜੀ।

---

## 9. PUNJAB PROTECTION OF TREES BILL, 2026

**ਮਾਣਯੋਗ ਸਪੀਕਰ :** ਸ਼੍ਰੀ ਲਾਲਚੰਦ ਕਟਾਰੂਚੱਕ, ਜੰਗਲਾਤ ਮੰਤਰੀ ਪ੍ਰਸਤਾਵ ਪੇਸ਼ ਕਰਨ।

**ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ (ਸ੍ਰੀ ਲਾਲ ਚੰਦ) :** ਮਾਣਯੋਗ ਸਪੀਕਰ ਸਾਹਿਬ, ਮੈਂ ਇੱਕ ਬੜਾ ਹੀ ਜ਼ਰੂਰੀ ਬਿਲ ਇਸ ਸਦਨ ਦੇ ਸਾਹਮਣੇ ਰੱਖਣਾ ਚਾਹੁੰਦਾ ਹਾਂ ਕਿਉਂਕਿ ਮਨੁੱਖ ਨੂੰ ਵਾਤਾਵਰਨ ਲਈ, ਵਾਤਾਵਰਨ ਸ਼ੁੱਧ ਅਤੇ ਚੰਗਾ ਰਹੇ, ਇਸ ਲਈ ਹਮੇਸ਼ਾ ਹੀ ਬਹੁਤ ਵੱਡੀਆਂ ਗੱਲਾਂ ਇਸ ਧਰਤੀ ਤੇ ਬਹੁਤ ਵੱਡੇ ਵੱਡੇ ਵਿਦਵਾਨਾਂ ਅਤੇ ਰਹਿਬਰਾਂ ਨੇ ਕੀਤੀਆਂ ਹਨ।

ਸ਼੍ਰੀਮਾਨ ਜੀ, ਮੈਂ ਦਿ ਪੰਜਾਬ ਪ੍ਰੋਟੈਕਸ਼ਨ ਆਫ ਟ੍ਰੀਜ਼ ਬਿਲ, 2026 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਦਿ ਪੰਜਾਬ ਪ੍ਰੋਟੈਕਸ਼ਨ ਆਫ ਟ੍ਰੀਜ਼ ਬਿਲ, 2026 ਤੇ ਤੁਰੰਤ ਵਿਚਾਰ ਕੀਤਾ ਜਾਵੇ।

**1650/Kuldeep kaur/Rajneesh kumar**

**1655/Pawan sharma**

**ਮਾਣਯੋਗ ਸਪੀਕਰ** :ਪ੍ਰਸਤਾਵ ਕੀਤਾ -

ਕਿ ਪੰਜਾਬ ਪ੍ਰੋਟੈਕਸ਼ਨ ਆਫ ਟ੍ਰੀਜ਼ ਬਿਲ, 2026 ’ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਸ੍ਰੀ ਲਾਲ ਚੰਦ ਕਟਾਰੂਚੱਕ ਜੀ।

**ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ (ਸ੍ਰੀ ਲਾਲ ਚੰਦ):** ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਦਿ ਪੰਜਾਬ ਪ੍ਰੋਟੈਕਸ਼ਨ ਆਫ ਟ੍ਰੀਜ਼ ਬਿਲ, 2026, ਜਿਹੜਾ ਅੱਜ ਸਦਨ ਵਿੱਚ ਪੇਸ਼ ਕੀਤਾ ਗਿਆ ਹੈ, ਉਸ ਵਿੱਚ ਕਲਾਜ਼ 6 ਦੀ ਸਬ ਕਲਾਜ਼ "ਏ" ਵਿੱਚ 1.85 ਮਿਟਰ ਦੀ ਥਾਂ ਤੇ 1.35 ਮੀਟਰ ਪੜ੍ਹਿਆ ਜਾਵੇ। ਇਹ ਕਲੈਰੀਕਲ ਮਿਸਟੇਕ ਹੋਈ ਹੈ। ਮੈਂ ਜ਼ਰੂਰ ਇਹ ਗੱਲ ਕਹਾਂਗਾ ਕਿ ਜਿੱਥੇ ਇਸ ਬਿਲ ਦੀ ਸਦਨ ਵਿੱਚ ਚਰਚਾ ਹੋਣੀ ਹੈ, ਸਾਡੇ ਗੁਰੂ ਸਾਹਿਬਾਨਾਂ ਨੇ ਬਹੁਤ ਵੱਡੀਆਂ ਗੱਲਾਂ ਵਾਤਾਵਰਨ ਨੂੰ ਲੈ ਕੇ ਕੀਤੀਆਂ ਹਨ ਪਵਣੁ ਗੁਰੂ, ਪਾਣੀ ਪਿਤਾ ਮਾਤਾ ਧਰਤਿ ਮਹਿਤੁ, ਉਸ ਵੇਲੇ ਜਦੋਂ ਇਸ ਵਾਤਾਵਰਨ ਨੂੰ ਕਿਸੇ ਕਿਸਮ ਦਾ ਖ਼ਤਰਾ ਨਹੀਂ ਸੀ। ਸੋ, ਸ਼ਿਵ ਕੁਮਾਰ ਬਟਾਲਵੀ ਰੁੱਖਾਂ ਬਾਰੇ ਬਹੁਤ ਪਿਆਰਾ ਲਿਖਦੇ ਹਨ- ਕੁਝ ਰੁੱਖ ਮੈਨੂੰ ਪੁੱਤ ਲੱਗਦੇ ਨੇ, ਕੁਝ ਰੁੱਖ ਲੱਗਦੇ ਮੈਨੂੰ ਮਾਵਾਂ, ਰੁੱਖ ਤਾਂ ਮੇਰੀ ਮਾਂ ਵਰਗੇ ਨੇ, ਜਿਉਣ ਰੁੱਖਾਂ ਦੀਆਂ ਛਾਵਾਂ। ਸੋ, ਜੰਗਲ, ਜੰਗਲਾਤ ਜਿਹੜਾ ਮਨੁੱਖੀ ਜੀਵਨ ਲਈ ਇੱਕ ਬਹੁਤ ਵੱਡੀ ਭੂਮਿਕਾ ਅਦਾ ਕਰਦਾ ਹੈ, ਮੈਂ ਸਦਨ ਵਿੱਚ ਇਹ ਬਿਲ ਰੱਖਿਆ ਹੈ। ਮੈਂ ਆਸ ਕਰਦਾ ਹਾਂ ਕਿ ਇਸ ਦੇ ਵਿੱਚ ਬੜੀ ਸਾਰਥਿਕ ਚਰਚਾ ਹੋਵੇ ਔਰ ਇਸ ਨੂੰ ਅਗਾਂਹ ਤੋਰਿਆ ਜਾਵੇ।

**ਮਾਣਯੋਗ ਸਪੀਕਰ**: ਇਆਲੀ ਸਾਹਿਬ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ)**: ਸੋ, ਜੋ ਪੰਜਾਬ ਪ੍ਰੋਟੈਕਸ਼ਨ ਆਫ ਟ੍ਰੀਜ਼ ਬਿਲ, 2026 ਤੇ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ, ਮੈਂ ਸਮਝਦਾ ਹਾਂ ਕਿ ਜਿਹੜੇ ਦਰੱਖਤ ਹਨ, ਉਨ੍ਹਾਂ ਨੂੰ ਕੱਟਣ ਦੇ ਲਈ ਸਖ਼ਤ ਅਪਰਾਧਿਕ ਸਜ਼ਾ ਦੀ ਥਾਂ ਤੇ ਵਿੱਤੀ ਅਤੇ ਵਾਤਾਵਰਨਿਕ ਮੁਆਵਜ਼ੇ ਤੇ ਨਿਰਭਰਤਾ ਰੱਖੀ ਗਈ ਹੈ, ਸਜ਼ਾ ਨਹੀਂ ਰੱਖੀ ਗਈ ਹੈ ਬਲਕਿ ਬਦਲਵਾਂ ਪ੍ਰਬੰਧ ਰੱਖਿਆ ਗਿਆ ਹੈ ਕਿ ਜੇ ਕੋਈ ਦਰੱਖਤ ਕੱਟਿਆ ਜਾਂਦਾ ਹੈ ਤਾਂ ਉਹਦੀ ਜਗ੍ਹਾ 10 ਹੋਰ ਦਰੱਖਤ ਲਗਾਏ ਜਾਣ ਲੇਕਿਨ ਜਿੱਥੋਂ ਕੱਟਿਆ ਜਾਂਦਾ ਹੈ, ਉੱਥੋਂ ਘੱਟੋ ਘਟ 2 ਦਰੱਖਤ ਲੱਗਣੇ ਚਾਹੀਦੇ ਹਨ। ਸ਼ਹਿਰ ਵਿੱਚ ਕੋਈ ਕਮਰਸ਼ੀਅਲ ਬਿਲਡਿੰਗ ਬਣ ਰਹੀ ਹੈ ਜਾਂ ਕੋਈ ਐਕਟੀਵਿਟੀਜ਼ ਹੋ ਰਹੀਆਂ ਹਨ, ਦੇਖੋ, ਦਿਨੋਂ ਦਿਨ ਜੰਗਲ ਘਟਦਾ ਜਾ ਰਿਹਾ ਹੈ। ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਇਹ ਹੇਠੋਂ ਦੂਜੇ ਤੀਜੇ ਨੰਬਰ ਤੇ ਹੈ, ਜਿਸ ਦੇ ਵਿੱਚ

ਸਭ ਤੋਂ ਘੱਟ ਮੇਰੇ ਖਿਆਲ ਵਿੱਚ ਤਿੰਨ ਪਰਸੈਂਟ ਫਾਰੈਸਟ ਹੋਵੇਗਾ। ਪਿਛਲੇ ਸਮਿਆਂ ਦੌਰਾਨ ਸੜਕਾਂ ਚੌੜੀਆਂ ਹੋਈਆਂ ਹਨ। ਸੜਕਾਂ ਦੇ ਨਾਲ ਵਾਲੇ ਵੀ ਅਤੇ ਨਹਿਰਾਂ ਦੇ ਨਾਲ ਵਾਲ ਵੀ ਦਰੱਖਤ ਕੱਟੇ ਗਏ। ਸੋ, ਜਦੋਂ ਤੋਂ ਸਾਡੇ ਝੋਨੇ ਦੀ ਲਵਾਈ ਹੋਈ ਹੈ, ਉਸ ਦੇ ਕਰਕੇ ਜਿਹੜਾ ਇੱਕ ਅੱਧਾ ਵੱਟ ਤੇ ਦਰੱਖਤ ਖੜ੍ਹਾ ਸੀ, ਉਹ ਵੀ ਕੱਟ ਦਿੱਤਾ ਗਿਆ। ਇਸ ਦੇ ਕਰਕੇ ਮੌਸਮ ਵਿੱਚ ਵੱਡੀ ਤਬਦੀਲੀ ਆਈ ਹੈ। ਸੋ, ਵੱਧ ਤੋਂ ਵੱਧ ਦਰੱਖਤ ਲਗਾਉਣ ਦੀ ਲੋੜ ਹੈ। ਅਸੀਂ ਦੂਜੀਆਂ ਸਟੇਟਾਂ ਸਮੇਤ ਯੂ.ਪੀ. ਵਿੱਚ ਵੀ ਦੇਖਿਆ ਹੈ ਕਿ ਜੇਕਰ ਤੁਸੀਂ ਆਪਣੇ ਘਰੋਂ ਜਾਂ ਖੇਤ ਵਿੱਚੋਂ ਦਰੱਖਤ ਕੱਟਣਾ ਹੈ ਤਾਂ ਉਸ ਲਈ ਵੀ ਗੌਰਮਿੰਟ ਤੋਂ ਪਰਮਿਸ਼ਨ ਲੈਣ ਦੀ ਲੋੜ ਹੈ। ਸੋ, ਸਾਨੂੰ ਇਸ ਗੱਲ ਤੇ ਕਾਫ਼ੀ ਸਖ਼ਤੀ ਕਰਨ ਦੀ ਲੋੜ ਹੈ ਕਿ ਦਰੱਖਤ ਕੱਟੇ ਨਾ ਜਾਣ, ਪਲਾਂਟੇਸ਼ਨ ਵੱਲ ਸਰਕਾਰਾਂ ਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਇਹ ਜੋ ਬਿਲ ਲਿਆਂਦਾ ਗਿਆ ਹੈ, ਇਸ ਵਿੱਚ ਮੌਜੂਦਾ ਦਰੱਖਤਾਂ ਦੀ ਸੂਬਾ ਪੱਧਰੀ ਲਾਜ਼ਮੀ ਗਿਣਤੀ ਅਤੇ ਜੀਓ ਟੈਗਿੰਗ ਦੀ ਕੋਈ ਵੀ ਵਿਵਸਥਾ ਨਹੀਂ ਹੈ ਕਿ ਉਨ੍ਹਾਂ ਦੀ ਗਿਣਤੀ ਕੀਤੀ ਜਾਵੇ ਜਾਂ ਆਉਣ ਵਾਲੇ ਸਮਿਆਂ ਵਿੱਚ ਅਸੀਂ ਇਨ੍ਹਾਂ ਦਰੱਖਤਾਂ ਨੂੰ ਕਿਵੇਂ ਬਚਾ ਸਕਦੇ ਹਾਂ। ਸੋ, ਇਸ ਦੇ ਲਈ ਜ਼ਰੂਰੀ ਹੈ ਕਿ ਦਰੱਖਤ ਉੱਥੇ ਜ਼ਰੂਰ ਲਗਾਏ ਜਾਣ, ਠੀਕ ਹੈ ਕਿ ਕਿਸੇ ਨੂੰ ਕੋਈ ਅੜਿੱਕਾ ਹੈ ਉਸ ਦਾ ਬਦਲਵਾਂ ਅਸੀਂ ਕਰ ਦੇਈਏ, ਉੱਥੇ 02 ਦਰੱਖਤ ਅਤੇ 10 ਦਰੱਖਤ ਹੋਰ ਕਿਧਰੇ ਲਗਾਏ ਜਾਣ। ਸਰਕਾਰ ਨੇ ਇਸ ਵਿੱਚ ਦਰੱਖਤਾਂ ਨੂੰ ਨੁਕਸਾਨ ਪਹੁੰਚਾਉਣ ਤੇ ਬਦਲਵੇਂ ਪੌਦੇ ਲਗਾਉਣ ਵਰਗੀਆਂ ਕੁਝ ਤਜਵੀਜ਼ਾਂ ਨੂੰ ਵੀ ਸਵੀਕਾਰ ਕੀਤਾ ਹੈ ਪਰ ਪੰਜਾਬ ਦੇ ਦਰੱਖਤਾਂ ਸ਼ਹਿਰੀ ਅਤੇ ਪੇਂਡੂ ਦੋਵਾਂ ਦੀ ਵਿਆਪਕ ਸੁਰੱਖਿਆ ਸਖ਼ਤ ਰੋਕਥਾਮ ਸਜ਼ਾਵਾਂ, ਵਿਗਿਆਨਕ ਨਿਗਰਾਨੀ, ਉਸ ਥਾਂ ਬਦਲਵੇਂ ਦਰੱਖਤ ਲਗਾਉਣ ਅਤੇ ਬਿਨਾਂ ਛੋਟ ਦੇ ਪ੍ਰਭਾਵਸ਼ਾਲੀ ਸੁਰੱਖਿਆ ਦੀ ਮੁੱਖ ਮੰਗ ਨੂੰ ਅਣਗੌਲਿਆ ਕੀਤਾ ਗਿਆ ਹੈ। ਮੈਂ ਸਮਝਦਾ ਹਾਂ ਕਿ ਇਸ ਦੇ ਵਿੱਚ ਅਸੀਂ ਕਾਫ਼ੀ ਛੋਟ ਦੇ ਦਿੱਤੀ ਹੈ। ਪ੍ਰੋਟੈਕਸ਼ਨ ਦੀ ਥਾਂ ਤੇ ਅਸੀਂ ਇਜਾਜ਼ਤ ਦਿੱਤੀ ਹੈ ਕਿ ਜਿੱਥੋਂ ਮਰਜ਼ੀ ਦਰੱਖਤ ਕੱਟੇ ਜਾਣ ਅਤੇ ਉਸ ਦੀ ਥਾਂ ਬਦਲਵੇਂ ਰੁੱਖ ਲਗਾ ਦਿੱਤੇ ਜਾਣ। ਲੇਕਿਨ ਇਸ ਵਾਸਤੇ ਮੈਂ ਸਮਝਦਾ ਹਾਂ ਕਿ ਸਾਨੂੰ ਕਾਨੂੰਨੀ ਤੌਰ ਤੇ ਸਖ਼ਤੀ ਕਰਨ ਦੀ ਲੋੜ ਹੈ ਤਾਂ ਜੋ ਅਸੀਂ ਵੱਧ ਤੋਂ ਵੱਧ ਆਪਣੇ ਦਰੱਖਤ ਬਚਾ ਸਕੀਏ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਖਹਿਰਾ ਸਾਹਿਬ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ)** : ਸਪੀਕਰ ਸਾਹਿਬ, ਆਬੋ-ਹਵਾ ਇਨਵਾਇਰਨਮੈਂਟ ਵਰਲਡ ਏਜੰਡਾ ਹੈ। Unfortunately, ਉਸ ਪੈਮਾਨੇ ਤੇ ਜਿਸ ਤਰ੍ਹਾਂ ਦੁਨੀਆ ਵਿਸ਼ਵ ਵਿੱਚ ਅਪਣਾਇਆ ਹੋਇਆ ਹੈ, ਨਾ ਆਪਣੇ ਦੇਸ਼ ਵਿੱਚ ਹੈ ਅਤੇ ਨਾ ਆਪਣੇ ਸੂਬੇ ਵਿੱਚ ਹੈ। ਇਹ ਜਿਹੜਾ ਟ੍ਰੀ ਐਕਟ ਹੈ, ਇਹ ਬੜੀ ਦੇਰ ਬਾਅਦ ਆਇਆ ਹੈ, ਬੜਾ belated ਹੈ ਕਿਉਂਕਿ ਜਿਹੜੇ ਵਾਤਾਵਰਨਿਕ ਪ੍ਰੇਮੀ ਸੀ, ਉਨ੍ਹਾਂ ਨੇ ਬਹੁਤ ਜੱਦੋ ਜਹਿਦ ਕੀਤੀ। ਸਪੀਕਰ ਸਾਹਿਬ, ਮੱਤੇਵਾੜਾ ਤੇ ਵੀ ਮੋਰਚਾ ਲੱਗਿਆ ਸੀ ਅਤੇ ਹੋਰ ਵੀ ਪਾਣੀਆਂ ਪੂਣੀਆਂ ਤੇ ਬਹੁਤ ਜੱਦੋ ਜਹਿਦ ਹੋਈ ਅਤੇ

**1655/Pawan sharma/Rajneesh kumar**

**1700/Beant kaur**

ਐਨ.ਜੀ.ਟੀ ਨੇ ਬਹੁਤ ਵਾਰ ਸਟੇਟ ਗੌਰਮਿੰਟ ਨੂੰ ਡਾਇਰੈਕਸ਼ਨਜ਼ ਦਿੱਤੀਆਂ ਹਨ ਕਿ ਕੁਝ ਤਾਂ ਕਰੋ ਕਿਉਂਕਿ ਪੰਜਾਬ ਵਿੱਚ tree cover ਘੱਟ ਰਿਹਾ ਹੈ, ਸਾਰੇ ਦੇਸ਼ ਵਿੱਚ ਘੱਟ ਰਿਹਾ ਹੈ। ਹਰਿਆਵਲ ਦੀ ਲੋੜ ਹੈ, ਹਰਿਆਵਲ ਨਾਲ ਹੀ ਸਾਰਾ ਵਾਤਾਵਰਣ ਬਿਹਤਰ ਹੁੰਦਾ ਹੈ। ਆਪਾਂ ਅੱਜ ਇਹ ਬਿਲ ਲੈ ਕੇ ਆਏ ਹਨ ਪਰ ਮਨਿਸਟਰ ਸਾਹਿਬ, ਇਸ ਵਿੱਚ ਤੁਸੀਂ 3-4 ਇੰਪਾਰਟੈਂਟ ਪੁਆਇੰਟ ਜ਼ਰੂਰ ਨੋਟ ਕਰਿਓ।

Short title, extent and commencement

"1.(b) It extends to all the Urban areas of Punjab as specified in the Schedule III appended of this Act or such areas notified by State Government from time to time.

ਹੁਣ ਤੁਸੀਂ ਇਸੇ ਬਿਲ ਦੇ ਸ਼ਡਿਊਲ 3 ਵਿੱਚ ਜਾਓ। ਸਪੀਕਰ ਸਾਹਿਬ, ਇਹ ਬੜੀ ਇੰਪਾਰਟੈਂਟ ਗੱਲ ਹੈ ਅਤੇ ਮੇਰੇ ਕਹਿਣ ਦਾ ਭਾਵ ਹੈ ਕਿ ਇਵੇਂ ਜਾਪਦਾ ਹੈ ਜਿਵੇਂ ਇਹ ਸ਼ਹਿਰਾਂ ਤੱਕ ਹੀ ਮਹਿਦੂਦ ਹੈ। Punjab's total land mass is about 50,000 square km. ਉਸ ਵਿੱਚ ਜਿਹੜਾ ਸ਼ਹਿਰਾਂ ਦਾ land mass ਹੈ, ਉਹ ਸਾਰਾ 4.2% ਹੈ। ਤਕਰੀਬਨ 96% ਪੇਂਡੂ land mass ਹੈ। ਇਸ ਵਿੱਚ ਫਾਰੈਸਟ ਵਗੈਰਾ ਤਾਂ ਆਉਂਦੇ ਹੀ ਹਨ ਪਰ ਪਿੰਡਾਂ ਦੇ ਜਿਹੜੇ ਦਰੱਖਤ ਹਨ, ਜਿਵੇਂ ਛੱਪੜਾਂ ਦੇ ਕੰਢੇ, ਸ਼ਮਸ਼ਾਨਘਾਟਾਂ ਵਿੱਚ, ਖੇਤਾਂ ਦੇ ਆਲੇ-ਦੁਆਲੇ, ਨਹਿਰਾਂ ਦੇ ਆਲੇ-ਦੁਆਲੇ, ਸੜਕਾਂ ਦੇ ਆਲੇ-ਦੁਆਲੇ ਹਨ। ਇਸ ਲਈ ਪਹਿਲਾਂ ਅੱਛੀ ਤਰ੍ਹਾਂ ਕਲੈਰੀਫਾਈ ਕੀਤਾ ਜਾਵੇ ਕਿ does the Tree Act include rural areas or not. ਸਪੀਕਰ ਸਾਹਿਬ, ਹੁਣ ਤੁਸੀਂ ਆਪਣੇ ਕੰਮ ਵਿੱਚ ਲੱਗ ਗਏ।

**ਮਾਣਯੋਗ ਸਪੀਕਰ** : ਮੈਂ ਸੁਣ ਰਿਹਾ ਹਾਂ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ**: ਇਹ ਸੁਣਨ ਵਾਲੀ ਗੱਲ ਹੈ। ਸਪੀਕਰ ਸਾਹਿਬ, ਮੈਂ ਜਿਹੜੀ ਗੱਲ ਕਹੀ ਹੈ, ਇਹ ਇੰਪਾਰਟੈਂਟ ਹੈ। ਸਮਝ ਲਓ ਕਿ ਸਿਧਾਂਤਕ ਇਸ਼ੂ ਹੈ। Otherwise tree Act ਲਿਆਉਣਾ, ਇਸ ਦਾ ਮਤਲਬ ਅਸੀਂ ਸਿਰਫ ਅਰਬਨ ਡਿਵੈਲਪਮੈਂਟ ਵਿੱਚ ਹੀ ਇੰਟ੍ਰਸਟਡ ਹਾਂ। ਇਕ ਰੁੱਖ ਪੁੱਟਿਆ ਜਾਵੇ ਤਾਂ ਦੋ ਰੁੱਖ ਲੱਗ ਜਾਣ, ਦੋ ਨਾਲ 10 ਰੁੱਖ ਲੱਗ ਜਾਣ, ਕਲੋਨੀਆਂ ਵਿੱਚ ਲੱਗ ਜਾਣ ਪਰ ਪੇਂਡੂ ਵਾਤਾਵਰਣ ਬਾਰੇ ਇਸ ਵਿੱਚ ਕੋਈ ਚਰਚਾ ਨਹੀਂ ਹੈ। ਸੋ, ਇਹ ਬਹੁਤ ਇੰਪਾਰਟੈਂਟ ਇਸ਼ੂ ਹੈ, ਭਾਵੇਂ ਇਸ ਬਿਲ ਨੂੰ ਵਿਦਡਰਾਅ ਕਰਕੇ ਦੁਬਾਰਾ ਪੇਸ਼ ਕਰ ਲਓ, ਕੋਈ ਹਰਜ਼ ਨਹੀਂ ਹੈ। ਅੱਗੇ ਮੈਂ ਗੱਲ ਕਰਾਂਗਾ -

Definitions

"3.(k) Tree means any woody plant, whose branches spring from and are supported upon a trunk or body and whose trunk or body is not less than thirty five centimeters in girth at the ground level.

ਇਸ ਦਾ ਮਤਲਬ ਤੁਸੀਂ ਸਿਰਫ਼ 35 ਸੈਂਟੀਮੀਟਰ ਵਾਲੇ ਦਰੱਖਤ ਨੂੰ ਪ੍ਰੋਟੈਕਟ ਕਰਨ ਜਾ ਰਹੇ ਹੋ। ਅਗਰ 35 ਸੈਂਟੀਮੀਟਰ ਨੂੰ ਮੋਟਾ ਮੋਟਾ ਲਈਏ ਤਾਂ 1 foot girth, ਸੈਂਪਲਿੰਗਜ਼ ਛੋਟੇ ਹੁੰਦੇ ਹਨ, ਜਿਸ ਨੂੰ ਆਪਾਂ ਪਨੀਰੀ ਕਹਿੰਦੇ ਹਾਂ, ਜਿਥੋਂ ਦਰੱਖਤ ਬਣਨਾ ਹੈ ਜੇਕਰ ਉਸ ਦੀ ਪ੍ਰੋਟੈਕਸ਼ਨ ਨਹੀਂ ਹੈ ਫੇਰ ਦਰੱਖਤ ਕਿਵੇਂ ਬਣੇਗਾ। ਸਪੀਕਰ ਸਾਹਿਬ, ਇਹ number 2 point is very improtant and valid. ਮੈਨੂੰ ਜਿਹੜਾ ਗਾਈਡ ਕੀਤਾ ਗਿਆ ਹੈ, ਸ਼ਾਇਦ ਮੈਨੂੰ ਇੰਨਾ ਨਹੀਂ ਪਤਾ। ਜਿਹੜੇ ਲੋਕ ਵਾਤਾਵਰਣ ਲਈ ਲੜ ਰਹੇ ਹਨ, ਉਹ ਵਿਚਾਰੇ ਕਈ ਸਾਲਾਂ ਦੇ ਵੇਟ ਕਰ ਰਹੇ ਸਨ ਅਤੇ ਹਰ ਸੈਸ਼ਨ ਵਿੱਚ ਪੁੱਛਦੇ ਸਨ ਕਿ Tree Act ਆਇਆ ਹੈ। ਸਾਨੂੰ ਤੁਸੀਂ ਕਲ੍ਹ ਭੇਜਿਆ ਹੈ ਅਤੇ ਅੱਜ ਸਵੇਰੇ ਵਟਸਐਪ ਅਤੇ ਨੇਵਾ ਉੱਤੇ ਮਿਲਿਆ ਹੈ। ਉਨ੍ਹਾਂ ਲੋਕਾਂ ਨੇ immediately pain ਲੈ ਕੇ ਸਟੱਡੀ ਕੀਤਾ ਅਤੇ ਹੋਰ ਮੈਂਬਰਾਂ ਨੂੰ ਵੀ ਫੀਡ ਕੀਤਾ ਹੋਵੇਗਾ। ਉਨ੍ਹਾਂ ਦੀ ਚਿੰਤਾ ਹੈ ਕਿ ਛੋਟੀ ਸੈਪਲਿੰਗਜ਼ ਜਾਂ ਪਨੀਰੀ ਦੀ ਗੱਲ ਤਾਂ ਇੱਥੇ ਕਿਤੇ ਵੀ provided ਨਹੀਂ ਹੈ।

ਕ੍ਰਿਮੀਨਲ ਪ੍ਰੋਟੈਕਸ਼ਨ ਦੀ ਗੱਲ ਇਆਲੀ ਜੀ ਨੇ ਕਰ ਦਿੱਤੀ ਹੈ। ਦਿੱਲੀ ਵਿੱਚ ਜਿੱਥੇ ਆਮ ਆਦਮੀ ਪਾਰਟੀ ਦੀ 10 ਸਾਲ ਸਰਕਾਰ ਰਹੀ ਹੈ, ਉਥੇ ਅਗਰ ਕੋਈ ਦਰੱਖਤ-ਰੁੱਖ ਕੱਟਦਾ ਹੈ ਤਾਂ ਉਸ ਵਾਸਤੇ ਸਜ਼ਾ ਸੀ ਪਰ ਇੱਥੇ ਸਜ਼ਾ ਹੀ ਨਹੀਂ ਹੈ। ਇੱਥੇ ਸਿਰਫ ਥੋੜ੍ਹਾ ਜ਼ੁਰਮਾਨਾ ਹੈ ਅਤੇ environmental compensation ਮਤਲਬ ਇਕ ਦੀ ਜਗ੍ਹਾ ਤੇ 10 ਦਰੱਖਤ ਲਗਾਉਣੇ ਹਨ ਜਾਂ ਦੋ ਕਿਤੇ ਹੋਰ ਲਗਾਉਣੇ ਹਨ। ਇਹ ਵੀ ਇੰਪਾਰਟੈਂਟ ਹੈ, ਹੋਰ 12 ਸਟੇਟਾਂ ਵਿੱਚ ਵੀ ਇਸ ਵਾਸਤੇ ਕ੍ਰਿਮੀਨਲ ਪ੍ਰੋਸੀਡਿੰਗਜ਼ ਦਾ ਉਪਬੰਧ ਹੈ।

**ਮਾਣਯੋਗ ਸਪੀਕਰ** : ਠੀਕ ਹੈ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਪੰਜਾਬ ਵਿੱਚ ਜਿਹੜੀਆਂ ਕਲੋਨੀਆਂ ਬਣ ਰਹੀਆਂ ਹਨ, ਉਹ ਵੀ haphazard ਹਨ। ਉਨ੍ਹਾਂ ਵਿੱਚ ਵੀ ਇਨਸ਼ਿਓਰ ਕੀਤਾ ਜਾਵੇ ਕਿ ਹਰਿਆਵਲ-ਰੁੱਖ ਲਗਾਏ ਜਾਣ।

**Mr. Speaker :** Thank you.

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਅਗਲੀ ਗੱਲ ਕਹਾਂਗਾ, ਇਹ ਲਾਸਟ ਹੈ। ਹੁਣ ਸੈਸ਼ਨ ਖ਼ਤਮ ਹੀ ਹੈ।

**ਮਾਣਯੋਗ ਸਪੀਕਰ** : ਨਹੀਂ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ**: ਸਪੀਕਰ ਸਾਹਿਬ, ਮੇਰੀ ਗੱਲ ਸੁਣੋ। ਜਿਹੜਾ ਮਸਲਾ ਮੈਂ ਉਦੋਂ ਉਠਾਇਆ ਸੀ, ਉਸ ਦਾ ਨਤੀਜਾ ਬਿਲਾਂ ਵਿੱਚ ਆਇਆ ਹੈ। ਜਦੋਂ ਤੁਸੀਂ 9 ਬਿਲ ਇਕੱਠੇ ਦੇ ਦਿੱਤੇ ਅਤੇ ਤੁਸੀਂ ਕਹਿ ਦਿੱਤਾ ਕਿ ਅਸੀਂ ਤੁਹਾਨੂੰ ਦੋ ਦਿਨ ਪਹਿਲਾਂ ਇਨਫਾਰਮ ਕਰ ਦਿੱਤਾ, it was not about that. Question is 9 Bill passage ਵਾਸਤੇ ਦੇ ਦਿੱਤੇ ਪਰ ਅਸੀਂ ਇੰਨੇ ਕੰਪੀਟੈਂਟ ਨਹੀਂ ਹਾਂ। ਇਹ ਐਸ਼ਿਓਰ ਕੀਤਾ ਜਾਵੇ ਕਿ ਉੱਥੇ ਹਰਿਆਵਲ ਤੇ ਰੁੱਖ ਜ਼ਰੂਰੀ ਕੀਤੇ ਜਾਣ ਜੀ।

**1700/Beant kaur/Monika sharma**

**1705/Karamjit kaur**

**ਮਾਣਯੋਗ ਸਪੀਕਰ**: ਧੰਨਵਾਦ।

**ਸਰਦਾਰ ਸੁਖਪਾਲ ਸਿੰਘ ਖਹਿਰਾ**: ਸਪੀਕਰ ਸਾਹਿਬ, ਇਹ ਅੱਜ ਦੀ ਲਾਸਟ ਆਈਟਮ ਹੈ, ਲਾਸਟ ਬਿਲ ਹੈ, ਇਸ ਤੋਂ ਬਾਅਦ ਤਾਂ ਸੈਸ਼ਨ ਖ਼ਤਮ ਹੀ ਹੈ ਜੀ। ਸਪੀਕਰ ਸਾਹਿਬ, ਮੇਰੀ ਗੱਲ ਸੁਣੋ।

**ਮਾਣਯੋਗ ਸਪੀਕਰ**: ਨਹੀਂ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ**: ਸਪੀਕਰ ਸਾਹਿਬ, ਜਿਹੜਾ ਮੈਂ ਉਦੋਂ ਮਸਲਾ ਉਠਾਇਆ ਸੀ, ਉਸ ਦਾ ਨਤੀਜਾ ਬਿਲਾਂ ਵਿੱਚ ਆਇਆ ਹੈ ਜੀ। ਜਦੋਂ ਤੁਸੀਂ 9 ਬਿਲ ਇਕੱਠੇ ਦੇ ਦਿੱਤੇ, ਤੁਸੀਂ ਕਿਹਾ ਕਿ ਅਸੀਂ ਤੁਹਾਨੂੰ ਪਹਿਲਾਂ ਇਨਫਾਰਮ

ਕਰ ਦਿੱਤਾ ਹੈ, 2 ਦਿਨ ਪਹਿਲਾਂ ਇਹ ਕਰ ਦਿੱਤਾ ਹੈ। It is not about that. Question is 9 Bills passage ਵਾਸਤੇ ਦੇ ਦਿੱਤੇ ਪਰ ਅਸੀਂ ਇੰਨੇ ਕੰਪੀਟੈਂਟ ਨਹੀਂ ਹਾਂ ਕਿ ਅਸੀਂ 9 ਬਿਲਾਂ ਬਾਰੇ ਸਾਰਾ ਕੁੱਝ ਪੜ੍ਹ ਕੇ ਆਈਏ। ਇਸੇ ਕਰਕੇ ਕੋਈ ਬੋਲਿਆ ਨਹੀਂ ਹੈ ਜੀ। ਇੱਧਰੋਂ ਤਾਂ ਸਾਡੇ 3-4 ਮੈਂਬਰ ਬੋਲ ਲਏ ਹਨ ਪ੍ਰੰਤੂ ਉੱਧਰੋਂ ਰੂਲਿੰਗ ਬੈਂਚਿਜ ਵੱਲੋਂ ਤਾਂ ਕੋਈ ਇੱਕ ਵੀ ਨਹੀਂ ਬੋਲਿਆ। ਸਪੀਕਰ ਸਾਹਿਬ, ਮੇਰਾ ਲਾਸਟ ਕਮੈਂਟ ਹੈ ਜੀ।

**ਮਾਣਯੋਗ ਸਪੀਕਰ**: ਹੋ ਗਿਆ ਹੈ ਜੀ। ਤੁਹਾਡੀ ਗੱਲ ਆ ਗਈ ਹੈ। ਸਰਦਾਰ ਕੁਲਦੀਪ ਸਿੰਘ ਧਾਲੀਵਾਲ। (ਵਿਘਨ) ਹੋ ਗਿਆ ਜੀ। You have got enough time.

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਇੱਕ ਮਿੰਟ ਜੀ। ਤੁਹਾਡੇ ਵਾਲੇ ਪਾਸਿਓਂ ਕੋਈ ਵੀ ਨਹੀਂ ਬੋਲਿਆ। ਉਹ ਕਿਉਂ ਨਹੀਂ ਬੋਲੇ ਕਿਉਂਕਿ ਕਿਸੇ ਨੂੰ ਕਾਨੂੰਨ ਬਣਾਉਣ ਵਿੱਚ ਕੋਈ ਇੰਟਰਸਟ ਨਹੀਂ ਰਹਿ ਗਿਆ।

**ਮਾਣਯੋਗ ਸਪੀਕਰ**: ਉਹ ਵੀ ਬੋਲਣਗੇ ਜੀ। ਤੁਹਾਡਾ ਪੁਆਇੰਟ ਆ ਗਿਆ ਹੈ। ਅੱਗੇ, ਧਾਲੀਵਾਲ ਸਾਹਿਬ, ਬੋਲੋ ਜੀ।

**ਸਰਦਰ ਕੁਲਦੀਪ ਸਿੰਘ ਧਾਲੀਵਾਲ (ਅਜਨਾਲਾ)**: ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਇਹ ਬਿਲ ਹੈ, ਇਹ ਬਹੁਤ ਵਧੀਆ ਮੰਤਰੀ ਸਾਹਿਬ ਨੇ ਰੱਖਿਆ ਹੈ ਪਰ ਇਸ ਦੇ ਵਿੱਚ ਇੱਕ ਤਾਂ ਪੇਂਡੂ ਏਰੀਏ ਵਾਲੀ ਗੱਲ ਤੇ ਦੂਜੀ ਸੜਕਾਂ ਵਾਲੀ ਗੱਲ ਹੈ, ਸਾਡੀਆਂ ਬਹੁਤ ਸਾਰੀਆਂ ਰੋਡਜ ਇਸ ਕਰਕੇ ਰੁਕ ਜਾਂਦੀਆਂ ਹਨ, ਕਿ ਜਿਹੜੇ ਸੜਕਾਂ ਦੇ ਆਲੇ-ਦੁਆਲੇ ਰੁੱਖ ਹੁੰਦੇ ਹਨ, ਉਨ੍ਹਾਂ ਨੂੰ ਵੱਢਣ ਲਈ ਜਿਹੜੀ ਮਨਜ਼ੂਰੀ ਮਿਲਦੀ ਹੈ, ਉਹ ਬਹੁਤ ਟੱਫ ਕੰਮ ਹੈ, ਕਈ ਵਾਰੀ ਛੇ-ਛੇ ਮਹੀਨੇ ਮਨਜ਼ੂਰੀ ਨਹੀਂ ਮਿਲਦੀ। ਜਿਵੇਂ ਕਿ ਮੰਡੀ ਬੋਰਡ ਸੜਕ ਬਣਾਉਂਦਾ ਹੈ, ਪ੍ਰੰਤੂ ਉੱਥੇ ਰੁੱਖ ਲੱਗੇ ਹੋਏ ਹਨ, ਜੇ ਉਨ੍ਹਾਂ ਨੂੰ ਕੱਟਣਾ ਹੈ, ਤਾਂ ਇੱਥੇ ਚੰਡੀਗੜ੍ਹ ਤੱਕ ਫਾਈਲ ਆ ਜਾਂਦੀ ਹੈ। ਮੈਂ ਸਮਝਦਾ ਹਾਂ ਕਿ ਇਹ ਮਨਜ਼ੂਰੀ ਐਸ.ਡੀ.ਐਮ. ਤੱਕ ਦੇਣ ਦੀ ਪ੍ਰੋਵੀਜ਼ਨ ਕਰਨੀ ਚਾਹੀਦੀ ਹੈ। ਇੱਥੇ ਪੀ.ਡਬਲਿਊ.ਡੀ. ਮਨਿਸਟਰ ਸਾਹਿਬ ਇੱਥੇ ਬੈਠੇ ਹਨ, ਮੈਂ ਤੁਹਾਨੂੰ ਇੱਕ ਉਦਾਹਰਨ ਦੇਣੀ ਚਾਹੁੰਦਾ ਹਾਂ। ਸਾਡੇ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਸ੍ਰੀ ਤਰਨ ਤਾਰਨ ਵਾਲੀ ਜਿਹੜੀ ਸੜਕ ਹੈ, ਉਹ ਬੜੇ ਚਿਰ ਦੀ ਮਨਜ਼ੂਰ ਹੋ ਚੁੱਕੀ ਹੈ ਅਤੇ ਪੈਸੇ ਵੀ ਆਏ ਸੀ, ਮੰਤਰੀ ਸਾਹਿਬ ਨੇ ਉਸ ਦਾ ਨੀਂਹ ਪੱਥਰ ਰੱਖਿਆ ਪ੍ਰੰਤੂ ਰੁੱਖਾਂ ਨੂੰ ਕੱਟਣ ਦੀ ਮਨਜ਼ੂਰੀ ਨਾ ਮਿਲਣ ਕਰਕੇ ਡੇਢ-ਦੋ ਸਾਲ ਹੋ ਗਏ ਹਨ, ਉਸ ਦਾ ਕੰਮ ਨਹੀਂ ਹੋ ਰਿਹਾ ਜੀ। ਮੇਰੀ ਇਸ ਸਬੰਧੀ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਜਿਹੜੀਆਂ ਰੋਡਜ ਬਣ ਰਹੀਆਂ ਹਨ, ਉਥੋਂ ਜਿਹੜੇ ਰੁੱਖ ਕੱਟਣੇ ਹਨ, ਉਨ੍ਹਾਂ ਦੀ ਮਨਜ਼ੂਰੀ ਲਈ ਕਿ ਇਹ ਲਾਉਣੇ ਕਿੱਥੇ ਹਨ, ਇਸ ਸਬੰਧੀ ਵੀ ਬੜਾ ਪੰਗਾ ਹੈ ਜੀ। ਉੱਥੇ ਪੀ.ਡਬਲਿਊ.ਡੀ. ਵਾਲੇ ਆਏ ਤੇ ਕਹਿੰਦੇ ਕਿ ਤੁਸੀਂ ਵੱਢ ਲਵੋ ਪ੍ਰੰਤੂ ਫੇਰ ਕਹਿੰਦੇ ਕਿ ਇਸ ਵਾਸਤੇ ਜਗ੍ਹਾ ਦਿਓ। ਹੁਣ ਅਸੀਂ ਉਨ੍ਹਾਂ ਨੂੰ ਜਗ੍ਹਾ ਕਿੱਥੇ ਦੇਈਏ? ਉਹ ਜੰਗਲਾਤ ਡਿਪਾਰਟਮੈਂਟ ਵਾਲੇ ਜਗ੍ਹਾ ਮੰਗਦੇ ਹਨ ਕਿ ਇਸ ਵਾਸਤੇ ਜਗ੍ਹਾ ਦੇ ਦਿਓ ਜੀ ਕਿ ਇਹ ਰੁੱਖ ਮੁੜ ਲਗਾਉਣੇ ਕਿੱਥੇ ਹਨ। ਸੋ, ਸਰ, ਇਸ ਦਾ ਹੱਲ ਕਰੋ ਜੀ। ਸਾਡੇ ਇਸ ਕਾਰਨ ਬੜੇ ਕੰਮ ਰੁਕੇ ਪਏ ਹਨ। ਪਿੰਡਾਂ ਦੀਆਂ ਸੜਕਾਂ ਦੇ ਕੰਮ ਵੀ ਇਸੇ ਕਰਕੇ ਰੁਕੇ ਪਏ ਹਨ। ਉਨ੍ਹਾਂ ਲਈ ਥੋੜ੍ਹਾ ਹੋਰ ਸੌਖਾ ਕਰ ਦਿਓ। ਸ਼ਹਿਰਾਂ ਲਈ ਤਾਂ ਤੁਸੀਂ ਈ.ਓ. ਨੂੰ ਕਰਨਾ ਹੈ, ਦਿਹਾਤੀ ਏਰੀਏ ਵਾਸਤੇ ਐਸ.ਡੀ.ਐਮ., ਏ.ਡੀ.ਸੀ. ਜਾਂ ਵੱਧ ਤੋਂ ਵੱਧ ਡੀ.ਸੀ. ਤੱਕ ਕਰ ਦਿਓ ਕਿ ਸਾਨੂੰ ਉਸ ਪੱਧਰ ਤੇ ਰੁੱਖਾਂ ਸਬੰਧੀ ਪਰਮਿਸ਼ਨ ਮਿਲ ਜਾਵੇ ਤਾਂ ਕਿ ਸਾਡੀਆਂ ਸੜਕਾਂ ਦਾ ਕੰਮ ਚੱਲ ਪਵੇ। ਬੱਸ ਜੀ, ਮੇਰੀ ਇੰਨੀ ਹੀ ਬੇਨਤੀ ਹੈ।

(ਇਸ ਸਮੇਂ ਸਰਦਾਰ ਪਰਗਟ ਸਿੰਘ, ਮੈਂਬਰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਬੋਲਣ ਲਈ ਸਮਾਂ ਮੰਗ ਰਹੇ ਸੀ।)

**ਮਾਣਯੋਗ ਸਪੀਕਰ**: ਸ਼੍ਰੀ ਗੁਰਲਾਲ ਘਨੌਰ ਜੀ। ਪਹਿਲਾਂ ਭਲਵਾਨ ਜੀ ਨੂੰ ਬੋਲ ਲੈਣ ਦੇਈਏ ਜੀ, ਉਹ ਵੀ ਪਲੇਅਰ ਹੀ ਹਨ।

**ਸ਼੍ਰੀ ਗੁਰਲਾਲ ਘਨੌਰ (ਘਨੌਰ)**: ਸਪੀਕਰ ਸਾਹਿਬ, ਸਤਿ ਸ੍ਰੀ ਅਕਾਲ ਜੀ। ਧੰਨਵਾਦ ਜੀ। ਇਹ ਬਿਲ ਬਹੁਤ ਵਧੀਆ ਹੈ ਜੀ, ਇਹ ਇਨਵਾਇਰਮੈਂਟ ਸਹੀ ਰੱਖਣ ਲਈ ਮੰਤਰੀ ਸਾਹਿਬ ਵੱਲੋਂ ਰੁੱਖ ਲਗਾਉਣ ਦੀ ਗੱਲ ਕੀਤੀ ਗਈ ਹੈ। ਇਸ ਵਾਸਤੇ ਬਹੁਤ ਬਹੁਤ ਧੰਨਵਾਦ ਹੈ। ਸਪੀਕਰ ਸਾਹਿਬ, ਇਸ ਦੇ ਨਾਲ ਹੀ ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜੋ ਫੋਰੈਸਟ ਡਿਪਾਰਟਮੈਂਟ ਦੇ ਰੁੱਖ ਲੱਗੇ ਹੁੰਦੇ ਹਨ, ਜਦੋਂ ਇਹ ਬੁੱਢੇ ਹੋ ਜਾਂਦੇ ਹਨ ਜਾਂ ਸੁੱਕ ਜਾਂਦੇ ਹਨ ਤਾਂ ਇਹ ਕਈ ਵਾਰੀ ਨਾਲਿਆਂ ਤੇ, ਰਜਬਾਹਿਆਂ ਤੇ ਅਤੇ ਕਈ ਵਾਰੀ ਰਸਤਿਆਂ ਦੇ ਵਿੱਚ ਡਿੱਗ ਪੈਂਦੇ ਹਨ। ਇਨ੍ਹਾਂ ਨੂੰ ਕੱਟਣ ਲਈ ਜਾਂ ਪਾਸੇ ਕਰਨ ਲਈ ਮਨਜ਼ੂਰੀ ਲੈਣ ਵਿੱਚ ਵੀ ਬੜਾ ਲੰਬਾ ਸਮਾਂ ਲੱਗਦਾ ਹੈ। ਜਿਵੇਂ ਧਾਲੀਵਾਲ ਸਾਹਿਬ ਨੇ ਕਿਹਾ ਹੈ ਕਿ ਰੁੱਖ ਨਵੇਂ ਲੱਗਣੇ ਚਾਹੀਦੇ ਹਨ ਪਰ ਕਈ ਇਹੋ ਜਿਹੇ ਰੁੱਖ ਫਲੱਡ ਦਾ ਕਾਰਨ ਬਣ ਜਾਂਦੇ ਹਨ ਤੇ ਕਈ ਕਿਸੇ ਦੀ ਮੌਤ ਦਾ ਕਾਰਨ ਬਣ ਜਾਂਦੇ ਹਨ, ਜਿਨ੍ਹਾਂ ਦੇ ਉੱਪਰ ਨੰਬਰ ਲੱਗਾ ਹੁੰਦਾ ਹੈ, ਉਨ੍ਹਾਂ ਨੂੰ ਪਾਸੇ ਕਰਨ ਵਿੱਚ ਵੀ ਲੰਬੀ ਤੇ ਕਾਫ਼ੀ ਪਰੇਸ਼ਾਨੀ ਆਉਂਦੀ ਹੈ। ਸੋ, ਇਹ ਇਨਵਾਇਰਨਮੈਂਟ ਦਾ ਕਾਨੂੰਨ ਬਹੁਤ ਵਧੀਆ ਹੈ। ਮੈਂ ਮੰਤਰੀ ਸਾਹਿਬ ਨੂੰ ਅਤੇ ਸਦਨ ਨੂੰ ਇਹ ਅਪੀਲ ਕਰਦਾ ਹਾਂ ਕਿ ਜਿਹੜਾ ਕੋਈ ਰੁੱਖ ਅੜਿੱਕਾ ਬਣਦਾ ਹੈ, ਉਸ ਨੂੰ ਪਾਸੇ ਕਰਨ ਦੀ ਪ੍ਰਵਾਨਗੀ ਵੀ ਐਸ.ਡੀ.ਐਮ. ਲੈਵਲ ਤੱਕ ਹੋ ਜਾਣੀ ਚਾਹੀਦੀ ਹੈ ਜੀ। ਬਹੁਤ ਬਹੁਤ ਧੰਨਵਾਦ ਜੀ।

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ)**: ਸਪੀਕਰ ਸਾਹਿਬ, ਮੈਨੂੰ ਲੱਗਦਾ ਹੈ ਕਿ ਬਾਕੀ ਕਲਾਜਿਜ਼ ਤਾਂ ਠੀਕ ਹਨ ਪਰ ਜਿਹੜੀ deemed permitted ਬਾਰੇ ਕਲਾਜ ਹੈ, ਇਹ ਬੜੀ dangerous clause ਹੈ ਜੀ। ਕਿਉਂਕਿ ਥੱਲੜੇ ਲੈਵਲ ਤੇ ਇਸ ਸਬੰਧੀ ਜੋ ਕੁੱਝ ਹੁੰਦਾ ਹੈ, ਮੰਤਰੀ ਸਾਹਿਬ ਵੀ ਜਾਣਦੇ ਹਨ। ਪਿੱਛੇ ਜਿਹੇ ਮੇਰੇ ਹਲਕੇ ਵਿੱਚ 100 ਦਰੱਖਤ ਇੱਕ ਕਾਲੋਨਾਈਜਰ ਨੇ ਕੱਟ ਦਿੱਤਾ। ਮੈਨੂੰ ਲੱਗਦਾ ਹੈ ਕਿ ਮੈਂ 3 ਸੈਕਟਰੀਜ਼ ਨਾਲ ਅਤੇ ਮੰਤਰੀ ਸਾਹਿਬ ਨਾਲ ਦੋ-ਢਾਈ ਮਹੀਨੇ ਖੁਦ ਆਪ ਉਸ ਨੂੰ ਪਰਸਿਊ ਕਰਦਾ ਰਿਹਾ ਪਰ ਉਸ ਦੇ ਬਾਵਜੂਦ ਵੀ, ਜੋ ਥੱਲੇ ਮੈਕੇਨਿਜ਼ਮ ਹੈ, ਜਦੋਂ deemed to ਤੁਸੀਂ permitted ਕਰ ਦਿੰਦੇ ਹੋ ਕਿ ਇੰਨੇ ਦਿਨਾਂ ਵਿੱਚ ਦੇ ਦਿੱਤੀ, ਫੇਰ ਕਿਸੇ ਦੀ ਜ਼ਿੰਮੇਵਾਰੀ ਨਹੀਂ ਹੈ। ਸਰ, ਬੇਸੀਕਲੀ ਇਹ ਇਨਵਾਇਰਨਮੈਂਟ ਦੀ ਗੱਲ ਹੈ। ਕਿਉਂਕਿ ਅਲਟੀਮੇਟਲੀ ਤਾਂ ਇਹ N.G.T ਦੀ ਡਾਇਰੈਕਸ਼ਨ ਤੇ ਹੀ ਹੋਇਆ ਹੈ। ਜੇ ਇਸ ਨੂੰ ਅਗਲੀ ਵਾਰੀ ਲੈ ਆਈਏ ਅਤੇ ਉਸ ਵਿੱਚ Environmentalists ਜੋ ਹਨ, ਜੇਕਰ ਉਨ੍ਹਾਂ ਨੂੰ ਵੀ ਇਨਵਾਲਵ ਕਰ ਲਈਏ, ਮੈਨੂੰ ਲੱਗਦਾ ਹੈ ਕਿ ਇਸ ਵਿੱਚ ਕੋਈ ਹਰਜ਼ ਨਹੀਂ ਹੈ। ਕਿਉਂਕਿ ਇਹ ਰੁੱਖ ਸਾਡੇ ਫੇਫੜੇ ਹਨ, ਇਹ ਸਾਡੇ ਲੰਗਜ ਹਨ, ਉਸ ਦੇ ਵਿੱਚ ਜਿਹੜਾ ਕਿਤੇ ਨਾ ਕਿਤੇ ਰਿਸਪਾਂਸੇਬਿਲਟੀ ਜਿਹੜੀ ਹੈ, ਕਿਉਂਕਿ ਸੈਕਟਰੀ ਵੀ ਉਹ ਸੀ ਜਿਹੜੇ ਸੀ.ਐਮ. ਆਫਿਸ ਦੇ ਸੈਕਟਰੀ ਹਨ, ਸ਼੍ਰੀ ਰਵੀ ਭਗਤ ਜੀ, ਮੈਨੂੰ ਲੱਗਦਾ ਹੈ ਕਿ ਕੋਈ ਜ਼ਿੰਮੇਵਾਰੀ ਹੀ ਨਾ ਲਵੇ, ਕੋਈ ਕਹੇ ਕਿ ਇਹ ਫਾਰੈਸਟ ਡਿਪਾਰਟਮੈਂਟ ਦਾ ਕੰਮ ਹੈ, ਕੋਈ ਕਹੇ ਕਿ ਇਹ ਪੀ.ਡਬਲਿਊ.ਡੀ. ਦਾ ਹੈ, ਕੋਈ ਕਹੇ ਕਿ ਕਿਸੇ ਹੋਰ ਡਿਪਾਰਟਮੈਂਟ ਦਾ ਹੈ, ਲੇਕਿਨ ਅਸਲੀ ਗੱਲ ਹੈ ਕਿ ਉਸ ਕਾਲੋਨਾਈਜਰ ਨੇ ਉਸ ਦੇ ਮੁੱਢ ਵੀ ਨਹੀਂ ਰਹਿਣ ਦਿੱਤੇ। ਮੁੱਢ ਵੀ ਰਾਤ ਨੂੰ ਕੱਢ ਦਿੱਤੇ ਅਤੇ ਇਨ੍ਹਾਂ ਦੇ ਮਹਿਕਮੇ ਦਾ ਬੰਦਾ ਉਸ ਵਿੱਚ ਇਨਵਾਲਵਡ ਹੋ ਸਕਦਾ ਹੈ।

**1705/Karamjit kaur/Monika sharma**

**1710/harpreet singh**

ਇਨ੍ਹਾਂ ਦੇ ਕਲੋਨਾਈਜ਼ਰ ਨੇ, ਮੈਨੂੰ ਨਹੀਂ ਪਤਾ ਕਿ ਉੱਥੇ ਮੁੱਢ ਹੀ ਨਹੀਂ ਰਹਿਣ ਦਿੱਤਾ। ਸੋ, ਮੈਨੂੰ ਲਗਦਾ ਹੈ ਕਿ ਇਸ ਬਿਲ ਨੂੰ ਸਿਲੈਕਟ ਕਮੇਟੀ ਨੂੰ ਭੇਜ ਦਿੱਤਾ ਜਾਵੇ ਤਾਂ ਕੋਈ ਮਾੜੀ ਗੱਲ ਨਹੀਂ ਹੈ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ (ਨਕੋਦਰ):** ਸਪੀਕਰ ਸਾਹਿਬ, ਧੰਨਵਾਦ। ਇਹ ਅੱਜ ਦਾ ਬਿਲ ਜ਼ਰੂਰੀ ਵੀ ਸੀ ਕਿਉਂਕਿ ਸਾਡੇ ਬਹੁਤ ਸਾਰੇ ਦਰਖਤ ਅਜਿਹੀਆਂ ਥਾਵਾਂ ਤੇ ਹਨ, ਜਿੱਥੇ ਉਹ ਮੌਤ ਦਾ ਕਾਰਨ ਬਣਦੇ ਹਨ ਜਾਂ ਸੜਕਾਂ ਦੇ ਵਿਚ ਆਉਂਦੇ ਹਨ। ਲੇਕਿਨ ਇਸ ਦੇ ਨਾਲ ਨਾਲ ਦਰਖਤਾਂ ਦੀ ਹੋਂਦ ਨੂੰ ਵੀ ਬਚਾ ਕੇ ਰੱਖਣਾ ਹੈ। ਨਵੇਂ ਦਰਖੱਤ ਵੀ ਲਗਾਉਣੇ ਹਨ। ਜੇਕਰ ਅਸੀਂ ਕਲੋਨਾਈਜ਼ਰ ਦੀ ਗੱਲ ਕਰੀਏ ਤਾਂ ਉਹ ਜਿੰਨੇ ਵੀ ਰੁੱਖ ਕੱਟਦੇ ਹਨ ਜਾਂ ਕੱਟਣੇ ਪੈ ਰਹੇ ਹਨ ਤਾਂ ਉਨ੍ਹਾਂ ਨੂੰ ਸਖਤੀ ਨਾਲ ਪਾਬੰਦ ਕੀਤਾ ਜਾਵੇ ਕਿ ਉਨ੍ਹਾਂ ਦੇ ਨਕਸ਼ੇ ਵਿਚ ਉਨੀ ਜ਼ਮੀਨ ਰਖਵਾਈ ਜਾਵੇ ਅਤੇ ਉਹ ਉਸ ਜ਼ਮੀਨ ਤੇ ਰੁੱਖ ਲਗਾਉਣ। ਦੂਜੀ ਗੱਲ ਸਾਡੀਆਂ ਪਿੰਡਾਂ ਵਿਚ ਸੜਕਾਂ ਲੰਘਦੀਆਂ ਹਨ, ਉੱਥੇ ਰੁੱਖ ਕੱਟਣੇ ਸਾਡੀ ਮਜਬੂਰੀ ਹੈ ਲੇਕਿਨ ਪੰਚਾਇਤ ਦੀਆਂ ਜ਼ਮੀਨਾਂ ਹਰ ਪਿੰਡ ਵਿਚ ਹਨ। ਪੈਸੇ ਸਾਡੇ ਬੱਚਿਆਂ ਨੂੰ ਆਉਣ ਵਾਲੇ ਸਮੇਂ ਵਿਚ ਸਾਹ ਨਹੀਂ ਦੇ ਸਕਣਗੇ। ਸੋ, ਜੇਕਰ ਸਾਨੂੰ ਰੁੱਖ ਕੱਟਣੇ ਪੈਂਦੇ ਹਨ ਤਾਂ ਕੱਟੀਏ ਪਰ ਉਨ੍ਹਾਂ ਪਿੰਡਾਂ ਦੀਆਂ ਪੰਚਾਇਤੀ ਜ਼ਮੀਨਾਂ, ਬੇਸ਼ੱਕ ਦੋ ਜਾਂ ਤਿੰਨ ਕਨਾਲ ਜਗ੍ਹਾ ਲੈ ਕੇ ਉੱਥੇ ਰੁੱਖ ਜੰਗਲ ਦੇ ਰੂਪ ਵਿਚ ਲਗਾਈਏ। ਦਰੱਖਤ ਕੱਟਣੇ ਵੀ ਜ਼ਰੂਰੀ ਹਨ ਪਰ ਦਰੱਖਤ ਲਗਾਉਣੇ ਨਿਹਾਇਤ ਜ਼ਰੂਰੀ ਹਨ। ਧੰਨਵਾਦ ਜੀ।

**ਮਾਣਯੋਗ ਸਪੀਕਰ** : ਪ੍ਰਸ਼ਨ ਹੈ-

ਕਿ ਪੰਜਾਬ ਪ੍ਰਾਟੈਕਸ਼ਨ ਆਫ਼ ਟਰੀਜ਼ ਬਿਲ, 2026 'ਤੇ ਤੁਰੰਤ ਵਿਚਾਰ ਕੀਤਾ ਜਾਵੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਪਰਗਟ ਸਿੰਘ ਪੋਆਰ ਅਤੇ ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀਆਂ ਸੀਟਾਂ ਤੇ ਬੈਠੇ ਬੈਠੇ ਇਸ ਬਿਲ ਲਈ ਆਪਣੀ ਅਸਿਹਮਤੀ ਪ੍ਰਗਟਾਉਂਦੇ ਹੋਏ ਇਹ ਬਿਲ ਸਿਲੈਕਟ ਕਮੇਟੀ ਨੂੰ ਭੇਜਣ ਲਈ ਮਾਣਯੋਗ ਸਪੀਕਰ ਸਾਹਿਬ ਨੂੰ ਬੇਨਤੀ ਕਰ ਰਹੇ ਸਨ।)

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ ਬੀ ਅਤੇ ਸੀ**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ ਬੀ ਅਤੇ ਸੀ ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 5**

**ਮਾਣਯੋਗ ਸਪੀਕਰ:** ਕਿਉਂਜੋ ਕਲਾਜ਼ਾਂ 2 ਤੋਂ 5 ਤੱਕ ਕੋਈ ਸੋਧਨਾ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਲਈਆਂ ਜਾਣ?

(**ਅਵਾਜ਼ਾਂ** : ਹਾਂ ਜੀ, ਹਾਂ ਜੀ।)

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 5 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

***ਕਲਾਜ਼ 6***

***ਸੋਧਨਾ***

**ਜੰਗਲਾਤ ਮੰਤਰੀ (ਸ੍ਰੀ ਲਾਲ ਚੰਦ) :** ਸ੍ਰੀਮਾਨ ਜੀ, ਮੈਂ ਇਹ ਪ੍ਰਸਤਾਵ ਕਰਦਾ ਹਾਂ -

ਕਿ ਕਲਾਜ਼ 6 ਦੀ ਸਬ ਕਲਾਜ਼ ਏ ਅਧੀਨ ਸ਼ਬਦ "1.85 ਮੀਟਰ" ਦੀ ਜਗ੍ਹਾ "1.35 ਮੀਟਰ" ਪੜ੍ਹਿਆ ਜਾਵੇ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਕਲਾਜ਼ 6 ਦੀ ਸਬ ਕਲਾਜ਼ ਏ ਅਧੀਨ ਸ਼ਬਦ "1.85 ਮੀਟਰ" ਦੀ ਜਗ੍ਹਾ "1.35 ਮੀਟਰ" ਪੜ੍ਹਿਆ ਜਾਵੇ।

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 6 ਦੀ ਸਬ-ਕਲਾਜ਼ ਏ ਅਧੀਨ ਸ਼ਬਦ "1.85 ਮੀਟਰ" ਦੀ ਜਗ੍ਹਾ "1.35 ਮੀਟਰ" ਪੜ੍ਹਿਆ ਜਾਵੇ।

***ਪ੍ਰਸਤਾਵ (ਸੋਧੇ ਅਨੁਸਾਰ) ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 6 ਸੋਧਨਾ ਸਮੇਤ ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜਾਂ 7 ਤੋਂ 18**

**ਮਾਣਯੋਗ ਸਪੀਕਰ:** ਕਿਉਂਜੋ ਕਲਾਜ਼ਾਂ 7 ਤੋਂ 18 ਤੱਕ ਕੋਈ ਸੋਧਨਾ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਲਈਆਂ ਜਾਣ?

(**ਅਵਾਜ਼ਾਂ** : ਹਾਂ ਜੀ, ਹਾਂ ਜੀ।)

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 7 ਤੋਂ 18 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸ਼ਡਿਊਲ 1 ਤੋਂ 3 ਅਤੇ ਫਾਰਮ ਏ**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਸ਼ਡਿਊਲ 1 ਤੋਂ 3 ਅਤੇ ਫਾਰਮ ਏ ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ ਏ**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ ਏ ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ** : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ (ਸ੍ਰੀ ਲਾਲ ਚੰਦ) :** ਸ੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਦਿ ਪੰਜਾਬ ਪ੍ਰੋਟੈਕਸ਼ਨ ਆਫ਼ ਟਰੀਜ਼ ਬਿਲ, 2026 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਦਿ ਪੰਜਾਬ ਪ੍ਰੋਟੈਕਸ਼ਨ ਆਫ਼ ਟਰੀਜ਼ ਬਿਲ, 2026 ਬਿਲ ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਦਿ ਪੰਜਾਬ ਪ੍ਰੋਟੈਕਸ਼ਨ ਆਫ਼ ਟਰੀਜ਼ ਬਿਲ, 2026 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ। (ਥੰਪਿੰਗ)***

———

**1710/harpreet singh/Shubham jain**

**1715/amandeep kaur**

**RESOLUTION THANKING CHIEF MINISTER AND THE GOVERNMENT FOR REVIVAL OF CANAL WATER SUPPLY SYSTEM SO THAT IT REACHES THE TAILS VIZ.TILL THE ENDS OF LAST VILLAGES.**

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ** : ਸ੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

"ਕਿ ਇਹ ਸਦਨ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਜੀ ਮਾਨ ਅਤੇ ਪੰਜਾਬ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕਰਦਾ ਹੈ ਕਿ ਪੰਜਾਬ ਦੇ ਕਿਸਾਨ ਨਹਿਰੀ ਪਾਣੀ ਦੀ ਜੋ ਮੰਗ ਦਹਾਕਿਆਂ ਤੋਂ ਕਰਦੇ ਆ ਰਹੇ ਸਨ, ਉਹ ਕਿਸਾਨਾਂ ਦੀ ਮੰਗ ਪੂਰੀ ਕਰਕੇ ਇੱਕ ਇਤਿਹਾਸਕ ਕਾਰਨਾਮਾ ਕਰਕੇ ਵਿਖਾਇਆ ਹੈ ਅਤੇ ਪੰਜਾਬ ਦੇ ਨਹਿਰੀ ਸਿੰਚਾਈ ਸਿਸਟਮ ਨੂੰ ਪੁਨਰ ਸੁਰਜੀਤ ਕਰਕੇ ਨਹਿਰਾਂ ਦਾ ਪਾਣੀ ਟੇਲਾਂ ਤੱਕ ਭਾਵ ਆਖਰੀ ਸਿਰੇ ਦੇ ਪਿੰਡਾਂ ਤੱਕ ਪਹੁੰਚਾਇਆ ਹੈ।"

**ਮਾਣਯੋਗ ਸਪੀਕਰ**: ਪ੍ਰਸਤਾਵ ਕੀਤਾ -

"ਕਿ ਇਹ ਸਦਨ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਜੀ ਮਾਨ ਅਤੇ ਪੰਜਾਬ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕਰਦਾ ਹੈ ਕਿ ਪੰਜਾਬ ਦੇ ਕਿਸਾਨ ਨਹਿਰੀ ਪਾਣੀ ਦੀ ਜੋ ਮੰਗ ਦਹਾਕਿਆਂ ਤੋਂ ਕਰਦੇ ਆ ਰਹੇ ਸਨ, ਉਹ ਕਿਸਾਨਾਂ ਦੀ ਮੰਗ ਪੂਰੀ ਕਰਕੇ ਇੱਕ ਇਤਿਹਾਸਕ ਕਾਰਨਾਮਾ ਕਰਕੇ ਵਿਖਾਇਆ ਹੈ ਅਤੇ ਪੰਜਾਬ ਦੇ ਨਹਿਰੀ ਸਿੰਚਾਈ ਸਿਸਟਮ ਨੂੰ ਪੁਨਰ ਸੁਰਜੀਤ ਕਰਕੇ ਨਹਿਰਾਂ ਦਾ ਪਾਣੀ ਟੇਲਾਂ ਤੱਕ ਭਾਵ ਆਖਰੀ ਸਿਰੇ ਦੇ ਪਿੰਡਾਂ ਤੱਕ ਪਹੁੰਚਾਇਆ ਹੈ।"

(ਬਹਿਸ, ਜੇਕਰ ਕੋਈ ਹੋਵੇ)

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ (ਧਰਮਕੋਟ)**: ਸਪੀਕਰ ਸਾਹਿਬ, ਪੰਜਾਬ ਨੂੰ ਦੇਸ਼ ਦਾ ਅੰਨ ਭੰਡਾਰ ਕਿਹਾ ਜਾਂਦਾ ਹੈ। ਪਰ ਲੰਬੇ ਸਮੇਂ ਤੱਕ ਸਾਡੀ ਨਹਿਰੀ ਸਿੰਚਾਈ ਪ੍ਰਣਾਲੀ ਅਣਗਹਿਲੀ ਦਾ ਸ਼ਿਕਾਰ ਰਹੀ। ਗਾਰ ਨਾਲ ਭਰੀਆਂ ਨਹਿਰਾਂ, ਬੰਦ ਪਏ ਖਾਲ ਅਤੇ ਟੁੱਟੀਆਂ. ਡਿਸਟ੍ਰੀਬਿਊਟਰੀਆਂ ਕਾਰਨ ਕਿਸਾਨਾਂ ਨੂੰ ਲਗਭਗ ਪੂਰੀ ਤਰ੍ਹਾਂ ਧਰਤੀ ਹੇਠਲੇ ਪਾਣੀ 'ਤੇ ਨਿਰਭਰ ਹੋਣਾ ਪਿਆ। ਇਸ ਅਣਗਹਿਲੀ ਦਾ ਸਭ ਤੋਂ ਵੱਡਾ ਨੁਕਸਾਨ ਨਹਿਰਾਂ ਦੇ ਆਖ਼ਰੀ ਸਿਰੇ 'ਤੇ ਵੱਸਦੇ ਕਿਸਾਨਾਂ ਨੂੰ ਝੱਲਣਾ ਪਿਆ। ਪਿਛਲੇ ਸਾਢੇ ਚਾਰ ਸਾਲਾਂ ਵਿੱਚ ਇਹ ਤਸਵੀਰ ਪੂਰੀ ਤਰ੍ਹਾਂ ਬਦਲ ਗਈ ਹੈ। ਅਪ੍ਰੈਲ 2022 ਤੋਂ 2026 ਤੱਕ ਪੰਜਾਬ ਸਰਕਾਰ ਨੇ ਨਹਿਰੀ ਢਾਂਚੇ ਨੂੰ ਮਜ਼ਬੂਤ ਕਰਨ ਲਈ ₹7,200 ਕਰੋੜ ਦਾ ਨਿਵੇਸ਼ ਕੀਤਾ ਹੈ, ਜੋ ਜਲ ਸਰੋਤ ਵਿਭਾਗ ਦੇ ਇਤਿਹਾਸ ਦੇ ਸਭ ਤੋਂ ਵੱਡੇ ਨਿਵੇਸ਼ਾਂ ਵਿੱਚੋਂ ਇੱਕ ਹੈ। ਇਸ ਦੇ ਨਤੀਜੇ ਬੇਹੱਦ ਸ਼ਾਨਦਾਰ ਰਹੇ ਹਨ।

ਸਾਲ 2022 ਵਿੱਚ ਨਹਿਰੀ ਸਿੰਚਾਈ ਸਿਰਫ਼ 20.89 ਲੱਖ ਏਕੜ ਖੇਤਰ ਤੱਕ ਸੀਮਿਤ ਸੀ, ਜੋ ਕਿ ਪੰਜਾਬ ਦੇ 75.89 ਲੱਖ ਏਕੜ ਕਲਟੀਵੇਬਲ ਕਮਾਂਡ ਏਰੀਆ (CCA) ਦਾ ਕੇਵਲ 26.5 ਫ਼ੀਸਦੀ ਸੀ। ਅੱਜ ਨਹਿਰੀ ਸਿੰਚਾਈ ਦਾ ਦਾਇਰਾ ਵੱਧ ਕੇ 60.30 ਲੱਖ ਏਕੜ ਤੱਕ ਪਹੁੰਚ ਗਿਆ ਹੈ, ਜੋ ਕਿ ਸੂਬੇ ਦੇ ਕੁੱਲ CCA ਦਾ 80 ਫ਼ੀਸਦੀ ਹੈ। ਇਹ ਕੇਵਲ ਰਕਬੇ ਵਿੱਚ ਵਾਧਾ ਨਹੀਂ, ਸਗੋਂ ਪੰਜਾਬ ਦੀ ਸਿੰਚਾਈ ਪ੍ਰਣਾਲੀ ਵਿੱਚ ਇੱਕ ਇਤਿਹਾਸਕ ਤਬਦੀਲੀ ਹੈ। ਇਸ ਟੀਚੇ ਨੂੰ ਹਾਸਲ ਕਰਨ ਲਈ ਸਰਕਾਰ ਨੇ ਵੱਡੇ ਪੱਧਰ 'ਤੇ ਬੁਨਿਆਦੀ ਢਾਂਚੇ ਦਾ ਵਿਕਾਸ ਕੀਤਾ। 9,260 ਕਿਲੋਮੀਟਰ ਨਵੇਂ ਖਾਲ ₹2,600 ਕਰੋੜ ਦੀ ਲਾਗਤ ਨਾਲ ਬਣਾਏ ਗਏ । 19,316 ਖਾਲ, ਜਿਨ੍ਹਾਂ ਦੀ ਕੁੱਲ ਲੰਬਾਈ 7,400 ਕਿਲੋਮੀਟਰ ਹੈ, ਮੁੜ ਬਹਾਲ ਕੀਤੇ ਗਏ ਹਨ। 551 ਕਿਲੋਮੀਟਰ ਲੰਬੀਆਂ 102 ਬੰਦ ਪਈਆਂ ਨਹਿਰਾਂ ਨੂੰ ਮੁੜ ਚਾਲੂ ਕਰਕੇ 2.75 ਲੱਖ ਏਕੜ ਖੇਤਰ ਨੂੰ ਦੁਬਾਰਾ ਨਹਿਰੀ ਸਿੰਚਾਈ ਨਾਲ ਜੋੜਿਆ ਗਿਆ।

ਸਰਕਾਰ ਨੇ ਪੰਜਾਬ ਦੀਆਂ ਮੁੱਖ ਨਹਿਰਾਂ ਦਾ ਆਧੁਨਿਕੀਕਰਨ ਵੀ ਕੀਤਾ ਹੈ। ਸਰਹਿੰਦ ਨਹਿਰ ਅਤੇ ਪਟਿਆਲਾ ਫੀਡਰ ਦੀ ਲਾਈਨਿੰਗ ਰਾਹੀਂ 1.5 ਮਿਲੀਅਨ ਏਕੜ-ਫੁੱਟ ਪਾਣੀ ਦੀ ਬਚਤ ਹੋਈ ਹੈ, 9.32 ਲੱਖ ਏਕੜ ਖੇਤਰ ਨੂੰ ਲਾਭ ਮਿਲਿਆ ਹੈ ਅਤੇ ਨਹਿਰਾਂ ਦੀ ਪਾਣੀ ਢੋਣ ਸਮਰੱਥਾ ਵਿੱਚ 2,900 ਕਿਊਸਿਕ ਦਾ ਵਾਧਾ ਹੋਇਆ ਹੈ। ਸਰਹਿੰਦ ਫੀਡਰ ਨਹਿਰ ਦੀ ਲਾਈਨਿੰਗ ਇੰਨੀ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਗਈ ਹੈ ਕਿ ਅਬੋਹਰ, ਫਿਰੋਜ਼ਪੁਰ ਅਤੇ ਸ੍ਰੀ ਮੁਕਤਸਰ ਸਾਹਿਬ ਵਰਗੇ ਜ਼ਿਲ੍ਹਿਆਂ ਵਿੱਚ ਹੁਣ ਰੋਟੇਸ਼ਨ ਪ੍ਰਣਾਲੀ ਦੀ ਲੋੜ ਨਹੀਂ ਰਹੀ ਅਤੇ ਆਖ਼ਰੀ ਸਿਰੇ ਤੱਕ ਵੀ ਲਗਾਤਾਰ ਨਹਿਰੀ ਪਾਣੀ ਪਹੁੰਚ ਰਿਹਾ ਹੈ। ਇਸੇ ਤਰ੍ਹਾਂ ਫਿਰੋਜ਼ਪੁਰ ਫੀਡਰ ਨਹਿਰ ਦੀ ਪਾਣੀ ਢੋਣ ਸਮਰੱਥਾ 11,192 ਕਿਊਸਿਕ ਤੋਂ ਵੱਧ ਕੇ 13,845 ਕਿਊਸਿਕ ਹੋ ਗਈ ਹੈ, ਅਰਥਾਤ 2,600 ਕਿਊਸਿਕ ਤੋਂ ਵੱਧ ਦਾ ਵਾਧਾ ਹੋਇਆ ਹੈ। ਸਰਕਾਰ ਨੇ ਉਹ ਪ੍ਰੋਜੈਕਟ ਵੀ ਮੁੜ ਜੀਵਿਤ ਕੀਤੇ ਹਨ ਜੋ ਦਹਾਕਿਆਂ ਤੋਂ ਅਧੂਰੇ ਪਏ ਸਨ। ਲਗਭਗ 40 ਸਾਲਾਂ ਤੋਂ ਗੈਰ-ਕਾਰਜਸ਼ੀਲ ਪਈ ਕੰਡੀ ਨਹਿਰ ਨੂੰ ਮੁੜ ਚਾਲੂ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਕੰਡੀ ਖੇਤਰ ਵਿੱਚ 1,500 ਕਿਲੋਮੀਟਰ ਲੰਬੀਆਂ ਭੂਮੀਗਤ ਪਾਈਪਲਾਈਨਾਂ ਨੂੰ ਮੁੜ ਬਹਾਲ ਕਰਕੇ 24,000 ਏਕੜ ਖੇਤਰ ਨੂੰ ਸਿੰਚਾਈ ਦੀ ਸਹੂਲਤ ਦਿੱਤੀ ਗਈ ਹੈ। ਸ਼ਾਇਦ ਸਭ ਤੋਂ ਵੱਡੀ ਉਪਲਬਧੀ ਇਹ ਹੈ ਕਿ 1,582 ਥਾਵਾਂ 'ਤੇ ਪਹਿਲੀ ਵਾਰ ਨਹਿਰਾਂ ਦਾ ਪਾਣੀ ਪਹੁੰਚਿਆ ਹੈ, ਜਿਨ੍ਹਾਂ ਵਿੱਚੋਂ 104 ਨਵੀਆਂ ਥਾਵਾਂ ਸਾਲ 2025-26 ਦੌਰਾਨ ਸ਼ਾਮਲ ਹੋਈਆਂ। ਇਹ

ਹਜ਼ਾਰਾਂ ਕਿਸਾਨ ਪਰਿਵਾਰਾਂ ਲਈ ਇਤਿਹਾਸਕ ਮੀਲ ਪੱਥਰ ਹੈ, ਜਿਨ੍ਹਾਂ ਨੇ ਪਹਿਲਾਂ ਕਦੇ ਨਹਿਰੀ ਪਾਣੀ ਨਹੀਂ ਵੇਖਿਆ ਸੀ।

ਸਰਕਾਰ ਨੇ ਮਲੇਰਕੋਟਲਾ, ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਫਾਜ਼ਿਲਕਾ ਅਤੇ ਸ੍ਰੀ ਮੁਕਤਸਰ ਸਾਹਿਬ ਵਿੱਚ ਅੱਠ ਨਵੀਆਂ ਨਹਿਰਾਂ ਬਣਾਈਆਂ ਹਨ। ਇਸ ਤੋਂ ਇਲਾਵਾ ਰੂਪਨਗਰ ਅਤੇ ਹੁਸ਼ਿਆਰਪੁਰ ਵਿੱਚ 28 ਨਵੀਆਂ ਲਿਫ਼ਟ ਸਿੰਚਾਈ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚੋਂ 20 ਪਹਿਲਾਂ ਹੀ ਚਾਲੂ ਹਨ। ਪਾਣੀ ਦੇ ਵਿਗਿਆਨਕ ਪ੍ਰਬੰਧਨ ਨੂੰ ਹੋਰ ਮਜ਼ਬੂਤ ਕਰਨ ਲਈ ਸਰਕਾਰ ਨੇ ਪੰਜ ਨਵੇਂ ਕੈਨਾਲ ਅਤੇ ਭੂਮੀਗਤ ਜਲ ਡਿਵੀਜ਼ਨ ਵੀ ਸਥਾਪਿਤ ਕੀਤੇ ਹਨ, ਜਿਸ ਨਾਲ ਯੋਜਨਾਬੰਦੀ, ਰੱਖ-ਰਖਾਅ ਅਤੇ ਨਿਗਰਾਨੀ ਵਿੱਚ ਹੋਰ ਸੁਧਾਰ ਆਇਆ ਹੈ। ਇਨ੍ਹਾਂ ਉਪਰਾਲਿਆਂ ਸਦਕਾ ਪੰਜਾਬ ਹੁਣ ਹਰ ਸਕਿੰਟ 3,000 ਕਿਊਸਿਕ ਵਾਧੂ ਨਹਿਰੀ ਪਾਣੀ ਦੀ ਵਰਤੋਂ ਕਰਨ ਦੇ ਯੋਗ ਹੋਇਆ ਹੈ। ਇਸ ਦੇ ਨਾਲ ਹੀ ਲਗਭਗ 25 ਸਾਲਾਂ ਤੋਂ ਲਟਕਿਆ ਹੋਇਆ ₹3,394.49 ਕਰੋੜ ਦੀ ਲਾਗਤ ਵਾਲਾ ਸ਼ਾਹਪੁਰਕੰਡੀ ਡੈਮ ਪ੍ਰੋਜੈਕਟ ਵੀ ਮੁਕੰਮਲ ਕੀਤਾ ਗਿਆ ਹੈ।

ਸਰਕਾਰ ਨੇ ਆਪਣਾ ਧਿਆਨ ਕੇਵਲ ਨਹਿਰਾਂ ਤੱਕ ਹੀ ਸੀਮਿਤ ਨਹੀਂ ਰੱਖਿਆ, ਸਗੋਂ ਭੂਮੀਗਤ ਪਾਣੀ ਦੀ' ਸੰਭਾਲ ਨੂੰ ਵੀ ਬਰਾਬਰ ਦੀ ਤਰਜੀਹ ਦਿੱਤੀ ਹੈ। ਤਲਾਬਾਂ, ਨਹਿਰ-ਆਧਾਰਿਤ ਰੀਚਾਰਜ ਪ੍ਰਣਾਲੀਆਂ ਅਤੇ ਖਮਾਬਤੀ ਖੂਹਾਂ ਰਾਹੀਂ 510 ਭੂਮੀਗਤ ਜਲ ਰੀਚਾਰਜ ਢਾਂਚੇ ਬਣਾਏ ਗਏ ਹਨ, ਜਿਨ੍ਹਾਂ ਦੀ ਕੁੱਲ ਰੀਚਾਰਜ ਸਮਰੱਥਾ 33.91 ਲੱਖ ਘਣ ਮੀਟਰ ਹੈ। ਇਸ ਦੇ ਨਤੀਜੇ ਵਜੋਂ ਕੇਂਦਰੀ ਭੂਮੀਗਤ ਜਲ ਬੋਰਡ ਅਨੁਸਾਰ ਪੰਜਾਬ ਵਿੱਚ ਭੂਮੀਗਤ ਪਾਣੀ ਦੀ ਸਥਿਤੀ ਵਿੱਚ ਮਹੱਤਵਪੂਰਨ ਸੁਧਾਰ ਦਰਜ ਕੀਤਾ ਗਿਆ ਹੈ। 153 ਵਿੱਚੋਂ 74 ਬਲਾਕਾਂ ਵਿੱਚ ਭੂਮੀਗਤ ਜਲ ਦੀ ਸਥਿਤੀ ਵਿੱਚ ਸੁਧਾਰ ਹੋਇਆ ਹੈ। 5 ਬਲਾਕ ਬਿਹਤਰ ਸ਼੍ਰੇਣੀ ਵਿੱਚ ਪਹੁੰਚ ਗਏ ਹਨ। 57 ਫ਼ੀਸਦੀ ਨਿਗਰਾਨੀ ਖੂਹਾਂ ਵਿੱਚ ਇੱਕ ਦਹਾਕੇ ਪਹਿਲਾਂ ਦੇ ਮੁਕਾਬਲੇ ਭੂਮੀਗਤ ਪਾਣੀ ਦਾ ਪੱਧਰ ਸੁਧਰਿਆ ਹੈ।

ਮਾਣਯੋਗ ਸਪੀਕਰ ਸਾਹਿਬ ਜੀ, ਪਿਛਲੀਆਂ ਸਰਕਾਰਾਂ ਅਤੇ ਮੌਜੂਦਾ ਸਰਕਾਰ ਵਿਚਲਾ ਫ਼ਰਕ ਅੱਜ ਪੰਜਾਬ ਦੇ ਖੇਤਾਂ ਵਿੱਚ ਸਾਫ਼ ਨਜ਼ਰ ਆ ਰਿਹਾ ਹੈ। ਜਿੱਥੇ ਪਹਿਲਾਂ ਨਹਿਰਾਂ ਸੁੱਕਣ ਲਈ ਛੱਡ ਦਿੱਤੀਆਂ ਗਈਆਂ, ਉੱਥੇ ਇਸ ਸਰਕਾਰ ਨੇ ਉਨ੍ਹਾਂ ਨੂੰ ਮੁੜ ਜੀਵਨ ਦਿੱਤਾ। ਜਿੱਥੇ ਆਖ਼ਰੀ ਸਿਰੇ ਦੇ ਕਿਸਾਨਾਂ ਨੇ ਉਮੀਦ ਛੱਡ ਦਿੱਤੀ ਸੀ, ਉੱਥੇ ਇਸ ਸਰਕਾਰ ਨੇ ਉਨ੍ਹਾਂ ਦੇ ਖੇਤਾਂ ਤੱਕ ਪਾਣੀ ਪਹੁੰਚਾਇਆ। ਜਿੱਥੇ ਪੰਜਾਬ ਦਾ ਖੇਤੀਬਾੜੀ ਤੰਤਰ ਪੂਰੀ ਤਰ੍ਹਾਂ ਧਰਤੀ ਹੇਠਲੇ ਪਾਣੀ 'ਤੇ ਨਿਰਭਰ ਹੋ ਗਿਆ ਸੀ, ਉੱਥੇ ਇਸ ਸਰਕਾਰ ਨੇ ਨਹਿਰੀ ਸਿੰਚਾਈ ਵਿੱਚ ਮੁੜ ਵਿਸ਼ਵਾਸ ਪੈਦਾ ਕਰਦੇ ਹੋਏ ਟਿਕਾਊ ਖੇਤੀ ਦੀ ਮਜ਼ਬੂਤ ਨੀਂਹ ਰੱਖੀ ਹੈ। ਇਹ ਉਪਲਬਧੀਆਂ ਕੇਵਲ ਸਰਕਾਰੀ ਅੰਕੜੇ ਨਹੀਂ ਹਨ। ਇਹ ਲੱਖਾਂ ਕਿਸਾਨਾਂ ਲਈ ਰਾਹਤ, ਸਿੰਚਾਈ ਦੇ ਖਰਚੇ ਵਿੱਚ ਕਮੀ, ਧਰਤੀ ਹੇਠਲੇ ਪਾਣੀ ਦੀ ਸੰਭਾਲ ਅਤੇ ਪੰਜਾਬ ਦੀ ਖੇਤੀ ਲਈ ਇੱਕ ਟਿਕਾਊ ਭਵਿੱਖ ਦੀ ਗਾਰੰਟੀ ਹਨ।

ਮੈਂ, ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ, ਮਾਣਯੋਗ ਜਲ ਸਰੋਤ ਮੰਤਰੀ ਜੀ, ਵਿਭਾਗ ਦੇ ਇੰਜੀਨੀਅਰਾਂ, ਅਧਿਕਾਰੀਆਂ ਅਤੇ ਹਰ ਫ਼ੀਲਡ ਕਰਮਚਾਰੀ ਨੂੰ ਇਸ ਇਤਿਹਾਸਕ ਬਦਲਾਅ ਲਈ ਦਿਲੋਂ ਵਧਾਈ ਦਿੰਦਾ ਹਾਂ। ਇਸੇ ਮਾਣ ਅਤੇ ਵਿਸ਼ਵਾਸ ਨਾਲ ਮੈਂ ਇਸ ਧੰਨਵਾਦ ਪ੍ਰਸਤਾਵ ਦਾ ਪੂਰਨ ਸਮਰਥਨ ਕਰਦਾ ਹਾਂ ਅਤੇ

ਪੰਜਾਬ ਦੀ ਸਿੰਚਾਈ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ ਲਈ ਕੀਤੇ ਗਏ ਇਸ ਬੇਮਿਸਾਲ ਕੰਮ ਲਈ ਇਸ ਮਾਣਯੋਗ ਸਦਨ ਵੱਲੋਂ ਆਪਣਾ ਧੰਨਵਾਦ ਪ੍ਰਗਟ ਕਰਦਾ ਹਾਂ। ਧੰਨਵਾਦ, ਮਾਣਯੋਗ ਸਪੀਕਰ ਸਾਹਿਬ ਜੀ। (ਥੰਪਿੰਗ)

**1715/amandeep kaur/Shubham jain**

**1720/Tarlochan Singh**

**ਮਾਣਯੋਗ ਸਪੀਕਰ** : ਬਹੁਤ ਮਿਹਰਬਾਨੀ। ਬਰਿੰਦਰ ਕੁਮਾਰ ਗੋਇਲ ਜੀ।

**ਜਲ ਸਰੋਤ ਮੰਤਰੀ (ਸ੍ਰੀ ਬਰਿੰਦਰ ਕੁਮਾਰ ਗੋਇਲ)** : ਧੰਨਵਾਦ ਸਪੀਕਰ ਸਾਹਿਬ। ਲਾਡੀ ਢੋਸ ਜੀ ਨੇ ਪਾਣੀਆਂ ਬਾਰੇ ਸਦਨ ਵਿੱਚ ਜੋ ਮਤਾ ਲਿਆਂਦਾ ਹੈ, ਮੈਂ ਇਸ ਦੇ ਹੱਕ ਵਿੱਚ ਖੜ੍ਹਾ ਹੋਇਆ ਹਾਂ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੋਂ ਉਠ ਕੇ ਬਾਹਰ ਚਲੇ ਗਏ ਅਤੇ ਟਰੇਜ਼ਰੀ ਬੈਂਚਿਜ਼ ਵੱਲੋਂ ਜ਼ੋਰਦਾਰ ਥੰਪਿੰਗ ਕੀਤੀ ਗਈ।)

**ਜਲ ਸਰੋਤ ਮੰਤਰੀ** : ਸਰ, ਜੋ ਪਾਣੀਆਂ ਦੀ ਗੱਲ ਕੀਤੀ ਗਈ ਹੈ, ਸਭ ਤੋਂ ਪਹਿਲਾਂ ਮੈਂ ਇਹ ਗੱਲ ਕਹਿਣੀ ਚਾਹੁੰਦੀ ਹਾਂ ਕਿ ਧਰਤੀ ਹੇਠਲੇ ਪਾਣੀ ਜੋ ਨੀਚੇ ਚਲੇ ਗਏ, ਦਿਨੋਂ ਦਿਨ ਨੀਚੇ ਚਲੇ ਗਏ ਤਾਂ ਧਰਤੀ ਹੇਠਲੇ ਪਾਣੀ ਅਸੀਂ ਦੇਸ਼ ਤੇ ਕੁਰਬਾਨ ਕੀਤੇ ਹਨ, ਧਰਤੀ ਹੇਠਲਾ ਪਾਣੀ ਪੰਜਾਬ ਦੇ ਲੋਕਾਂ ਨੇ ਨਹੀਂ ਪੀਤਾ ਹੈ।

**1720/Tarlochan Singh/Abhishek gautam**

**1725/mehak**

ਦੇਸ਼ ਵਿੱਚ ਅਨਾਜ ਦੀ ਕਮੀ ਸੀ, ਜੇ ਅਨਾਜ ਦੀ ਕਮੀ ਪੂਰੀ ਕੀਤੀ ਤਾਂ ਉਹ ਪੰਜਾਬ ਨੇ ਕੀਤੀ। ਸੋ, ਪੰਜਾਬ ਨੇ ਧਰਤੀ ਹੇਠਲੇ ਪਾਣੀ ਨਾਲ ਫਸਲਾਂ ਪੁਗਾ ਕੇ ਪੂਰੇ ਦੇਸ਼ ਦਾ ਢਿੱਡ ਭਰਿਆ। ਪਿਛਲੀਆਂ ਸਰਕਾਰਾਂ ਨੇ ਧਰਤੀ ਹੇਠਲੇ ਪਾਣੀ ਨੂੰ ਸੰਭਾਲਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ, ਉਸ ਤੇ ਕੋਈ ਕੰਮ ਨਹੀਂ ਕੀਤਾ। ਜਦੋਂ ਸਾਡੀ ਸਰਕਾਰ ਆਈ, ਆਮ ਆਦਮੀ ਪਾਰਟੀ ਦੀ ਸਰਕਾਰ ਆਈ ਤਾਂ ਇਹ ਪਾਣੀ ਖੇਤਾਂ ਤੱਕ ਪਹੁੰਚਾਉਣ ਦੀ ਕੋਈ ਗਾਰੰਟੀ ਨਹੀਂ ਸੀ ਕਿ ਅਸੀਂ ਪਾਣੀ ਖੇਤਾਂ ਤੱਕ ਪਹੁੰਚਾਵਾਂਗੇ। ਇਹ ਦੂਰਅੰਦੇਸ਼ੀ ਸੋਚ ਸਿਰਫ ਤੇ ਸਿਰਫ ਸਾਡੇ ਨੈਸ਼ਨਲ ਕਨਵੀਨਰ ਅਰਵਿੰਦ ਕੇਜਰੀਵਾਲ ਜੀ ਦੀ ਅਤੇ ਸਾਡੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਸੀ, ਜਿਨ੍ਹਾਂ ਨੇ ਸਰਕਾਰ ਬਣਨ ਤੋਂ ਬਾਅਦ ਸਭ ਤੋਂ ਪਹਿਲਾਂ ਇਹ ਦੇਖਿਆ ਕਿ ਪੰਜਾਬ ਵਿੱਚ ਸਭ ਤੋਂ ਵੱਡੀ ਜ਼ਰੂਰਤ ਕਿਸ ਚੀਜ਼ ਦੀ ਹੈ, ਸਭ ਤੋਂ ਵੱਡੀ ਦਿੱਕਤ ਕਿਸ ਚੀਜ਼ ਦੀ ਹੈ ਤਾਂ ਇਹ ਗੱਲ ਸਾਹਮਣੇ ਆਈ ਕਿ ਪੰਜਾਬ ਆਉਣ ਵਾਲੇ ਦਿਨਾਂ ਵਿੱਚ ਰੇਗਿਸਤਾਨ ਬਣ ਜਾਵੇਗਾ। CWC ਨੇ ਰਿਪੋਰਟ ਕਰ ਦਿੱਤੀ ਸੀ, ਪੰਜਾਬ ਦਾ ਹਰ ਬੱਚਾ ਇਹ ਮਹਿਸੂਸ ਕਰਨ ਲੱਗ ਗਿਆ ਕਿ ਪੰਜਾਬ ਨੇ ਰੇਗਿਸਤਾਨ ਬਣ ਜਾਣਾ ਹੈ ਤੇ ਧਰਤੀ ਹੇਠਲਾ ਪਾਣੀ 2037 ਤੱਕ ਖਤਮ ਹੋ ਜਾਵੇਗਾ। ਘਰਾਂ ਦੇ ਨਲਕੇ ਪਾਣੀ ਛੱਡ ਗਏ ਸੀ ਤੇ ਹਰ ਕੋਈ ਚਿੰਤਿਤ ਸੀ। ਉਸ ਸਮੇਂ ਇਸ ਚਿੰਤਾ ਨੂੰ ਮਹਿਸੂਸ ਕਰਦਿਆਂ ਸਾਡੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਨੇ ਸੱਦਾ ਦਿੱਤਾ ਕਿ ਅਸੀਂ ਇਸ ਦਾ ਹੱਲ ਕਰਾਂਗੇ। ਸੋ, ਇਸ ਦਾ ਹੱਲ ਕੀ ਸੀ, ਧਰਤੀ ਹੇਠਲੇ ਪਾਣੀ ਨੂੰ ਬਚਾਉਣ ਦਾ ਕੀ ਹੱਲ ਸੀ। ਇਸ ਦਾ ਸਿਰਫ ਤੇ ਸਿਰਫ ਇੱਕ ਹੱਲ ਸੀ ਕਿ ਧਰਤੀ ਹੇਠਲਾ ਪਾਣੀ ਬਚਾਉਣ ਲਈ ਨਹਿਰੀ ਪਾਣੀ ਨੂੰ ਖੇਤਾਂ ਤੱਕ ਪਹੁੰਚਾਇਆ ਜਾਵੇ। ਖੇਤਾਂ ਤੱਕ ਪਾਣੀ ਪਹੁੰਚਾਉਣ ਲਈ ਕੈਨਾਲ ਸਿਸਟਮ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ

ਸੀ। ਖੇਤਾਂ ਨੂੰ ਖਾਲੇ ਬਣਾਉਣ ਦੀ ਜ਼ਰੂਰਤ ਸੀ, ਖੇਤਾਂ ਲਈ ਅੰਡਰ ਗਰਾਊਂਡ ਪਾਈਪ ਪਾਉਣ ਦੀ ਜ਼ਰੂਰਤ ਸੀ। ਉਸ ਵਿੱਚ ਸਭ ਤੋਂ ਵੱਡੀ ਦਿੱਕਤ ਸੀ ਕਿ ਜੋ ਪਹਿਲਾਂ ਪਿਛਲੀਆਂ ਸਰਕਾਰਾਂ ਦੇ ਕਾਨੂੰਨ ਬਣਾਏ ਹੋਏ ਸੀ ਕਿ ਜੇ ਖਾਲੇ ਬਣਾਉਣੇ ਹਨ, ਅੰਡਰ ਗਰਾਊਂਡ ਪਾਈਪ ਪਾਉਣੇ ਹਨ ਤਾਂ 10% ਪੈਸਾ ਕਿਸਾਨ ਭਰੇਗਾ ਤੇ ਬਾਕੀ 90% ਪੈਸਾ ਸਰਕਾਰ ਭਰੇਗੀ। ਪ੍ਰੈਕਟੀਕਲੀ ਇਹ ਹੁੰਦਾ ਸੀ ਕਿ 10% ਪੈਸੇ ਇਕੱਠੇ ਹੀ ਨਹੀਂ ਹੁੰਦੇ ਸੀ। ਜੇ 100 ਬੰਦਿਆਂ ਵਿੱਚੋਂ 80 ਬੰਦਿਆਂ ਨੇ ਪੈਸੇ ਦੇ ਦਿੱਤੇ ਤੇ 20 ਬੰਦਿਆਂ ਨੇ ਨਹੀਂ ਦਿੱਤੇ ਤਾਂ 10% ਦੀ ਸਥਿਤੀ ਹੀ ਨਹੀਂ ਹੁੰਦੀ ਸੀ ਕਿਉਂਕਿ 10% ਕੋਈ ਨਹੀਂ ਦਿੰਦਾ ਸੀ ਤੇ ਅਲਟੀਮੇਟਲੀ ਉਹ ਪ੍ਰੋਜੈਕਟ ਉੱਥੇ ਦਾ ਉੱਥੇ ਹੀ ਰਹਿ ਜਾਂਦਾ ਸੀ ਤੇ ਉੱਥੇ ਕੰਮ ਹੀ ਨਹੀਂ ਚਲਦਾ ਸੀ। ਸੋ, ਇਸ ਲਈ ਸਾਡੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਜੋ ਸੱਦਾ ਦਿੱਤਾ ਸੀ ਕਿ ਅਸੀਂ ਧਰਤੀ ਹੇਠਲਾ ਪਾਣੀ ਬਚਾਵਾਂਗੇ। ਉਸ ਲਈ ਇਸ ਗੱਲ ਦਾ ਮਿਤੀ 29.03.2023 ਨੂੰ ਹੱਲ ਕੀਤਾ। 29.03.2023 ਨੂੰ ਇਹ ਲੈਟਰ ਦਿੱਤਾ ਕਿ ਜੋ 10% ਪੈਸੇ ਕਿਸਾਨ ਨੇ ਭਰਨੇ ਹਨ, ਉਹ ਸਾਰੇ ਮਾਫ ਕਰ ਦਿੱਤੇ ਤੇ 100 ਦੇ 100% ਪੈਸੇ ਪੰਜਾਬ ਸਰਕਾਰ ਭਰੇਗੀ। (ਥੰਪਿੰਗ) ਸੋ, ਰਾਹ ਪੱਧਰਾ ਕੀਤਾ ਗਿਆ। ਜਿਹੜਾ ਰਾਹ ਪੱਧਰਾ ਕੀਤਾ ਗਿਆ, ਇਹ ਪੰਜਾਬ ਨੂੰ ਬਚਾਉਣ ਲਈ, ਦੇਸ਼ ਨੂੰ ਬਚਾਉਣ ਲਈ, ਪੰਜਾਬ ਦੇ ਅੰਨ ਦਾਤਾ ਨੂੰ ਬਚਾਉਣ ਲਈ ਕੀਤਾ ਗਿਆ ਕਿਉਂਕਿ ਪੰਜਾਬ ਦੇਸ਼ ਦਾ ਅੰਨਦਾਤਾ ਹੈ। ਬੇਸ਼ੱਕ ਸਾਡੀ ਧਰਤੀ 1.5% ਹੈ ਪਰ ਜਿਹੜਾ ਸੈਂਟਰਲ ਪੂਲ ਵਿੱਚ ਕਣਕ ਦਾ ਕੰਟਰੀਬਿਊਸ਼ਨ ਹੈ, ਉਹ ਸਾਡਾ 40% ਹੈ। ਜੇ 40% ਕਣਕ ਪੰਜਾਬ ਵਿੱਚ ਪੈਦਾ ਨਾ ਹੋਵੇ ਤੇ 2037 ਵਿੱਚ ਪੰਜਾਬ ਬੰਜਰ ਬਣ ਜਾਂਦਾ ਹੈ ਤਾਂ ਪੂਰਾ ਦੇਸ਼ ਭੁੱਖਾ ਮਰ ਜਾਂਦਾ ਤੇ ਉਹੀ ਹਾਲਾਤ ਬਣ ਜਾਂਦੇ ਜਿਹੜੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਬਣੇ ਸੀ।

**1725/mehak/Abhishek gautam**

**1730/Sukhpiar Singh**

ਸੋ, ਇਸ ਨੂੰ ਬਚਾਉਣ ਲਈ ਸਰਕਾਰ ਨੇ ਇਸ ਖੇਤਰ ਵਿੱਚ ਬਹੁਤ ਵੱਡੇ ਕਦਮ ਚੁੱਕੇ ਹਨ ਜਿਸ ਤਰ੍ਹਾਂ ਲਾਡੀ ਢੋਸ ਜੀ ਨੇ ਦੱਸਿਆ ਕਿ ਅਸੀਂ ਇਸ ਲਈ ਖਾਲ ਬਣਾਏ, ਨਹਿਰਾਂ ਰਿਸਟੋਰ ਕੀਤੀਆਂ ਅਤੇ 19316 ਕਿਲੋਮੀਟਰ ਖਾਲ ਰਿਸਟੋਰ ਕੀਤੇ। ਮੈਂ ਉਸ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਖੇਤਾਂ ਵਿੱਚ ਖਾਲ ਖਤਮ ਹੋ ਗਏ ਸੀ, ਕਿਤੇ ਕੋਈ ਨਾਮੋ-ਨਿਸ਼ਾਨ ਨਹੀਂ ਸੀ ਪਰ ਜਦੋਂ ਰਿਸਟੋਰ ਕੀਤੇ ਤਾਂ ਪੂਰੇ ਪੰਜਾਬ ਵਿੱਚ ਕਿਤੇ ਦਿੱਕਤ ਨਹੀਂ ਆਈ ਅਤੇ ਲੋਕਾਂ ਨੇ ਆਪਣੀ ਇੱਛਾ ਨਾਲ ਸਾਰੀਆਂ ਜ਼ਮੀਨਾਂ ਫਰੀ ਕੀਤੀਆਂ ਅਤੇ ਅਸੀਂ ਸਾਰੇ ਖਾਲ ਰਿਸਟੋਰ ਕੀਤੇ। ਹੈਰਾਨੀ ਦੀ ਗੱਲ ਮੈਂ ਦੱਸਣੀ ਚਾਹੁੰਦਾ ਹਾਂ ਕਿ ਪਿਛਲੀਆਂ ਸਰਕਾਰਾਂ ਵੇਲੇ ਹਾਲਾਤ ਇਹ ਸੀ ਕਿ ਡਿਸਟ੍ਰੀਬਿਊਟਰੀਆਂ ਤੱਕ ਮਾਈਨਰਾਂ ਤੱਕ ਸਾਰੇ ਦਬ ਕੇ ਰੱਖੇ ਹੋਏ ਸੀ। ਸਰ, ਸਰਹਾਲੀ ਡਿਸਟ੍ਰੀਬਿਊਟਰੀ ਹੈ, ਜਿਹੜੀ ਅੱਜ ਨੌਰੰਗਾਬਾਦ, ਕੈਰੋਂ, ਬਲੀਆਂਵਾਲਾ, ਜਮਾਲਪੁਰ, ਮੀਆਂਵਾਲ, ਭੂਰਾ ਕੋਹਨਾ, ਸਰਹਾਲੀ, ਨੌਸ਼ਹਿਰਾ ਪੰਨੂਆਂ, ਇਨ੍ਹਾਂ ਸਾਰੇ ਪਿੰਡਾਂ ਨੂੰ ਪਾਣੀ ਦੇ ਰਹੀ ਹੈ ਕਿਉਂਕਿ ਸਾਡੀ ਸਰਕਾਰ ਦਾ ਟੀਚਾ ਸੀ ਕਿ ਹਰ ਜਗ੍ਹਾ ਪਾਣੀ ਦੇਣਾ ਹੈ। ਜਦੋਂ ਇਨ੍ਹਾਂ ਪਿੰਡਾਂ ਨੂੰ ਪਾਣੀ ਦੇਣ ਦੀ ਗੱਲ ਕੀਤੀ ਅਤੇ ਰਿਕਾਰਡ ਦੇਖਿਆ ਕਿ ਪਾਣੀ ਮਾਈਨਰਾਂ ਨਾਲ ਦਿੱਤਾ ਜਾਣਾ ਹੈ। ਸਰ, ਹੈਰਾਨੀ ਦੀ ਗੱਲ ਇਹ ਰਹੀ ਕਿ ਕਾਗਜ਼ਾਂ ਵਿੱਚ ਮਾਈਨਰ ਮੌਜੂਦ ਸੀ ਪਰ ਦਿਖਦਾ ਕਿਤੇ ਨਹੀਂ ਸੀ। ਮੈਂ ਇਹ ਤਸਵੀਰ ਨਾਲ ਲੈ ਕੇ ਆਇਆ ਹਾਂ, ਇਸ ਤਸਵੀਰ ਵਿੱਚ ਦਿਖਾਇਆ ਹੈ ਕਿ ਇਹ ਮਾਈਨਰ ਜਿਹੜਾ ਕਰੀਬ ਛੇ ਕਿਲੋਮੀਟਰ ਲੰਬਾ ਸੀ, ਧਰਤੀ ਵਿੱਚ ਦਬਿਆ ਹੋਇਆ ਸੀ। ਕਾਗਜ਼ਾਂ ਵਿੱਚ ਦੇਖਿਆ ਅਤੇ ਪੁੱਟ ਕੇ ਕੱਢਿਆ, ਪੁੱਟਿਆ ਹੋਇਆ ਵੀ ਦਿਖਾਇਆ ਗਿਆ ਹੈ।

**ਮਾਣਯੋਗ ਸਪੀਕਰ**: ਕੱਸੀ ਕਹੋ, ਛੇ ਕਿਲੋਮੀਟਰ ਕੱਸੀ।

**ਜਲ ਸਰੋਤ ਮੰਤਰੀ**: ਮਾਈਨਰ ਕਹਿ ਲਵੋ ਜਾਂ ਕੱਸੀ ਕਹਿ ਲਵੋ।

**ਮਾਣਯੋਗ ਸਪੀਕਰ**: ਮਾਈਨਰ ਤਾਂ ਤੁਹਾਡੇ ਪੜ੍ਹੇ ਲਿਖਿਆਂ ਵਾਸਤੇ ਹੈ।

**ਮੰਤਰੀ**: ਸਰ, ਇਹ ਦੇਖੋ ਜੀ। ਇਹ ਕੱਸੀ ਧਰਤੀ ਹੇਠੋਂ ਪੁੱਟ ਕੇ ਕੱਢੀ ਅਤੇ ਪੱਕੀ ਦੀ ਪੱਕੀ।

**ਮਾਣਯੋਗ ਸਪੀਕਰ**: ਵਾਹ।

**ਜਲ ਸਰੋਤ ਮੰਤਰੀ**: ਅੱਜ ਇਹ ਕੱਸੀ ਇਨ੍ਹਾਂ ਸਾਰੇ ਪਿੰਡਾਂ ਨੂੰ 4737 ਏਕੜ ਜ਼ਮੀਨ ਨੂੰ ਪਾਣੀ ਦੇ ਰਹੀ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਹ ਪਿਛਲੀਆਂ ਸਰਕਾਰਾਂ ਦਾ ਹਾਲ ਸੀ। (ਵਿਘਨ) (ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਬੈਠੇ-ਬੈਠੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਜਲ ਸਰੋਤ ਮੰਤਰੀ**: ਹਾਲੇ ਸਾਰਾ ਕੁਝ ਚੁੱਕਾਂਗੇ। ਸਰ, ਜਿਹੜਾ abandon ਕੈਨਾਲਾਂ ਸੀ, ਉਹ ਅਸੀਂ ਸਹੀ ਕੀਤੀਆਂ। ਮੈਂ ਪੰਜਾਬ ਸਰਕਾਰ ਦੀ ਪ੍ਰਾਪਤੀ ਅਤੇ ਸਾਡੇ ਡਿਪਾਰਟਮੈਂਟ ਦੀ ਪ੍ਰਾਪਤੀ ਦੀ ਗੱਲ ਦੱਸਣੀ ਚਾਹੁੰਦਾ ਹਾਂ ਕਿ ਅਸੀਂ ਪੰਜਾਬ ਦੇ ਵਿੱਚ ਜੋ ਐਗਜ਼ਿਸਟਿੰਗ ਨਹਿਰਾਂ ਸੀ ਜਿਸ ਤਰ੍ਹਾਂ ਸਰਹਿੰਦ ਫੀਡਰ ਦੀ ਗੱਲ ਕੀਤੀ, ਫਿਰੋਜ਼ਪੁਰ ਫੀਡਰ ਦੀ ਗੱਲ ਕੀਤੀ ਜਿਨ੍ਹਾਂ ਦੀ ਕਪੈਸਿਟੀ 2600-2900 ਕਿਊਸਿਕ ਵਧਾਈ। ਇਨ੍ਹਾਂ ਐਗਜ਼ਿਸਟਿੰਗ ਨਹਿਰਾਂ ਦੀ ਕਪੈਸਿਟੀ ਵਧਾ ਕੇ ਕਿਤੇ width ਵਧਾ ਦਿੱਤੀ, ਕਿਤੇ depth ਵਧਾ ਦਿੱਤੀ, 12000 ਕਿਊਸਿਕ ਐਗਜ਼ਿਸਟਿੰਗ ਨਹਿਰਾਂ ਦੀ ਕਪੈਸਿਟੀ ਵਧਾ ਕੇ ਅਸੀਂ ਭਾਖੜਾ ਨਹਿਰ ਦੇ ਬਰਾਬਰ ਇੱਕ ਨਵੀਂ ਨਹਿਰ ਪੰਜਾਬ ਵਿੱਚ ਬਣਾ ਦਿੱਤੀ ਹੈ। ਪੈਸਾ ਕੋਈ ਫਾਲਤੂ ਨਹੀਂ ਲੱਗਿਆ, ਜ਼ਮੀਨ ਕਿਤੇ ਐਕੁਆਇਰ ਕਰਨ ਦੀ ਲੋੜ ਨਹੀਂ ਪਈ। ਸੋ, ਅਜਿਹੀਆਂ 1687 ਜਗ੍ਹਾ ਹਨ ਜਿਨ੍ਹਾਂ ਵਿੱਚ ਪਹਿਲੀ ਵਾਰ ਪਾਣੀ ਪਹੁੰਚਿਆ ਹੈ। ਮੈਂ ਕਰੀਬ 45 ਕੰਸਟੀਚਿਊਐਂਸੀਆਂ ਵਿੱਚ ਜਾ ਕੇ ਆਇਆ ਹਾਂ ਜਿੱਥੇ ਪਾਣੀ ਪਹੁੰਚੇ ਹਨ, ਕਿਤੇ ਲੋਕਾਂ ਨੇ ਢੋਲ ਵਜਾ ਕੇ ਗੱਲਾਂ ਕੀਤੀਆਂ, ਕਿਤੇ ਲੋਕਾਂ ਨੇ ਭੰਗੜੇ ਪਾਏ, ਕਿਤੇ ਲੋਕ ਪਾਣੀ ਪਹਿਲੀ ਦਫਾ ਆਉਂਦਾ ਦੇਖ ਕੇ ਸਮੇਤ ਕੱਪੜੇ ਨਹਾਉਂਦੇ ਦੇਖੇ ਗਏ, ਜਿਨ੍ਹਾਂ ਲੋਕਾਂ ਨੇ ਆਸ ਮੁਕਾ ਦਿੱਤਾ ਸੀ ਕਿ ਕਦੇ ਨਹਿਰੀ ਪਾਣੀ ਨਹੀਂ ਆ ਸਕਦਾ, ਉੱਥੇ ਪੰਜਾਬ ਸਰਕਾਰ ਸਰਦਾਰ ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਸਾਹਿਬ ਦੀ ਅਗਵਾਈ ਵਿੱਚ ਅਸੀਂ ਉੱਥੇ ਪਾਣੀ ਪਹੁੰਚਾਇਆ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਰ, ਜਗ੍ਹਾ ਲੱਭ ਲੱਭ ਕੇ ਕਿੱਥੇ ਪਾਣੀ ਪਹੁੰਚਾਉਣਾ ਹੈ, ਅਸੀਂ ਲਿਫਟ ਸਕੀਮ ਰਾਹੀਂ ਕਾਠਗੜ੍ਹ ਵਿੱਚ 135 ਕਰੋੜ ਰੁਪਏ ਦੀ ਲਾਗਤ ਨਾਲ 70 ਫੁੱਟ ਉੱਚੇ ਪਹਾੜਾਂ ਤੇ ਪਾਣੀ ਦਿੱਤਾ ਹੈ। ਅਸੀਂ 11 ਹਜ਼ਾਰ 737 ਏਕੜ ਜ਼ਮੀਨ ਨੂੰ ਪਾਣੀ ਦਿੱਤਾ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**1730/Sukhpiar Singh/BS khokhar**

**1735/Manika Rani**

**ਮਾਣਯੋਗ ਸਪੀਕਰ** : ਤੁਸੀਂ ਟਿੱਬਿਆਂ ਤੇ ਪਾਣੀ ਚੜ੍ਹਾ ਦਿੱਤਾ ਹੈ।

**ਜਲ ਸਰੋਤ ਮੰਤਰੀ** : ਸਰ, ਟਿੱਬਿਆਂ ਤੱਕ, ਪਹਾੜਾਂ ਤੱਕ ਅਤੇ ਟੇਲਾਂ ਤੱਕ ਵੀ ਪਾਣੀ ਪਹੁੰਚਾ ਦਿੱਤਾ ਹੈ। ਸਰ, ਜਿਹੜੀਆਂ ਨਹਿਰਾਂ ਖਾਲੀ ਚੱਲਦੀਆਂ ਸਨ ਅਤੇ ਪਿਛਲੀ ਸਰਕਾਰ ਦੇ ਸਮੇਂ ਰਿਕਾਰਡ ਹੈ ਕਿ ਪੰਜਾਬ ਦੀਆਂ 1117 ਨਹਿਰਾਂ ਹਨ ਔਰ ਇਨ੍ਹਾਂ ਨਹਿਰਾਂ ਵਿੱਚ ਕਦੇ 22 ਹਜ਼ਾਰ ਕਿਊਸਿਕ ਤੋਂ ਵੱਧ ਪਾਣੀ ਨਹੀਂ ਚੱਲਿਆ ਸੀ। ਇਹ ਰਿਕਾਰਡ ਹੈ ਪਰ ਹੁਣ ਆਪਣੀ ਸਰਕਾਰ ਵੇਲੇ ਇਨ੍ਹਾਂ ਨਹਿਰਾਂ ਦੀ ਕੈਪੇਸਿਟੀ 36 ਹਜ਼ਾਰ ਕਿਊਸਿਕ ਹੈ ਅਤੇ ਇਨ੍ਹਾਂ ਨਹਿਰਾਂ ਵਿੱਚ 39 ਹਜ਼ਾਰ ਕਿਊਸਿਕ ਪਾਣੀ ਚੱਲਿਆ ਹੈ। (ਥੰਪਿੰਗ) ਜਿਹੜਾ ਫਰੀ ਬੋਲਡ ਏਰੀਆ ਹੈ ਕਿਉਂਕਿ ਜਿਹੜਾ ਫੁੱਟ-ਦੋ ਫੁੱਟ ਹੇਠਾਂ ਰਹਿ ਜਾਂਦਾ ਹੈ, ਉਸ ਨੂੰ ਫਰੀ ਬੋਲਡ ਏਰੀਆ ਕਿਹਾ ਜਾਂਦਾ ਹੈ। ਫਰੀ ਬੋਲਡ ਏਰੀਏ ਵਿੱਚ ਵੀ ਪਾਣੀ ਕੰਢਿਆਂ ਦੇ ਨਾਲ ਲੱਗਕੇ ਚੱਲਿਆ ਹੈ। ਸਪੀਕਰ ਸਾਹਿਬ, ਮੈਂ ਕਈ ਹਲਕਿਆਂ ਵਿੱਚ ਗਿਆ ਸੀ ਅਤੇ ਮੈਂ ਕਈ ਜਗ੍ਹਾਵਾਂ ਦਾ ਜ਼ਿਕਰ ਕਰਨਾ ਚਹਾਂਗਾ। ਸਪੀਕਰ ਸਾਹਿਬ, ਖਾਸ ਕਰਕੇ ਮੈਂ ਰਿਆੜਕੀ ਡਿਸਟਰੀਬਿਊਟਰੀ ਦਾ ਜ਼ਿਕਰ ਕਰਾਂਗਾ। ਸਾਡੇ ਲੀਡਰ ਆਫ ਦਿ ਆਪੋਜ਼ੀਸ਼ਨ ਕਈ ਗੱਲਾਂ ਕਹਿ ਜਾਂਦੇ ਹਨ ਔਰ ਇਨ੍ਹਾਂ ਨੇ ਲੰਮਾ ਸਮਾਂ ਉਸੇ ਹਲਕੇ ਦੀ ਪ੍ਰਤੀਨਿਧਤਾ ਕੀਤੀ ਹੈ। ਸਾਡੇ ਬਾਰੇ ਤਾਂ ਉਥੇ ਬਹੁਤ ਗੱਲਾਂ ਕਰਦੇ ਹਨ। ਕੱਲ੍ਹ ਪਰਸੋਂ ਇਹ ਅਸੈਂਬਲੀ ਦੇ ਬਾਹਰ ਵੀ ਗੱਲਾਂ ਕਰ ਰਹੇ ਸਨ ਅਤੇ ਮੈਂ ਇਸ ਗੱਲ ਤੋਂ ਹੈਰਾਨ ਹਾਂ ਕਿ ਇਹ ਕਿਸ ਬਾਰੇ ਗੱਲ ਕਹਿ ਰਹੇ ਸਨ? ਮੈਂ ਦੱਸਣਾ ਚਾਹਾਂਗਾ ਕਿ ਇਹ ਬਾਹਰ ਕਹਿ ਰਹੇ ਸਨ ਕਿ ਮੰਤਰੀ ਜੀ ਨੇ ਗੱਲ ਕੀਤੀ ਹੈ ਕਿ ਸੋਨਾ ਨਿਕਲਿਆ ਹੈ ਅਤੇ ਉਸ ਗੱਲ ਨੂੰ ਮਜ਼ਾਕ ਦੇ ਵਿੱਚ ਲਿਆ। ਕਹਿੰਦੇ ਜੇ ਸੋਨਾ ਨਿਕਲਿਆ ਹੁੰਦਾ, ਗੋਇਲ ਤਾਂ ਫਿਰ ਸੋਨਾ ਲੈ ਕੇ ਇੰਗਲੈਂਡ ਚਲਾ ਗਿਆ ਹੁੰਦਾ। ਸਪੀਕਰ ਸਾਹਿਬ, ਜੇ ਇਹ ਪੰਜਾਬ ਦੇ ਹਿਤੈਸ਼ੀ ਹਨ ਤਾਂ ਫਿਰ ਸਾਨੂੰ ਪੁੱਛਣ ਕਿ ਸੋਨਾ ਕਿੱਥੋਂ ਨਿਕਲਿਆ ਹੈ। ਚਲੋ, ਦੱਸੋ ਭਾਈ। ਆਪਾਂ ਗੱਲ ਕਰੀਏ। ਕੋਈ ਕੋਸ਼ਿਸ਼ ਪੰਜਾਬ ਲਈ ਕਰੀਏ। ਮਜ਼ਾਕ ਬਣਾ ਕੇ ਰੱਖ ਲਿਆ ਪਰੰਤੂ ਮੈਂ ਦੱਸਣਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ**: ਸੋਨੇ ਦਾ ਤਾਂ ਪਤਾ ਨਹੀਂ ਪਰ ਗੱਲ ਇਹ ਹੈ ਕਿ ਜਿਹੜਾ ਨਹਿਰੀ ਪਾਣੀ ਹੈ, ਇਹ ਦੇਸੀ ਘਿਉ ਵਰਗਾ ਹੈ। ਜਿਹੜਾ ਸਾਡੇ ਪਿੰਡਾਂ ਦੇ ਖੇਤਾਂ ਤੱਕ ਪਹੁੰਚਾ ਦਿੱਤਾ ਹੈ। ਮੰਤਰੀ ਜੀ, ਪਾਣੀ ਤੁਸੀਂ ਪਹੁੰਚਾ ਦਿੱਤਾ ਹੈ। (ਥੰਪਿੰਗ)

**ਜਲ ਸਰੋਤ ਮੰਤਰੀ**: ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਹਲਕੇ ਕਾਦੀਆਂ ਵਿਖੇ ਗਿਆ। ਕਾਦੀਆਂ ਹਲਕੇ ਦੇ ਵਿੱਚ ਰਿਆੜਕੀ ਡਿਸਟਰੀਬਿਊਟਰੀ ਹੈ। ਰਿਆੜਕੀ ਡਿਸਟਰੀਬਿਊਟਰੀ ਲਈ 30 ਕਰੋੜ 50 ਲੱਖ ਰੁਪਿਆ ਲਗਾਇਆ, ਉਹ ਡਿਸਟਰੀਬਿਊਟਰੀ ਕੰਕਰੀਟ ਦੀ ਕੀਤੀ ਅਤੇ ਉਸ ਦੀ ਕੈਪੇਸਿਟੀ 215 ਕਿਊਸਿਕ ਤੋਂ ਵਧਾ ਕੇ 300 ਕਿਊਸਿਕ ਕੀਤੀ। ਸਾਢੇ ਚਾਲੀ ਕਿਲੋਮੀਟਰ ਕੰਕਰੀਟ ਦੀ ਲਾਈਨਿੰਗ ਕੀਤੀ ਅਤੇ 43 ਹਜ਼ਾਰ ਏਕੜ ਜ਼ਮੀਨ ਨੂੰ ਪਾਣੀ ਦਿੱਤਾ ਔਰ ਉਥੇ ਵੱਡੀ ਗਿਣਤੀ ਵਿੱਚ ਲੋਕ ਇਕੱਠੇ ਹੋਏ ਸਨ ਕਿਉਂਕਿ ਮੈਂ ਉਦਘਾਟਨ ਕਰਨ ਗਿਆ ਸੀ। ਸਪੀਕਰ ਸਾਹਿਬ, 30 ਪਿੰਡਾਂ ਦੇ ਪੰਚਾਂ ਅਤੇ ਸਰਪੰਚਾਂ ਨੇ ਇਹ ਗੱਲ ਕਹੀ ਸੀ ਕਿ ਸਾਡੇ ਪਿੰਡਾਂ ਵਿੱਚ ਪਹਿਲੀ ਵਾਰ ਪਾਣੀ ਪਹੁੰਚਿਆ ਹੈ । ਸੋ, ਇਸ ਤਰ੍ਹਾਂ ਪੂਰੇ ਪੰਜਾਬ ਵਿੱਚ ਪਾਣੀ ਪਹੁੰਚਾਇਆ ਹੈ। ਹੁਣ ਇਸ ਦਾ ਰਿਜ਼ਲਟ ਕੀ ਹੋਇਆ? ਹੁਣ ਇਸ ਦਾ ਰਿਜ਼ਲਟ ਇਹ ਹੋਇਆ ਕਿ ਧਰਤੀ ਹੇਠਲੇ ਪਾਣੀ ਦਾ ਲੈਵਲ ਉੱਪਰ ਆਇਆ। ਧਰਤੀ ਹੇਠਲੇ ਪਾਣੀ ਦਾ ਲੈਵਲ ਉੱਪਰ ਆਉਣ ਵਾਲੀ ਰਿਪੋਰਟ ਮੇਰੇ ਕੋਲ ਹੈ ਅਤੇ ਇਹ ਰਿਪੋਰਟ ਮੇਰੀ ਨਹੀਂ ਬਲਕਿ ਇਹ Central Ground Water Board ਦੀ ਰਿਪੋਰਟ ਹੈ। (ਰਿਪੋਰਟ ਦਿਖਾਉਂਦੇ ਹੋਏ।) ਇਸ ਰਿਪੋਰਟ ਵਿੱਚ ਪੰਜਾਬ ਦੇ ਜਿਹੜੇ 153 ਬਲਾਕ ਸਨ, ਉਨ੍ਹਾਂ ਵਿੱਚੋਂ 74 ਬਲਾਕਾਂ ਵਿੱਚ 48 ਪ੍ਰਤੀਸ਼ਤ ਦੀ ਇੰਪਰੂਵਮੈਂਟ ਹੋਈ ਹੈ। ਸਰ, ਇਹ ਸੈਂਟਰਲ ਗਰਾਊਂਡ ਵਾਟਰ ਬੋਰਡ ਦਾ ਰਿਕਾਰਡ ਹੈ। (ਰਿਕਾਰਡ ਦਿਖਾਉਂਦੇ ਹੋਏ।)

**ਰਾਣਾ ਇੰਦਰ ਪ੍ਰਤਾਪ ਸਿੰਘ**: ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ਜੀ।

**ਮਾਣਯੋਗ ਸਪੀਕਰ**: ਹਾਂ ਜੀ। ਗ੍ਰਾਂਟਿਡ । ਹਾਂ ਜੀ, ਰਾਣਾ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ)**: ਸਪੀਕਰ ਸਾਹਿਬ, ਮੰਤਰੀ ਜੀ ਨੇ ਬਹੁਤ ਵਧੀਆ ਅੰਕੜੇ ਦਿੱਤੇ ਹਨ। ਇਨ੍ਹਾਂ ਨੇ ਸੈਂਟਰਲ ਗਰਾਊਂਡ ਵਾਟਰ ਬੋਰਡ ਦਾ ਡਾਟਾ ਵੀ ਦੇ ਦਿੱਤਾ ਹੈ ਅਤੇ ਇਨ੍ਹਾਂ ਨੇ ਦੱਸਿਆ ਹੈ ਕਿ ਇਸ ਬੋਰਡ ਦੇ ਡਾਟੇ ਮੁਤਾਬਿਕ 45 ਜਾਂ 48 ਪ੍ਰਤੀਸ਼ਤ ਵਾਟਰ ਲੈਵਲ ਵਧ ਗਿਆ ਹੈ। ਮੈਂ ਤੁਹਾਡੇ ਜ਼ਰੀਏ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਪਾਣੀ ਵੱਧ ਗਿਆ ਹੈ।

**1735/Manika Rani/BS khokhar**

**1740/Gurpreet kaur**

ਤੁਸੀਂ ਖਾਲੇ ਵੀ ਪੱਕੇ ਕਰ ਦਿੱਤੇ, ਨਹਿਰਾਂ ਵੀ ਪੱਕੀਆਂ ਕਰ ਦਿੱਤੀਆਂ। ਪਹਿਲੀ ਗੱਲ, ਕੀ ਸਾਡਾ quantum of water ਵਧਿਆ ਹੈ? ਦੂਜੀ ਗੱਲ, ਕੀ ਅਸੀਂ ਪਾਣੀ ਦੀ ਖਪਤ ਘਟਾ ਦਿੱਤੀ ਜਾਂ ਅਸੀਂ ਵਾਟਰ ਰੀਚਾਰਜਿੰਗ ਵਧਾ ਦਿੱਤੀ। ਖਾਲੇ ਅਤੇ ਨਹਿਰਾਂ ਪੱਕੀਆਂ ਕਰ ਦਿੱਤੀਆਂ ਅਤੇ ਜਿਹੜੀ ਰੀਚਾਰਜਿੰਗ ਹੁੰਦੀ ਸੀ ਉਹ ਘਟ ਗਈ। ਸਪੀਕਰ ਸਾਹਿਬ, ਮੰਤਰੀ ਜੀ ਜਿਹੜੀ ਗੱਲ ਕਰ ਰਹੇ ਹਨ, ਇਹ ਬਹੁਤ ਹੀ ਇੰਟਰੱਸਟਿੰਗ ਅਤੇ ਇੰਪਾਰਟੈਂਟ ਵਿਸ਼ਾ ਹੈ। ਕੁਝ ਸਾਲ ਪਹਿਲਾਂ ਸ਼ੁਰੂਆਤ ਕੀਤੀ ਗਈ ਸੀ ਜਦੋਂ 50% ਪਾਣੀ ਯੂਟੀਲਾਈਜ਼ ਹੁੰਦਾ ਸੀ। ਮੰਤਰੀ ਸਾਹਿਬ ਅੱਜ 80% ਤੇ ਪਹੁੰਚ ਗਏ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਅਸੀਂ ਆਈਡੈਂਟੀਫਾਈ ਕੀਤਾ ਹੈ ਕਿ ਉਹ 50% ਨਾਨ ਯੂਟੀਲਾਈਡਜ਼ ਪਾਣੀ ਕਿੱਥੇ ਜਾ ਰਿਹਾ ਸੀ? ਕੀ ਉਹ ਹਵਾ ਵਿੱਚ ਜਾ ਰਿਹਾ ਸੀ, ਕੀ ਉਹ ਧਰਤੀ ਦੇ ਥੱਲੇ ਜਾ ਰਿਹਾ ਸੀ। ਜੇਕਰ ਉਹ ਵੇਸਟ ਹੋ ਰਿਹਾ ਸੀ ਤਾਂ ਕਿੱਥੇ ਵੇਸਟ ਹੋ ਰਿਹਾ ਸੀ। ਜੇਕਰ ਅਸੀਂ ਪਾਈਪਲਾਈਨਾਂ ਦੀ ਗੱਲ ਕਰਦੇ ਹਾਂ ਤਾਂ ਇਸ ਵਿੱਚ ਕਿਲੋਮੀਟਰਾਂ ਨੂੰ ਭੁੱਲੀਏ। ਅਸੀਂ ਇਹ ਦੱਸੀਏ ਕਿ ਕਿੰਨੇ ਲੱਖ ਏਕੜ ਏਰੀਆ ਅੰਡਰ ਇਰੀਗੇਸ਼ਨ ਲੈ ਕੇ ਆਏ ਹਾਂ। ਸਪੀਕਰ ਸਾਹਿਬ, ਮੈਂ ਬਸ ਕਨਕਲੂਡ ਕਰ ਦੇਣਾ ਹੈ। ਮੈਂ ਮੰਤਰੀ ਜੀ ਨੂੰ ਇੱਕ ਸੁਝਾਅ ਦੇਣਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ**: ਇਹ ਤਾਂ ਪੈਰ੍ਹਾ ਆਫ ਆਰਡਰ ਹੈ। ਇਹ ਪੁਆਇੰਟ ਆਫ ਆਰਡਰ ਨਹੀਂ ਲੱਗਦਾ।

**ਰਾਣਾ ਇੰਦਰ ਪ੍ਰਤਾਪ ਸਿੰਘ**: ਮੈਂ ਤਾਂ ਪ੍ਰੋਡੈਕਟਿਵ ਗੱਲ ਕਰਨੀ ਹੈ।

**ਮਾਣਯੋਗ ਸਪੀਕਰ**: ਮੰਤਰੀ ਸਾਹਿਬ ਨੂੰ ਗੱਲ ਪੂਰੀ ਕਰ ਲੈਣ ਦਿਓ। ਤੁਸੀਂ ਵੱਖਰਾ ਬੋਲ ਲਿਓ।

**ਰਾਣਾ ਇੰਦਰ ਪ੍ਰਤਾਪ ਸਿੰਘ**: ਠੀਕ ਹੈ ਜੀ।

**ਮਾਣਯੋਗ ਸਪੀਕਰ**: ਮੰਤਰੀ ਜੀ, ਹੁਣ ਕਨਕਲੂਡ ਕਰ ਲਵੋ।

**ਜਲ ਸਰੋਤ ਮੰਤਰੀ** : ਇਹ ਪਹਿਲਾਂ ਪੂਰੀ ਗੱਲ ਸੁਣ ਲੈਣ।

**ਮਾਣਯੋਗ ਸਪੀਕਰ**: ਹਾਲੇ ਗੱਲ ਪੂਰੀ ਨਹੀਂ ਹੋਈ?

**ਜਲ ਸਰੋਤ ਮੰਤਰੀ:** ਮੈਂ ਇਸੇ ਗੱਲ ਤੇ ਦੱਸ ਰਿਹਾ। ਅਸੀਂ ਧਰਤੀ ਹੇਠਲੇ ਪਾਣੀ ਦੀ ਗੱਲ ਕਰ ਰਹੇ ਹਾਂ ਜਿਸ ਨੇ ਪੰਜਾਬ ਨੂੰ ਬਚਾਇਆ ਹੈ, ਨਹੀਂ ਤਾਂ ਹੁਣ ਰੇਗਿਸਤਾਨ ਹੀ ਬਣ ਜਾਣਾ ਸੀ। ਸਾਲ 2037 ਤੋਂ ਬਾਅਦ ਇੱਥੇ ਕੁਝ ਵੀ ਹੋਣਾ ਨਹੀਂ ਸੀ। ਜਿਹੜੇ 74 ਬਲਾਕ ਹਨ, ਉਨ੍ਹਾਂ ਵਿੱਚ ਸਥਿਤੀ ਵਿੱਚ ਸੁਧਾਰ ਹੋਇਆ ਅਤੇ ਜਿਹੜੇ 05 ਬਲਾਕ ਸੀ, ਧਰਤੀ ਹੇਠਲੇ ਪਾਣੀ ਦੀ ਗੱਲ ਹੋ ਰਹੀ ਹੈ। ਇੱਕ ਤਾਂ ਨਾਰਮਲ, ਸੈਮੀ-ਕ੍ਰੀਟੀਕਲ, ਐਕਸਪਲੋਟਿਡ ਅਤੇ ਓਵਰ ਐਕਸਪਲੋਟਿਡ ਦੀ ਗੱਲ ਹੋਈ ਹੈ। ਜਿਹੜੇ ਵਾਈਟ ਪੇਪਰ ਮੰਗੀ ਜਾਂਦੇ ਸੀ ਜੋ ਕਿ ਹੁਣ ਸਦਨ ਵਿੱਚ ਹਾਜਰ ਨਹੀਂ ਹਨ। ਇਹ ਕਾਗਜ਼ ਵੀ ਵਾਈਟ ਹੈ। ਇਹ ਵਾਈਟ ਪੇਪਰ ਅੰਡਰ ਗਰਾਉਂਡ ਵਾਟਰ ਦਾ ਵਾਈਟ ਪੇਪਰ ਹੈ। ਇਸ ਨੂੰ ਇਹ ਦੇਖ ਲੈਣ। ਇਸ ਵਾਈਟ ਪੇਪਰ ਵਿੱਚ ਜਿਹੜੇ 48 ਬਲਾਕ ਹਨ ਜੋ ਕਿ ਓਵਰ ਐਕਸਪਲੋਟਿਡ ਵਿੱਚੋਂ ਕ੍ਰੀਟੀਕਲ ਵਿੱਚ ਆ ਗਏ ਅਤੇ ਕ੍ਰੀਟੀਕਲ ਵਿੱਚੋਂ ਸੈਮੀ ਕ੍ਰੀਟੀਕਲ ਵਿੱਚ ਆ ਗਏ। ਇਹ ਰਿਪੋਰਟ ਹੈ ਜਿਸ ਨੇ ਪੰਜਾਬ ਨੂੰ ਬਚਾਉਣ ਦਾ ਕੰਮ ਕੀਤਾ ਹੈ। ਪੰਜਾਬ ਦੇ ਧਰਤੀ ਹੇਠਲੇ ਪਾਣੀ ਦਾ ਲੈਵਲ ਸੁਧਾਰਿਆ ਹੈ। ਇਸ ਤੋਂ ਬਿਨਾਂ ਵੈੱਲ ਦੇ ਗਰਾਊਂਡ ਲੈਵਲ ਦਾ ਸੁਧਾਰ ਹੋਇਆ ਹੈ। ਹੁਣ ਰਾਣਾ ਸਾਹਿਬ ਨੇ ਗੱਲ ਕੀਤੀ ਹੈ। ਮੈਂ ਇਸ ਗੱਲ ਦਾ ਵੀ ਜਵਾਬ ਦਿੰਦਾ ਹੈ। ਅਸੀਂ ਨਾ ਤਾਂ ਪਾਣੀ ਪੈਦਾ ਕਰ ਦਿੱਤਾ ਅਤੇ ਨਾ ਹੀ ਪਾਣੀ ਪੈਦਾ ਹੋ ਸਕਦਾ ਹੈ। ਨਾ ਹੀ ਪਾਣੀ ਕਿਤੋਂ ਉਧਾਰਾ ਮਿਲ ਸਕਦਾ ਹੈ। ਪਾਣੀ ਵੀ ਇੱਥੇ ਸੀ, ਅਸੀਂ ਵੀ ਇੱਥੇ ਸੀ ਅਤੇ ਤੁਸੀਂ ਵੀ ਉੱਥੇ ਸੀ। ਸਾਰੇ ਇੱਥੇ ਹੀ ਸਨ। ਪਾਣੀਆਂ ਪਿੱਛੇ ਲੜਾਈਆਂ ਤਾਂ ਲੜੀ ਗਈ ਪਰ ਪਾਣੀ ਸੰਭਾਲਣ ਦਾ ਕੰਮ ਕਿਸੇ ਨੇ ਨਹੀਂ ਕੀਤਾ। (ਥੰਪਿੰਗ) ਜੇਕਰ ਪਾਣੀ ਸੰਭਾਲਣ ਦਾ ਕੰਮ ਕੀਤਾ ਹੈ ਤਾਂ ਪੰਜਾਬ ਵਿੱਚ 135 ਫੈਕਟਰੀ ਕੰਕਰੀਟ ਦੀਆਂ ਪਾਈਪਲਾਈਨਾਂ ਬਣਾਉਦੀਆਂ ਹਨ, ਕਿਸੇ ਫੈਕਟਰੀ ਕੋਲ ਕੋਈ ਪਾਈਪ ਨਹੀਂ ਸੀ। ਸਾਰੇ ਪਾਈਪ ਖਰੀਦੇ ਲਏ। ਪਾਈਪ ਖਰੀਦ ਕੇ ਖੇਤਾਂ ਵਿੱਚ ਹੀ ਪਾਏ ਹਨ। ਅੱਜ ਪੂਰਾ ਪੰਜਾਬ ਮਹਿਸੂਸ ਕਰ ਰਿਹਾ ਹੈ। ਤੁਸੀਂ ਕਹੋ ਜਾਂ ਨਾ ਕਹੋ, ਠੀਕ ਹੈ ਆਪਣੀ ਜ਼ੁਬਾਨ ਤੋਂ ਨਹੀਂ ਕਹਿੰਦੇ ਪਰ ਅੱਜ ਪੂਰੇ ਪੰਜਾਬ ਦਾ ਕੋਈ ਬੰਦਾ ਕਹਿ ਦੇਵੇ, ਇੱਥੇ ਅੱਜ ਸਾਰੇ ਐਮ.ਐਲ.ਏ. ਸਾਹਿਬਾਨ ਬੈਠੇ ਹਨ ਕਿ ਕਿਸ ਦੇ ਹਲਕੇ ਵਿੱਚ ਪਾਣੀ ਨਹੀਂ ਪਹੁੰਚਿਆ। ਕਿੱਥੇ ਪਾਈਪ ਨਹੀਂ ਪਏ ਅਤੇ ਕਿੱਥੇ ਕੰਕਰੀਟ ਦੀ ਲਾਈਨਿੰਗ ਨਹੀਂ ਹੋਈ। ਪਹਿਲਾਂ ਪਾਣੀ ਦੂਜੇ ਸੂਬਿਆਂ ਨੂੰ ਜਾਂਦਾ ਸੀ ਜਿਸ ਨੂੰ ਤੁਸੀਂ ਰੋਕ ਨਹੀਂ ਸਕੇ (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਸਰ, ਜਿਹੜਾ ਪਿਛਲੇ ਸਾਲ ਹਰਿਆਣੇ ਵਿੱਚ ਰੌਲਾ ਪਿਆ, ਮੈਂ ਸਮਝਦਾ ਹਾਂ ਕਿ ਹਰਿਆਣੇ ਦੀ ਇਹ ਤਾਂ ਗਲਤੀ ਸੀ ਕਿ ਇਹ ਭੁੱਲ ਗਏ ਕਿ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਹੈ।

**1740/Gurpreet kaur/Rajneesh kumar**

**1745/Kuldeep kaur**

ਉਨ੍ਹਾਂ ਨੂੰ ਆਦਤ ਪਈ ਹੋਈ ਸੀ ਕਿਉਂਕਿ ਅਸੀਂ ਤਾਂ ਪਾਣੀ ਵਰਤਦੇ ਨਹੀਂ ਸੀ। ਬੀ.ਐਮ.ਐਲ. ਵਿੱਚ ਕਦੇ ਤੁਸੀਂ ਪਾਣੀ ਨਹੀਂ ਵਰਤਿਆ ਅਤੇ ਪਾਣੀ ਹਰਿਆਣੇ ਨੂੰ ਚਲਾ ਜਾਂਦਾ ਸੀ। ਉਨ੍ਹਾਂ ਨੂੰ ਆਦਤ ਪਈ ਹੋਈ ਸੀ। ਇਸ ਕਰਕੇ ਉਹ ਪਾਣੀ ਵਰਤੀ ਜਾਂਦੇ ਸੀ। ਇਹ ਨਹੀਂ ਪਤਾ ਸੀ ਕਿ ਹੁਣ ਸਰਦਾਰ ਭਗਵੰਤ ਸਿੰਘ ਮਾਨ ਦੀ ਸਰਕਾਰ ਹੈ, ਆਮ ਆਦਮੀ ਪਾਰਟੀ ਦੀ ਸਰਕਾਰ ਹੈ ਅਤੇ ਅਸੀਂ ਬਣਦੇ ਹਿੱਸੇ ਤੋਂ ਵੱਧ ਪਾਣੀ ਨਹੀਂ ਦੇਵਾਂਗੇ। ਅਸੀਂ ਬਣਦੇ ਹਿੱਸੇ ਤੋਂ ਵੱਧ ਹਰਿਆਣਾ ਨੂੰ ਪਾਣੀ ਨਹੀਂ ਦਿੱਤਾ ਪਰ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਕੇਂਦਰ ਦੀ ਸਰਕਾਰ ਨੇ ਹਰਿਆਣੇ ਵਾਲਿਆਂ ਨੂੰ ਕਿਹਾ ਸੀ ਕਿ ਧੱਕੇ ਨਾਲ ਪਾਣੀ ਲੈ ਲਵੋ, ਅਸੀਂ ਫਿਰ ਉੱਥੇ ਜਾ ਕੇ ਬੈਠ ਗਏ ਕਿ ਧੱਕੇ ਨਾਲ ਪਾਣੀ ਜਾਣ ਨਹੀਂ ਦੇਵਾਂਗੇ। ਸਾਡੇ ਪੰਜਾਬ ਦੇ ਲੋਕਾਂ ਦੀ ਦਰਿਆਦਿਲੀ ਦੇਖੋ, ਸਾਡੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦਾ ਵੱਡਾ ਦਿਲ ਦੇਖੋ ਕਿ ਇੱਕ ਪਾਸੇ ਤਾਂ ਅਸੀਂ ਉੱਥੇ ਲੜਾਈ ਲੜ ਰਹੇ ਸੀ ਅਤੇ ਉੱਥੇ ਧਰਨੇ ਤੇ ਬੈਠੇ ਸੀ। ਦੂਜੇ ਪਾਸੇ, ਸਾਨੂੰ

25 ਮਾਰਚ ਨੂੰ ਧਰਨੇ ਤੇ ਬੈਠਿਆਂ ਦੌਰਾਨ ਹਰਿਆਣਾ ਸਰਕਾਰ ਦਾ ਇੱਕ ਲੈਟਰ ਮਿਲਿਆ ਹੈ। ਉਸ ਵਿੱਚ ਲਿਖਿਆ ਸੀ ਕਿ ਸਾਡੇ ਕੋਲ ਪੀਣ ਲਈ ਪਾਣੀ ਨਹੀਂ ਹੈ, ਸਾਡੇ ਕੋਲ ਪਸ਼ੂਆਂ ਲਈ ਪਾਣੀ ਨਹੀਂ ਹੈ ਅਤੇ ਸਾਡੇ ਕੋਲ ਥਰਮਲ ਪਲਾਂਟਾਂ ਲਈ ਪਾਣੀ ਨਹੀਂ ਹੈ, ਇਸ ਲਈ ਸਾਨੂੰ ਚਾਰ ਹਜ਼ਾਰ ਕਿਊਸਿਕ ਪਾਣੀ ਦਿੱਤਾ ਜਾਵੇ। ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿਉਂਕਿ ਅਸੀਂ ਸਰਬੱਤ ਦਾ ਭਲਾ ਚਾਹੁਣ ਵਾਲੇ ਹਾਂ, ਸਾਡੀ ਗੁਰੂਆਂ, ਪੀਰਾਂ, ਫਕੀਰਾਂ ਦੀ ਧਰਤੀ ਹੈ। ਅਸੀਂ ਭਾਈ ਕਨ੍ਹੱਈਆ ਦੇ ਵਾਰਸ ਹਾਂ। ਲੜਾਈ ਲੜ ਰਹੇ ਸੀ ਪਰ ਜਦੋਂ ਉਹ ਚਿੱਠੀ ਮਿਲੀ ਤਾਂ ਮੁੱਖ ਮੰਤਰੀ ਸਾਹਿਬ ਨੇ ਉਦੋਂ ਹੀ ਹੁਕਮ ਕੀਤਾ ਕਿ ਇਨ੍ਹਾਂ ਨੇ ਇਨਸਾਨੀਅਤ ਦੇ ਨਾਤੇ ਪਾਣੀ ਮੰਗਿਆ ਹੈ। ਅਸੀਂ ਉਨ੍ਹਾਂ ਨੂੰ ਚਾਰ ਹਜ਼ਾਰ ਕਿਊਸਿਕ ਪਾਣੀ ਆਪਣੇ ਹਿੱਸੇ ਵਿੱਚੋਂ ਦਿੱਤਾ ਸੀ। (ਥੰਪਿੰਗ) ਸੋ, ਸਭ ਕੁਝ ਇੱਥੇ ਸੀ, ਪਾਣੀ ਸੰਭਾਲਣ ਦਾ ਕੰਮ ਅਸੀਂ ਕੀਤਾ ਹੈ। ਸਰ, ਅੱਜ ਪੂਰਾ ਪੰਜਾਬ ਇਸ ਗੱਲ ਤੇ ਫਖਰ ਮਹਿਸੂਸ ਕਰ ਰਿਹਾ ਹੈ ਅਤੇ ਮੈਂ ਕਹਿ ਸਕਦਾ ਹਾਂ ਕਿ ਅਸੀਂ ਨਹਿਰੀ ਪਾਣੀ ਖੇਤਾਂ ਨੂੰ ਪਹੁੰਚਾ ਕੇ ਪੰਜਾਬ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਚਾਇਆ ਹੈ, ਪੰਜਾਬ ਨੂੰ ਬਚਾਇਆ ਹੈ। ਸਰ, ਅਸੀਂ ਨਹਿਰੀ ਪਾਣੀ ਖੇਤਾਂ ਨੂੰ ਦੇ ਕੇ ਦੇਸ਼ ਨੂੰ ਬਚਾਇਆ ਹੈ। (ਥੰਪਿੰਗ) ਸਰ, ਇਸ ਦੇ ਨਾਲ ਹੀ ਮੈਂ ਇੱਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਨਹਿਰੀ ਪਾਣੀ ਅਸੀਂ ਖੇਤਾਂ ਨੂੰ ਦਿੱਤਾ ਹੈ। ਸਾਇਲ ਐਂਡ ਵਾਟਰ ਕੰਜ਼ਰਵੇਸ਼ਨ ਡਿਪਾਰਟਮੈਂਟ ਵੀ ਮੇਰੇ ਕੋਲ ਹੈ। ਸੋ, ਮੈਂ ਉਸ ਰਾਹੀਂ ਸਾਰੇ ਹਾਊਸ ਨੂੰ ਅਤੇ ਸਾਰੇ ਪੰਜਾਬਰ ਨੂੰ ਇੱਕ ਬੇਨਤੀ ਵੀ ਕਰਨੀ ਚਾਹੁੰਦਾ ਹਾਂ ਕਿ ਪਾਣੀ ਜਿੰਨਾ ਜ਼ਰੂਰਤ ਹੈ, ਉਨਾ ਹੀ ਵਰਤਿਆ ਜਾਵੇ। ਪਾਣੀ ਘੱਟ ਤੋਂ ਘੱਟ ਵਰਤਿਆ ਜਾਵੇ। ਜੇ ਪਾਣੀ ਦਾ ਇੱਕ ਗਲਾਸ ਵੀ ਅੱਜ ਤੁਸੀਂ ਬਚਾ ਲਵੋਗੇ ਤਾਂ ਇਹ ਆਉਣ ਵਾਲੇ ਤੁਹਾਡੇ ਬੱਚਿਆਂ ਦੇ ਕੰਮ ਆਵੇਗਾ, ਇਹ ਪਾਣੀ ਤੁਹਾਡੇ ਭਵਿੱਖ ਦੇ ਕੰਮ ਆਵੇਗਾ। (ਥੰਪਿੰਗ) ਸਰ, ਮੈਂ ਪਹਿਲਾਂ ਵੀ ਇੱਕ ਵਾਰ ਬੇਨਤੀ ਕੀਤੀ ਸੀ ਕਿ ਮੈਂ ਪਿਛਲੇ 30-35 ਸਾਲਾਂ ਤੋਂ ਕਦੇ ਵੀ ਪਾਣੀ ਦੀ ਪੂਰੀ ਬਾਲਟੀ ਭਰ ਕੇ ਨਹੀਂ ਨਹਾਇਆ, ਮੈਂ ਅੱਧੀ ਬਾਲਟੀ ਨਾਲ ਨਹਾਉਂਦਾ ਹਾਂ। ਮੈਂ ਹਫਤੇ 10 ਦਿਨਾਂ ਬਾਅਦ ਸਾਬਣ ਦੀ ਵਰਤੋਂ ਕਰਦਾ ਹਾਂ। (ਹਾਸਾ) (ਥੰਪਿੰਗ) ਸੋ, ਮੈਂ ਸਾਰਿਆਂ ਨੂੰ ਸੱਦਾ ਦਿੰਦਾ ਹਾਂ ਕਿ ਪਾਣੀ ਜਿੰਨਾ ਹੋ ਸਕੇ, ਉਨਾ ਘੱਟ ਤੋਂ ਘੱਟ ਵਰਤੋ ਅਤੇ ਪਾਣੀ ਦੀ ਵੱਧ ਤੋਂ ਵੱਧ ਬੱਚਤ ਕਰੋ। ਮੈਂ ਮੁੱਖ ਮੰਤਰੀ ਸਾਹਿਬ ਸਰਦਾਰ ਭਗਵੰਤ ਸਿੰਘ ਮਾਨ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਉਹ ਅਸੰਭਵ ਕੰਮ ਕਰਕੇ ਦਿਖਾਇਆ ਹੈ, ਜਿਹੜਾ ਸੋਚ ਵੀ ਨਹੀਂ ਸਕਦੇ ਸੀ। ਟੇਲਾਂ ਤੇ ਪਾਣੀ ਪਹੁੰਚਾਉਣ ਦਾ ਕੰਮ ਕੀਤਾ ਹੈ। ਲਾਡੀ ਢੋਸ ਜੀ ਨੇ ਜੋ ਮਤਾ ਰੱਖਿਆ ਹੈ, ਉਸ ਲਈ ਬਹੁਤ ਬਹੁਤ ਧੰਨਵਾਦ ਜੀ। (ਥੰਪਿੰਗ)

**ਮਾਣਯੋਗ ਸਪੀਕਰ**: ਇਹ ਹੈ, ਨਵਾਂ ਪੰਜਾਬ। ਇਹ ਪਾਣੀ ਪਿੱਛੇ ਲੜਾਈ ਨਹੀਂ ਪਾਉਂਦਾ, ਸਗੋਂ ਆਪਣੇ ਪਾਣੀ ਦੀ ਸੁਰੱਖਿਆ ਕਰਦਾ ਹੈ। ਇਹ ਨਵਾਂ ਪੰਜਾਬ ਹੈ। ਮੰਤਰੀ ਸਾਹਿਬ ਤੁਹਾਨੂੰ ਵਧਾਈ ਹੈ। ਹਾਂ ਜੀ, ਰਾਣਾ ਜੀ ਤੁਸੀਂ ਬੋਲੋ।

**ਰਾਣਾ ਇੰਦਰ ਪ੍ਰਤਾਪ ਸਿੰਘ** : ਸਪੀਕਰ ਸਾਹਿਬ, ਅੱਜ ਮੈਨੂੰ ਸੈਸ਼ਨ ਵਿੱਚ ਇਹ ਮਹਿਸੂਸ ਹੋਇਆ ਹੈ ਕਿ ਬੰਦਾ ਪਾਲੀਟਿਸ਼ਨ ਹੋਵੇ ਅਤੇ ਨਾਲ ਹੀ ਵਕੀਲ ਹੋਵੇ ਤਾਂ ਫਿਰ ਸਿਰਾ ਹੀ ਲੱਗ ਜਾਂਦਾ ਹੈ। ਸੋ, ਸਾਡੇ ਦੋ ਮੰਤਰੀ ਸਾਹਿਬ ਬੈਠੇ ਹਨ, ਦੋਵੇਂ ਹੀ ਸਿਆਸਤਦਾਨ ਮੰਤਰੀ ਅਤੇ ਵਕੀਲ ਹਨ। ਇਹ ਗੱਲਾਂ ਵਿੱਚ ਸਿਰਾ ਹੀ ਲਗਾ ਦਿੰਦੇ ਹਨ। ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਮੰਤਰੀ ਸਾਹਿਬ ਨੇ ਗੱਲ ਕੀਤੀ ਹੈ ਕਿ ਸਾਨੂੰ ਪਾਣੀ ਬਚਾਉਣਾ ਚਾਹੀਦਾ ਹੈ। ਜੇ ਪਾਣੀ ਦਾ ਇੱਕ ਗਲਾਸ ਵੀ ਬਚ ਜਾਵੇ ਤਾਂ ਵੀ ਬਹੁਤ ਅਹਿਮ ਚੀਜ਼ ਹੈ। ਮੈਂ ਫਲੋਰ ਆਫ ਦਿ ਹਾਊਸ ਤੇ ਇੱਕ ਸੁਜੈਸ਼ਨ ਦੇਣੀ ਚਾਹੁੰਦਾ ਹਾਂ ਕਿ ਬਹੁਤ ਘੱਟ ਖਰਚੇ ਨਾਲ ਕਈ ਹਜ਼ਾਰਾਂ ਕਿਊਸਿਕ ਪਾਣੀ ਬਚ ਜਾਵੇਗਾ। ਸਰ, ਦੁਆਬੇ ਵਿੱਚ ਇੱਕ ਕਾਹਨਾ ਡਰੇਨ ਜਾਂਦੀ ਹੈ ਜਿਹੜੀ ਬਿਆਸ ਦਰਿਆ ਤੋਂ ਕੁੱਲ ਦੋ ਢਾਈ ਕਿਲੋਮੀਟਰ ਤੇ ਹੈ। ਜਿਹੜੇ ਸਮੇਂ ਵਿੱਚ ਮਾਲਵੇ

ਦੇ ਵਿੱਚ ਪਾਣੀ ਦੀ ਲੋੜ ਨਹੀਂ ਹੁੰਦੀ, ਉਹ ਫਰਵਰਾ, ਮਾਰਚ, ਅਪ੍ਰੈਲ, ਮਈ ਹੈ। ਇਸ ਸਮੇਂ ਵਿੱਚ ਦੁਆਬੇ ਵਿੱਚ ਹਾੜ੍ਹੂ ਮੱਕੀ ਬੀਜੀ ਜਾਂਦੀ ਹੈ। ਮੈਨੂੰ ਇਹ ਕਹਿਣ ਵਿੱਚ ਕੋਈ ਗੁਰੇਜ਼ ਨਹੀਂ ਹੈ ਕਿ ਉਹ ਮੱਕੀ ਬਹੁਤ ਪਾਣੀ ਪੀਂਦੀ ਹੈ

**1745/Kuldeep kaur/Rajneesh kumar**

**1750/Pawan sharma**

ਤੇ ਸਾਡੇ ਜ਼ਿਮੀਂਦਾਰ ਵੀ ਸਮਝਦੇ ਹਨ ਕਿ ਉਹ ਪਾਣੀ ਪੀਂਦੀ ਹੈ ਪਰ ਜ਼ਿਮੀਂਦਾਰਾਂ ਦਾ ਆਲੂਆਂ ਕਰਕੇ ਨੁਕਸਾਨ ਇੰਨਾ ਹੋਇਆ ਹੈ ਕਿ ਸਰਵਾਈਵ ਕਰਨ ਲਈ ਮੱਕੀ ਉਨ੍ਹਾਂ ਦੀ ਮਜਬੂਰੀ ਹੈ। ਜੇ ਮੰਤਰੀ ਸਾਹਿਬ, ਉਹ ਦੋ ਕਿਲੋਮੀਟਰ ਏਰੀਏ ਵਿੱਚ ਬਿਆਸ ਦਰਿਆ ਤੋਂ ਪਾਈਪਲਾਈਨ ਰਾਹੀਂ ਉਸ ਡਰੇਨ ਨੂੰ ਫੀਡ ਕਰ ਦੇਣ ਤੇ ਜਦੋਂ ਪੰਜਾਬ ਵਿੱਚ ਕਿਤੇ ਪਾਣੀ ਦੀ ਲੋੜ ਨਹੀਂ, ਉਸ ਵੇਲੇ ਤੁਸੀਂ ਸਾਨੂੰ ਉਹ ਪਾਣੀ ਦੇ ਦਿਓ ਤੇ ਇਸ ਨਾਲ ਦੁਆਬੇ ਦੇ ਕਈ ਹਜ਼ਾਰ ਏਕੜ ਨੂੰ ਪਾਣੀ ਮਿਲ ਜਾਵੇਗਾ, ਜਿਹੜਾ ਕਿ ਪਾਣੀ ਸਰਪਲੱਸ ਹੈ। ਮੰਤਰੀ ਸਾਹਿਬ, ਅਸੀਂ ਉਹ ਹੀ ਸਰਪਲੱਸ ਪਾਣੀ ਲਵਾਂਗੇ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਗਰੀਕਲਚਰਲ ਮੰਤਰੀ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ, ਉਹ ਵੀ ਬੈਠੇ ਹਨ, ਅੱਜ ਪੰਜਾਬ ਦੇ ਜ਼ਿਮੀਂਦਾਰ ਜਿਹੜੇ ਆਲੂ ਬੀਜਦੇ ਹਨ, ਇਨ੍ਹਾਂ ਕੁ ਮਾੜਾ ਹਾਲ ਹੋਇਆ ਹੈ ਕਿ ਆਲੂ ਦੀ cost ਚਾਰ ਪੰਜ ਸੌ ਰੁਪਏ ਕੱਟਾ ਹੈ ਤੇ ਉਸ ਦੀ ਸਟੋਰੇਜ cost ਢਾਈ ਸੌ ਰੁਪਏ ਕੱਟਾ ਹੈ। ਸਾਢੇ ਸਤ ਸੌ ਰੁਪਏ ਜਾਂ ਅੱਠ ਸੌ ਰੁਪਏ ਕੋਸਟ ਇੱਕ ਕੱਟੇ ਦੀ ਹੈ ਤੇ ਆਲੂ ਦੋ ਸੌ ਰੁਪਏ ਕਿੱਲੋ ਤੇ ਵੀ ਨਹੀਂ ਵਿਕ ਰਿਹਾ ਹੈ। ਸਰਕਾਰ ਨੂੰ ਇੱਕ ਪਾਲਿਸੀ ਲਿਆਉਣੀ ਚਾਹੀਦੀ ਹੈ ਕਿ ਏਰੀਏ ਨੂੰ ਕੁਆਈਂਟੀਫਾਈ ਕਰੀਏ ਤਾਂ ਜੋ ਘੱਟੋ ਘੱਟ ਜ਼ਿਮੀਂਦਾਰ ਨੂੰ ਆਲੂ ਦੀ ਸਟੋਰੇਜ ਦੀ cost ਪੇਅ ਕਰ ਦੇਈਏ ਨਹੀਂ ਤਾਂ ਜਿਵੇਂ ਝੋਨੇ ਦਾ ਹਾਲ ਹੋਇਆ ਹੈ ਕਿ ਗੁਦਾਮ ਭਰੇ ਪਏ ਹਨ, ਇਸ ਤਰ੍ਹਾਂ ਹੀ ਆਲੂ ਦੇ ਕੋਲਡ ਸਟੋਰ ਭਰੇ ਪਏ ਹਨ। ਅਗਲੀ ਫ਼ਸਲ ਜਦੋਂ ਆਉਣੀ ਹੈ ਤਾਂ ਉਹ ਆਪਣੇ ਕੋਲ ਸਟੋਰ ਕਰਨ ਦੀ ਪੁਜ਼ੀਸ਼ਨ ਨਹੀਂ ਹੋਣੀ। ਸੋ, ਬੇਨਤੀ ਹੈ ਕਿ ਸਰਕਾਰ ਜ਼ਿਮੀਂਦਾਰ ਦਾ ਪੱਖ ਜ਼ਰੂਰ ਰੱਖੇ ਅਤੇ ਇਸ ਤੇ ਇੱਕ ਪਾਲਿਸੀ ਲੈ ਕੇ ਆਵੇ। ਤੁਹਾਡਾ ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ**: ਸਰਦਾਰ ਲਖਬੀਰ ਸਿੰਘ ਰਾਏ।

**ਸਰਦਾਰ ਲਖਬੀਰ ਸਿੰਘ ਰਾਏ (ਫਤਿਹਗੜ੍ਹ ਸਾਹਿਬ)** : ਧੰਨਵਾਦ ਸਪੀਕਰ ਸਾਹਿਬ, ਮੈਂ ਅੱਜ ਇਸ ਧੰਨਵਾਦੀ, ਮੈਂ ਤਾਂ ਇਤਿਹਾਸਕ ਹੀ ਕਹਾਂਗਾ, ਮਤੇ ਦਾ ਪੁਰਜ਼ੋਰ ਸਮਰਥਨ ਕਰਦਾ ਹਾਂ। ਮਾਣਯੋਗ ਸਰਦਾਰ ਭਗਵੰਤ ਸਿੰਘ ਮਾਨ ਸਾਹਿਬ ਜੀ ਨੇ ਕਿਹਾ ਸੀ ਕਿ ਅਸੀਂ ਟਿਊਬਵੈੱਲ ਬੰਦ ਕਰਵਾ ਕੇ ਜੀਰੀ ਲਗਾਵਾਂਗੇ, ਪਾਲਾਂਗੇ ਔਰ ਮੈਨੂੰ ਖ਼ੁਸ਼ੀ ਹੋਈ, ਜਦੋਂ ਮੈਂ ਚਨਾਰਥਲ ਪਿੰਡ ਗਿਆ, ਬਹੁਤ ਸਾਰੇ ਪਿੰਡਾਂ ਵਿੱਚ ਗਿਆ ਤਾਂ ਲੋਕਾਂ ਨੇ ਦੱਸਿਆ ਕਿ ਜਿਹੜੇ ਨਹਿਰਾਂ ਵਿੱਚੋਂ ਮੋਘੇ ਲੱਗੇ ਹਨ, ਉਨ੍ਹਾਂ ਨਾਲ ਸਾਡੇ ਸਾਰੇ ਟਿਊਬਵੈੱਲ ਬੰਦ ਪਏ ਹਨ ਔਰ ਇਹ ਨਹਿਰੀ ਪਾਣੀ ਨਾਲ ਜੀਰੀ ਪਲ ਰਹੀ ਹੈ। ਸਰਕਾਰ ਬਣਨ ਤੋਂ ਪਹਿਲਾ, ਸਾਲ 2022 ਤੋਂ ਪਹਿਲਾ ਜਿਹੜੇ ਕਿਸਾਨ ਸੀ, ਉਨ੍ਹਾਂ ਤੇ ਚੋਰੀ ਦੇ ਪਰਚੇ ਦਰਜ ਕੀਤੇ ਜਾਂਦੇ ਸਨ ਲੇਕਿਨ ਮਾਣਯੋਗ ਸਰਦਾਰ ਭਗਵੰਤ ਮਾਨ ਜੀ ਦੀ ਸਰਕਾਰ ਨੇ ਉਨ੍ਹਾਂ ਨੂੰ ਪਾਣੀ ਦਿੱਤਾ। ਇਹ ਬਹੁਤ ਵੱਡੀ visionary ਸੋਚ ਸਰਦਾਰ ਭਗਵੰਤ ਸਿੰਘ ਮਾਨ ਸਾਹਿਬ ਸਰਕਾਰ ਦੀ ਹੈ, ਜਿਨ੍ਹਾਂ ਨੇ ਇਤਿਹਾਸਕ ਕੰਮ ਕੀਤਾ ਹੈ। ਰਾਣਾ ਸਾਹਿਬ ਛੋਟੇ ਵੀਰ ਹਨ, ਉਹ ਪਾਣੀਆਂ ਬਾਰੇ ਗੱਲ ਕਰ ਰਹੇ ਸੀ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪਾਣੀਆਂ ਦਾ ਜਿਹੜਾ ਵਾਧਾ ਹੈ, ਜੋ ਗੱਲ ਕਰਦੇ ਸੀ, ਉਹ ਕਿਵੇਂ ਵਧਿਆ। ਮੈਂ ਹਲਕਾ ਸ੍ਰੀ ਫ਼ਤਿਹਗੜ੍ਹ ਸਾਹਿਬ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਬੰਨ੍ਹ ਨੂੰ ਪੱਕਾ ਕੀਤਾ ਹੈ। ਮੰਤਰੀ ਸਾਹਿਬ ਵੀ ਉੱਥੇ ਉਦਘਾਟਨ ਕਰਕੇ ਆਏ ਹਨ ਔਰ ਉਸ ਦਾ ਜਿਹੜਾ

ਪਹਿਲਾਂ ਖੇਤਾਂ ਨੂੰ ਪਾਣੀ ਲੱਗਦਾ ਸੀ, ਉਹ ਸਿਰਫ਼ 2310 ਏਕੜ ਨੂੰ ਪਾਣੀ ਲੱਗਦਾ ਸੀ। ਲੇਕਿਨ ਜਦੋਂ ਬੰਨ੍ਹ ਪੱਕਾ ਹੋਇਆ ਤਾਂ ਇੱਕ ਨਹਿਰ ਦੀ ਤਰ੍ਹਾਂ ਪਾਣੀ ਜਾ ਰਿਹਾ ਹੈ, ਹੁਣ 3025 ਏਕੜ ਵਾਧੂ ਪਾਣੀ ਕਿਸਾਨਾਂ ਨੂੰ ਮਿਲ ਰਿਹਾ ਹੈ। ਸੋ, ਇਸ ਦੇ ਵਿੱਚ ਤੁਸੀਂ ਦੇਖ ਸਕਦੇ ਹੋ ਕਿ ਦੁੱਗਣੇ ਤੋਂ ਵੀ ਜ਼ਿਆਦਾ ਏਕੜ ਜ਼ਮੀਨ ਦੀ ਸਿੰਚਾਈ ਇਸ ਪਾਣੀ ਨਾਲ ਹੋ ਰਹੀ ਹੈ। ਇਸ ਤਰ੍ਹਾਂ ਹੀ ਸਾਹਿਦਪੁਰਾ ਮਾਈਨਰ ਹੈ। ਉਸ ਦੇ ਪੱਕੇ ਹੋਣ ਨਾਲ 1743 ਏਕੜ ਵਾਧੂ ਪਾਣੀ ਮਿਲਿਆ ਹੈ। ਰਜਿੰਦਰਗੜ੍ਹ ਮਾਈਨਰ 1344 ਏਕੜ ਵੱਧ ਪਾਣੀ ਮਿਲਿਆ ਹੈ। ਇਸ ਸਰਕਾਰ ਨੇ ਬਹੁਤ ਸਾਰੇ visionary ਕੰਮ ਕੀਤੇ ਹਨ। ਇਹ ਮਾਨ ਸਾਹਿਬ ਦੀ ਸੋਚ ਹੈ। ਮੇਰੇ ਹਲਕੇ ਸ੍ਰੀ ਫ਼ਤਿਹਗੜ੍ਹ ਸਾਹਿਬ ਵਿੱਚ 42 ਕਰੋੜ ਰੁਪਏ ਦਾ ਪ੍ਰਾਜੈਕਟ ਮਾਣਯੋਗ ਸਰਦਾਰ ਭਗਵੰਤ ਸਿੰਘ ਮਾਨ ਸਾਹਿਬ ਰੱਖ ਕੇ ਆਏ ਸਨ ਜਿਨ੍ਹਾਂ ਵਿੱਚ 26 ਕਰੋੜ 67 ਲੱਖ ਰੁਪਏ ਨਾਲ ਮਾਈਨਰ ਅਤੇ ਸਬ ਮਾਈਨਰ ਪੱਕੇ ਹੋਏ ਹਨ ਔਰ ਹਲਕਾ ਸ੍ਰੀ ਫ਼ਤਿਹਗੜ੍ਹ ਸਾਹਿਬ, ਜਿਹੜੀ ਇਹ ਪਾਈਪ-ਲਾਈਨਾਂ ਦੀ ਗੱਲ ਮੰਤਰੀ ਸਾਹਿਬ ਕਰ ਰਹੇ ਹਨ, ਸਾਡੇ 23 ਕਿੱਲੋਮੀਟਰ ਪਾਈਪਲਾਈਨ ਪਈ ਹੈ। ਔਰ ਮੇਰੇ ਹਲਕੇ ਦੇ ਜਿਹੜੇ 200 ਪਿੰਡ ਬਣਦੇ ਹਨ, 100 ਪਿੰਡਾਂ ਵਿੱਚ ਮਾਨ ਸਾਹਿਬ ਦੀ ਸਰਕਾਰ ਨੇ ਪਾਈਪਾਂ ਰਾਹੀਂ ਅਤੇ ਮੋਘਿਆਂ ਰਾਹੀਂ ਪਾਣੀ ਪਹੁੰਚਾਇਆ ਹੈ। ਅਸੀਂ ਕਹਿ ਸਕਦੇ ਹਾਂ ਕਿ ਸ੍ਰੀ ਫ਼ਤਿਹਗੜ੍ਹ ਸਾਹਿਬ ਵਿੱਚ ਜਿਹੜੀ 1500 ਏਕੜ ਹੈ, ਨਵਾਂ ਮਾਈਨਰ ਜਿਹੜਾ ਕੱਢਿਆ ਹੈ, ਉਸ ਨਾਲ ਕਿਸਾਨਾਂ ਨੂੰ ਫ਼ਾਇਦਾ ਹੋਇਆ ਹੈ। ਸ੍ਰੀ ਫ਼ਤਿਹਗੜ੍ਹ ਸਾਹਿਬ ਦੇ ਪੂਰੇ ਹਲਕੇ ਵਿੱਚ, ਇਹ ਪਹਿਲੀ ਵਾਰ ਹੈ ਕਿ ਕਿਸਾਨ ਇੰਨਾ ਖ਼ੁਸ਼ ਹੈ ਕਿ ਸਾਨੂੰ ਕਦੇ ਉਮੀਦ ਹੀ ਨਹੀਂ ਸੀ ਕਿ ਕਦੇ ਨਹਿਰਾਂ ਤੋਂ ਵੀ ਪਾਣੀ ਖੇਤਾਂ ਨੂੰ ਲੱਗੇਗਾ। ਕਿਸਾਨ ਇਹ ਕਹਿੰਦੇ ਸਨ ਕਿ ਅਸੀਂ ਸਿਰਫ਼ ਨਹਿਰਾਂ ਇਸ ਕਰਕੇ ਨਹੀਂ ਮੰਗਦੇ ਸਨ ਕਿ ਇਹ ਨਹਿਰ ਰਾਜਸਥਾਨ ਨੂੰ ਜਾ ਰਹੀ ਹੈ, ਇਹ ਨਹਿਰ ਹਰਿਆਣੇ ਨੂੰ ਜਾ ਰਹੀ ਹੈ।

**1750/Pawan sharma/ Monika sharma**

**1755/Beant kaur**

ਸਾਨੂੰ ਤਾਂ ਇਹ ਹੱਕ ਹੈ ਹੀ ਨਹੀਂ ਸੀ। ਸਾਨੂੰ ਤਾਂ ਇਹ ਪਤਾ ਹੀ ਨਹੀਂ ਸੀ ਕਿ ਇਸ ਨਹਿਰ ਦਾ ਪਾਣੀ ਸਾਨੂੰ ਮਿਲੇਗਾ। ਮੈਂ ਇਕ ਪਿੰਡ ਸੁਹਾਗਹੇੜੀ ਵਿੱਚ ਗਿਆ। ਉਥੋਂ ਦਾ ਸਰਪੰਚ ਕਹਿਣ ਲੱਗਿਆ ਕਿ ਜਿਹੜੇ ਸਾਡੇ ਸ਼ਡਿਊਲਡ ਕਾਸਟ ਵਾਲੇ ਭਰਾ ਹਨ, ਉਨ੍ਹਾਂ ਕੋਲ ਪਾਣੀ ਦਾ ਕੋਈ ਸਾਧਨ ਨਹੀਂ ਸੀ ਲੇਕਿਨ ਅੱਜ ਜਿਹੜੇ ਖੇਤੀ ਕਰਦੇ ਹਨ, ਉਨ੍ਹਾਂ ਦੇ 200 ਏਕੜ ਖੇਤਾਂ ਨੂੰ ਵੀ ਪਾਣੀ ਲੱਗਿਆ ਹੈ। ਉਹ ਕਹਿੰਦੇ ਹਨ ਕਿ ਇਹ ਨਹਿਰ ਸਾਡੇ ਖੇਤਾਂ ਵਿਚੋਂ, ਸਾਡੀ ਧਰਤੀ ਵਿਚੋਂ ਲੰਘ ਕੇ ਗਈ ਹੈ ਪਰ ਜਦੋਂ ਅਸੀਂ ਇੱਥੋਂ ਪਾਣੀ ਦਾ ਡੋਲੂ ਭਰਦੇ ਸੀ ਤਾਂ ਸਾਨੂੰ ਇਹ ਡਰ ਰਹਿੰਦਾ ਸੀ ਕਿ ਮੇਟ ਆ ਕੇ ਸਾਨੂੰ ਜ਼ੁਰਮਾਨਾ ਕਰੇਗਾ। ਇਹ ਤੁਹਾਡੀ ਪਹਿਲੀ ਸਰਕਾਰ ਹੈ ਜਿਸ ਨੇ ਸਾਡੇ ਕਿਸਾਨਾਂ ਨੂੰ, ਸਾਡੇ ਗਰੀਬ ਲੋਕਾਂ ਨੂੰ ਪਾਣੀ ਦਿੱਤਾ ਹੈ।(ਥੰਪਿੰਗ) ਇਸ ਸਰਕਾਰ ਨੇ ਵਿਜ਼ਨਰੀ ਕੰਮ ਕੀਤਾ ਹੈ। ਮੈਂ ਇਸ ਮਤੇ ਦਾ ਪੁਰਜ਼ੋਰ ਸਮਰਥਨ ਕਰਦਾ ਹਾਂ ਅਤੇ ਸਦਨ ਵਿੱਚ ਸਾਡੇ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਅਤੇ ਸਾਡੇ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਹ ਇਤਿਹਾਸਕ ਕੰਮ ਕੀਤੇ ਹਨ, ਪੰਜਾਬ ਨੂੰ ਬੰਜਰ ਹੋਣ ਤੋਂ ਬਚਾਇਆ ਹੈ। ਮੈਂ ਕਹਾਂਗਾ ਕਿ ਅਸਲ ਵਿੱਚ ਬਹੁਤ ਸਾਰੇ ਮੁੱਖ ਮੰਤਰੀਆਂ ਨੇ ਪਾਣੀ ਦੇ ਨਾਂ ਤੇ ਵੋਟਾਂ ਲੈ ਕੇ ਸਰਕਾਰਾਂ ਬਣਾਈਆਂ ਹਨ। ਜੇ ਕੋਈ ਅਸਲ ਵਿੱਚ ਪਾਣੀਆਂ ਦਾ ਰਾਖਾ ਹੈ ਤਾਂ ਉਹ ਸਰਦਾਰ ਭਗਵੰਤ ਸਿੰਘ ਮਾਨ ਸਾਹਿਬ ਹਨ, ਜੇਕਰ ਕੋਈ ਧਰਤੀ ਮਾਂ ਦਾ ਪੁੱਤਰ ਹੈ ਤਾਂ ਉਹ ਸਰਦਾਰ ਭਗਵੰਤ ਸਿੰਘ ਮਾਨ ਹੈ। ਜਿਸ ਨੇ ਆਪਣੀ ਧਰਤੀ ਨੂੰ ਬੰਜਰ ਹੋਣ ਤੋਂ ਬਚਾਇਆ ਹੈ, ਪੂਰੇ ਪੰਜਾਬ ਨੂੰ ਬੰਜਰ ਹੋਣ ਤੋਂ ਬਚਾਇਆ ਹੈ। ਮੈਂ ਇਕ ਵਾਰ ਫੇਰ ਇਸ ਇਤਿਹਾਸਕ ਮਤੇ ਦਾ ਸਮਰਥਨ ਕਰਦਾ ਹਾਂ। ਧੰਨਵਾਦ। ਬਹੁਤ ਬਹੁਤ ਸ਼ੁਕਰੀਆ।

**ਮਾਣਯੋਗ ਸਪੀਕਰ:** ਜਿੱਥੇ ਜਿੱਥੇ ਪਾਣੀ ਗਿਆ ਹੈ, ਸਮਝ ਲਓ ਮਾਨ ਸਾਹਿਬ ਨੇ ਖੁਸ਼ਹਾਲੀ ਭੇਜ ਦਿੱਤੀ। ਇਹ ਸਿਰਫ ਪਾਣੀ ਨਹੀਂ ਹੈ, ਇਹ ਬਹੁਤ ਵੱਡੀ ਗੱਲ ਹੈ। ਨੈਕਸਟ, ਸਰਦਾਰ ਜਗਦੀਪ ਸਿੰਘ ਕਾਕਾ ਬਰਾੜ।

**ਸਰਦਾਰ ਜਗਦੀਪ ਸਿੰਘ ਕਾਕਾ ਬਰਾੜ (ਸ੍ਰੀ ਮੁਕਤਸਰ ਸਾਹਿਬ):** ਸਪੀਕਰ ਸਾਹਿਬ, ਧੰਨਵਾਦ। ਤੁਸੀਂ ਮੈਨੂੰ ਇਸ ਅਹਿਮ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਭ ਤੋਂ ਪਹਿਲਾਂ ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਪੰਜਾਬ ਦੇ ਕੋਨੇ ਕੋਨੇ ਵਿੱਚ ਪਾਣੀ ਪਹੁੰਚਾਇਆ ਹੈ। ਮੇਰੇ ਤੋਂ ਪਹਿਲਾਂ ਬੋਲਦਿਆਂ ਬਹੁਤ ਸਾਰੇ ਬੁਲਾਰਿਆਂ ਨੇ ਪਾਣੀ ਬਾਰੇ ਦੱਸਿਆ ਹੈ। ਜਿੱਥੇ ਪਾਣੀ ਦੀ ਲੋੜ ਹੈ ਜਾਂ ਜਿਨ੍ਹਾਂ ਜ਼ਮੀਨਾਂ ਵਿੱਚ ਪਾਣੀ ਖਾਰਾ ਹੈ, ਉਨ੍ਹਾਂ ਨੂੰ ਪਤਾ ਹੈ ਕਿ ਪਾਣੀ ਦੀ ਲੋੜ ਕੀ ਚੀਜ਼ ਹੈ। ਕਈ ਜਗ੍ਹਾ ਤਾਂ ਇਸ ਤਰ੍ਹਾਂ ਹੈ ਕਿ ਬੋਰ ਕੀਤਾ ਅਤੇ ਪਾਣੀ ਲਾ ਲਿਆ, ਕੰਮ ਸਰ ਗਿਆ ਪਰ ਮਾਲਵੇ ਦਾ ਕੁਝ ਏਰੀਆ ਜਿਵੇਂ ਅਬੋਹਰ, ਫਾਜ਼ਿਲਕਾ, ਮਲੋਟ ਅਤੇ ਮਾਲਵੇ ਦਾ ਹੋਰ ਬਹੁਤ ਸਾਰਾ ਹਿੱਸਾ ਅਜਿਹਾ ਹੈ, ਜਿੱਥੇ ਜ਼ਮੀਨ ਦਾ ਪਾਣੀ ਮਾੜਾ ਹੈ। ਜਦੋਂ ਅਸੀਂ ਉਹ ਆਪਣੀਆਂ ਫ਼ਸਲਾਂ ਨੂੰ ਲਗਾਉਂਦੇ ਸੀ ਤਾਂ ਉਸ ਵਿੱਚ ਕਦੇ ਦਾਣਾ ਹੀ ਨਹੀਂ ਪੈਂਦਾ ਸੀ ਜਾਂ ਕਦੇ ਸੜ ਜਾਂਦੀ ਸੀ। ਇਸ ਕਾਰਨ ਬੜੀ ਵੱਡੀ ਦਿੱਕਤ ਆਉਂਦੀ ਸੀ। ਤੁਸੀਂ ਵੀ ਰੋਜ਼ ਨਹਿਰਾਂ ਤੋਂ ਲੰਘਦੇ ਹੋ, ਤੁਸੀਂ ਦੇਖਿਆ ਹੋਵੇ ਕਿ ਮਾਲਵੇ ਦੀਆਂ ਨਹਿਰਾਂ ਅੱਗੇ ਕਦੇ ਇੰਨੀਆਂ ਭਰ ਕੇ ਨਹੀਂ ਵਗੀਆਂ ਹੋਣੀਆਂ, ਜਿੰਨੀਆਂ ਹੁਣ ਭਰ ਕੇ ਵਗ ਰਹੀਆਂ ਹਨ। ਇਹ ਮਾਨ ਸਾਹਿਬ ਦੀ ਸੋਚ ਅਤੇ ਉਪਰਾਲਿਆਂ ਸਦਕਾ ਅਜਿਹਾ ਹੋਇਆ ਹੈ। ਜੇਕਰ ਮੈਂ ਆਪਣੇ ਹਲਕੇ ਦੀ ਗੱਲ ਕਰਾਂ ਤਾਂ ਮੇਰੇ ਹਲਕੇ ਵਿੱਚ ਕੁਝ ਅਜਿਹੇ ਪਿੰਡ ਸਨ, ਜਿਨ੍ਹਾਂ ਵਿੱਚ ਜਦੋਂ ਪਾਣੀ ਗਿਆ ਤਾਂ ਲੋਕ ਨੱਚ ਰਹੇ ਸਨ। ਪਿੰਡ ਅਕਾਲਗੜ੍ਹ ਜਿਹੜਾ ਗੰਗ ਕਨਾਲ ਦੇ ਨਾਲ ਲਗਦਾ ਹੈ, ਰਾਜਸਥਾਨ ਨੂੰ ਪਾਣੀ ਜਾਂਦਾ ਸੀ ਪਰ ਸਾਡੀਆਂ ਕੱਸੀਆਂ-ਖ਼ਾਲੇ ਕੱਚੇ ਹੋਣ ਕਰਕੇ, ਪੁਰਾਣੇ ਹੋਣ ਕਰਕੇ ਉਨ੍ਹਾਂ ਵਿੱਚ ਪਾਣੀ ਨਹੀਂ ਅੱਪੜਦਾ ਸੀ। ਜਿਸ ਦਿਨ ਪਾਣੀ ਪਹੁੰਚਿਆ, ਉਹ ਲੋਕ ਨੱਚ ਰਹੇ ਸੀ। ਇਸੇ ਤਰ੍ਹਾਂ ਅਬੋਹਰ, ਫਾਜ਼ਿਲਕਾ ਦੇ ਪਿੰਡਾਂ ਵਿੱਚ ਵੀ ਪਾਣੀ ਗਿਆ ਹੈ। ਮੈਂ ਇੱਕ ਗੱਲ ਜ਼ਰੂਰ ਕਹਾਂਗਾ ਕਿ ਇਹ ਪਹਿਲੀ ਸਰਕਾਰ ਹੈ, ਜਿਸ ਨੇ ਇਹ ਉਪਰਾਲਾ ਕੀਤਾ ਹੈ ਅਤੇ ਸਭ ਤੋਂ ਵੱਡੀ ਗੱਲ ਇਹ ਹੋਈ ਹੈ ਕਿ ਜਦੋਂ ਖ਼ਾਲੇ ਬਣੇ ਹਨ ਤਾਂ ਸਾਡੇ ਪਿੰਡਾਂ ਸੱਧਰਾਂ ਵਾਲਾ, ਵਧਾਈਆਂ ਵਾਲਾ, ਅਕਾਲ ਗੜ੍ਹ ਵਿੱਚ ਕਿਸੇ ਪ੍ਰਕਾਰ ਦੀ partiality ਨਹੀਂ ਕੀਤੀ ਗਈ ਕਿ ਇਹ ਅਕਾਲੀ ਦਲ ਦਾ ਖ਼ਾਲਾ ਹੈ, ਕਾਂਗਰਸ ਦਾ ਹੈ ਜਾਂ ਆਮ ਆਦਮੀ ਪਾਰਟੀ ਦਾ ਖ਼ਾਲਾ ਹੈ। ਮਾਨ ਸਾਹਿਬ ਨੇ ਇਹ ਸੋਚ ਕੇ ਪ੍ਰਾਜੈਕਟ ਤਿਆਰ ਕੀਤੇ ਸਨ ਕਿ ਇਹ ਕਿਸਾਨ ਦਾ ਖ਼ਾਲਾ ਹੈ, ਪੰਜਾਬ ਦੇ ਵਾਸੀਆਂ ਦਾ ਖ਼ਾਲਾ ਹੈ, ਪੰਜਾਬ ਦੇ ਲੋਕਾਂ ਲਈ ਅਸੀਂ ਕੰਮ ਕਰਨਾ ਹੈ। ਇਹ ਸਭ ਤੋਂ ਵੱਡੀ ਗੱਲ ਹੈ। ਵਰਨਾ ਅੱਗੇ ਸਰਕਾਰਾਂ ਆਪਣੇ ਚਹੇਤਿਆਂ ਦੇ 2-4 ਕਿੱਲੇ ਵਿੱਚ ਖ਼ਾਲੇ ਬਣਾ ਦਿੰਦੀਆਂ ਸਨ ਪਰ ਇਸ ਵਾਰ ਕਿਲੋਮੀਟਰਾਂ ਵਿੱਚ ਖ਼ਾਲੇ ਬਣੇ ਹਨ। ਇਨ੍ਹਾਂ ਖ਼ਾਲਿਆਂ (ਕੱਚੇ ਅਤੇ ਪੱਕੇ) ਅਤੇ ਕੱਸੀਆਂ ਦੇ ਮਹੱਤਵ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ। ਜਿਸ ਇਨਸਾਨ ਨੇ ਖੇਤੀ ਕੀਤੀ ਹੈ, ਕੱਚਾ ਖ਼ਾਲਾ ਜਦੋਂ 2-3 ਕਿਲੋਮੀਟਰ ਤੱਕ ਜਾਂਦਾ ਸੀ ਤਾਂ ਮੋਘੇ ਦਾ ਪਾਣੀ ਉਨਾ ਹੀ ਹੁੰਦਾ ਸੀ, ਜਿਵੇਂ ਰਾਣਾ ਸਾਹਿਬ ਕਹਿ ਰਹੇ ਸੀ ਕਿ ਪਾਣੀ ਕਿਵੇਂ ਵਧਿਆ। ਜਦੋਂ ਮੁੱਢ ਤੋਂ ਖਿੱਚ ਪੈ ਜਾਂਦਾ ਸੀ ਤਾਂ ਜੇਕਰ ਕਣਕ ਹੁੰਦੀ ਸੀ ਤਾਂ ਉਨ੍ਹਾਂ ਦੀ ਵੀ ਫ਼ਸਲ ਮਾਰੀ ਜਾਂਦੀ ਸੀ ਅਤੇ ਅੱਗੇ ਵੀ ਪਾਣੀ ਨਹੀਂ ਪਹੁੰਚਦਾ ਸੀ। ਅੱਜ ਖ਼ਾਲੇ ਪੱਕੇ ਹੋਣ ਕਾਰਨ ਟੇਲਾਂ ਤੇ ਪਾਣੀ ਪਹੁੰਚਿਆ ਹੈ ਅਤੇ ਕਿਸਾਨਾਂ ਨੂੰ ਰਾਹਤ ਮਿਲੀ ਹੈ।

**1800/Karamjit kaur**

ਨਹੀਂ ਤਾਂ ਅੱਗੇ ਸਰਕਾਰਾਂ ਖਾਲ਼ੇ ਬਣਾਉਂਦੀਆਂ ਸੀ। ਉਹ ਆਪਣੇ ਚਹੇਤਿਆਂ ਦਾ ਉਸ ਪਿੰਡ ਦੇ ਵਿੱਚ 2-4 ਕਿੱਲਿਆਂ ਤੱਕ ਖਾਲ਼ਾ ਬਣ ਜਾਂਦਾ, ਕਿਲੋਮੀਟਰਾਂ ਦੇ ਹਿਸਾਬ ਵਿੱਚ ਉਦੋਂ ਖਾਲ਼ੇ ਬਣੇ। ਇਨ੍ਹਾਂ ਖਾਲਿਆਂ ਦਾ ਜੋ ਮਹੱਤਵ ਹੈ, ਮੈਂ ਕੱਚੇ ਖਾਲੇ

ਅਤੇ ਪੱਕੇ ਖਾਲਿਆਂ ਦਾ ਮਹੱਤਵ ਦੱਸਣਾ ਚਾਹੁੰਦਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਫਿਰ ਕੱਸੀਆਂ ਪੱਕਾ ਕਰਨ ਤੇ ਖਾਲੇ ਪੱਕੇ ਕਰਨ ਦਾ ਕੀ ਫਾਇਦਾ ਹੈ? ਜਿਸ ਇਨਸਾਨ ਨੇ ਖੇਤੀ ਕੀਤੀ ਹੈ, ਉਸ ਨੂੰ ਪਤਾ ਹੈ, ਕੱਚਾ ਖਾਲ਼ਾ ਜਦੋਂ 2-3 ਕਿਲੋਮੀਟਰ ਤੱਕ ਜਾਂਦਾ ਸੀ, ਮੋਘੇ ਦਾ ਪਾਣੀ ਤਾਂ ਉਨਾ ਹੀ ਹੁੰਦਾ ਸੀ। ਜਿਵੇਂ ਰਾਣਾ ਸਾਹਿਬ ਕਹਿ ਰਹੇ ਸੀ ਕਿ ਪਾਣੀ ਕਿਵੇਂ ਵਧਿਆ ਹੈ। ਮੋਘੇ ਦਾ ਪਾਣੀ ਤਾਂ ਉਨਾ ਹੀ ਹੁੰਦਾ ਸੀ। ਜਦੋਂ ਮੁੱਢ ਵਾਲਿਆਂ ਦੇ ਖੇਤ ਵਿੱਚ ਪੈ ਜਾਂਦਾ ਸੀ, ਨਾਲੇ ਤਾਂ ਉਨ੍ਹਾਂ ਦੀ ਫਸਲ ਮਾਰੀ ਜਾਂਦੀ ਸੀ, ਜੇ ਕਣਕ ਦੀ ਫਸਲ ਹੁੰਦੀ ਸੀ। ਨਾਲੇ ਹੀ ਪਾਣੀ ਅਗਾਂਹ ਨਹੀਂ ਪਹੁੰਚਦਾ ਸੀ। ਅੱਜ ਉਹ ਪੱਕੇ ਖਾਲੇ ਹੋਣ ਨਾਲ ਟੇਲ ਦੇ ਉੱਤੇ ਪਾਣੀ ਪਹੁੰਚਿਆ ਹੈ ਅਤੇ ਕਿਸਾਨਾਂ ਨੂੰ ਰਾਹਤ ਮਿਲੀ ਹੈ। ਉਸ ਟੇਲ ਵਾਲੇ ਕਿਸਾਨ ਨੂੰ ਵੀ ਪੁੱਛਣ ਵਾਲੀ ਗੱਲ ਹੈ ਕਿ ਉਹ ਕਿੰਨਾ ਖੁਸ਼ ਹੈ ਔਰ ਜਿਹੜਾ ਸ਼ੁਰੂ ਦੇ ਵਿੱਚ ਬੈਠਾ ਹੈ, ਉਸ ਨੂੰ ਠੀਕ ਹੈ ਕਿ ਇੱਕ ਅੱਧੇ ਸੀਜ਼ਨ ਵਿੱਚ, ਜਿਵੇਂ ਕਿ ਝੋਨੇ ਦੀ ਲਵਾਈ ਵਿੱਚ ਉਸ ਨੂੰ ਕੱਚੇ ਖਾਲੇ ਦਾ ਫਾਇਦਾ ਹੁੰਦਾ ਸੀ ਤੇ ਬਾਅਦ ਵਿੱਚ ਜਦੋਂ ਕਣਕ ਦੀ ਫ਼ਸਲ ਆਉਂਦੀ ਸੀ ਤਾਂ ਚੂਹੇ ਦੀਆਂ ਖੁੱਡਾਂ ਪੈ ਜਾਂਦੀਆਂ ਸੀ। ਜਿਹੜੇ ਇਨਸਾਨਾਂ ਨੇ ਖੇਤੀ ਕੀਤੀ ਹੈ, ਉਨ੍ਹਾਂ ਨੂੰ ਪਤਾ ਹੈ ਕਿ ਜਦੋਂ ਖੁੱਡ ਨੂੰ ਮਾਰਦੇ ਸੀ ਤਾਂ ਇੱਕ ਪਾਸੇ ਖਾਲ਼ੇ ਦੇ ਜਾ ਕੇ ਮਾਰਦੇ ਸੀ ਤਾਂ ਦੂਜੇ ਪਾਸੇ ਪਾਸੇ ਪਤਾ ਨਹੀਂ ਲਗਦਾ ਸੀ, ਉਹ ਖੁੱਡ ਅੱਧਾ ਕਿੱਲਾ ਦੂਰ ਜਾ ਕੇ ਨਿਕਲਦੀ ਸੀ, ਇਹ ਪਤਾ ਨਹੀਂ ਲਗਦਾ ਸੀ ਕਿ ਇਹ ਕਿੱਥੋਂ ਪੈ ਰਹੀ ਹੈ। ਉਨ੍ਹਾਂ ਖੁੱਡਾਂ ਨੂੰ ਰਾਤ ਨੂੰ ਜਾ ਕੇ, ਪੈਰਾਂ ਨਾਲ ਲਤੜ ਲਤੜ ਕੇ ਕਿਸਾਨ ਤੇ ਕਿਸਾਨਾਂ ਨਾਲ ਕੰਮ ਕਰਨ ਵਾਲੇ ਕਰਿੰਦੇ/ਖੇਤ ਮਜ਼ਦੂਰ, ਜਿਹੜੀ ਸਾਡੀ ਲੇਬਰ ਹੈ, ਸਾਡਾ ਭਾਈਚਾਰਾ ਹੈ, ਜਿਹੜੇ ਸਾਡੀ ਖੇਤੀ ਨੂੰ ਸੰਭਾਲਦੇ ਹਨ, ਉਨ੍ਹਾਂ ਨੂੰ ਪੁੱਛ ਕੇ ਵੇਖੋ, ਕਿ ਉਨ੍ਹਾਂ ਦੀਆਂ ਰਾਤਾਂ ਹੁਣ ਕਿੰਨੀਆਂ ਸੌਖੀਆਂ ਹੋਈਆਂ ਹਨ। ਜਦੋਂ ਮੁੱਢ ਤੋਂ ਪਾਣੀ ਛੱਡ ਕੇ ਟੇਲ ਤੇ ਜਾ ਕੇ ਬਹਿ ਜਾਂਦੇ ਹਨ ਕਿ ਸਾਡਾ ਪਾਣੀ ਪੂਰਾ ਆ ਗਿਆ ਹੈ, ਇਹ ਸਭ ਤੋਂ ਵੱਡਾ ਫਾਇਦਾ ਹੋਇਆ ਹੈ। ਹੁਣ ਪਾਣੀ ਵਧਿਆ ਭਾਵੇਂ ਉਨਾ ਹੀ ਹੈ ਪਰ ਮੈਂ ਜਲ ਸਰੋਤ ਮੰਤਰੀ ਸ੍ਰੀ ਗੋਇਲ ਸਾਹਿਬ ਦਾ ਵੀ ਧੰਨਵਾਦ ਕਰਨਾ ਚਾਹਾਂਗਾ। ਹੁਣ ਪਾਣੀ ਵਧਿਆ ਹੈ, ਜਿਸ ਟੇਲ ਦੇ ਉੱਤੇ ਅੱਧੇ ਕਿੱਲੇ ਨੂੰ ਪਾਣੀ ਲੱਗਦਾ ਸੀ,ਅੱਜ ਉੱਥੇ ਦੋ ਕਿੱਲ੍ਹਿਆਂ ਨੂੰ ਪਾਣੀ ਲੱਗ ਰਿਹਾ ਹੈ। ਇਹ ਉਸ ਕਰਕੇ ਹੀ ਵਧਿਆ ਹੈ, ਉਸਨੇ ਉਨਾ ਹੀ ਰਕਬਾ ਕਵਰ ਕੀਤਾ ਹੈ। ਮੈਂ ਦੁਬਾਰਾ ਤੋਂ ਸਾਰੇ ਹੀ ਆਮ ਆਦਮੀ ਪਾਰਟੀ ਦੀ ਸਰਕਾਰ ਦਾ, ਸਾਡੇ ਮੁੱਖ ਮੰਤਰੀ ਸਾਹਿਬ ਦਾ ਅਤੇ ਸਾਡੇ ਸੁਪਰੀਮੋ ਸ੍ਰੀ ਅਰਵਿੰਦਰ ਕੇਜਰੀਵਾਲ ਸਾਹਿਬ ਦਾ ਅਤੇ ਸਾਡੇ ਮੰਤਰੀ ਸ੍ਰੀ ਗੋਇਲ ਸਾਹਿਬ ਦਾ ਇਸ ਵੱਡੇ ਉਪਰਾਲੇ ਲਈ ਧੰਨਵਾਦ ਕਰਦਾ ਹਾਂ। ਬਹੁਤ ਸਾਰੀਆਂ ਕੱਸੀਆਂ ਹਨ, ਮੈਂ ਨਾਲ ਹੀ ਇੱਕ ਬੇਨਤੀ ਵੀ ਕਰਦਾ ਹਾਂ ਕਿ ਮੰਤਰੀ ਸਾਹਿਬ ਸਾਡੇ ਸ਼ਹਿਰ ਸ੍ਰੀ ਮੁਕਤਸਰ ਵਿੱਚੋਂ ਦੋ ਕੁ ਕੱਸੀਆਂ ਲੰਘਦੀਆਂ ਹਨ, ਉਨ੍ਹਾਂ ਵਿੱਚ ਸਾਡੇ ਦੋ ਪਿੰਡ ਆਉਂਦੇ ਹਨ, ਇੱਕ ਹੈ ਰੂੜਿਆਂਵਾਲੀ ਤੇ ਗੋਨੇਆਣਾ, ਸ਼ਹਿਰ ਦੀਆਂ ਕੱਸੀਆਂ ਖਰਾਬ ਹੋਣ ਕਰਕੇ ਇਨ੍ਹਾਂ ਪਿੰਡਾਂ ਦਾ ਪਾਣੀ ਬਹੁਤ ਖਰਾਬ ਹੋ ਰਿਹਾ ਹੈ, ਤੁਸੀਂ ਕਿਸੇ ਦਿਨ ਉੱਥੇ ਆ ਜਾਵੋ। ਉੱਥੇ ਵਿਜ਼ਿਟ ਕਰ ਲਵੋ ਅਤੇ ਮੈਂ ਤੁਹਾਨੂੰ ਦਿਖਾ ਦੇਵਾਂਗਾ, ਉਨ੍ਹਾਂ ਸਬੰਧੀ ਵੀ ਸਾਡੇ ਤੇ ਕਿਰਪਾ ਕਰ ਦਿਓ ਜੀ।

**ਸ੍ਰੀ ਨਰਿੰਦਰ ਪਾਲ ਸਿੰਘ ਸਵਨਾ (ਫਾਜ਼ਿਲਕਾ):** ਧੰਨਵਾਦ ਸਪੀਕਰ ਸਾਹਿਬ, ਜੋ ਸਾਡੇ ਸਾਥੀ ਵਿਧਾਇਕ ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ ਜੀ ਨਹਿਰੀ ਪਾਣੀ ਤੇ ਧੰਨਵਾਦ ਪ੍ਰਸਤਾਵ ਲੈ ਕੇ ਆਏ ਹਨ। ਮੈਂ ਇਸ ਪ੍ਰਸਤਾਵ ਦਾ ਸਮਰਥਨ ਕਰਦਾ ਹਾਂ ਔਰ ਮੈਂ ਧੰਨਵਾਦ ਕਰਨਾ ਚਾਹਾਂਗਾ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ, ਜਿਨ੍ਹਾਂ ਨੇ ਸਾਡੇ ਬਾਰਡਰ ਇਲਾਕੇ ਦੇ, ਫਾਜ਼ਿਲਕਾ ਦੇ ਟੇਲਾਂ ਦੇ ਉੱਤੇ ਜੋ ਪਾਣੀ ਪਹੁੰਚਾਇਆ ਹੈ। ਜੇ ਪਿਛਲੀ ਸਰਕਾਰ ਦੀ ਗੱਲ ਕਰ ਲਈਏ, ਸਾਡੇ ਉਥੋਂ ਵੱਡੇ ਵੱਡੇ ਮੰਤਰੀ ਰਹੇ ਹਨ ਅਤੇ ਨਾਲ ਹੀ ਸਾਡਾ ਹਲਕਾ ਅਬੋਹਰ ਜੋ ਹੈ, ਕਾਂਗਰਸ ਸਰਕਾਰ ਵੇਲੇ ਉਥੋਂ ਉਨ੍ਹਾਂ ਦੇ ਪ੍ਰਧਾਨ ਵੀ ਰਹੇ ਹਨ, ਨਾਲ ਹੀ ਸਾਡਾ ਜਲਾਲਾਬਾਦ ਏਰੀਆ ਹੈ, ਅਕਾਲੀ

ਦਲ ਦੀ ਸਰਕਾਰ ਵੇਲੇ ਉਥੋਂ ਉੱਪ ਮੁੱਖ ਮੰਤਰੀ ਵੀ ਰਹੇ ਹਨ ਪ੍ਰੰਤੂ ਸਾਡੀ ਸਰਕਾਰ ਤੋਂ ਪਹਿਲਾਂ ਅੱਜ ਸਾਡੇ ਉੱਥੇ ਟੇਲਾਂ ਤੇ ਪਾਣੀ ਪੂਰਾ ਨਹੀਂ ਹੋ ਸਕਿਆ ਸੀ। ਰਾਣਾ ਜੀ ਕਹਿ ਰਹੇ ਸੀ ਕਿ ਪਾਣੀ ਜਾਂਦਾ ਕਿੱਥੇ ਸੀ? ਮੈਂ ਇਨ੍ਹਾਂ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਆਈ, ਉਸ ਸਮੇਂ ਦੇ ਸਾਡੇ ਜਲ ਸਰੋਤ ਮੰਤਰੀ ਸ੍ਰੀ ਜਿੰਪਾ ਜੀ, ਅਸੀਂ ਫਿਰੋਜ਼ਪੁਰ ਤੋਂ ਲੱਗੇ, ਅਸੀਂ ਨਹਿਰਾਂ ਚੈੱਕ ਕੀਤੀਆਂ, ਅਖੀਰ ਵਿੱਚ ਜਲਾਲਾਬਾਦ, ਫਾਜ਼ਿਲਕਾ ਤੱਕ ਜਦੋਂ ਗਏ, ਇਨ੍ਹਾਂ ਦੇ ਸਾਬਕਾ ਮੰਤਰੀ ਜਿਹੜੇ ਕਾਂਗਰਸ ਵਿੱਚ ਹੁੰਦੇ ਸੀ, ਉਨ੍ਹਾਂ ਦੇ ਖੇਤਾਂ ਤੱਕ, ਨਹਿਰ ਤੱਕ ਪਹੁੰਚੇ ਤਾਂ ਵੱਡੀ ਹੈਰਾਨੀ ਦੀ ਗੱਲ ਸੀ ਕਿ ਅਸੀਂ ਦੇਖਿਆ ਕਿ ਨਹਿਰਾਂ ਦੇ ਥੱਲੋਂ ਜਿਹੜਾ ਬੈੱਡ ਸੀ, ਉਸ ਬੈੱਡ ਦੇ ਥੱਲੋਂ ਪਾਣੀ ਚੋਰੀ ਕਰਨ ਵਾਸਤੇ ਪਾਈਪਾਂ ਪਾਈਆਂ ਹੋਈਆਂ ਸੀ। ਅਸੀਂ ਉਹ ਪਾਈਪਾਂ ਫੜੀਆਂ ਤੇ ਉਨ੍ਹਾਂ ਖਿਲਾਫ ਪਰਚੇ ਦਰਜ ਕੀਤੇ, ਸਰਕਾਰ ਬਣਨ ਦੇ ਸਾਰ। ਜਿਹੜੇ ਰਲ਼ ਮਿਲ ਕੇ ਪਹਿਲਾਂ ਖੇਡਾਂ ਖੇਡਦੇ ਸੀ, ਜਦੋਂ ਅਕਾਲੀ ਆ ਜਾਂਦੇ ਸੀ ਤਾਂ ਉਹ ਉਨ੍ਹਾਂ ਨੂੰ ਕੁੱਝ ਨਹੀਂ ਕਹਿੰਦੇ ਸੀ ਤੇ ਜਦੋਂ ਕਾਂਗਰਸ ਆ ਜਾਂਦੀ ਸੀ ਤਾਂ ਉਹ ਇਨ੍ਹਾਂ ਨੂੰ ਕੁੱਝ ਨਹੀਂ ਕਹਿੰਦੇ ਸੀ। ਬੜੇ ਵੱਡੇ ਪੱਧਰ ਤੇ ਉਦੋਂ ਪਾਣੀ ਚੋਰੀ ਹੁੰਦਾ ਸੀ। ਅਬੋਹਰ ਇਲਾਕੇ ਦੇ ਵੱਲੋਂ ਜਿਹੜੀਆਂ ਨਹਿਰਾਂ ਸਾਡੇ ਹਲਕੇ ਫਾਜ਼ਿਲਕਾ ਵੱਲ ਆਉਂਦੀਆਂ ਸੀ, ਉਨ੍ਹਾਂ ਵਿੱਚ ਵੀ ਵੱਡੇ ਵੱਡੇ ਮੋਘੇ ਤੋੜ ਕੇ ਕੀਤੇ ਗਏ ਸੀ, ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਤਾਂ ਸਾਰੇ ਮੋਘਿਆਂ ਨੂੰ ਸਹੀ ਕੀਤਾ ਗਿਆ ਹੈ। ਮੈਂ ਆਪਣੇ ਹਲਕੇ ਫਾਜ਼ਿਲਕਾ ਦੀ ਗੱਲ ਕਰ ਲਵਾਂ ਕਿ ਤਕਰੀਬਨ 42 ਕਰੋੜ ਦੇ ਨਾਲ ਮੇਰੀਆਂ 7 ਮਾਈਨਰਾਂ ਅੱਜ ਨਵੀਆਂ ਬਣੀਆਂ ਹਨ, ਉੱਥੇ ਕੰਕਰੀਟ ਲਾਈਨਿੰਗ ਹੈ। ਸੋਅ ਵਾਲੀ ਮਾਈਨਰ, ਪਾਂਡੀ ਵਾਲਾ ਮਾਈਨਰ, ਨਿਊ ਲੱਖਕੇ ਮਾਈਨਰ, ਜੰਡ ਵਾਲਾ ਲਿੰਕ ਚੈਨਲ , ਕਬੂਲ ਸ਼ਾਹ ਖੁੱਬਣ ਮਾਈਨਰ, ਸਟੇਟ ਮਾਈਨਰ, ਮੁਰਾਦਵਾਲਾ ਮਾਈਨਰ ਅਤੇ ਇਸ ਤੋਂ ਇਲਾਵਾ ਜਿਹੜੀ ਸਾਡੇ ਇੱਕ ਆਜਮਵਾਲਾ ਮਾਈਨਰ ਸਾਢੇ 9 ਕਰੋੜ ਰੁਪਏ ਨਾਲ ਨਵੀਂ ਬਣੀ ਹੈ। ਸਾਡੇ ਉਂਥੋਂ ਦੇ ਕਾਂਗਰਸ ਦੇ ਸਾਬਕਾ ਐਮ.ਐਲ.ਏ. ਜੋ ਹਨ, ਉਨ੍ਹਾਂ ਦਾ ਪਿੰਡ ਬਾਰੇਕਾ ਜੋ ਹੈ, ਪਹਿਲਾਂ ਉੱਥੇ ਤੱਕ ਪਾਣੀ ਨਹੀਂ ਪਹੁੰਚਦਾ ਸੀ, ਉਨ੍ਹਾਂ ਦੇ ਸਰਕਾਰ ਵੇਲੇ ਵੀ ਉਹ ਆਪਣੇ ਪਿੰਡ ਤੱਕ ਪਾਣੀ ਨਹੀਂ ਪਹੁੰਚਾ ਸਕੇ ਸੀ। ਅੱਜ ਉਂਨ੍ਹਾਂ ਦੇ ਪਿੰਡ ਤੱਕ ਨਵੀਂ ਨਹਿਰ ਬਣਾ ਕੇ, ਉਨ੍ਹਾਂ ਦੇ ਪਿੰਡ ਵਿੱਚ ਅੱਜ ਤਿੰਨ ਕਰੋੜ ਰੁਪਏ ਦੀ ਲਾਗਤ ਨਾਲ ਖਾਲੇ ਬਣਾਏ ਜਾ ਰਹੇ ਹਨ। ਉਨ੍ਹਾਂ ਦੇ ਆਪਦੇ ਵੀ ਬਣ ਰਹੇ ਹਨ। ਇਹ ਸਾਰੇ ਪਿੰਡ ਜੋ ਰੂਪ ਨਗਰ, ਜੰਡ ਵਾਲਾ, ਮੀਰਾ ਸਾਂਗਲਾ, ਇਨ੍ਹਾਂ ਸਾਰੇ ਪਿੰਡਾਂ ਵਿੱਚ ਸਾਰੀਆਂ ਨਹਿਰਾਂ ਨਵੀਆਂ ਬਣ ਚੁੱਕੀਆਂ ਹਨ। ਇਸ ਤੋਂ ਇਲਾਵਾ ਮੇਰੇ ਹਲਕਾ ਫਾਜ਼ਿਲਕਾ ਵਿੱਚ 50 ਕਰੋੜ ਰੁਪਏ ਦੀ ਲਾਗਤ ਨਾਲ ਪਿਛਲੇ ਸਾਢੇ 4 ਸਾਲਾਂ ਵਿੱਚ ਨਵੇਂ ਖਾਲੇ ਤੇ ਪਾਈਪ ਲਾਈਨਾਂ ਪਾਈਆਂ ਜਾ ਚੁੱਕੀਆਂ ਹਨ ਜਿਨ੍ਹਾਂ ਕਾਰਨ ਸਾਡੇ ਕਿਸਾਨਾਂ ਦਾ ਬਹੁਤ ਵੱਡਾ ਫਾਇਦਾ ਹੋਇਆ ਹੈ।

**1805/harpreet singh**

ਸਾਡੇ ਕਿਸਾਨ ਤਾਂ ਖਾਲੇ ਹੀ ਭੁੱਲ ਗਏ ਸੀ, ਅੱਜ ਉਹ ਖਾਲੇ ਨਵੇਂ ਬਣ ਰਹੇ ਹਨ। ਵੱਡੀ ਗੱਲ ਇਹ ਹੈ ਕਿ ਸਾਡਾ ਫਾਜ਼ਿਲਕਾ ਇਲਾਕਾ, ਜਿਹੜਾ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੈ। ਇਸ ਦਾ ਕਾਰਨ ਜਿਹੜਾ ਹਰੀਕੇ ਤੋਂ ਸਾਡੇ ਫਾਜ਼ਿਲਕਾ ਤੱਕ ਪਾਣੀ ਪਾਕਿਸਤਾਨ ਦੇ ਕਸੂਰ ਤੋਂ ਹੋ ਕੇ ਆਉਂਦਾ ਸੀ। ਮੈਂ ਸਾਡੇ ਮਾਣਯੋਗ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੇ ਸਾਡੇ ਇਲਾਕੇ ਨੂੰ ਬਚਾਉਣ ਲਈ 647 ਕਰੋੜ ਦੀ ਲਾਗਤ ਨਾਲ ਫਿਰੋਜ਼ਪੁਰ ਫੀਡਰ ਨੂੰ ਚੌੜਾ ਕਰਨ ਦਾ ਪ੍ਰਾਜੈਕਟ ਬਣਾਇਆ ਹੈ। ਤਕਰੀਬਨ 15 ਕਿਲੋਮੀਟਰ ਨਹਿਰ ਦਾ ਕੰਮ ਪੂਰਾ ਹੋ ਚੁੱਕਿਆ ਹੈ। ਆਉਣ ਵਾਲੇ ਸਮੇਂ ਵਿਚ ਇਹ ਪਾਣੀ ਬਾਲੇਵਾਲ ਹੈੱਡ ਤੱਕ ਸਿੱਧਾ ਫਿਰੋਜ਼ਪੁਰ ਫੀਡਰ ਰਾਹੀਂ ਪਹੁੰਚੇਗਾ ਜਿਹੜਾ ਪਹਿਲਾਂ ਪਾਕਿਸਤਾਨ ਦੇ ਕਸੂਰ ਤੋਂ ਆਉਂਦਾ ਸੀ। ਸੋ, ਮੈਂ ਸਮਝਦਾ ਹਾਂ ਕਿ ਸਾਡਾ ਇਲਾਕਾ

ਭਿਆਨਕ ਬਿਮਾਰੀਆਂ ਤੋਂ ਬਚੇਗਾ। ਪਾਕਿਸਤਾਨ ਦੇ ਕਸੂਰ ਵਿਚ ਚਮੜੇ ਦੀਆਂ ਫੈਕਟਰੀਆਂ ਹਨ, ਕੈਮੀਕਲ ਵਾਲਾ ਪਾਣੀ ਮਿਕਸ ਹੋ ਕੇ ਆਉਂਦਾ ਸੀ। ਸੋ, ਸਾਡੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਸਾਡਾ ਇਲਾਕਾ ਬਚਾਇਆ ਹੈ। ਸੋ, ਮੈਂ ਆਮ ਆਦਮੀ ਪਾਰਟੀ ਦੀ ਸਰਕਾਰ ਦਾ, ਸਾਡੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਜੀ ਦਾ ਧੰਨਵਾਦ ਕਰਦਾ ਹਾਂ ਕਿਉਂਕਿ ਮੈਨੂੰ ਯਾਦ ਹੈ ਕਿ ਚੋਣਾਂ ਵੇਲੇ ਉਹ ਸਾਡੇ ਪਿੰਡ ਤੇਜਾ ਰੈਲਾ ਵਿਖੇ ਜਾ ਕੇ ਆਏ ਸੀ। ਉੱਥੇ ਸਾਡੇ ਬੱਚੇ ਕੈਂਸਰ ਨਾਲ ਪੀੜਤ ਸਨ। ਉਹ ਸਾਰਾ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਸੀ। ਇਸੇ ਤਰ੍ਹਾਂ ਜਦੋਂ ਮੁੱਖ ਮੰਤਰੀ ਜੀ ਅਕਾਲੀ ਦਲ ਦੀ ਸਰਕਾਰ ਵੇਲੇ ਉਨ੍ਹਾਂ ਪਿੰਡਾਂ ਵਿਚ ਜਾਂਦੇ ਸਨ ਤਾਂ ਉਸ ਸਮੇਂ ਉੱਪ ਮੁੱਖ ਮੰਤਰੀ ਵੀ ਉਸੇ ਇਲਾਕੇ ਤੋਂ ਹੁੰਦਾ ਸੀ ਪਰ ਉਨ੍ਹਾਂ ਨੇ ਸਾਡੇ ਇਲਾਕੇ ਨੂੰ ਨਹੀਂ ਸੰਭਾਲਿਆ। ਸੋ, ਮੈਂ ਸਾਡੇ ਫਾਜ਼ਿਲਕਾ ਬਾਰਡਰ ਪੱਟੀ ਦੇ ਇਲਾਕੇ ਦੇ ਸਮੂਹ ਲੋਕਾਂ ਵੱਲੋਂ ਮਾਣਯੋਗ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਅਤੇ ਸਾਡੇ ਸਾਥੀ ਲਾਡੀ ਢੋਸ ਜੀ, ਜੋ ਇਹ ਮਤਾ ਲੈ ਕੇ ਆਏ ਹਨ, ਮੈਂ ਇਸ ਦਾ ਸਮਰਥਨ ਕਰਦਾ ਹਾਂ। ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ** : ਵੈਸੇ ਇਕ ਗੱਲ ਤਾਂ ਹੈ ਕਿ ਪਹਿਲਾਂ ਪਾਣੀ ਵਿਅਰਥ ਹੀ ਦੂਜੀਆਂ ਸਟੇਟਾਂ ਵਿਚ ਚਲਾ ਜਾਂਦਾ ਸੀ ਅਤੇ ਆਪਣੀਆਂ ਨਹਿਰਾਂ ਅਤੇ ਖਾਲਿਆਂ ਵਿਚ 25 ਸਾਲ ਖੂਨ ਵਗਿਆ। ਪਹਿਲਾਂ ਤਾਂ ਕੇਵਲ ਨਾਅਰੇ ਲੱਗੇ ਹਨ, ਕੰਮ ਤਾਂ ਇਹ ਸਿੱਕੇਬੰਦ ਹੋਇਆ ਹੈ, ਜਿਹੜਾ ਪਾਣੀ ਸਾਂਭਿਆ ਗਿਆ ਹੈ। ਇਹ ਬਹੁਤ ਵੱਡੀ ਗੱਲ ਹੈ। (ਥੰਪਿੰਗ)

**ਸਰਦਾਰ ਮਨਜਿੰਦਰ ਸਿੰਘ ਲਾਲਪੁਰਾ (ਖਡੂਰ ਸਾਹਿਬ)**: ਸਪੀਕਰ ਸਾਹਿਬ, ਬਹੁਤ ਧੰਨਵਾਦ। ਮਾਨ ਸਾਹਿਬ ਨੇ ਬਹੁਤ ਚੰਗਾ ਤੇ ਵੱਡਾ ਉਪਰਾਲਾ ਕੀਤਾ ਹੈ। ਸਭ ਤੋਂ ਵੱਡੀ ਗੱਲ ਉਹ ਵਾਅਦਾ ਜਿਹੜਾ ਅਸੀਂ ਕਿਸੇ ਨਾਲ ਕੀਤਾ ਹੀ ਨਹੀਂ ਸੀ, ਉਹ ਕੰਮ ਜਿਸਦੀ ਅਸੀਂ ਗਰੰਟੀ ਵੀ ਨਹੀਂ ਦਿੱਤੀ ਸੀ, ਉਹ ਕਰ ਵਿਖਾਇਆ। ਸਪੀਕਰ ਸਾਹਿਬ, ਇਹ ਬਹੁਤ ਹੀ ਗੰਭੀਰ ਵਿਸ਼ਾ ਸੀ ਕਿ ਅਸੀਂ ਮੋਟਰਾਂ ਰਾਹੀਂ ਆਪਣਾ ਪਾਣੀ ਹੇਠੋਂ ਕੱਢਦੇ ਜਾ ਰਹੇ ਸੀ, ਜਿਸ ਨਾਲ ਦਿਨ ਬ ਦਿਨ ਸਾਡਾ ਧਰਤੀ ਹੇਠਲਾ ਪਾਣੀ ਹੋਰ ਹੇਠਾਂ ਜਾ ਰਿਹਾ ਸੀ। ਠੀਕ ਹੈ ਕਿ ਜਾਗਰੂਕਤਾ ਨਾ ਹੋਣ ਕਾਰਨ ਅਸੀਂ ਵੀ ਬਟਨ ਦੱਬ ਦਿੰਦੇ ਸੀ। ਇਸ ਨਾਲ ਕਿਤੇ ਨਾ ਕਿਤੇ ਧਿਆਨ ਦੇਣ ਦੀ ਜ਼ਰੂਰਤ ਸੀ। ਪਹਿਲਾਂ ਆਪਣੇ ਘਰਾਂ ਵਿਚ ਨਲਕੇ ਹੁੰਦੇ ਸਨ ਕਿਉਂਕਿ ਪਹਿਲਾਂ ਪਾਣੀ ਉਪਰ ਹੁੰਦਾ ਸੀ। ਹੁਣ ਨਲਕੇ ਗਾਇਬ ਹੋ ਗਏ ਕਿਉਂਕਿ ਪਾਣੀ ਦਾ ਪੱਧਰ ਹੇਠਾਂ ਜਾ ਚੁੱਕਾ ਸੀ। ਆਉਣ ਵਾਲੇ ਸਮੇਂ ਵਿਚ ਸਾਡੀਆਂ ਪੀੜ੍ਹੀਆਂ ਲਈ ਰਾਜਸਥਾਨ ਵਾਲਾ ਹਾਲ ਹੋਣਾ ਸੀ। ਮਾਨ ਸਾਹਿਬ ਨੇ ਇਸ ਨੂੰ ਵੇਖਿਆ ਕਿ ਜੇਕਰ ਸਾਡੇ ਸੂਏ, ਸਾਡੇ ਖਾਲੇ ਪੱਕੇ ਹੋਣਗੇ ਤੇ ਅਸੀਂ ਖੇਤੀ ਨਹਿਰੀ ਪਾਣੀ ਨਾਲ ਕਰੀਏ ਤਾਂ ਹੀ ਸਾਡਾ ਧਰਤੀ ਹੇਠਲਾ ਪਾਣੀ ਬਚੇਗਾ। ਉਹੀ ਗੱਲ ਹੋਈ ਕਿ ਸਾਡੀ ਸਰਕਾਰ ਦੇ ਸਮੇਂ ਇਹ ਪਾਣੀ ਦਾ ਪੱਧਰ ਉਪਰ ਆਇਆ ਹੈ। ਜਿਹੜਾ ਕਦੇ 4 ਫੁੱਟ ਅਤੇ ਕਦੇ 6 ਫੁੱਟ ਪਾਈਪ ਦਾ ਟੋਟਾ ਆਪਣੀ ਸਮਰੱਥਾ ਅਨੁਸਾਰ ਪਾਉਣਾ ਪੈਂਦਾ ਸੀ ਪਰ ਇਸ ਵਾਰ ਕਿਸੇ ਨੂੰ ਵੀ ਉਹ ਟੋਟਾ ਨਹੀਂ ਪਾਉਣਾ ਪਿਆ। ਮਾਨ ਸਾਹਿਬ ਨੇ ਕੁਦਰਤੀ ਚੀਜ਼ ਜਿਹੜੀ ਸਾਡੇ ਲਈ ਬਹੁਤ ਜ਼ਰੂਰੀ ਹੈ। ਪਾਣੀ ਤੇ ਹਵਾ ਸਾਡੇ ਲਈ ਸਭ ਤੋਂ ਜ਼ਰੂਰੀ ਹੈ। ਉਸ ਪਾਣੀ ਨੂੰ ਸੰਭਾਲਣ ਲਈ ਮਾਨ ਸਾਹਿਬ ਨੇ ਬਹੁਤ ਵੱਡਾ ਉਪਰਾਲਾ ਕੀਤਾ ਹੈ। ਗੋਇਲ ਸਾਹਿਬ, ਮੈਂ ਤੁਹਾਨੂੰ ਵਧਾਈ ਵੀ ਦਿੰਦਾ ਹਾਂ ਕਿ ਤੁਸੀਂ ਸਾਡੇ ਇਲਾਕੇ ਵਿਚ ਸੂਆ ਲੱਭਿਆ, ਸਾਡੇ ਇਲਾਕੇ ਵਿਚ ਮਾਈਨਰ ਨੂੰ ਲੱਭਿਆ। ਉਸ ਵੇਲੇ ਵਿਰੋਧੀਆਂ ਨੇ ਬੜਾ ਟਰੋਲ ਕੀਤਾ।

**1805/harpreet singh/Shubham jain**

**1810/amandeep kaur**

ਕਹਿੰਦੇ ਇਹ ਤਾਂ ਪਹਿਲਾਂ ਹੀ ਇੱਥੇ ਸੀ। ਗੱਲ ਹੋਣ ਦੀ ਨਹੀਂ ਹੈ। ਗੱਲ ਨੀਯਤ ਦੀ ਹੈ। ਤੁਸੀਂ ਇਨ੍ਹਾਂ ਚੀਜ਼ਾਂ ਵੱਲ ਧਿਆਨ ਨਹੀਂ ਦਿੱਤਾ। ਵਿਰੋਧੀ ਪਾਰਟੀ ਵਾਲਿਆਂ ਨੇ ਇਸ ਚੀਜ਼ ਵੱਲ ਧਿਆਨ ਨਹੀਂ ਦਿੱਤਾ। ਥੱਲੇ ਦੀ ਥੱਲੇ ਪਾਈਪਾਂ ਦੱਬੀਆਂ ਗਈਆਂ। ਇਹ ਦੁਬਾਰਾ ਲੱਭੀਆਂ ਗਈਆਂ, ਦੁਬਾਰਾ ਪਾਣੀ ਚੱਲਿਆ, ਅੱਜ ਹਜ਼ਾਰਾਂ ਏਕੜ ਫਸਲ ਨੂੰ ਪਾਣੀ ਜਾਂਦਾ ਹੈ। ਇਸ ਦੇ ਲਈ ਮੈਂ ਆਪਣੀ ਮਾਣ ਸਰਕਾਰ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ। ਅੱਜ ਪਾਣੀ ਨੂੰ ਸਾਂਭਣ ਦੀ ਲੋੜ ਹੈ। ਮੈਂ ਸਪੀਕਰ ਸਾਹਿਬ ਦੱਸਣਾ ਚਾਹੁੰਦਾ ਹਾਂ ਕਿ ਜਿਸ ਵੀ ਪਿੰਡ ਜਾਂ ਨਗਰ ਦੇ ਵਿੱਚ ਅਸੀਂ ਮੀਟਿੰਗਾਂ ਕਰਨ ਜਾਂਦੇ ਹਾਂ ਤੇ ਉੱਥੇ ਕਿਸਾਨ ਖੁਦ ਖੜੇ ਹੋ ਕੇ ਇਹ ਗੱਲ ਕਰਦੇ ਹਨ ਕਿ ਤੁਹਾਡਾ ਮਾਨ ਸਾਹਿਬ ਦਾ ਅਸੀਂ ਇਸ ਗੱਲੋਂ ਧੰਨਵਾਦ ਕਰਦੇ ਹਾਂ ਕਿ ਤੁਸੀਂ ਸਾਨੂੰ ਕੁਦਰਤੀ ਪਾਣੀ ਦਿੱਤਾ ਹੈ। ਸੂਏ ਪੱਕੇ ਹੋ ਰਹੇ ਹਨ, ਖਾਲੇ ਪੱਕੇ ਹੋ ਰਹੇ ਹਨ। ਗੋਇਲ ਸਾਹਿਬ, ਤੁਸੀਂ ਕੰਮ ਹੀ ਇੰਨਾਂ ਜ਼ਿਆਦਾ ਕਰ ਰਹੇ ਹੋ ਕਿ ਸਾਡੇ ਕੋਲੋਂ ਵੀਡੀਓਜ਼ ਬਣਾ ਕੇ ਨਹੀਂ ਪਾਈਆਂ ਜਾ ਰਹੀਆਂ। ਕੰਮ ਬਹੁਤ ਹੀ ਜ਼ਿਆਦਾ ਚੱਲ ਰਿਹਾ ਹੈ। ਜਿੱਥੋਂ ਵੀ ਲੰਘਦੇ ਹਾਂ ਅਸੀਂ ਵੇਖਦੇ ਹਾਂ ਕਿ ਸੂਏ ਤੇ ਖਾਲੇ ਪੱਕੇ ਹੋ ਰਹੇ ਹਨ। ਵੀਡੀਓਜ਼ ਪਾਉਣ ਨੂੰ ਦਿਲ ਕਰਦਾ ਹੈ ਪਰ ਇੱਕ ਐਮ.ਐਲ.ਏ ਦਾ ਵੀ ਟਾਈਮ ਸ਼ੈਡਿਊਲ ਬਣਿਆ ਹੁੰਦਾ ਹੈ। ਪਰ ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਜਿੱਥੇ ਵੀ ਮਾਨ ਸਾਹਿਬ ਨੇ ਚੰਗੇ ਕੰਮ ਕੀਤੇ ਹਨ ਉਨ੍ਹਾਂ ਨੂੰ ਲੋਕਾਂ ਦੇ ਸਾਹਮਣੇ ਲਿਆਂਦਾ ਜਾਵੇ। ਬਾਕੀ ਅਸੀਂ ਤਾਂ ਕੀ ਕਹਿਣਾ ਹੈ, ਲੋਕ ਆਪ ਮੀਟਿੰਗਾਂ ਦੇ ਵਿੱਚ ਕਹਿੰਦੇ ਹਨ ਕਿ ਤੁਸੀਂ ਬਹੁਤ ਵੱਡਾ ਉਪਰਾਲਾ ਕੀਤਾ ਹੈ। ਸਾਡੇ ਬਿਜਲੀ ਮੰਤਰੀ ਸਾਹਿਬ ਨੇ ਵੀ ਸਾਨੂੰ ਲਗਾਤਾਰ ਪੂਰੀ ਬਿਜਲੀ ਦਿੱਤੀ ਹੈ। ਜਿੰਨੀ ਵੀ ਅਸੀਂ ਕੁਦਰਤੀ ਖੇਤੀ ਕਰਾਂਗੇ, ਫਸਲਾਂ ਵੀ ਫਿਰ ਭਾਰੀ ਹੁੰਦੀਆਂ ਹਨ। ਸਾਡਾ ਖੇਤੀ ਪ੍ਰਧਾਨ ਸੂਬਾ ਹੈ। ਆਪਾਂ ਵੇਖਦੇ ਰਹੇ ਹਾਂ ਕਿ ਜਿੰਨਾਂ ਦੇ ਖੇਤਾਂ ਦੇ ਵਿੱਚ ਸੂਏ ਦਾ ਅਤੇ ਨਹਿਰਾਂ ਦਾ ਪਾਣੀ ਆਉਂਦਾ ਹੁੰਦਾ ਸੀ ਉਸ ਫਸਲ ਦੀ ਕੁਆਲਿਟੀ ਵੱਖਰੀ ਹੁੰਦੀ ਸੀ ਅਤੇ ਝਾੜ ਵੱਡਾ ਹੁੰਦਾ ਸੀ, ਉਸ ਫਸਲ ਨੂੰ ਜ਼ਿਆਦਾ ਬਿਮਾਰੀਆਂ ਨਹੀਂ ਲੱਗਦੀਆਂ ਸਨ। ਨਹਿਰੀ ਪਾਣੀ ਨਾਲ ਫਸਲ ਬਿਮਾਰੀਆਂ ਤੋਂ ਮੁਕਤ ਰਹੇਗੀ। ਆਉਣ ਵਾਲੇ ਸਮੇਂ ਵਿੱਚ ਉਸ ਫਸਲ ਨੂੰ ਖਾਣ ਵਾਲੇ ਲੋਕ ਵੀ ਬਿਮਾਰੀਆਂ ਤੋਂ ਮੁਕਤ ਰਹਿਣਗੇ। ਅਖੀਰ ਦੇ ਵਿੱਚ ਮੈਂ ਤੁਹਾਡਾ ਫਿਰ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਜਿੰਨਾਂ ਨੇ ਇੰਨਾਂ ਵੱਡਾ ਉਪਰਾਲਾ ਕੀਤਾ ਹੈ ਅਤੇ ਇਹ ਵੀ ਸੋਚਿਆ ਕਿ ਸਾਡੀ ਧਰਤੀ ਦਾ ਪਾਣੀ ਦਿਨ-ਬ-ਦਿਨ ਥੱਲੇ ਜਾ ਰਿਹਾ ਹੈ ਤੇ ਸਾਡੇ ਕਿਸਾਨਾਂ ਨੂੰ ਕੁਦਰਤੀ ਪਾਣੀ ਦਿੱਤਾ ਜਾਵੇ ਤਾਂ ਜੋ ਉਸ ਦੇ ਨਾਲ ਚੰਗੀ ਖੇਤੀ ਹੋਵੇ। ਤੁਹਾਡਾ ਬਹੁਤ ਬਹੁਤ ਧੰਨਵਾਦ।

"ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ"

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ, ਐਸ.ਸੀ.):** ਮਾਣਯੋਗ ਸਪੀਕਰ ਸਾਹਿਬ, ਸਾਡਾ ਵੀਰ ਲਾਡੀ ਢੋਸ ਪਾਣੀਆਂ ਨੂੰ ਬਚਾਉਣ ਦੇ ਲਈ ਮਤਾ ਲੈ ਕੇ ਆਇਆ ਹੈ ਅਤੇ ਸਰਕਾਰ ਨੇ ਵਧੀਆ ਕੰਮ ਕੀਤਾ ਹੈ।

"ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭ ਕੋਇ।।"

ਗੁਰਬਾਣੀ ਸਾਨੂੰ ਫੁਰਮਾਨ ਵੀ ਕਰਦੀ ਹੈ ਅਤੇ ਪੈਰ ਪੈਰ ਤੇ ਸਮਝਾਉਂਦੀ ਵੀ ਹੈ। ਪਰ ਅੱਜ ਤੱਕ ਜਿੰਨੀਆਂ ਵੀ ਸਰਕਾਰਾਂ ਆਈਆਂ ਉਨ੍ਹਾਂ ਨੇ ਸਾਡੇ ਨੌਜਵਾਨਾਂ ਨੂੰ ਨਾਅਰਾ ਜ਼ਰੂਰ ਮਾਰਿਆ ਕਿ ਨੌਜਵਾਨੋਂ ਸ਼ਹੀਦੀਆਂ ਲਈ ਤਿਆਰ ਹੋ ਜਾਓ, ਪਾਣੀ ਦੀ ਬੂੰਦ ਨਹੀਂ ਜਾਣ ਦੇਣੀ ਪਰ ਸਾਡੀਆਂ ਨਹਿਰਾਂ ਰਾਜਸਥਾਨ ਨੂੰ ਭਰੀਆਂ ਜਾਂਦੀਆਂ ਸਨ, ਹਰਿਆਣਾ ਨੂੰ ਵੀ ਭਰੀਆਂ ਜਾਂਦੀਆਂ ਸਨ। ਸਾਨੂੰ ਬੜਾ ਦੁੱਖ ਤੇ ਅਫਸੋਸ ਹੁੰਦਾ ਸੀ ਕਿ 20% ਪਾਣੀ ਅਸੀਂ ਵਰਤਦੇ ਸੀ, ਬਾਕੀ ਦਾ

80% ਪਾਣੀ ਦੂਸਰੇ ਰਾਜਾਂ ਨੂੰ ਜਾਂਦਾ ਸੀ, ਦੂਸਰੀਆਂ ਸਟੇਟਾਂ ਨੂੰ ਜਾਂਦਾ ਸੀ। ਮਾਣਯੋਗ ਸਪੀਕਰ ਸਾਹਿਬ, ਮੇਰੇ ਹਲਕੇ ਦੇ ਵਿੱਚ ਸਭ ਤੋਂ ਵੱਧ ਨਹਿਰਾਂ ਹਨ। ਜਗ੍ਹਾ ਜਗ੍ਹਾ ਤੇ 8-10 ਨਹਿਰਾਂ ਮੇਰੇ ਹਲਕੇ ਦੇ ਵੱਖ ਵੱਖ ਇਲਾਕਿਆਂ ਨੂੰ ਪਾੜਦੀਆਂ ਹਨ।

**1810/amandeep kaur/Abhishek gautam**

**1815/Tarlochan Singh**

ਜੇ ਉਸ ਨਹਿਰ ਵਿੱਚੋਂ ਅਸੀਂ ਚੂਲੀ ਭਰ ਕੇ ਪਾਣੀ ਪੀਣ ਲਈ ਵੀ ਬੁੱਕ ਭਰ ਲੈਂਦੇ ਸੀ ਤਾਂ ਪਿਛਲੀਆਂ ਸਰਕਾਰਾਂ ਵੇਲੇ ਸਾਡੇ ਤੇ ਪਰਚੇ ਹੋ ਜਾਂਦੇ ਸਨ। ਸਾਡੇ ਲਈ ਨਹਿਰਾਂ ਦਾ ਪਾਣੀ ਸਿਰਫ ਦੇਖਣ ਲਈ ਹੀ ਸੀ, ਸਾਡੇ ਖੇਤਾਂ ਨੂੰ ਲਗਾਉਣ ਲਈ ਨਹੀਂ ਸੀ। ਸਾਡੇ ਇਲਾਕੇ ਦੇ ਕਿਸਾਨ ਸੋਚਦੇ ਸੀ ਕਿ ਕਦੋਂ ਉਹ ਮੌਕਾ ਆਵੇ ਕਿ ਇਹ ਨਹਿਰੀ ਪਾਣੀ ਸਾਡੇ ਖੇਤਾਂ ਨੂੰ ਲੱਗੇ, ਅਸੀਂ ਵੀ ਇਹ ਨਹਿਰੀ ਪਾਣੀ ਲਾਉਣ ਜੋਗੇ ਹੋਈਏ। ਮਾਣਯੋਗ ਸਪੀਕਰ ਸਾਹਿਬ, ਮੈਂ ਸਾਡੇ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਦਾ ਹਾਂ, ਉਨ੍ਹਾਂ ਦੇ ਬੱਚੇ ਜਿਉਣ, ਭਗਵੰਤ ਮਾਨ ਜੁਗ ਜੁਗ ਜੀਵੇ, ਜਿਸ ਨੇ ਸਾਡੇ ਇਲਾਕੇ ਨੂੰ ਸਿੱਧੇ ਨਹਿਰਾਂ ਵਿੱਚੋਂ ਮੋਘੇ ਲਗਾਏ ਹਨ। ਗੋਇਲ ਸਾਹਿਬ ਬੈਠੇ ਹਨ, ਨਿਜ਼ਾਮਪੁਰ ਵਿੱਚ ਸਿੱਧਾ ਮੋਘਾ ਲੱਗਾ ਹੈ, ਜੰਡਿਆਲੀ ਵਿੱਚ ਸਿੱਧਾ ਮੋਘਾ ਲੱਗਾ ਹੈ, ਝਮੱਟ ਵਿੱਚ ਸਿੱਧਾ ਮੋਘਾ ਲੱਗਾ ਹੈ। ਅੰਗਰੇਜ਼ਾਂ ਵੇਲੇ ਰਾਮਪੁਰ ਵਿੱਚ ਅਸੀਂ ਖੋਦ ਕੇ ਨਹਿਰ ਬਣਾਈ ਸੀ, ਉਥੇ ਸਿੱਧਾ ਮੋਘਾ ਲੱਗ ਨਹੀਂ ਸੀ ਸਕਦਾ। ਮਾਣਯੋਗ ਸਪੀਕਰ ਸਾਹਿਬ, ਸਾਡੇ ਗੋਇਲ ਸਾਹਿਬ ਨੇ ਉਥੇ ਲਿਫਟ ਲਗਾ ਕੇ ਨਹਿਰੀ ਪਾਣੀ ਪਹੁੰਚਾਇਆ ਹੈ। ਮਾਣਯੋਗ ਸਪੀਕਰ ਸਾਹਿਬ, ਮੇਰੇ ਹਲਕੇ ਵਿੱਚ ਤਿੰਨ ਨਵੇਂ ਸੂਏ, ਜਿਹੜੇ ਕਿ 40-50 ਸਾਲਾਂ ਤੋਂ ਗਾਇਬ ਹੋ ਚੁੱਕੇ ਸਨ, ਉਹ ਸੂਏ ਚਾਲੂ ਕਰਵਾਏ ਹਨ।

ਸਪੀਕਰ ਸਾਹਿਬ, ਇਹ ਗੱਲ ਕਹਿ ਕੇ ਮੈਂ ਰਜ਼ਾ ਲਵਾਂਗਾ। ਮੈਂ ਇੱਕ ਪਿੰਡ ਵਿੱਚ ਮਰਗ ਦੇ ਭੋਗ ਤੇ ਅਫ਼ਸੋਸ ਤੇ ਗਿਆ। ਮੈਂ ਉਥੇ ਬੈਠਾ ਸੀ ਤਾਂ ਇੱਕ ਬਜ਼ੁਰਗ ਬਾਹਰੋਂ ਤੁਰਿਆ ਅੰਦਰ ਆ ਰਿਹਾ ਸੀ। ਮੈਨੂੰ ਮੇਰੇ ਨਾਲ ਦਾ ਮੋਢਾ ਮਾਰ ਕੇ ਕਹਿੰਦਾ ਕਿ ਇਹ ਕੱਟੜ ਕਾਂਗਰਸੀ ਹੈ। ਉਹ ਜਦੋਂ ਆ ਕੇ ਬੈਠ ਗਿਆ, ਜਿਹੜੇ ਬਜ਼ੁਰਗ ਨੂੰ ਕੱਟੜ ਕਾਂਗਰਸੀ ਕਹਿੰਦਾ ਸੀ, ਉਹ ਬਜ਼ੁਰਗ ਮੈਨੂੰ ਕਹਿਣ ਲੱਗਾ ਕਿ ਪੁੱਤ, ਐਤਕੀਂ ਤੁਸੀਂ ਸਾਡਾ ਲੱਖ ਰੁਪਿਆ ਬਚਾਅ ਲਿਆ। ਮੈਂ ਸੋਚਿਆ ਕਿ ਸ਼ਾਇਦ ਬਜ਼ੁਰਗ ਟੌਂਟ ਮਾਰਦਾ ਹੈ, ਕਿਉਂਕਿ ਸਾਡੇ ਮਾਲਵੇ ਵਿੱਚ ਇਹੋ ਜਿਹੀਆਂ ਗੱਲਾਂ ਕਰਨੀਆਂ ਆਮ ਹਨ। ਮੈਂ ਦੋਵੇਂ ਹੱਥ ਜੋੜ ਕੇ ਕਿਹਾ ਕਿ ਬਾਪੂ ਜੀ ਕੀ ਗੱਲ ਹੋ ਗਈ ਹੈ? ਉਹ ਕਹਿੰਦਾ ਕਿ ਮੈਂ ਘੱਟੋ-ਘੱਟ 50 ਏਕੜ ਦੀ ਖੇਤੀ ਕਰਦਾ ਹਾਂ। ਅੱਗੇ ਅਸੀਂ ਹਰ ਸਾਲ 10 ਫੁੱਟ ਦੀ ਪਾਈਪ ਪਾਉਂਦੇ ਸੀ ਅਤੇ ਜਦੋਂ ਪਾਈਪ ਪਾਉਂਦੇ ਸੀ ਤਾਂ ਸਾਨੂੰ ਕੁਨੈਕਸ਼ਨ ਵੀ ਵਧਾਉਣਾ ਪੈਂਦਾ ਸੀ ਅਤੇ ਨਾਲ ਦੀ ਨਾਲ ਪਾਈਪ ਦਾ ਖਰਚਾ ਆਉਂਦਾ ਸੀ ਜੋ ਕਿ ਲਗਭਗ ਲੱਖ ਕੁ ਰੁਪਏ ਦਾ ਖਰਚਾ ਬਣ ਜਾਂਦਾ ਸੀ। ਉਹ ਕਹਿੰਦਾ, ਪੁੱਤ, ਐਤਕੀਂ 10 ਫੁੱਟ ਦੀ ਪਾਈਪ ਅਸੀਂ ਬਾਹਰ ਕੱਢੀ ਹੈ ਜਿਸ ਨਾਲ ਮੇਰਾ ਖਰਚਾ ਬਚਿਆ ਹੈ। ਉਹ ਕਹਿੰਦਾ ਕਿ ਪੁੱਤ, ਪਾਣੀ ਦਾ ਲੈਵਲ ਉਪਰ ਆਇਆ ਹੈ।

ਮਾਣਯੋਗ ਸਪੀਕਰ ਸਾਹਿਬ, ਇਹ ਗੱਲਾਂ ਨਹੀਂ ਹਨ ਸਗੋਂ ਆਮ ਲੋਕ ਪਿੰਡ ਪਿੰਡ ਵਿੱਚ ਇਹ ਕਹਾਣੀਆਂ ਕਹਿਣ ਲੱਗ ਗਏ ਹਨ ਕਿ ਨਹਿਰੀ ਪਾਣੀ ਆਉਣ ਨਾਲ ਸਾਡਾ ਪਾਣੀ ਦਾ ਪੱਧਰ ਉਪਰ ਹੋ ਗਿਆ ਹੈ। ਮੇਰੇ ਤਿੰਨਾਂ ਸ਼ਹਿਰਾਂ ਨੂੰ, ਪਾਇਲ, ਮਲੌਦ, ਦੋਰਾਹਾ, ਤਿੰਨਾਂ ਸ਼ਹਿਰਾਂ ਨੂੰ ਨਹਿਰ ਦੇ ਪਾਣੀ ਦਾ ਪ੍ਰਾਜੈਕਟ ਪਾਸ ਹੋਇਆ ਹੈ। ਚੰਡੀਗੜ੍ਹ ਸ਼ਹਿਰ ਵਾਲੇ ਜਿਹੜਾ ਭਾਖੜਾ ਦਾ ਪਾਣੀ ਪੀਂਦੇ ਹਨ, ਮੇਰੇ ਤਿੰਨਾਂ ਸ਼ਹਿਰਾਂ ਲਈ ਉਹ ਪ੍ਰਾਜੈਕਟ ਪਾਸ ਹੋਇਆ ਹੈ। ਉਨ੍ਹਾਂ

ਸ਼ਹਿਰਾਂ ਵਿੱਚ ਵੀ ਭਾਖੜਾ ਵਾਲਾ ਪਾਣੀ ਪੀਤਾ ਜਾਵੇਗਾ। ਸਪੀਕਰ ਸਾਹਿਬ, ਮੇਰਾ ਰੋਮ ਰੋਮ ਧੰਨਵਾਦ ਕਰਦਾ ਹੈ ਕਿ ਐਸੀ ਸਰਕਾਰ, ਐਸਾ ਮੁੱਖ ਮੰਤਰੀ, ਜਿਸ ਨੇ ਪੰਜਾਬ ਨੂੰ ਪੰਜਾਬ ਬਣਾਉਣ ਲਈ ਇੱਕ ਬਹੁਤ ਵੱਡਾ ਕੰਮ ਕੀਤਾ ਹੈ। ਇਸ ਲਈ ਸਮੁੱਚਾ ਭਾਈਚਾਰਾ, ਪੰਜਾਬ ਵਿੱਚ ਵੱਸਦੇ ਸਾਰੇ ਲੋਕ ਮਾਣਯੋਗ ਮੁੱਖ ਮੰਤਰੀ ਸਾਹਿਬ ਦਾ ਅਤੇ ਬਰਿੰਦਰ ਗੋਇਲ ਜੀ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ, ਜਿਨ੍ਹਾਂ ਨੇ ਪਾਣੀਆਂ ਲਈ ਇੰਨੀ ਸੇਵਾ ਕੀਤੀ ਹੈ। ਸਾਰਿਆਂ ਦੀ ਤਹਿ ਦਿਲੋਂ ਧੰਨਵਾਦ। ਭੁੱਲਾਂ ਚੁੱਕਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਿਹ।।

**ਮਾਣਯੋਗ ਸਪੀਕਰ** : ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਿਹ।।

**ਸ੍ਰੀ ਨਰੇਸ਼ ਕਟਾਰੀਆ** : ਸਪੀਕਰ ਸਾਹਿਬ।

**ਮਾਣਯੋਗ ਸਪੀਕਰ** : ਕਟਾਰੀਆ ਸਾਹਿਬ, ਹੁਣ ਫਤਿਹ ਕਰ ਦੇਈਏ?

**ਸ੍ਰੀ ਨਰੇਸ਼ ਕਟਾਰੀਆ (ਜ਼ੀਰਾ)** : ਬਹੁਤ ਹੀ ਸਤਿਕਾਰਯੋਗ ਮਾਣਯੋਗ ਸਪੀਕਰ ਸਾਹਿਬ, ਮੈਂ ਤਾਂ ਸਿਰਫ ਰਾਣਾ ਸਾਹਿਬ ਦੇ ਨੁਕਤੇ ਬਾਰੇ ਗੱਲ ਕਰਨਾ ਚਾਹੁੰਦਾ ਹਾਂ ਕਿ ਪਾਣੀ ਕਿੱਥੋਂ ਆਇਆ ਹੈ? ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਾਣੀ ਕਿੱਧਰੋਂ ਆਇਆ ਹੈ। 35 ਦਿਨਾਂ ਵਿੱਚ ਸਾਡੇ 15 ਕਿਲੋਮੀਟਰ ਲੰਬੀ ਨਹਿਰ ਬਣਾਈ ਹੈ। ਮਾਨ ਸਾਹਿਬ ਨੇ, ਗੋਇਲ ਸਾਹਿਬ ਨੇ ਪਿੱਛੇ ਜਿਹੇ ਇਸ ਨਹਿਰ ਦਾ ਉਦਘਾਟਨ ਕੀਤਾ ਸੀ। ਇਹ ਨਹਿਰ 161 ਫੁੱਟ ਚੌੜੀ ਸੀ ਜੋ ਕਿ ਹੁਣ 183 ਫੁੱਟ ਚੌੜੀ ਕਰ ਦਿੱਤੀ ਹੈ। ਇਹ 17 ਫੁੱਟ ਡੂੰਘੀ ਸੀ, ਹੁਣ 21 ਫੁੱਟ ਡੂੰਘੀ ਕਰ ਦਿੱਤੀ ਹੈ। ਇਸ ਦੀਆਂ ਸਾਈਡਾਂ ਤੇ ਅਤੇ ਥੱਲੇ ਜਿਹੜਾ ਸੀਮਿੰਟ ਬਜਰੀ ਪਾਇਆ ਗਿਆ ਹੈ, ਉਹ 1-1 ਫੁੱਟ ਪਾਇਆ ਗਿਆ ਹੈ। ਇਸ ਤੋਂ ਬਾਅਦ ਇੱਕ ਵਿਦੇਸ਼ ਤੋਂ ਮੰਗਵਾ ਕੇ ਇੱਕ ਬਹੁਤ ਵਧੀਆ ਪੇਪਰ ਲਾਇਆ ਹੈ। ਉਸ ਤੋਂ ਬਾਅਦ ਜਾਲ, ਫਿਰ ਸੀਮਿੰਟ ਸਰੀਆ ਪਾਇਆ ਗਿਆ ਹੈ। ਇਹ ਨਹਿਰ ਤਾਂ ਇਹੋ ਜਿਹੀ ਹੈ ਕਿ ਕਿੰਨੇ ਸੌ ਸਾਲ ਨਹੀਂ ਟੁੱਟਣੀ। ਜਦੋਂ ਇਹੋ ਜਿਹਾ ਸਿਸਟਮ ਹੋ ਗਿਆ ਤਾਂ ਤੁਸੀਂ ਹੁਣ ਦੇਖੋ ਕਿ ਪਾਣੀ ਨਹਿਰ ਦੇ ਪੁਲਾਂ ਦੇ ਉਤੋਂ ਦੀ ਵਗਦਾ ਹੈ। (ਥੰਪਿੰਗ) ਜੇ ਨਹੀਂ ਪਤਾ ਤਾਂ ਮੇਰੇ ਨਾਲ ਚੱਲਣ, ਨਹਿਰਾਂ ਦੇ ਉਤੋਂ ਦੀ ਪਾਣੀ ਵਗਦਾ ਦੇਖ ਸਕਦੇ ਹਨ। ਮਾਨ ਸਾਹਿਬ ਅਤੇ ਗੋਇਲ ਸਾਹਿਬ ਨੇ ਇੰਨਾ ਵਧੀਆ ਕੰਮ ਕਰ ਦਿੱਤਾ ਹੈ ਕਿ ਪਾਣੀ ਆਪਣੇ ਆਪ ਪਤਾ ਨਹੀਂ ਕਿੱਥੋਂ ਆਈ ਜਾ ਰਿਹਾ ਹੈ। ਮੈਂ ਤਾਂ ਸਭ ਕੁਝ ਨਹੀਂ ਦੱਸ ਸਕਦਾ, ਇਹ ਖੁਦ ਜਾ ਕੇ ਦੇਖ ਲੈਣ ਕਿ ਨਹਿਰਾਂ ਦੇ ਉਤੋਂ ਦੀ ਪਾਣੀ ਵਗ ਰਿਹਾ ਹੈ।

ਦੂਜੀ ਗੱਲ, ਮੈਂ ਮਾਨ ਸਾਹਿਬ ਅਤੇ ਗੋਇਲ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਹਰ ਕਿਸਾਨ ਨੂੰ ਨਹਿਰੀ ਪਾਣੀ ਪਹੁੰਚ ਗਿਆ ਹੈ। ਆਪਾਂ ਨੂੰ ਵੀ ਪਤਾ ਹੈ ਕਿ ਨਹਿਰੀ ਪਾਣੀ ਕਾਰਨ ਫਸਲਾਂ ਦਾ ਝਾੜ ਕੁਇੰਟਲ ਤੋ ਲੈ ਕੇ ਦੋ ਕੁਇੰਟਲ ਤੱਕ ਵੱਧ ਹੁੰਦਾ ਹੈ। ਉਨ੍ਹਾਂ ਦਾ ਬਹੁਤ ਬਹੁਤ ਧੰਨਵਾਦ।

ਮੈਂ ਅਖੀਰ ਤੇ ਇੱਕ ਸ਼ੇਅਰ ਬੋਲਣਾ ਚਾਹੁੰਦਾ ਹਾਂ, ਜੇ ਇਜਾਜ਼ਤ ਹੋਵੇ ਤਾਂ।

**ਮਾਣਯੋਗ ਸਪੀਕਰ** : ਹਾਂ ਜੀ।

**ਸ੍ਰੀ ਨਰੇਸ਼ ਕਟਾਰੀਆ** : हम सारे जहाँ को गुलज़ार न कर सके

हम सारे जहाँ को गुलज़ार न कर सके

मगर कुछ खार काम कर गए, गुज़रे जिधर से हम

**ਮਾਣਯੋਗ ਸਪੀਕਰ** : ਕਿਆ ਬਾਤ ਹੈ। ਖਾਰ ਵੀ ਦੱਸ ਦਿਉ ਕਿ ਕੰਡੇ ਨੂੰ ਕਹਿੰਦੇ ਹਨ। ਧੰਨਵਾਦ।

**ਸ੍ਰੀ ਨਰੇਸ਼ ਕਟਾਰੀਆ** : यूँ ही कदम कदम चलते रहो, ਇਹ ਸਾਰਿਆਂ ਵਾਸਤੇ ਹੀ ਹੈ।

यूँ ही कदम कदम चलते रहो

मंज़िलें तुम्हारे करीब हों,

आएं न ग़म कभी ज़िन्दगी में ऐसे तुम्हारे नसीब हों (ਥੰਪਿੰਗ)

**ਮਾਣਯੋਗ ਸਪੀਕਰ** : ਕਿਆ ਬਾਤ ਹੈ। ਕਿਆ ਬਾਤ ਹੈ।

**ਸ੍ਰੀ ਨਰੇਸ਼ ਕਟਾਰੀਆ** : ਜੇ ਕਹਿੰਦੇ ਹੋ ਤਾਂ ਹੋਰ ਅੱਗੇ ਚਲਾ ਦਿੰਦਾ ਹਾਂ ਜੀ।

**ਮਾਣਯੋਗ ਸਪੀਕਰ** : ਹੁਣ ਆਪਾਂ ਅੱਗੇ ਚੱਲੀਏ ਜੀ। ਤੁਹਾਡੇ ਤੇ ਮਲੇਰਕੋਟਲੇ ਦਾ ਅਸਰ ਹੋ ਗਿਆ ਲੱਗਦਾ ਹੈ।

**ਸ੍ਰੀ ਨਰੇਸ਼ ਕਟਾਰੀਆ** : ਠੀਕ ਹੈ ਜੀ। ਧੰਨਵਾਦ ਜੀ।

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਿਹ।।

**ਮਾਣਯੋਗ ਸਪੀਕਰ** : ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਿਹ।।

**1815/Tarlochan Singh/Abhishek gautam**

**1820/mehak**

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ):** ਮਾਣਯੋਗ ਸਪੀਕਰ ਸਾਹਿਬ, ਇਹ ਬੜਾ ਇੰਪਾਰਟੈਂਟ ਮਤਾ ਹੈ। ਜਿਵੇਂ ਸਾਰੇ ਹਾਊਸ ਨੇ ਕਿਹਾ ਹੈ, ਪੂਰਾ ਪੰਜਾਬ ਜਾਣਦਾ ਹੈ ਤੇ ਇਹ ਫੈਕਟ ਹੈ ਕਿ ਆਉਣ ਵਾਲੇ ਸਮੇਂ ਵਿੱਚ ਇਸ ਤੇ ਰਿਸਰਚਾਂ ਹੋਣਗੀਆਂ, ਇਸ ਤੇ thesis ਲਿਖੇ ਜਾਣਗੇ ਕਿ ਕਿਵੇਂ ਪੰਜਾਬ ਨੇ trend reverse ਕਰ ਦਿੱਤਾ ਤੇ ਜਿਹੜੀ ਸਾਡੇ ਸਾਹਮਣੇ ਸਭ ਤੋਂ ਅਲਾਰਮਿੰਗ ਸਿਚੂਏਸ਼ਨ ਸੀ ਕਿ ਸਾਡਾ ਪਾਣੀ, ਗਰਾਊਂਡ ਵਾਟਰ ਖਤਮ ਹੋ ਜਾਣਾ ਸੀ, ਕਿਵੇਂ ਉਹ ਗਰਾਊਂਡ ਵਾਟਰ ਦੁਬਾਰਾ ਆ ਗਿਆ। ਸਭ ਨੇ ਭਾਖੜਾ ਦੇ ਪਾਣੀ ਦੀ ਗੱਲ ਕੀਤੀ, it's a fact ਕਿ ਜਿੱਥੋਂ ਭਾਖੜੇ ਦਾ ਪਾਣੀ ਪੰਜਾਬ ਵਿੱਚ ਸ਼ੁਰੂ ਹੁੰਦਾ ਹੈ, ਸਾਡਾ ਉਹ ਇਲਾਕਾ ਉਸ ਪਾਣੀ ਤੋਂ ਵਾਂਝਾ ਸੀ। ਅੱਜ ਚੰਗਰ ਦਾ ਇਲਾਕਾ ਜੋ ਸ੍ਰੀ ਕੀਰਤਪੁਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਦੇ ਉਪਰਲੇ ਪਿੰਡ ਹਨ, ਜਿਨ੍ਹਾਂ ਦਾ ਕਦੇ ਨਾਂ ਨਹੀਂ

ਲਿਆ ਜਾਂਦਾ ਸੀ, ਅੱਜ ਉੱਥੇ ਪਾਣੀ ਪਹੁੰਚ ਚੁੱਕਿਆ ਹੈ ਤੇ ਹੁਣ ਉੱਥੇ ਲਗਭਗ 4000 ਕਿੱਲ੍ਹੇ ਨੂੰ ਪਹਿਲੀ ਵਾਰੀ ਖੇਤੀ ਹੋ ਜਾਵੇਗੀ। ਇਹ 100 ਕਰੋੜ ਦਾ ਪ੍ਰੋਜੈਕਟ ਹੈ। ਇਸ ਤੋਂ ਇਲਾਵਾ ਬਿਭੌਰ ਸਾਹਿਬ, ਇਹ ਗੁਰੂ ਸਾਹਿਬ ਦੀ ਮਹਾਨ ਪਵਿੱਤਰ ਧਰਤੀ ਹੈ, ਜਿੱਥੇ ਨੰਗਲ ਲੇਕ ਹੈ, ਉੱਥੇ ਸਾਹਮਣੇ ਲੱਖਾਂ ਕਿਊਸਿਕ ਪਾਣੀ ਦਿਸਦਾ ਹੈ, ਉਹ ਪਿੰਡ ਵੀ ਪਾਣੀ ਤੋਂ ਵਾਂਝੇ ਹਨ। ਉੱਥੇ ਵੀ ਪ੍ਰੋਜੈਕਟ ਪਾਸ ਹੋ ਕੇ ਚਲਾ ਗਿਆ ਹੈ ਜੋ ਕਿ ਮਨਿਸਟਰੀ ਆਫ ਫੋਰੈਸਟ ਦੇ ਵਿੱਚ ਪਿਆ ਹੈ ਕਿਉਂਕਿ ਉਹ ਨੈਸ਼ਨਲ ਵੈੱਟਲੈਂਡ ਹੈ। ਸਾਡੇ ਪਿੰਡਾਂ ਦੇ ਕੁੱਲ 15 ਹਜ਼ਾਰ ਕਿੱਲ੍ਹੇ ਨੂੰ ਜਿਸ ਵਿੱਚ ਮੇਰਾ ਆਪਣਾ ਪਿੰਡ ਗੰਭੀਰਪੁਰ, ਬ੍ਰਹਮਪੁਰ ਹੈ, ਥਾਲੂ ਹੈ, ਸਾਡੇ ਪਿੰਡਾਂ ਨੂੰ ਜਿੰਦ ਵੜੀ। ਇੱਕ ਪਾਸੇ ਤਾਂ ਨਹਿਰਾਂ ਹਨ, ਸਾਡੀਆਂ ਜ਼ਮੀਨਾਂ ਵਿੱਚੋਂ, ਸਾਡੇ ਪਿੰਡ ਵਿੱਚੋਂ ਨਹਿਰ ਨਿਕਲੀ। ਇੱਕ ਪਾਸੇ ਦਰਿਆ ਹੈ, ਫਿਰ ਸੁਆਹ ਹੈ, ਫਿਰ ਖੱਡਾਂ ਹਨ, ਫਿਰ ਚਰਨ ਗੰਗਾ ਹੈ। ਸਾਡੇ ਇਲਾਕੇ ਵਿੱਚ ਵੀ ਪਾਣੀ ਨਹੀਂ ਸੀ। ਮੈਂ ਮੁੱਖ ਮੰਤਰੀ ਸਾਹਿਬ ਦਾ ਤੇ ਸਾਰੇ ਇਰੀਗੇਸ਼ਨ ਡਿਪਾਰਟਮੈਂਟ ਦਾ ਧੰਨਵਾਦ ਕਰਦਾ ਹਾਂ, ਸੈਕਟਰੀ ਸਾਹਿਬ ਦਾ ਤੇ ਮਨਿਸਟਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਸਾਡੇ ਪਿੰਡਾਂ ਦੇ 15 ਹਜ਼ਾਰ ਕਿੱਲ੍ਹੇ ਨੂੰ ਪਹਿਲੀ ਵਾਰੀ ਪਾਣੀ ਮਿਲ ਰਿਹਾ ਹੈ ਤੇ ਇਸ ਮਤੇ ਲਈ ਮੈਂ ਲਾਡੀ ਢੋਸ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਹ ਮਤਾ ਲੈ ਕੇ ਆਏ ਹਨ। ਬਹੁਤ ਬਹੁਤ ਧੰਨਵਾਦ ਜੀ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ।

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

> "ਕਿ ਇਹ ਸਦਨ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਜੀ ਮਾਨ ਅਤੇ ਪੰਜਾਬ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕਰਦਾ ਹੈ ਕਿ ਪੰਜਾਬ ਦੇ ਕਿਸਾਨ ਨਹਿਰੀ ਪਾਣੀ ਦੀ ਜੋ ਮੰਗ ਦਹਾਕਿਆਂ ਤੋਂ ਕਰਦੇ ਆ ਰਹੇ ਸਨ, ਉਹ ਕਿਸਾਨਾਂ ਦੀ ਮੰਗ ਪੂਰੀ ਕਰਕੇ ਇੱਕ ਇਤਿਹਾਸਕ ਕਾਰਨਾਮਾ ਕਰਕੇ ਵਿਖਾਇਆ ਹੈ ਅਤੇ ਪੰਜਾਬ ਦੇ ਨਹਿਰੀ ਸਿੰਚਾਈ ਸਿਸਟਮ ਨੂੰ ਪੁਨਰ ਸੁਰਜੀਤ ਕਰਕੇ ਨਹਿਰਾਂ ਦਾ ਪਾਣੀ ਟੇਲਾਂ ਤੱਕ ਭਾਵ ਆਖਰੀ ਸਿਰੇ ਦੇ ਪਿੰਡਾਂ ਤੱਕ ਪਹੁੰਚਾਇਆ ਹੈ।"

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ**: ਹੁਣ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੁੰਦਾ ਹੈ।

*6.22 ਵਜੇ ਸ਼ਾਮ (*ਇਸ ਸਮੇਂ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੋ ਗਿਆ।)

--------

**1820/mehak/BS khokhar**